Reo-Bankowned Properties
From San Jose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY



Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 46, November 14, 2009 20451 N Plum Grove Rd. Palatine, IL 60074 Ph:847-359-0746, Fax:847-705-9388




ਅਵਤਾਰ ਸਿੰਘ ਮੱਕੜ ਵਿਦੇਸ਼ ਦੌਰੇ 'ਤੇ ਰਵਾਨਾ-ਇਕ ਖਬਰ

# ਮੁਸਲਮਾਨਾਂ ਨੂੰ ਵੰਦੇ ਮਾਤਰਮ ਗਾਉਣ ਤੋਂ ਰੋਕਿਆ
## ਹਿੰਦੂ ਜਥੇਬੰਦੀਆਂ ਵਲੋਂ ਤਿੱਖਾ ਵਿਰੋਧ

**ਅਮਰਜੀਤ ਸਿੰਘ**

ਜਲੰਧਰ: ਕੁਝ ਦਿਨ ਪਹਿਲਾਂ ਇਕ ਮੁਸਲਮ ਜਥੇਬੰਦੀ, ਜਮੀਅਤ ਉਲਮਾ-ਏ-ਹਿੰਦ ਨੇ ਆਪਣੇ ਇਕ ਸਮਾਗਮ ਵਿਚ ਦੇਸ਼ ਦੇ ਕੌਮੀ ਗੀਤ 'ਵੰਦੇ ਮਾਤਰਮ' ਨੂੰ ਗੈਰ ਇਸਲਾਮੀ ਕਰਾਰ ਦੇ ਕੇ ਇਸ ਵਿਰੁਧ ਫਤਵਾ ਜਾਰੀ ਕਰ ਦਿੱਤਾ ਹੈ। ਜਮੀਅਤ ਉਲਮਾ ਦੇ ਕੌਮੀ ਸੰਮੇਲਨ ਦੇ ਦੂਜੇ ਦਿਨ ਕੁਝ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਇਕ ਅਹਿਮ ਮਤੇ ਰਾਹੀਂ ਕਿਹਾ ਗਿਆ ਕਿ ਮੁਸਲਮਾਨਾਂ ਨੂੰ 'ਵੰਦੇ ਮਾਤਰਮ' ਗੀਤ ਨਹੀਂ ਗਾਉਣਾ ਚਾਹੀਦਾ। ਜਮੀਅਤ ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਐਮ.ਪੀ. ਮੌਲਾਨਾ ਮਹਿਮੂਦ ਮਦਨੀ ਤੇ ਕੌਮੀ ਪ੍ਰਧਾਨ ਕਾਦਰੀ ਮਹੁੰਮਦ ਉਸਮਾਨ ਦੀ ਹਾਜਰੀ ਵਿਚ ਉਲੇਮਾਂ ਨੇ ਇਹ ਮਤੇ ਪਾਸ ਕੀਤੇ। ਉਲੇਮਾਂ ਨੇ ਜਿਹੜੇ ਹੋਰ ਮਤੇ ਪਾਸ ਕੀਤੇ ਹਨ ਉਨ੍ਹਾਂ ਵਿਚ ਬਿਹਾਰ ਵਿਚ ਅਤਿਵਾਦੀਆਂ ਵਲੋਂ ਨਿਰਦੋਸ਼ਾਂ ਦੀਆਂ ਹੱਤਿਆਵਾਂ ਨੂੰ ਗੈਰ ਇਸਲਾਮੀ ਤੇ ਅਪਰਾਧੀ ਕਰਾਰ ਦਿੱਤਾ ਗਿਆ। ਆਧੁਨਿਕ ਵਿਦਿਅਕ ਅਦਾਰਿਆਂ ਦੀ ਸਥਾਪਨਾ ਦੇ ਮਤੇ ਵਿਚ ਰਿਜ਼ਰਵੇਸ਼ਨ ਬਿੱਲ ਨੂੰ ਗੈਰ ਜਰੂਰੀ ਕਰਾਰ ਦਿੱਤਾ ਗਿਆ ਹੈ। ਇਸ ਸਮਾਗਮ ਦੌਰਾਨ ਈਸਾਈ ਤੇ ਕਾਦੀਆਨੀ ਮਿਸ਼ਨਾਂ ਵਲੋਂ ਧਰਮ ਤਬਦੀਲੀ ਲਈ ਚਲਾਈਆਂ ਜਾ ਰਹੀਆਂ ਸਰਗਰਮੀਆਂ ਦਾ ਵਿਰੋਧ ਕੀਤਾ ਗਿਆ।

ਉਲੇਮਾਂ ਵਲੋਂ ਕੀਤੇ ਗਏ ਇਸ ਸਮਾਗਮ ਵਿਚ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਵੀ ਸ਼ਾਮਲ ਹੋਏ ਸਨ। ਉਨ੍ਹਾਂ ਕਿਹਾ ਹੈ ਕਿ ਜਦੋਂ ਇਸ ਸੰਮੇਲਨ ਵਿਚ 'ਵੰਦੇ ਮਾਤਰਮ' ਗੀਤ ਨਾ ਗਾਉਣ ਦਾ ਫਤਵਾ ਜਾਰੀ ਕੀਤਾ ਗਿਆ ਸੀ, ਉਹ ਉਸ ਸਮੇਂ ਉਸ ਸੰਮੇਲਨ ਵਿਚ ਹਾਜ਼ਰ ਨਹੀਂ ਸਨ।

ਇਸ ਮੁੱਦੇ ਨੂੰ ਲੈ ਕੇ ਕਈ ਹਿੰਦੂ ਜਥੇਬੰਦੀਆਂ ਨੇ ਤਿੱਖਾ ਵਿਰੋਧ ਪ੍ਰਗਟ ਕੀਤਾ ਹੈ। ਵਿਰੋਧ ਕਰਨ ਵਾਲੀਆਂ ਜਥੇਬੰਦੀਆਂ ਵਿਚ ਸ਼ਿਵ ਸੈਨਾ ਦੇ ਕਾਰਜਕਾਰੀ ਪ੍ਰਧਾਨ ਊਧਵ ਠਾਕਰੇ ਨੇ ਜਮਾਇਤ ਉਲੇਮਾਂ ਵਲੋਂ 'ਵੰਦੇ ਮਾਤਰਮ' ਗੀਤ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਹਿੰਦੁਸਤਾਨ ਛੱਡ ਕੇ ਪਾਕਿਸਤਾਨ ਜਾਂ ਬੰਗਲਾ ਦੇਸ਼ ਚਲੇ ਜਾਣ ਲਈ



ਪੀ ਚਿਦੰਬਰਮ

ਕਿਹਾ ਹੈ। ਉਨ੍ਹਾਂ ਕਿਹਾ ਹੈ ਕਿ ਇਹ ਫਤਵਾ ਜਿਹੜਾ ਗ੍ਰਹਿ ਮੰਤਰੀ ਪੀ. ਚਿਦੰਬਰਮ ਦੀ ਹਾਜ਼ਰੀ ਵਿਚ ਹੋਇਆ ਹੈ, ਇਸ ਗੱਲ ਦਾ ਪ੍ਰਗਟਾਵਾ ਕਰਦਾ ਹੈ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਘੱਟ ਗਿਣਤੀਆਂ ਨੂੰ ਖੁਸ਼ ਕਰਨ ਵਿਚ ਲੱਗੀ ਹੋਈ ਹੈ। ਊਧਵ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਦੀ ਹਾਜ਼ਰੀ ਵਿਚ ਦੇਸ਼ ਵਿਰੋਧੀ ਫਤਵੇ ਜਾਰੀ ਹੋ ਰਹੇ ਹਨ ਤਾਂ ਦੇਸ਼ ਦੇ ਭਵਿੱਖ ਦੀ ਕੀ ਆਸ ਕੀਤੀ ਜਾ ਸਕਦੀ ਹੈ। ਕੇਂਦਰ ਸਰਕਾਰ ਸਿਰਫ ਮੁਸਲਮਾਨਾਂ ਦੀਆਂ ਵੋਟਾਂ ਲੈਣ ਲਈ ਉਨ੍ਹਾਂ ਨੂੰ ਖੁਸ਼ ਕਰਨ ਵਿਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਜਿਹੜਾ ਬੰਦਾ ਭਾਰਤ ਮਾਤਾ ਦੇ ਅੱਗੇ ਸਿਰ ਨਹੀਂ ਝੁਕਾ ਸਕਦਾ ਉਹ ਹੋਰ ਕਿਸੇ ਅੱਗੇ ਕਿਵੇਂ ਝੁਕਾਏਗਾ। ਦੇਸ਼ ਦੇ ਅਜਿਹੇ ਗੱਦਾਰਾਂ ਲਈ ਭਾਰਤ ਵਿਚ ਕੋਈ ਥਾਂ ਨਹੀਂ ਹੈ।

ਭਾਜਪਾ ਦੇ ਉਪ ਪ੍ਰਧਾਨ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਹੈ ਕਿ ਮੈਨੂੰ ਹੈਰਾਨੀ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਗ੍ਰਹਿ ਮੰਤਰੀ ਅਜਿਹੇ ਸਮਾਗਮ ਵਿਚ ਹਿੱਸਾ ਲੈ ਰਹੇ ਹਨ ਜਿਥੇ ਸਾਡੇ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦਾ ਨਿਰਾਦਰ ਕੀਤਾ ਜਾ ਰਿਹਾ ਹੋਵੇ। ਦੇਸ਼ ਦੀਆਂ ਖੁਫੀਆ ਏਜੰਸੀਆਂ ਨੇ ਗ੍ਰਹਿ ਮੰਤਰੀ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਮੈਨੂੰ ਇਹ ਸਭ ਕੁਝ ਦੇਖਦਿਆਂ ਦੇਸ਼ ਦੇ ਭਵਿੱਖ ਸੰਬੰਧੀ ਚਿੰਤਾ ਹੋ ਰਹੀ ਹੈ। ਇਸ ਮਾਮਲੇ ਵਿਚ ਸ੍ਰੀ ਚਿੰਦਬਰਮ ਨੂੰ ਮਾਫੀ ਮੰਗਣੀ ਚਾਹੀਦੀ ਹੈ।

'ਵੰਦੇ ਮਾਤਰਮ' ਗੀਤ ਗਾਉਣ ਦੇ ਮਾਮਲੇ ਵਿਚ ਸਮਾਜਵਾਦੀ ਪਾਰਟੀ ਨੇ ਭਾਜਪਾ ਤੇ ਦੋਸ਼ ਲਗਾਇਆ ਹੈ ਕਿ ਹਿੰਦੂ ਜਥੇਬੰਦੀ, ਇਸ ਮਾਮਲੇ ਵਿਚ ਨਾਜਾਇਜ਼ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਸਮਾਜਵਾਦੀ ਪਾਰਟੀ ਦੇ ਜਰਨਲ ਸਕੱਤਰ ਅਮਰ ਸਿੰਘ ਨੇ ਕਿਹਾ ਹੈ ਕਿ ਇਹ ਮੁਸਲਮਾਨ 'ਵੰਦੇ ਮਾਤਰਮ' ਦੇ ਵਿਰੁਧ ਨਹੀਂ ਹਨ, ਪਰ ਧਾਰਮਿਕ ਜਮੀਅਤ ਉਲੇਮਾਂ ਹਿੰਦ ਨੇ ਬੀਤੇ ਦਿਨੀਂ ਦੇਸ਼ ਦੇ ਕੌਮੀ ਗੀਤ 'ਵੰਦੇ ਮਾਤਰਮ' ਨੂੰ ਗੈਰ ਇਸਲਾਮੀ ਕਰਾਰ ਦੇ ਕੇ ਇਸ ਵਿਰੁਧ ਫਤਵਾ ਜਾਰੀ ਕਰ ਦਿੱਤਾ ਹੈ। ਮੁਸਲਮਾਨਾਂ ਲਈ ਧਾਰਮਿਕ ਰੂਪ ਵਿਚ ਜ਼ਰੂਰੀ ਹੋ ਜਾਂਦਾ ਹੈ। ਮੁਸਲਮਾਨ ਇਹ

(ਬਾਕੀ ਸਫਾ 6 ਉਤੇ)

# ਦੰਗਿਆਂ ਦੇ ਮੁੱਦੇ 'ਤੇ ਬਾਦਲ ਦਲ ਦੀ ਪਛੜੀ ਮੁਹਿੰਮ

**ਬਿੰਦਰ ਬਸਰਾ**

ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਤੀਜਾ ਘੱਲੂਘਾਰਾ ਦੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਘੱਲੂਘਾਰੇ 'ਚ ਸ਼ਹੀਦ ਹੋਏ ਬੇ-ਗੁਨਾਹਾਂ ਦੀ ਯਾਦ ਵਿਚ ਦਿੱਲੀ ਵਿਚ ਇਕ ਯਾਦਗਾਰ ਉਸਾਰਨ ਦਾ ਐਲਾਨ ਕੀਤਾ ਹੈ। ਇਸ ਯਾਦਗਾਰ 'ਚ ਸਿੱਖ ਕਤਲੇਆਮ ਦੇ ਬੇਗੁਨਾਹ ਪੀੜਤਾਂ ਸਬੰਧੀ ਅਤੇ ਉਨ੍ਹਾਂ 'ਤੇ ਅਤਿਆਚਾਰ ਕਰਨ ਵਾਲੇ ਜਾਬਰਾਂ ਅਤੇ ਬਾਅਦ ਵਿਚ ਬੇਇਨਸਾਫੀ ਕਰਨ ਵਾਲੀ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਦੇ ਕਿਰਦਾਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪਰ ਰਾਜਸੀ ਹਲਕੇ ਸ. ਬਾਦਲ ਦੇ ਇਸ ਐਲਾਨ ਨੂੰ 84 ਦੇ ਸਿੱਖ ਕਤਲੇਆਮ 'ਤੇ ਕੀਤੀ ਜਾ ਰਹੀ ਰਾਜਨੀਤੀ ਦੇ ਨਜ਼ਰੀਏ ਤੋਂ ਦੇਖ ਰਹੇ ਹਨ। ਉਨ੍ਹਾਂ ਦਾ ਤਰਕ ਹੈ ਕਿ ਅਕਾਲੀ ਦਲ ਨੂੰ 25 ਸਾਲ ਬੀਤਣ ਪਿੱਛੋਂ ਬੇਗੁਨਾਹਾਂ ਦੀ ਯਾਦ ਕਿਵੇਂ ਆ ਗਈ? ਮੁੱਖ ਮੰਤਰੀ ਦੇ ਇਸ ਐਲਾਨ ਤੇ ਪ੍ਰਤੀਕਿਰਿਆ ਕਰਦੇ ਹੋਏ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ 84 ਦੀ ਘਟਨਾ ਨੂੰ ਲੈ ਕੇ ਹੁਣ ਰਾਜਨੀਤੀ ਕੀਤੀ ਜਾ ਰਹੀ ਹੈ।

(ਬਾਕੀ ਸਫਾ 6 ਉਤੇ)

Delo
Mobil Delvac
GILL EXPRESS
WASH, TIRE & REPAIR



CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ



Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗੁਰਪੁਰਬ ਮੌਕੇ ਗੁਰਦੁਆਰਾ ਫਰੀਮਾਂਟ ਵਿਚ ਭਾਰੀ ਰੌਣਕਾਂ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਵਿਚ ਲੰਘੇ ਐਤਵਾਰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਮੁੱਖ ਰੱਖ ਕੇ ਵੱਡੀ ਗਿਣਤੀ ਵਿਚ ਸੰਗਤਾਂ ਗੁਰੂ ਘਰ ਦਰਸ਼ਨਾਂ ਲਈ ਆਈਆਂ। ਪੰਥ ਪ੍ਰਸਿਧ ਰਾਗੀਆਂ ਨੇ ਗੁਰੂ ਕੀਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਗੁਰੂ ਕੇ ਲੰਗਰ ਦਾ ਬਹੁਤ ਹੀ ਵਧੀਆ ਪ੍ਰਬੰਧ ਸੀ।

ਗੁਰੂ ਘਰ ਅੰਦਰ ਦੋ ਗੱਲਾਂ ਕਾਫੀ ਚਰਚਾ ਦਾ ਵਿਸ਼ਾ ਰਹੀਆਂ। ਪਹਿਲੀ ਪੁਲਿਸ ਵਲੋਂ ਪਾਰਕਿੰਗ ਲਈ ਦਿੱਤੀਆਂ ਗਈਆਂ ਟਿਕਟਾਂ ਅਤੇ ਦੂਜੀ ਕੁਝ ਸਿੱਖ ਆਗੂਆਂ ਵਿਚਾਲੇ ਗੁਰੂ ਘਰ ਦੀ ਹਦੂਦ ਅੰਦਰ ਹੋਈ ਕਸ਼ਮਕਸ਼।

ਅਕਾਲੀ ਦਲ (ਅੰਮ੍ਰਿਤਸਰ) ਦੇ ਕੁਝ ਆਗੂਆਂ ਅਤੇ ਬੇ-ਏਰੀਆ ਤੋਂ ਛਪਦੇ ਇੱਕ ਪੰਜਾਬੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਮਾਲਕ ਅਤੇ ਸਿੱਖ ਯੂਥ ਆਫ ਅਮਰੀਕਾ ਦੇ ਆਗੂ ਜਸਜੀਤ ਸਿੰਘ ਚੇਲਾ ਦਰਮਿਆਨ ਤੂੰ-ਤੂੰ ਮੈਂ-ਮੈਂ ਹੋਣ ਨਾਲ ਗੁਰੂ ਘਰ ਅੰਦਰ ਕਾਫੀ ਦੇਰ ਮਾਹੌਲ ਤਣਾਓ ਵਾਲਾ ਬਣਿਆ ਰਿਹਾ। ਦੋਹਾਂ ਧਿਰਾਂ ਵਿਚਾਲੇ ਕਈ ਵਾਰ ਤਾਂ ਗੱਲ ਹੱਥੋਪਾਈ ਤੱਕ ਵੀ ਪਹੁੰਚਦੀ ਪਹੁੰਚਦੀ ਰੁਕੀ। ਆਮ ਸਿੱਖ ਸੰਗਤ ਵਲੋਂ ਦੋਹਾਂ ਧਿਰਾਂ ਨੂੰ ਕਈ ਵਾਰ ਅਲੱਗ-ਅਲੱਗ ਕਰਨ ਦੀ ਕੋਸ਼ਿਸ਼ ਕਰਦਿਆਂ ਦੇਖਿਆ ਗਿਆ।

ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਅਖਬਾਰ ਅੰਮ੍ਰਿਤਸਰ ਟਾਈਮਜ਼ ਵਿਚ ਯੂਬਾ ਸਿਟੀ ਤੋਂ ਲੱਗੀ ਇਕ ਖਬਰ ਵਿਚ ਮਾਨ ਦਲ ਵਿਰੁਧ ਕੀਤੀਆਂ ਗਈਆਂ ਕੁਝ ਟਿੱਪਣੀਆਂ ਤੋਂ ਖਫਾ ਸਨ। ਇਸ ਮੌਕੇ ਜਸਜੀਤ ਸਿੰਘ ਦੇ ਨਾਲ ਉਸ ਦਾ ਇਕ ਕਰੀਬੀ ਸਾਥੀ ਜੈ ਸਿੰਘ ਫੌਜੀ ਵੀ ਹਾਜ਼ਰ ਸੀ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਦਰਸ਼ਨ ਸਿੰਘ ਸੰਧੂ, ਪ੍ਰੀਤਮ ਸਿੰਘ ਜੋਗਾ ਨੰਗਲ, ਹਰਮਿੰਦਰ ਸਿੰਘ, ਦਵਿੰਦਰ ਸਿੰਘ, ਬਲਜੀਤ ਸਿੰਘ, ਭੁਪਿੰਦਰ ਸਿੰਘ ਚੀਮਾ, ਗੁਰਦੀਪ ਸਿੰਘ, ਪਰਮਿੰਦਰ ਸਿੰਘ, ਰਜਿੰਦਰਪਾਲ ਸਿੰਘ ਅਤੇ ਅਨੋਖ ਸਿੰਘ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ ਕਿਸੇ ਵਿਸ਼ੇਸ਼ ਮੰਤਵ ਨਾਲ ਅਕਾਲੀ ਦਲ (ਮਾਨ) ਵਿਰੁਧ ਲਗਾਤਾਰ ਖਬਰਾਂ ਲਾਈਆਂ ਜਾ ਰਹੀਆਂ ਸਨ ਅਤੇ ਪਾਰਟੀ ਦਾ ਮੌਜੂ ਉਡਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਹ ਇਸ ਮੌਕੇ ਆਪਣਾ ਰੋਸ ਹੀ ਜਾਹਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਉਨ੍ਹਾਂ ਦਾ ਕੋਈ ਝਗੜਾ ਕਰਨ ਦਾ ਕੋਈ ਇਰਾਦਾ ਨਹੀਂ ਸੀ।

ਸ੍ਰੀ ਗਰੂ ਨਾਨਕ ਦੇਵ ਜੀ ਦਾ ਗੁਰਪੁਰਬ ਹੋਣ ਕਰਕੇ ਗੁਰਦੁਆਰਾ ਸਾਹਿਬ ਵਿਚ ਸਿੱਖ ਸੰਗਤ ਦਾ ਬਹੁਤ ਭਾਰੀ ਇਕੱਠ ਸੀ। ਪਾਰਕਿੰਗ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਟਿਕਟਾਂ ਮਿਲੀਆਂ। ਪੁਲਿਸ ਵਾਲਿਆਂ ਨੇ ਵੀ ਨਿੱਕੀ ਤੋਂ ਨਿੱਕੀ ਗਲਤੀ ਲਈ ਵੀ ਟਿਕਟ ਦੇ ਕੇ ਆਪਣਾ ਕੋਈ ਪੁਰਾਣਾ ਗੁੱਸਾ ਠੰਡਾ ਕਰਨ ਦੀ ਕੋਸ਼ਿਸ਼ ਕੀਤੀ। ਕਈਆਂ ਦਾ ਖਿਆਲ ਹੈ ਕਿ ਕੋਈ ਤਿੰਨ ਸੌ ਟਿਕਟਾਂ ਦਿੱਤੀਆਂ ਗਈਆਂ।

# ਜੈਨੇਟਿਕ ਫ਼ੂਡਜ਼ ਦੇ ਖਿਲਾਫ਼ ਸੰਘਰਸ਼ਸ਼ੀਲ ਸੰਗਠਨ ਇੱਕ ਜੁਟ ਹੋਏ

ਲੁਧਿਆਣਾ :ਜੈਨੇਟਿਕ ਮੋਡੀਫਾਈਡ ਫ਼੍ਰੀ ਅਤੇ ਸੁਰੱਖਿਅਤ ਭੋਜਨ ਲਈ ਸੰਘਰਸ਼ਸ਼ੀਲ ਸਾਂਝੇ ਮੋਰਚੇ ਵਲੋਂ ਬੀ ਟੀ ਬੈਂਗਣ ਸਮੇਤ ਮਨੁੱਖੀ ਸਿਹਤ ਲਈ ਨੁਕਸਾਨਦੇਹ ਭੋਜਨ ਅਤੇ ਫਸਲਾਂ ਖਿਲਾਫ਼ ਛੇੜੀ ਜੰਗ ਵਿਚ ਦਰਜਨ ਤੋਂ ਵਧੇਰੇ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਜਥੇਬੰਦੀਆਂ ਕੁੱਦ ਪਈਆਂ ਹਨ। ਇਨ੍ਹਾਂ ਨੇ ਸਾਂਝੇ ਤੌਰ 'ਤੇ 9 ਨਵੰਬਰ ਨੂੰ ਸਥਾਨਕ ਜਗਰਾਉਂ 'ਤੇ ਸਥਿਤ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਸਹੁੰ ਚੁੱਕਣ ਉਪਰੰਤ ਮਸ਼ਾਲ ਮਾਰਚ ਕਰਨ ਦਾ ਫੈਸਲਾ ਲਿਆ ਹੈ। ਇਸੇ ਦਿਨ ਸ਼ਾਮ 6 ਵਜੇ ਸਰਾਭਾ ਨਗਰ ਮਾਰਕਿਟ ਵਿਚ ਜੈਨੇਟਿਕ ਮੋਡੀਫ਼ਾਈਡ (ਜੀਐਮ) ਫ਼ੂਡਜ਼ ਤੋਂ ਹੋਣ ਵਾਲੇ ਨੁਕਸਾਨ ਨੂੰ ਦਰਸਾਉਂਦੇ ਫ਼ਿਲਮ ਸ਼ੋਅ 'ਤੇ ਬੁੱਧੀਜੀਵੀ ਵਰਗ ਦੀ ਵਿਚਾਰ ਚਰਚਾ ਹੋਵੇਗੀ। ਰਾਤ 7 ਵਜੇ ਮੋਮਬੱਤੀ ਪ੍ਰਦਰਸ਼ਨ ਰਾਹੀਂ ਇਹ ਹੋਕਾ ਦਿੱਤਾ ਜਾਵੇਗਾ ਕਿ ਗੰਭੀਰ ਜਾਨਲੇਵਾ ਬੀਮਾਰੀਆਂ ਨੂੰ ਜਨਮ ਦੇਣ ਵਾਲੀ ਜੈਨੇਟਿਕ ਮੋਡੀਫਾਈਡ ਭੋਜਨ ਤੇ ਫਸਲਾਂ ਉਪਰ ਸਖ਼ਤੀ ਨਾਲ ਪਾਬੰਦੀ ਲਗਾਈ ਜਾਵੇ।

ਸਾਂਝੇ ਮੋਰਚੇ ਦੇ ਆਗੂ ਤੇ ਐਡਵੋਕੇਟ ਹਰਪ੍ਰੀਤ ਜੀਰਥ ਨੇ ਦੱਸਿਆ ਕਿ ਜੈਨੇਟਿਕ ਮੋਡੀਫਾਈਡ ਫ਼ੂਡਜ਼ ਆਮਦ ਦੇ ਖਿਲਾਫ਼ ਦੇਸ਼ ਭਰ ਅੰਦਰ ਚਰਚਾ ਚੱਲ ਰਹੀ ਹੈ। ਜੀ ਐਮ ਫ਼ਸਲਾਂ ਨੂੰ ਪ੍ਰਵਾਨਗੀ ਦੇਣ ਵਾਲੀ ਕਮੇਟੀ ਦੇ ਦੇਸ਼ ਅੰਦਰ ਬੀ ਟੀ ਬੈਂਗਣ ਦੀ ਵਪਾਰਕ ਖੇਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਥਾਨਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅੰਦਰ ਅਮਰੀਕਨ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ ਜੀ ਐਮ ਫ਼ਸਲਾਂ ਉਪਰ ਤਜ਼ਰਬੇ ਕੀਤੇ ਜਾ ਰਹੇ ਹਨ, ਜਦਕਿ ਅਮਰੀਕਾ ਸਮੇਤ ਵੱਖ-ਵੱਖ ਮੁਲਕਾਂ ਨੇ ਇਸ ਮਾਮਲੇ ਵਿਚ ਆਪਣੇ-ਆਪਣੇ ਦੇਸ਼ਾਂ ਅੰਦਰ ਪਾਬੰਦੀ ਲਗਾਈ ਹੋਈ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਰਤੀ ਲੋਕਾਂ ਦੀ ਜ਼ਿੰਦਗੀ ਨਾਲ ਕਿਉਂ ਖੇਡਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਸ਼ਾਲ ਮਾਰਚ ਦੀ ਅਗਵਾਈ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ, ਸ਼ਹੀਦ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਨ ਥਾਪਰ ਅਤੇ ਸਾਬਕਾ ਉਪ ਕੁਲਪਤੀ ਡਾ. ਲਿਵਤਾਰ ਸਿੰਘ ਚਾਵਲਾ ਕਰਨਗੇ।

# ਭਾਈ ਰੇਸ਼ਮ ਸਿੰਘ ਨੂੰ ਸਦਮਾ, ਪਿਤਾ ਸੁਰਗਵਾਸ

**ਬੇਕਰਸੀਲਡ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਆਗੂ ਸ. ਰੇਸ਼ਮ ਸਿੰਘ ਅਤੇ ਗੁਰੂਦਵਾਰਾ ਸਿੰਘ ਸਭਾ ਸਿਆਟਲ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦੇ ਪਿਤਾ ਸ. ਸਵਰਨ



ਸਿੰਘ ਵਾਹਿਗੁਰੂ ਵਲੋਂ ਬਖਸ਼ੀ 74 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਭਾਈ ਸਵਰਨ ਸਿੰਘ ਦਾ ਇਕ ਹੋਰ ਪੁਤਰ ਭਾਈ ਬਾਜ਼ ਸਿੰਘ ਪਿੰਡ ਕਾਲਰਾ ਦੇ ਸਰਪੰਚ ਹਨ ਅਤੇ ਉਥੇ ਹੀ ਰਹਿੰਦੇ ਹਨ। ਉਹ ਪੰਜਾਬ ਵਿਚ ਜਿਲਾ ਜਲੰਧਰ ਦੇ ਪਿੰਡ ਕਾਲਰਾ ਨਜਦੀਕ ਆਦਮਪੁਰ ਤੋਂ ਸਨ ਅਤੇ ਭਾਈ ਰੇਸ਼ਮ ਸਿੰਘ ਪਾਸ ਹੀ ਬੇਕਰਸਫ਼ੀਲਡ ਵਿਚ ਰਹਿੰਦੇ ਸਨ।

ਭਾਈ ਸਵਰਨ ਸਿੰਘ ਨੇ ਗੁਰੂਮਤਿ ਅਨੁਕੂਲ ਜੀਵਨ ਜਿਊਣ ਦੇ ਨਾਲ ਨਾਲ ਕੌਮੀ ਜਦੋਜਹਿਦ ਵਿਚ ਵੀ ਪੂਰੀ ਦਿਲਚਸਪੀ ਜਾਰੀ ਰਖੀ। ਉਨ੍ਹਾਂ ਦਾ ਸਸਕਾਰ ਸਨਿਚਰਵਾਰ 14 ਨਵੰਬਰ ਨੂੰ ਇਥੇ ਗਰੀਨ ਲਾਅਨ ਮੌਰਚਰੀ ਵਿਖੇ ਦਿਨੇ 1 ਵਜੇ ਹੋਵੇਗਾ। ਅੰਤਿਮ ਅਰਦਾਸ ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ ਹੋਵੇਗੀ। ਸ. ਰੇਸ਼ਮ ਸਿੰਘ ਨਾਲ ਸੰਪਰਕ (661-209-0118) ਅਤੇ ਸ. ਪਰਮਜੀਤ ਸਿੰਘ ਨਾਲ ਸੰਪਰਕ (206-331-7566) 'ਤੇ ਕੀਤਾ ਜਾ ਸਕਦਾ ਹੈ।

# ਏਸ਼ੀਆ ਕੱਪ ਫਾਈਨਲ 'ਚ ਖੁੰਝੀ ਭਾਰਤੀ ਟੀਮ

**ਬੈਂਕਾਕ :** ਭਾਰਤੀ ਮਹਿਲਾ ਹਾਕੀ ਟੀਮ ਨੂੰ 7ਵੇਂ ਏਸ਼ੀਆ ਕੱਪ ਦੇ ਰੋਮਾਂਚਕ ਫਾਈਨਲ ਵਿਚ ਇਥੇ ਮਜ਼ਬੂਤ ਚੀਨ ਹਥੋਂ 3-5 ਨਾਲ ਹਾਰ ਝਲਣੀ ਪਈ। ਕਪਤਾਨ ਸੁਰਿੰਦਰ ਕੌਰ ਅਤੇ ਉਸ ਦੀਆਂ ਸਾਥੀ ਖਿਡਾਰਨਾਂ ਨੇ ਜਿੱਤ ਲਈ ਪੂਰਾ ਜ਼ੋਰ ਲਗਾਇਆ ਪਰ ਉਹ ਚੀਨੀ ਖਿਡਾਰਨਾਂ ਤੋਂ ਪਾਰ ਨਹੀਂ ਪਾ ਸਕੀਆਂ। ਸੁਰਿੰਦਰ ਨੇ 8ਵੇਂ ਮਿੰਟ ਵਿਚ ਭਾਰਤ ਨੂੰ ਬੜ੍ਹਤ ਦੁਆਈ ਜਦਕਿ ਮਮਤਾ ਖਰਬ (47ਵੇਂ) ਅਤੇ ਦੀਪਕਾ ਠਾਕੁਰ (54ਵੇਂ) ਨੇ ਦੂਜੇ ਹਾਫ ਵਿਚ ਗੋਲ ਕੀਤੇ।

ਉਧਰੋਂ ਚੀਨ ਨੇ ਪਹਿਲੇ ਹਾਫ ਵਿਚ 3 ਗੋਲ (13ਵੇਂ, 18ਵੇਂ ਅਤੇ 27ਵੇਂ ਮਿੰਟ) ਤੇ ਦੂਜੇ ਹਾਫ ਵਿਚ 2 ਗੋਲ (47ਵੇਂ ਅਤੇ 51ਵੇਂ ਮਿੰਟ ਵਿਚ) ਕੀਤੇ। ਚੀਨ ਨੇ 20 ਸਾਲ ਬਾਅਦ ਏਸ਼ੀਆ ਕੱਪ ਜਿੱਤਿਆ। ਇਸ ਤੋਂ ਪਹਿਲਾਂ ਉਸਨੇ 1989 ਵਿਚ ਖਿਤਾਬੀ ਜਿੱਤ ਦਰਜ ਕੀਤੀ ਸੀ। ਭਾਰਤ ਨੇ ਸੁਰਿੰਦਰ ਕੌਰ ਦੇ 8ਵੇਂ ਮਿੰਟ ਵਿਚ ਕੀਤੇ ਗੋਲ ਨਾਲ ਮੈਚ ਦੀ ਸ਼ੁਰੂਆਤ ਵਿਚ ਹੀ ਬੜ੍ਹਤ ਹਾਸਲ ਕਰ ਲਈ ਪਰ 5 ਮਿੰਟ ਬਾਅਦ ਹੀ ਚੀਨੀ ਟੀਮ ਦੀ ਅਨੁਭਵੀ ਫੂ ਬਾਊ ਰੈਂਗ ਨੇ 13ਵੇਂ ਮਿੰਟ ਵਿਚ ਬਰਾਬਰੀ ਦਾ ਗੋਲ ਕੀਤਾ। ਛੇਤੀ ਹੀ ਮਾ ਯੀ ਬੋ ਨੇ ਟੀਮ ਨੂੰ ਮਿਲੇ ਪਹਿਲੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਚੀਨ ਦੀ ਬੜ੍ਹਤ 2-1 ਕਰ ਦਿੱਤੀ। ਰਾਈਟ ਵਿੰਗਰ ਯੂ ਦੀਆ ਨੇ ਇਸ ਤੋਂ ਬਾਅਦ ਖੱਬੇ ਪਾਸੋਂ ਤੋਂ ਮਿਲੇ ਪਾਸ ਦਾ ਪੂਰਾ ਫਾਇਦਾ ਉਠਾ ਕੇ 27ਵੇਂ ਮਿੰਟ ਵਿਚ ਸਕੋਰ 3-1 ਕਰ ਦਿੱਤਾ। ਮਾ ਜੀ ਗੋ ਨੇ ਇਕ ਹੋਰ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲਿਆ ਜਦਕਿ ਦਿ ਜਿਆਓ ਜਿਆਓ ਨੇ ਇਕ ਹੋਰ ਗੋਲ ਕਰ ਚੀਨ ਦੀ ਜਿੱਤ ਪੱਕੀ ਕਰ ਦਿੱਤੀ। ਇਸ ਟੂਰਨਾਮੈਂਟ ਵਿਚ ਭਾਰਤ ਦੂਜੇ ਸਥਾਨ ਤੇ ਰਿਹਾ ਅਤੇ ਉਸ ਨੇ ਵਰਡ ਕੱਪ ਲਈ ਕੁਆਲੀਫਾਈ ਕਰ ਲਿਆ ਹੈ।

# ਬੱਸ ਖੱਡ 'ਚ ਡਿੱਗਣ ਨਾਲ 30 ਦੀ ਮੌਤ

**ਧਰਮਸ਼ਾਲਾ:** ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ 'ਚ ਹਰੀਪੁਰ ਦੇ ਨਜ਼ਦੀਕ ਬੀਤੀ 6 ਨਵੰਬਰ ਨੂੰ ਸਵਾਰੀਆਂ ਨਾਲ ਭਰੀ ਇਕ ਬੱਸ ਖੱਡ 'ਚ ਡਿੱਗ ਜਾਣ ਕਾਰਨ ਬੱਸ 'ਚ ਸਵਾਰ 30 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਵਿਅਕਤੀ ਜ਼ਖਮੀ ਹੋ ਗਏ।

ਪੁਲਿਸ ਸੂਤਰਾਂ ਨੇ ਦੱਸਿਆ ਕਿ ਇਹ ਹਾਦਸਾ ਸਵੇਰੇ ਉਸ ਸਮੇਂ ਵਾਪਰਿਆ, ਜਦੋਂ ਇਕ ਮੋੜ 'ਤੇ ਬੱਸ ਬੇਕਾਬੂ ਹੋ ਕੇ ਬਾਨੇਰ ਖੱਡ 'ਚ ਸੜਕ 'ਤੇ ਬਣੇ ਪੁਲ ਤੋਂ 100 ਫੁੱਟ ਡੂੰਘੀ ਖੱਡ 'ਚ ਜਾ ਡਿੱਗੀ। ਇਹ ਬੱਸ ਜ਼ਿਲ੍ਹੇ ਦੇ ਨਗਰੋਟਾ ਸੂਰੀਆ ਕਸਬੇ ਤੋਂ ਦੇਹਰਾ ਜਾ ਰਹੀ ਸੀ।








*Visit us on the web:* ***punjabtimesusa.com***



# ਟੈਕਸਸ ਦੀ ਘਟਨਾ ਪਿਛੋਂ ਮੁਸਲਿਮ ਭਾਈਚਾਰੇ 'ਚ ਡਰ

**ਵਾਸ਼ਿੰਗਟਨ:** ਅਮਰੀਕਾ ਦੇ ਸੂਬੇ ਟੈਕਸਾਸ ਵਿਚ ਸਥਿਤ ਸੰਸਾਰ ਦੀ ਸਭ ਤੋਂ ਵੱਡੀ ਫ਼ੌਜੀ ਛਾਉਣੀ ਫੋਰਡ ਹੁਡ ਵਿਖੇ ਅਮਰੀਕੀ ਫੌਜ ਦੇ ਮੇਜਰ ਨੀਡਾਲ ਮਲਿਕ ਹਸਨ ਵਲੋਂ ਚਲਾਈਆਂ ਅੰਧਾਧੁੰਦ ਗੋਲੀਆਂ ਕਰਕੇ 13 ਵਿਅਕਤੀਆਂ ਦੇ ਮਾਰੇ ਜਾਣ ਦੀ ਘਟਨਾ ਤੋਂ ਬਾਅਦ ਅਮਰੀਕੀ ਮੁਸਲਿਮ ਭਾਈਚਾਰੇ ਵਿਚ ਖ਼ੌਫ ਦਾ ਮਾਹੌਲ ਪੈਦਾ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਲੋਂ ਇਰਾਕ ਤੇ ਅਫ਼ਗਾਨਿਸਤਾਨ ਵਿਚ ਕੀਤੀ ਕਾਰਵਾਈ ਵੇਲੇ ਇਸ ਫ਼ੌਜੀ ਅੱਡੇ ਦੀ ਮੁੱਖ ਤੌਰ 'ਤੇ ਵਰਤੋਂ ਕੀਤੀ ਗਈ ਸੀ। ਦੂਜੇ ਪਾਸੇ ਗੋਲੀਆਂ ਚਲਾਉਣ ਵਾਲਾ ਮੇਜਰ ਮਲਿਕ ਹਸਨ ਜੋ ਫੌਜ ਵਿਚ ਮਨੋਵਿਗਿਆਨੀ ਹੈ, ਕੋਮਾ ਵਿਚ ਹੈ। ਹਸਪਤਾਲ ਦੇ ਸੂਤਰਾਂ ਮੁਤਾਬਿਕ ਮੇਜਰ ਹਸਨ ਦੀ ਹਾਲਤ ਨਾਜ਼ੁਕ ਪਰ ਸਥਿਰ ਹੈ ਜਦਕਿ ਉਸਦੇ ਹੱਥੋਂ ਜ਼ਖਮੀ ਹੋਏ ਲੋਕ ਵੱਖ-ਵੱਖ ਹਸਪਤਾਲਾਂ ਵਿਚ ਮੌਤ ਤੇ ਜ਼ਿੰਦਗੀ ਨਾਲ ਜੂਝ ਰਹੇ ਹਨ।

ਫ਼ੌਜੀ ਸੂਤਰਾਂ ਨੇ ਦੱਸਿਆ ਕਿ ਗੋਲੀ ਚਲਾਉਣ ਵਾਲੇ ਮੇਜਰ ਹਸਨ ਨੂੰ ਸੁਰੱਖਿਆ ਕਾਰਨਾਂ ਕਰਕੇ ਹੁਣ ਫੌਜੀ ਹਸਪਤਾਲ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਭਾਵੇਂ ਹਸਨ ਫ਼ਿਲਹਾਲ ਕੋਈ ਜਵਾਬ ਦੇਣ ਦੀ ਹਾਲਤ ਵਿਚ ਨਹੀਂ ਪਰ ਪੁਲਿਸ ਨੇ ਟੈਕਸਾਸ ਦੇ ਕਲੀਨ ਇਲਾਕੇ ਵਿਚ ਦੀ ਰਿਹਾਇਸ਼ ਨੂੰ ਸੀਲ ਕਰ ਦਿੱਤਾ ਹੈ ਤੇ ਇਹ ਪੜਤਾਲ ਕੀਤੀ ਜਾ ਰਹੀ ਹੈ ਕਿ ਉਸ ਨੇ ਇਸ ਘਟਨਾ ਨੂੰ ਕਿਉਂ ਅੰਜ਼ਾਮ ਦਿੱਤਾ। ਸੂਤਰਾਂ ਅਨੁਸਾਰ ਡਾਕਟਰਾਂ ਵਲੋਂ ਉਸਨੂੰ ਬਚਾਉਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਇਸ ਸਬੰਧ ਵਿਚ ਵੱਖ-ਵੱਖ ਵਰਗਾਂ ਪਾਸੋਂ ਜਾਣਕਾਰੀ ਹਾਸਿਲ ਕੀਤੀ ਜਾ ਰਹੀ ਹੈ।

ਇਸ ਦੌਰਾਨ ਅਮਰੀਕਾ ਵਿਚ ਰਹਿ ਰਹੇ ਅਰਬ ਅਤੇ ਹੋਰ ਮੁਸਲਿਮ ਧੜਿਆਂ ਨੇ ਖਦਸ਼ਾਂ ਜ਼ਾਹਿਰ ਕੀਤਾ ਹੈ ਕਿ ਉਕਤ ਘਟਨਾ ਪਿਛੋਂ ਕੋਈ ਪ੍ਰਤੀਕਿਰਿਆ ਹੋ ਸਕਦੀ ਹੈ। ਇਨ੍ਹਾਂ ਮੁਸਲਿਮ ਗਰੁੱਪਾਂ ਨੇ ਵਾਪਰੀ ਘਟਨਾ ਦੀ ਨਿਖੇਧੀ ਕਰਦਿਆਂ ਪ੍ਰਭਾਵਿਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਘਟਨਾ ਤੋਂ ਕੋਈ ਸਿਆਸੀ ਲਾਹਾ ਨਹੀਂ ਲੈਣਾ ਚਾਹੀਦਾ। ਪਰ ਨਿਆਂਇਕ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਨਾਗਰਿਕਾਂ ਦੇ ਹੱਕਾਂ ਦੀ ਰੱਖਿਆ ਲਈ ਬਣੇ ਵਿੰਗ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਹਿੰਸਾ ਦੀ ਕੋਈ ਵੀ ਘਟਨਾ ਨਹੀਂ ਹੋਣ ਦਿੱਤੀ ਜਾਵੇਗੀ।

ਅਮਰੀਕੀ ਫੌਜ ਮੁਖੀ ਜਨਰਲ ਜਾਰਜ ਕੈਸੇ ਨੇ ਕਿਹਾ ਕਿ ਅਮਰੀਕਾ ਵਿਚਲੇ ਸਾਰੇ ਫੌਜੀ ਆਧਾਰ ਕੈਂਪਾਂ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਅਮਰੀਕੀ ਫੌਜ ਵਿਚ ਤਾਇਨਾਤ ਹਜ਼ਾਰਾਂ ਮੁਸਲਿਮ ਫੌਜੀਆਂ ਖ਼ਿਲਾਫ ਹੋਣ ਵਾਲੀ ਕਿਸੇ ਵੀ ਤਿਖੀ ਪ੍ਰਤੀਕਿਰਿਆ ਦੀ ਸੰਭਾਵਨਾ ਤੋਂ ਬੇਹੱਦ ਫਿਕਰਮੰਦ ਹਨ।

ਦੇਸ਼ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਘਟਨਾ ਦੌਰਾਨ ਅਮਰੀਕੀ ਫੌਜੀਆਂ ਵਲੋਂ ਦਿਖਾਈ ਦਲੇਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਭਾਂਵੇ ਉਹ ਕਿਸੇ ਵੀ ਧਰਮ ਦੇ ਹੋਣ ਪਰ ਅਮਰੀਕੀ ਹਨ। ਉਹ ਪਰਵਾਸੀ ਜਾ ਪਰਵਾਸੀਆਂ ਦੇ ਵਾਰਸ ਹੋ ਸਕਦੇ ਹਨ, ਪਰ ਹੈ ਉਹ ਸਾਰੇ ਅਮਰੀਕੀ। ਇਹੀ ਅਮਰੀਕਾ ਦੀ ਵਨਸੁਵੰਨਤਾ ਹੈ ਤੇ ਇਸੇ ਨੂੰ ਅਨੇਕਤਾ 'ਚ ਏਕਤਾ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਹ ਬਹਾਦਰ 13 ਫੌਜੀਆਂ ਦੀਆਂ ਆਖਰੀ ਰਸਮਾਂ ਮੌਕੇ ਹਾਜ਼ਰ ਰਹਿਣਗੇ।

ਘਟਨਾ ਸਥਾਨ 'ਤੇ ਹਾਜ਼ਰ ਫੌਜੀ ਜਵਾਨਾਂ ਨੇ ਕਿਹਾ ਕਿ ਉਨ੍ਹਾਂ ਨੇ ਫਾਇਰਿੰਗ ਮੌਕੇ ਹਤਿਆਰੇ ਦੇ ਮੂੰਹੋਂ 'ਅੱਲ੍ਹਾ ਹੂ ਅਕਬਰ' ਦੇ ਬੋਲ ਸੁਣੇ ਸਨ। ਇਸ ਕਰ ਕੇ ਜਾਂਚ ਟੀਮ ਦਾ ਸ਼ੱਕ ਇਸਲਾਮੀ ਥਿਊਰੀ ਵਲ ਜਾ ਰਿਹਾ ਹੈ। ਹਸਨ ਨਾਲ ਪੜ੍ਹੇ ਇਕ ਹੋਰ ਡਾਕਟਰ ਨੇ ਕਿਹਾ ਕਿ ਉਹ ਅਫਗਾਨਿਸਤਾਨ ਵਿਚ ਅਤਿਵਾਦ ਖਿਲਾਫ ਜੰਗ ਨੂੰ ਇਸਲਾਮ ਵਿਰੁਧ ਜੰਗ ਕਿਹਾ ਕਰਦਾ ਸੀ। ਉਸ ਦੇ ਜਮਾਤੀ ਰਹੇ ਵਾਲ ਫਿਨੰਲ ਨੇ ਵੀ ਇਹੋ ਜਿਹੇ ਹੀ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਹਸਨ ਤੋਂ ਅਜਿਹੀ ਕਾਰਵਾਈ ਦੀ ਉਮੀਦ ਰੱਖੀ ਜਾ ਸਕਦੀ ਸੀ। ਸ੍ਰੀ ਓਬਾਮਾ ਨੇ ਕਿਹਾ ਕਿ ਮਾਮਲੇ ਦੀ ਪੜਤਾਲ ਜਾਰੀ ਹੈ ਅਤੇ ਅਜੇ ਮਿਥ ਕੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਅਤੇ ਖ਼ੁਦ ਬਾ ਖ਼ੁਦ ਕਿਸੇ ਸਿੱਟੇ 'ਤੇ ਪੁੱਜਣਾ ਨਹੀਂ ਚਾਹੀਦਾ। ਫੋਰਟ ਹੁੱਡ ਵਿਖੇ ਸ਼ਹੀਦ ਹੋਏ ਫੌਜੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ।

## ਨਨਕਾਣਾ ਸਾਹਿਬ ਨੂੰ ਮਾਡਲ ਜ਼ਿਲ੍ਹਾ ਬਣਾਇਆ ਜਾਵੇਗਾ

**ਚੰਡੀਗੜ੍ਹ:**ਪਾਕਿਸਤਾਨ ਵਿਚਲੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਕਿ ਨਨਕਾਣਾ ਸਾਹਿਬ ਨੂੰ ਮਾਡਲ ਜ਼ਿਲ੍ਹਾ ਬਣਾਉਣ ਲਈ ਪੰਜਾਬ ਸਰਕਾਰ ਵਚਨਬੱਧ ਹੈ। ਇਸ ਜ਼ਿਲ੍ਹੇ ਨੂੰ ਪਹਿਲਾਂ ਹੀ ਵਿਸ਼ੇਸ਼ ਦਰਜਾ ਦਿਤਾ ਜਾ ਚੁੱਕਾ ਹੈ। ਸੂਬਾ ਸਰਕਾਰ ਗੁਰੂ ਨਾਨਕ ਕੌਮਾਂਤਰੀ ਯੂਨੀਵਰਸਿਟੀ ਬਣਾਉਣ ਵਿਚ ਵੀ ਅਪਣਾ ਸਹਿਯੋਗ ਦੇ ਰਹੀ ਹੈ ਅਤੇ ਮਾਨਾਵਾਲਾ-ਨਨਕਾਣਾ ਸਾਹਿਬ ਸੜਕ ਨੂੰ ਨਵੇਂ ਸਿਰੇ ਤੋਂ ਬਣਾਇਆ ਜਾਵੇਗਾ।

ਗੁਰੂ ਨਾਨਕ ਸਾਹਿਬ ਦੇ 541ਵੇਂ ਪ੍ਰਕਾਸ਼ ਪੁਰਬ ਸਬੰਧੀ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ਼ਰੀਫ਼ ਨੇ ਕਿਹਾ ਕਿ ਨਨਕਾਣਾ ਸਾਹਿਬ ਆਉਣ ਵਾਲੇ ਸਿੱਖ ਯਾਤਰੀਆਂ ਦੇ ਸਵਾਗਤ ਲਈ ਪੰਜਾਬ ਦੇ ਲੋਕ ਅੱਖਾਂ ਵਿਛਾਈ ਰਖਦੇ ਹਨ ਅਤੇ ਉਨ੍ਹਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੰਦੇ। ਸਿੱਖ ਯਾਤਰੀਆਂ ਦੀ ਸੁਰੱਖਿਆ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਸੰਘੀ ਸਰਕਾਰ ਅਤੇ ਔਕਾਫ਼ ਬੋਰਡ ਦਾ ਪੂਰਾ ਸਮਰਥਨ ਹਾਸਲ ਹੈ ਅਤੇ ਇਸ ਵਾਰ ਪ੍ਰਕਾਸ਼ ਪੁਰਬ ਮਨਾਉਣ ਆਏ ਜਥੇ ਦੀ ਸੁਰੱਖਿਆ ਲਈ ਨੀਮ ਫ਼ੌਜੀ ਬਲ ਵੀ ਤੈਨਾਤ ਕੀਤੇ ਗਏ ਹਨ। ਔਕਾਫ਼ ਬੋਰਡ ਦੇ ਚੇਅਰਮੈਨ ਸਈਅਦ ਆਸਿਫ਼ ਹਾਸ਼ਮੀ ਵਲੋਂ ਸਿੱਖ ਯਾਤਰੀਆਂ ਦੀ ਕੀਤੀ ਸੇਵਾ ਦੀ ਸ਼ਲਾਘਾ ਵੀ ਕੀਤੀ ਗਈ।

## ਭਜਨ ਮੰਡਲੀ ਦੇ 6 'ਚੋਂ 5 ਵਿਧਾਇਕ ਕਾਂਗਰਸ 'ਚ ਗਏ

**ਚੰਡੀਗੜ੍ਹ:** ਹਰਿਆਣਾ ਜਨਹਿੱਤ ਕਾਂਗਰਸ ਦੇ ਇਕ ਹੋਰ ਵਿਧਾਇਕ ਧਰਮ ਸਿੰਘ ਛੋਕਰ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਕਾਂਗਰਸ ਨੂੰ ਹਰਿਆਣਾ ਵਿਧਾਨ ਸਭਾ ਵਿਚ ਬਹੁਮਤ ਹਾਸਲ ਹੋ ਗਿਆ ਹੈ ਤੇ 90 ਮੈਂਬਰੀ ਸਦਨ-ਵਿਚ ਇਸਦੇ ਵਿਧਾਇਕਾਂ ਦੀ ਗਿਣਤੀ 45 ਹੋ ਗਈ ਹੈ। ਇਕ ਸੀਟ ਖਾਲੀ ਹੈ।

ਹਰਿਆਣਾ ਜਨਹਿੱਤ ਕਾਂਗਰਸ ਦੇ ਪੰਜਵੇਂ ਵਿਧਾਇਕ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਪਾਰਟੀ ਪ੍ਰਧਾਨ ਕੁਲਦੀਪ ਬਿਸ਼ਨੋਈ ਇਕਲੌਤੇ ਵਿਧਾਇਕ ਹੀ ਰਹਿ ਗਏ ਹਨ।

ਵਰਨਣਯੋਗ ਹੈ ਕਿ ਇੰਡੀਅਨ ਨੈਸ਼ਨਲ ਲੋਕ ਦਲ ਇਨੈਲੋ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੋ ਹਲਕਿਆਂ ਤੋਂ ਚੋਣ ਜਿੱਤੇ ਸਨ ਤੇ ਉਨ੍ਹਾਂ ਨੇ ਐਲਨਾਬਾਦ ਹਲਕੇ ਤੋਂ ਅਸਤੀਫਾ ਦੇ ਦਿਤਾ ਹੈ ਤੇ ਇਸ ਕਰਕੇ ਇਹ ਸੀਟ ਖਾਲੀ ਹੋ ਗਈ ਹੈ। ਇਸ ਵੇਲੇ 89 ਮੈਂਬਰੀ ਸਦਨ ਵਿਚ ਕਾਂਗਰਸ ਦੇ 45 ਵਿਧਾਇਕ ਹਨ।

ਕਦੇ ਚੌਧਰੀ ਭਜਨ ਲਾਲ ਜਨਤਾ ਪਾਰਟੀ ਹਰਿਆਣਾ ਦੀ ਸਮੁੱਚੀ ਵਿਧਾਇਕ ਪਾਰਟੀ ਲੈ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ ਤੇ ਹੁਣ ਉਸ ਸਮੇਂ ਤੋਂ ਹੀ ਹਰਿਆਣਾ ਵਿਚ ਆਇਆ ਰਾਮ ਗਿਆ ਰਾਮ ਦੀ ਸਿਆਸਤ ਸ਼ੁਰੂ ਹੋਈ ਸੀ ਤੇ ਉਨ੍ਹਾਂ ਦੀ ਪਾਰਟੀ ਦੇ ਛੇ ਵਿਧਾਇਕਾਂ ਵਿਚੋਂ ਪੰਜ ਪਾਰਟੀ ਦਾ ਸਾਥ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਹਰਿਆਣਾ ਵਿਧਾਨ ਸਭਾਦੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ ਨੇ ਪੰਜਵੇਂ ਵਿਧਾਇਕ ਛੋਕਰ ਨੂੰ ਕਾਂਗਰਸ ਪਾਰਟੀ ਸ਼ਾਮਿਲ ਕਰ ਲਿਆ ਹੈ।

## ਜ਼ਿਮਨੀ ਚੋਣਾਂ ਵਿਚ ਕਾਂਗਰਸ ਛਾਈ

**ਨਵੀਂ ਦਿੱਲੀ:** ਕਾਂਗਰਸ ਨੇ ਸੱਤ ਰਾਜਾਂ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ। ਉੱਤਰ ਪ੍ਰਦੇਸ਼ ਵਿਚ ਇਸ ਨੇ ਫਿਰੋਜ਼ਾਬਾਦ ਲੋਕ ਸਭਾ ਸੀਟ ਸਮਾਜਵਾਦੀ ਪਾਰਟੀ ਤੋਂ ਖੋਹ ਲਈ। ਪੱਛਮੀ ਬੰਗਾਲ ਵਿਚ ਇਸਨੇ ਤ੍ਰਿਣਮੂਲ ਕਾਂਗਰਸ ਦੀ ਮਦਦ ਨਾਲ ਅਤੇ ਕੇਰਲਾ ਵਿਚ ਆਪਣੇ ਦਮ 'ਤੇ ਖੱਬੇ ਮੋਰਚੇ ਦੇ ਗੜ੍ਹ ਭੰਨ੍ਹੇ ਹਨ। ਉੱਤਰ ਪ੍ਰਦੇਸ਼ ਵਿਚ ਸੱਤਾਧਾਰੀ ਬਹੁਜਨ ਸਮਾਜ ਪਾਰਟੀ ਨੇ 11 ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ ਵਿਚ ਸਮਾਜਵਾਦੀ ਪਾਰਟੀ ਤੋਂ ਚਾਰ ਸੀਟਾਂ ਖੋਹ ਕੇ ਕੁੱਲ ਸੱਤ ਸੀਟਾਂ ਜਿੱਤ ਲਈਆਂ ਹਨ। ਫ਼ਿਲਮ ਲੋਕ ਤੋਂ ਰਾਜਨੀਤੀ ਵਿਚ ਆਏ ਕਾਂਗਰਸ ਉਮੀਦਵਾਰ ਰਾਜ ਬੱਬਰ ਨੇ ਸਪਾ ਮੁਖੀ ਮੁਲਾਇਮ ਸਿੰਘ ਯਾਦਵ ਦੀ ਨੂੰਹ ਡਿੰਪਲ ਯਾਦਵ ਨੂੰ 85343 ਵੋਟਾਂ ਦੇ ਫਰਕ ਨਾਲ ਹਰਾਇਆ। ਪਿਛਲੀ ਮਈ 'ਚ ਹੋਈਆਂ ਲੋਕ ਸਭਾ ਚੋਣਾਂ ਵਿਚ ਡਿੰਪਲ ਦੇ ਪਤੀ ਅਖਿਲੇਸ਼ ਯਾਦਵ ਨੇ ਕਨੌਜ ਸੀਟ ਰੱਖ ਕੇ ਫਿਰੋਜ਼ਾਬਾਦ ਸੀਟ ਛੱਡ ਦਿੱਤੀ ਸੀ। ਬੱਬਰ ਪਹਿਲਾਂ ਸੀਕਰੀ ਲੋਕ ਸਭਾ ਸੀਟ 'ਤੇ ਹਾਰ ਗਿਆ ਸੀ। ਕੇਰਲਾ ਵਿਚ ਕੰਨੂਰ ਲੋਕ ਸਭਾ ਸੀਟ 'ਤੇ ਕਾਂਗਰਸ ਉਮੀਦਵਾਰ ਅਬਦੁੱਲਾਕੁੱਟੀ ਨੇ ਸੀ.ਪੀ.ਆਈ. (ਐਮ) ਦੇ ਉਮੀਦਵਾਰ ਐਮ.ਵੀ. ਜਯਾਰਾਜਨ ਨੂੰ 12000 ਵੋਟਾਂ ਦੇ ਫਰਕ ਨਾਲ ਹਰਾਇਆ। ਅਬਦੁੱਲਾਕੁਟੀ ਪਿੱਛੇ ਜਿਹੇ ਸੀ.ਪੀ.ਆਈ (ਐਮ) ਤੋਂ ਵੱਖ ਹੋ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਨ।

ਵਿਧਾਨ ਸਭਾ ਦੀਆਂ ਕੁੱਲ 31 ਸੀਟਾਂ ਵਿਚੋਂ ਦਸ ਕਾਂਗਰਸ ਦੇ ਹਿੱਸੇ ਆਈਆਂ ਹਨ। ਕਾਂਗਰਸ ਨੇ ਅਸਾਮ ਵਿਚ ਦੋ ਅਤੇ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਦੀ ਇਕ-ਇਕ ਸੀਟ ਜਿੱਤੀ ਹੈ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨੇ ਲੋਕ ਸਭਾ ਚੋਣਾਂ ਵਾਲੀ ਆਪਣੀ ਕਾਰਗੁਜ਼ਾਰੀ ਦੁਹਰਾਉਂਦਿਆਂ 10 ਵਿਚੋਂ 7 ਸੀਟਾਂ ਜਿੱਤੀਆਂ ਜਦਕਿ ਫਾਰਵਰਡ ਬਲਾਕ ਨੇ ਇਕ ਸੀਟ ਜਿੱਤ ਕੇ ਖੱਬੇ ਮੋਰਚੇ ਦਾ ਨੱਕ ਰੱਖ ਲਿਆ।

ਉੱਤਰ ਪ੍ਰਦੇਸ਼ ਵਿਚ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਲੱਗੇ ਝਟਕੇ ਤੋਂ ਜ਼ੋਰਦਾਰ ਵਾਪਸੀ ਕਰਦਿਆਂ ਬਸਪਾ ਨੇ ਸਪਾ ਤੋਂ ਇਧੌਲੀ, ਹੈਂਸਰ ਬਾਜ਼ਾਰ, ਇਟਾਵਾ ਤੇ ਭੜਥਾਣਾ ਅਤੇ ਕਾਂਗਰਸ ਤੋਂ ਪਦਰੌਲਾ ਸੀਟਾਂ ਖੋਹੀਆਂ ਜਦਕਿ ਗੜੀ ਅਤੇ ਲਲਿਤਪੁਰ ਸੀਟਾਂ ਮੁੜ ਜਿੱਤ ਲਈਆਂ। ਲਖਨਊ ਪੱਛਮੀ ਸੀਟ 'ਤੇ ਕਾਂਗਰਸ ਜੇਤੂ ਰਹੀ ਜਦਕਿ ਝਾਂਸੀ ਹਲਕੇ ਦੀਆਂ ਵੋਟਾਂ ਦੀ ਗਿਣਤੀ ਦੁਬਾਰਾ ਕਰਾਉਣ ਦੇ ਹੁਕਮ ਦਿੱਤੇ ਗਏ ਹਨ। ਕੋਲਾਸਾਲਾ ਸੀਟ 'ਤੇ ਆਜ਼ਾਦ ਉਮੀਦਵਾਰ ਅਜੈ ਰਾਇ ਨੇ ਲਗਾਤਾਰ ਚੌਥੀ ਵਾਰ ਜਿੱਤ ਦਰਜ ਕੀਤੀ ਹੈ। ਪੇਵਈਆਂ ਵਿਚ ਬਸਪਾ ਉਮੀਦਵਾਰ ਨੇ ਕਾਂਗਰਸ ਉਮੀਦਵਾਰ ਤੋਂ 27000 ਵੋਟਾਂ ਦੀ ਬੜ੍ਹਤ ਬਣਾ ਲਈ ਸੀ।

ਹਿਮਾਚਲ ਪ੍ਰਦੇਸ਼ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਰੋਹੜੂ ਅਸੈਂਬਲੀ ਸੀਟ 'ਤੇ ਕਾਂਗਰਸ ਦੇ ਮਨਜੀਤ ਸਿੰਘ ਠਾਕੁਰ ਨੂੰ 8473 ਵੋਟਾਂ ਨਾਲ ਹਰਾਇਆ ਜਦਕਿ ਜਾਵਲੀ ਸੀਟ ਤੋਂ ਕਾਂਗਰਸ ਉਮੀਦਵਾਰ ਸੁਜਾਨ ਸਿੰਘ ਨੂੰ ਪਠਾਨੀਆਂ ਨੇ ਭਾਜਪਾ ਦੇ ਚੌਧਰੀ ਬਲਦੇਵ ਰਾਜ ਨੂੰ 5249 ਵੋਟਾਂ ਨਾਲ ਮਾਤ ਦਿੱਤੀ। ਅਸਾਮ ਵਿਚ ਕਾਂਗਰਸ ਨੇ ਧੇਕੀਆਜ਼ਲੀ ਅਤੇ ਦੱਖਣੀ ਸਾਲਮਾਰਾ ਸੀਟਾਂ ਜਿੱਤ ਲਈਆਂ। ਛੱਤੀਸਗੜ੍ਹ ਵਿਚ ਸੱਤਾਧਾਰੀ ਭਾਜਪਾ ਨੇ ਵੈਸ਼ਾਲੀ ਨਗਰ ਸੀਟ ਜਿੱਤ ਲਈ। ਰਾਜਸਥਾਨ ਵਿਚ ਸੱਤਾਧਾਰੀ ਕਾਂਗਰਸ ਨੇ ਉਦੈਪੁਰ ਜ਼ਿਲੇ ਦੀ ਸਲੂੰਬਰ ਵਿਧਾਨ ਸਭਾ ਸੀਟ 'ਤੇ ਭਾਜਪਾ ਨੂੰ ਹਰਾਇਆ ਜਦਕਿ ਟੋਡਾਭੀਮ ਸੀਟ 'ਤੇ ਭਾਜਪਾ ਜੇਤੂ ਰਹੀ।

ਲੋਕਤੰਤਰ ਦੀ ਜਿੱਤ-ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਵਿਚ ਹੋਈਆਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਆਪਣੀ ਪਾਰਟੀ ਦੀ ਸ਼ਾਨਦਾਰ ਕਾਰਗੁਜ਼ਾਰੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ''ਇਹ ਲੋਕਤੰਤਰ ਅਤੇ ਸ਼ਾਂਤੀ ਦੀ ਜਿੱਤ ਹੈ। ਇਹ ਮਾਂ, ਮਾਟੀ ਮਾਨੁਸ਼ ਦੀ ਵੀ ਜਿੱਤ ਹੈ।

## ਇਕ ਮੇਮ ਦੇ ਦੋ ਜਣਨ ਅੰਗ

**ਨਿਊਯਾਰਕ** :ਇਕ 29 ਸਾਲਾ ਬਰਤਾਨਵੀ ਔਰਤ ਜਿਸ ਦੇ ਦੋ ਪ੍ਰਜਨਨ (ਗੁਪਤ) ਅੰਗ ਹਨ, ਜਲਦੀ ਹੀ ਆਪਣੀ ਜ਼ਿੰਦਗੀ ਬਾਰੇ ਦਿ ਟਾਇਰਾ ਬੈਂਕਸ ਸ਼ੋਅ' ਵਿਚ ਜ਼ਿਕਰ ਕਰੇਗੀ। ਲੋਰੇਨ ਵਿਲੀਅਮਨ ਨੂੰ ਦੋ ਵਾਰੀ ਮਹਾਵਾਰੀ ਆਉਂਦੀ ਹੈ ਅਤੇ ਉਸ ਦੀਆਂ ਦੋ ਹੀ ਬੱਚੇਦਾਨੀਆਂ ਹਨ। ਇਸ ਔਰਤ ਦੀ ਇਸ ਅਨੋਖੀ ਬਣਤਰ ਨੇ ਡਾਕਟਰਾਂ ਨੂੰ ਹੈਰਾਨ ਕਰ ਦਿਤਾ ਹੈ ਜਿਨ੍ਹਾਂ ਦਾ ਕਹਿਣਾ ਹੈ ਕਿ ਉਹ ਇਕ ਹੀ ਸਮੇਂ ਦੋ ਵਾਰੀ ਗਰਭਵਤੀ ਹੋ ਸਕਦੀ ਹੈ।




## ਹਰਿਆਣਾ ਮੰਤਰੀ ਮੰਡਲ ਨੇ ਸਹੁੰ ਚੁੱਕੀ

**ਚੰਡੀਗੜ੍ਹ :** ਹਰਿਆਣਾ ਵਿਚ 13 ਦਿਨ ਪੁਰਾਣੀ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਮੰਤਰੀ ਮੰਡਲ ਦਾ ਬੀਤੀ 7 ਨਵੰਬਰ ਨੂੰ ਇੱਥੇ ਗਠਨ ਕੀਤਾ ਗਿਆ ਅਤੇ ਇਸ ਵਿਚ ਕੈਬਨਿਟ ਰੈਂਕ ਦੇ 6 ਅਤੇ ਰਾਜ ਪੱਧਰ ਦੇ 3 ਮੰਤਰੀ ਸ਼ਾਮਲ ਕੀਤੇ ਗਏ।

ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੇ ਇੱਥੇ ਹਰਿਆਣਾ ਰਾਜ ਭਵਨ ਵਿਚ ਆਯੋਜਤ ਇਕ ਸਮਾਰੋਹ ਵਿਚ 6 ਵਿਧਾਇਕਾਂ ਨੂੰ ਕੈਬਨਿਟ ਮੰਤਰੀ ਅਤੇ ਤਿੰਨ ਵਿਧਾਇਕਾਂ ਨੂੰ ਰਾਜ ਮੰਤਰੀ ਦੇ ਰੂਪ ਵਿਚ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ। ਇਸ ਤੋਂ ਪਹਿਲਾਂ ਰਾਜਪਾਲ ਵਲੋਂ ਭੁਪਿੰਦਰ ਸਿੰਘ ਹੁੱਡਾ ਨੂੰ 25 ਅਕਤੂਬਰ ਨੂੰ ਮੁੱਖ ਮੰਤਰੀ ਦੇ ਰੂਪ ਵਿਚ ਸਹੁੰ ਚੁਕਾਈ ਗਈ ਸੀ। ਕੈਬਨਿਟ ਮੰਤਰੀਆਂ ਦੇ ਰੂਪ ਵਿਚ ਸਹੁੰ ਚੁੱਕਣ ਵਾਲਿਆਂ ਵਿਚ ਕੈਪਟਨ ਅਜੈ ਸਿੰਘ ਯਾਦਵ, ਰਣਦੀਪ ਸਿੰਘ ਸੁਰਜੇਵਾਲਾ, ਮਹੇਂਦਰ ਪ੍ਰਤਾਪ ਸਿੰਘ, ਓਮ ਪ੍ਰਕਾਸ਼ ਜੈਨ, ਪਰਮਵੀਰ ਸਿੰਘ ਅਤੇ ਗੀਤਾ ਭੁਕਲ ਸ਼ਾਮਲ ਹੈ। ਤਿੰਨ ਰਾਜ ਮੰਤਰੀਆਂ ਵਿਚ ਸ਼ਿਵ ਚਰਨ ਸ਼ਰਮਾ, ਗੋਪਾਲ ਕਾਂਡਾ ਅਤੇ ਸੁਖਵੀਰ ਕਟਾਰੀਆ ਹਨ। ਰਾਜ ਪੱਧਰ ਦੇ ਦੋਵੇਂ ਮੰਤਰੀਆਂ ਦੇ 'ਚ ਸ਼ਿਵਚਰਨ ਸ਼ਰਮਾ ਅਤੇ ਗੋਪਾਲ ਕਾਂਡਾ ਦੋਵੇਂ ਹੀ ਆਜ਼ਾਦ ਵਿਧਾਇਕ ਹਨ।

ਬਾਅਦ ਵਿਚ ਮੁੱਖ ਮੰਤਰੀ ਨੇ 9 ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ ਦੇ ਰੂਪ ਵਿਚ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਵਾਈ। ਇਨ੍ਹਾਂ ਵਿੱਚ ਅਨੀਤਾ ਯਾਦਵ, ਦਾਨ ਸਿੰਘ, ਧਰਮਵੀਰ ਸਿੰਘ, ਜੈਵੀਰ ਬਾਲਮਿਕੀ, ਜਲੇਬ ਖਾਨ, ਪ੍ਰਹਲਾਦ ਸਿੰਘ ਗਿਲਾਖੇੜਾ, ਰਾਮ ਕਿਸ਼ਨ ਫੌਜੀ, ਸ਼ਾਰਦਾ ਰਾਠੌਰ ਅਤੇ ਸੁਲਤਾਨ ਸਿੰਘ ਸ਼ਾਮਲ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਨਵੀਂ ਰਾਜ ਸਰਕਾਰ ਚਲ ਰਹੀ ਪਰਿਯੋਜਨਾਵਾਂ ਨੂੰ ਪੂਰਾ ਕਰਨ, ਬੁਨਿਆਦੀ ਢਾਂਚਾ ਦੇ ਵਿਕਾਸ, ਰੁਜ਼ਗਾਰ ਦੇ ਮੌਕੇ ਸੁਰਜੀਤ ਕਰਨ ਲਈ ਤੇਜ਼ੀ ਨਾਲ ਕੰਮ ਕਰੇਗੀ ।

# ਜੇਲ੍ਹ ਵਿਚ ਮਿਲੀ ਜਾਅਲੀ ਨੋਟ ਛਾਪਣ ਦੀ ਸਿਖਲਾਈ !

**ਜਗਰਾਉਂ :** ਸਥਾਨਕ ਪੁਲਿਸ ਨੇ ਬੀਤੀ 8 ਨਵੰਬਰ ਨੂੰ ਇਥੇ 64 ਹਜ਼ਾਰ ਦੀ ਜਾਅਲੀ ਕਰੰਸੀ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਮੁਲਜ਼ਮ ਕਿਸੇ ਹੋਰ ਕੇਸ 'ਚ ਜੇਲ੍ਹ ਯਾਤਰਾ ਦੌਰਾਨ ਨਾ ਕੇਵਲ ਅੰਦਰੋਂ ਜਾਅਲੀ ਨੋਟ ਛਾਪਣ ਦੀ ਸਿਖਲਾਈ ਲੈ ਕੇ ਬਾਹਰ ਆਏ ਸਗੋਂ ਉਨ੍ਹਾਂ ਜੇਲ੍ਹੋਂ ਬਾਹਰ ਆਣ ਕੇ ਨਕਲੀ ਨੋਟ ਛਾਪਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ।

ਸੀ ਆਈ ਏ ਸਟਾਫ ਦੇ ਸਬ ਇੰਸਪੈਕਟਰ ਜੰਗਜੀਤ ਸਿੰਘ ਨੇ ਹਰਜੀਤ ਸਿੰਘ ਅਤੇ ਭਗਵਾਨ ਦਾਸ ਨਾਂ ਦੇ ਜਿਹੜੇ ਦੋ ਮੁਲਜ਼ਮ ਬੀਤੀ 8 ਅਕਤੂਬਰ ਨੂੰ ਜਾਅਲੀ ਕਰੰਸੀ ਸਮੇਤ ਕਾਬੂ ਕੀਤੇ, ਉਨ੍ਹਾਂ ਜਾਅਲੀ ਨੋਟ ਬਣਾਉਣ ਦੀ ਸਿਖਲਾਈ ਜੇਲ੍ਹ 'ਚੋਂ ਲਈ। ਇਹ ਗੱਲ ਹੈਰਾਨ ਕਰਨ ਵਾਲੀ ਜ਼ਰੂਰ ਹੈ, ਪਰ ਹੈ ਸੱਚੀ। ਦੋਹਾਂ ਮੁਲਜ਼ਮਾਂ 'ਚੋਂ ਇਕ ਲੁਧਿਆਣਾ ਦੀ ਕੇਂਦਰੀ ਜੇਲ੍ਹ 'ਚ ਬੰਦ ਸੀ, ਜਦਕਿ ਦੂਸਰਾ ਅੰਮ੍ਰਿਤਸਰ ਜੇਲ੍ਹ 'ਚ ਸੀ। ਕਤਲ ਕੇਸ 'ਚ ਅੰਮ੍ਰਿਤਸਰ ਜੇਲ੍ਹ 'ਚ ਬੰਦ ਹਰਜੀਤ ਸਿੰਘ ਦੀ ਮੁਲਾਕਾਤ ਉਥੇ ਜਾਅਲੀ ਕਰੰਸੀ ਦੇ ਕੇਸ ਵਿਚ ਗ੍ਰਿਫਤਾਰ ਕੀਤੇ ਗਏ ਬਿੱਲੂ ਨਾਂ ਦੇ ਵਿਅਕਤੀ ਨਾਲ ਹੋਈ। ਦੋਹਾਂ 'ਚ ਦੋਸਤੀ ਹੋ ਗਈ। ਸਰਕਾਰ ਨੇ ਜੇਲ੍ਹ 'ਚ ਕੈਦੀਆਂ ਨੂੰ ਕੰਪਿਊਟਰ ਸਿਖਾਉਣ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ। ਇਕ ਹੀ ਬੈਚ 'ਚ ਹੋਣ ਕਰਕੇ ਬਿੱਲੂ ਨੇ ਹਰਜੀਤ ਨੂੰ ਜੇਲ੍ਹ 'ਚ ਹੀ ਸਰਕਾਰੀ ਕੰਪਿਊਟਰ 'ਤੇ ਜਾਅਲੀ ਨੋਟ ਤਿਆਰ ਕਰਨ ਦੇ ਗੁਰ ਸਿਖਾਏ।

ਹਰਜੀਤ ਸਿੰਘ ਨੂੰ ਕਤਲ ਕੇਸ 'ਚ ਹੇਠਲੀ ਅਦਾਲਤ ਨੇ ਸਜ਼ਾ ਸੁਣਾਈ ਸੀ ਪਰ ਹਾਈ ਕੋਰਟ ਨੇ ਉਸਨੂੰ ਬਰੀ ਕਰ ਦਿੱਤਾ। ਸਾਲ 2007 'ਚ ਰਿਹਾਅ ਹੋਣ ਤੋਂ ਬਾਅਦ ਹਰਜੀਤ ਸਿੰਘ ਜੇਲ੍ਹ 'ਚ ਹੀ ਬੰਦ ਬਿੱਲੂ ਨੂੰ ਮਿਲਣ ਗਿਆ। ਬਿੱਲੂ ਨੇ ਉਸ ਨੂੰ ਭਗਵਾਨ ਦਾਸ ਨੂੰ ਮਿਲਣ ਲਈ ਕਿਹਾ। ਇਸ ਤਰ੍ਹਾਂ ਇਨ੍ਹਾਂ ਦੋਹਾਂ ਮੁਲਜ਼ਮਾਂ ਦੀ ਪਹਿਲੀ ਮੁਲਾਕਾਤ ਹੋਈ ਜੋ ਜਾਅਲੀ ਕਰੰਸੀ ਦਾ ਕਾਰੋਬਾਰ ਸ਼ੁਰੂ ਕਰਨ ਦਾ ਸਬੱਬ ਬਣੀ। ਮਾਮਲੇ ਦੀ ਜਾਂਚ ਕਰ ਰਹੇ ਐਸ.ਆਈ. ਜੰਗਜੀਤ ਸਿੰਘ ਨੇ ਦੱਸਿਆ ਕਿ ਜੇਲ੍ਹ 'ਚ ਜਾਅਲੀ ਕਰੰਸੀ ਤਿਆਰ ਕਰਨ ਦੀ ਬੇਸ਼ਕ ਹਰਜੀਤ ਸਿੰਘ ਨੇ ਸਿਖਲਾਈ ਤਾਂ ਲੈ ਲਈ ਪਰ ਉਹ ਇਸ ਕੰਮ ਦਾ ਮਾਹਿਰ ਨਾ ਬਣ ਸਕਿਆ,ਜਦਨੂੰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਕੋਲੋਂ ਪੁਲਿਸ ਨੇ 90 ਹਜ਼ਾਰ ਦੇ ਜਾਅਲੀ ਨੋਟ ਬਰਾਮਦ ਕੀਤੇ ਜੋ ਹਾਲੇ ਇਕ ਪਾਸਿਓਂ ਹੀ ਛਾਪੇ ਗਏ ਸਨ। ਦੋਸ਼ੀਆਂ ਨੂੰ ਨੋਟ ਛਾਪਣ ਦੀ ਤਕਨੀਕ ਦਾ ਬਹੁਤਾ ਇਲਮ ਨਹੀਂ ਸੀ ਜਿਸ ਕਾਰਨ ਉਹ ਸਫਲ ਨਾ ਹੋ ਸਕੇ।

## ਕਰਜ਼ੇ ਨੇ ਲੈ ਲਈ ਇਕ ਹੋਰ ਕਿਸਾਨ ਦੀ ਜਾਨ

**ਮਾਨਸਾ :** ਕਿਸਾਨਾਂ ਨੂੰ ਸਬਸਿਡੀਆਂ ਤੇ ਘੱਟੋ ਘੱਟ ਸਮਰਥਨ ਮੁੱਲ ਵਧਾ ਕੇ ਦੇਣ ਦੇ ਦਾਅਵੇ ਕਰਨ ਵਾਲੀ ਸਰਕਾਰ ਕਿਸਾਨੀ ਖੁਦਕੁਸ਼ੀਆਂ ਨੂੰ ਠੱਲ ਪਾਉਣ ਵਿਚ ਨਾਕਾਮ ਨਜ਼ਰ ਆ ਰਹੀ ਹੈ। ਇਸ ਦੀ ਪੁਸ਼ਟੀ ਨਜ਼ਦੀਕੀ ਪਿੰਡ ਨੰਗਲ ਖੁਰਦ ਦੇ ਇਕ 33 ਸਾਲਾ ਕਿਸਾਨ ਭੋਲਾ ਸਿੰਘ ਵਲੋਂ ਕਰਜ਼ੇ ਤੋਂ ਤੰਗ ਆ ਕੇ ਕੀਤੀ ਗਈ ਖੁਦਕੁਸ਼ੀ ਤੋਂ ਮਿਲਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਨੰਗਲ ਖੁਰਦ ਦੇ ਕਿਸਾਨ ਭੋਲਾ ਸਿੰਘ (33) ਕੋਲ ਦੋ ਏਕੜ ਜੱਦੀ ਜ਼ਮੀਨ ਸੀ। ਇਸ ਤੋਂ ਇਲਾਵਾ ਉਸ ਨੇ ਕੁਝ ਜ਼ਮੀਨ ਠੇਕੇ 'ਤੇ ਵੀ ਲਈ ਹੋਈ ਸੀ। ਭੋਲਾ ਸਿੰਘ ਸਿਰ ਪਿਛਲੇ ਕੁਝ ਸਾਲਾਂ ਤੋਂ ਕਰਜ਼ਾ ਚੜ੍ਹਿਆ ਹੋਇਆ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਭੋਲਾ ਸਿੰਘ ਇਸ ਕਰਜ਼ ਤੋਂ ਐਨਾ ਪ੍ਰੇਸ਼ਾਨ ਹੋ ਗਿਆ ਕਿ ਉਸ ਨੇ ਲੰਘੀ 8 ਨਵੰਬਰ ਨੂੰ ਆਪਣੇ ਖੇਤ ਵਿਚ ਹੀ ਆਪਣੇ ਗਲ ਵਿਚ ਫਾਹਾ ਪਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਇਸ ਦੌਰਾਨ ਮਿਲੀ ਖਬਰ ਅਨੁਸਾਰ ਮਾਰਕਿਟ ਕਮੇਟੀ ਮੁੱਲਾਂਪੁਰ ਦਾਖਾ ਅਧੀਨ ਉਸਾਰੀ ਜਾ ਰਹੀ ਨਵੀਂ ਮੰਡੀ ਰਕਬਾ ਵਿਖੇ ਦੋ ਦਿਨਾਂ ਤੋਂ ਝੋਨੇ ਦੀ ਢੇਰੀ 'ਤੇ ਬੈਠ ਕੇ ਰਾਤ ਕੱਟ ਰਹੇ ਕਿਸਾਨ ਦੀ ਮੰਡੀ ਦੇ ਫੜ੍ਹ 'ਤੇ ਹੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸੁਧਾਰ ਦਾ ਕਿਸਾਨ ਮਹਿੰਦਰ ਸਿੰਘ ਪੁੱਤਰ ਗੱਜਣ ਸਿੰਘ ਪਿਛਲੇ ਦੋ ਦਿਨਾਂ ਤੋਂ ਝੋਨੇ ਦੀ ਰਾਖੀ ਕਰ ਰਿਹਾ ਸੀ ਤੇ ਬੀਤੀ 8 ਨਵੰਬਰ ਨੂੰ ਸਵੇਰੇ ਹੀ ਉਸਦੀ ਮੌਤ ਹੋ ਗਈ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਤੇ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਮੌਤ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੈ ਕਿਉਂਕਿ ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਝੋਨਾ ਦਾ ਸਮੇਂ ਸਿਰ ਭਾਅ ਨਹੀਂ ਲੱਗ ਰਿਹਾ ਤੇ ਮੰਡੀਆਂ ਵਿੱਚ ਝੋਨੇ ਦੀ ਵੱਡੇ-ਵੱਡੇ ਅੰਬਾਰ ਲੱਗੇ ਹੋਏ ਹਨ।

## 250 ਪੁਲਸ ਅਧਿਕਾਰੀਆਂ ਨੂੰ ਰਿਵਰਟ ਕਰਨ ਦੇ ਹੁਕਮ

**ਪਟਿਆਲਾ:** ਡੀ.ਜੀ.ਪੀ. ਪੰਜਾਬ ਨੇ ਇਕ ਪੱਤਰ ਰਾਹੀ ਰਾਜ ਭਰ ਦੇ ਲਗਭਗ 250 ਪੁਲਸ ਅਧਿਕਾਰੀਆਂ ਨੂੰ ਰਿਵਰਟ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਹ ਉਹ ਪੁਲਸ ਅਧਿਕਾਰੀ ਹਨ ਜੋ ਸਪੋਰਟਸ ਕੋਟੇ ਦੀ ਆੜ ਵਿਚ ਤਰੱਕੀਆਂ ਹਾਸਲ ਕਰਕੇ ਆਪਣੇ ਸਾਥੀ ਪੁਲਸ ਕਰਮਚਾਰੀਆਂ ਦੇ ਹੱਕਾਂ 'ਤੇ ਡਾਕਾ ਮਾਰਨ ਵਿਚ ਕਾਮਯਾਬ ਹੋ ਗਏ ਸਨ।

ਇਸਦੇ ਨਾਲ ਹੀ ਡੀ.ਜੀ.ਪੀ. ਪੰਜਾਬ ਨੇ ਤਮਾਮ ਜ਼ਿਲਾ ਪੁਲਸ ਮੁਖੀਆਂ ਨੂੰ ਉਕਤ ਹੁਕਮਾਂ ਦੀ ਤੁਰੰਤ ਤਾਮੀਲਾ ਕਰਕੇ ਇਸ ਦੀ ਰਿਪੋਰਟ ਇਕ ਹਫ਼ਤੇ ਦੇ ਅੰਦਰ-ਅੰਦਰ ਪੇਸ਼ ਕਰਨ ਲਈ ਕਿਹਾ ਹੈ। ਫੋਨ 'ਤੇ ਹੋਈ ਗੱਲਬਾਤ ਦੌਰਾਨ ਡੀ.ਆਈ.ਜੀ. ਪਟਿਆਲਾ ਐੱਸ.ਕੇ. ਅਸਥਾਨਾ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਅਨੁਸਾਰ ਉਕਤ ਮਾਮਲੇ ਨੂੰ ਲੈ ਕੇ ਸਾਲ 1997 ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਇਕ ਰਿਟ ਪਟੀਸ਼ਨ ਨੰਬਰ 13788 ਦਾਇਰ ਕੀਤੀ ਗਈ ਸੀ। ਹਾਈਕੋਰਟ ਦੇ ਡਬਲ ਬੈਂਚ ਨੇ 1998 'ਚ ਉਕਤ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਅਜਿਹੀਆਂ ਤਰੱਕੀਆਂ ਦਾ ਆਨੰਦ ਮਾਣਨ ਵਾਲੇ ਤਮਾਮ ਅਧਿਕਾਰੀਆਂ ਨੂੰ ਰਿਵਰਟ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਦੂਜੇ ਪਾਸੇ ਜਦੋਂ 10 ਸਾਲ ਬਾਅਦ ਵੀ ਸਰਕਾਰ ਨੇ ਅਦਾਲਤੀ ਫ਼ੈਸਲੇ ਦੀ ਪਰਵਾਹ ਨਹੀਂ ਕੀਤੀ ਤਾਂ ਪ੍ਰਭਾਵਿਤ ਪੁਲਸ ਅਧਿਕਾਰੀਆਂ ਨੇ ਸਾਲ 2008 'ਚ ਇਕ ਵਾਰ ਮੁੜ ਅਦਾਲਤ ਦਾ ਦਰਵਾਜ਼ਾ ਖੜਕਾਉਂਦਿਆਂ ਇਕ ਹੋਰ ਪਟੀਸ਼ਨ ਦਿੱਤੀ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਦੇਸ਼ ਦੇ 14 ਰਾਜਾਂ ਵਿਚ ਸਿਕਲੀਗਰ ਸਿੱਖਾਂ ਦੀ ਆਰਥਿਕ ਹਾਲਤ ਤਰਸਯੋਗ**

-ਤੇ ਜਿਨ੍ਹਾਂ ਸਿੱਖਾਂ ਦੀ ਆਰਥਿਕ ਹਾਲਤ ਬੁਲੰਦੀਆਂ 'ਤੇ ਐ ਉਨ੍ਹਾਂ ਵਿਚਾਰਿਆਂ ਦੀ ਮਾਨਸਿਕ ਹਾਲਤ ਬੜੀ ਤਰਸਯੋਗ ਐ।

***ਹਾਰ ਪਿਛੋਂ ਝੀਂਡਾ ਹੁਣ ਸਿੱਖੀ ਦੀ ਮੁੱਖ ਧਾਰਾ ਵਿਚ ਵਾਪਿਸ ਆ ਜਾਣ- ਮੱਕੜ**

-ਯਾਨਿ ਬਾਦਲ ਸਾਬ੍ਹ ਦੇ ਗੁਣਗਾਨ ਵਿਚ ਸ਼ਾਮਲ ਹੋ ਜਾਣ?

***ਚੋਣਾਂ 'ਚ ਹਾਰਨ ਦੇ ਰੋਸ ਵਜੋਂ ਪੰਜ ਸਾਲ ਦਾੜ੍ਹੀ ਨਹੀਂ ਕਟਾਵਾਂਗਾ- ਬਾਲ ਠਾਕਰੇ**

-ਪਰ ਲੋਕਾਂ ਨੇ ਫਿਰ ਵੀ ਪਛਾਣ ਲਿਆ ਕਰਨਾ ਬਈ ਇਹ ਉਹੋ ਈ ਬਾਲ ਠਾਕਰੇ ਐ ਜਿਹੜਾ ਮਰਾਠਿਆਂ ਨੇ ਡੋਲ ਵਾਂਗ ਮਾਂਜਿਆ ਸੀ।

***ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਅਜੇ ਨਹੀਂ-ਹੁੱਡਾ**

-ਇਸੇ ਮੁੱਦੇ 'ਤੇ ਅਗਲੀਆਂ ਚੋਣਾਂ 'ਚ ਫਿਰ ਸਿੱਖਾਂ ਦੀਆਂ ਵੋਟਾਂ ਬਟੋਰੀਆਂ ਜਾਣਗੀਆਂ।

***'ਪੰਜਾਬ ਬੰਦ' ਦੀ ਹਮਾਇਤ ਕਰਨ ਦੀ ਬਜਾਏ ਗਰੇਵਾਲ ਫੈਡਰੇਸ਼ਨ ਨੇ ਅਰਦਾਸ ਦਿਵਸ ਮਨਾਇਆ**

-ਯਾਨਿ ਕਿ ਬੀਬੇ ਬੱਚਿਆਂ ਵਾਂਗ ਵੱਡੇ ਪਾਪਾ ਦੇ ਕਹਿਣੇ ਤੋਂ ਬਾਹਰ ਨਹੀਂ ਗਏ।

***ਜਿਸ ਤਰ੍ਹਾਂ ਕਾਂਗਰਸ ਨੇ ਪੰਜਾਬ ਵਿਚ ਭਿੰਡਰਾਂਵਾਲਾ ਪੈਦਾ ਕੀਤਾ ਉਸੇ ਤਰ੍ਹਾਂ ਮਹਾਰਾਸ਼ਟਰ ਵਿਚ ਰਾਜ ਠਾਕਰੇ ਪੈਦਾ ਕੀਤਾ-ਬਲਬੀਰ ਪੁੰਜ**

-ਤੇ ਤੁਸੀਂ ਕੀਹਦੀ ਪੈਦਾਇਸ਼ ਓਂ ਮਹਾਸ਼ਾ ਜੀ! ਇਹ ਵੀ ਦੱਸ ਦਿਓ?

***ਅਜੀਬ ਖੇਡਾਂ ਖੇਡਦੀ ਦੀ ਇੰਦਰਾ ਗਾਂਧੀ-ਇਕ ਲੇਖ**

-ਤੇ ਜਦੋਂ ਅੱਗ ਨਾਲ ਖੇਡੀ ਸੜ ਕੇ ਸੁਆਹ ਹੋ ਗਈ।


East to West Realty
A Real Estate & Investment Agency
ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ
(916) 501-3974
(916) 729-5453
Email:nandsbrar@gmail.com
Hiring New Realtors

Nand S. Brar
Broker/Owner
DRE Lic No: 01816328



WELLS FARGO HOME MORTGAGE
Your goals deserve our attention
Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.
• Priority Buyer ® preapproval
• Low down payment options for qualified borrowers
• Purchases and refinances
• Wells Fargo Closing Guarantee SM1

Contact Jag Jiwan Bhangu to put your goals into action today.
3010 Lava Ridge Ct. Roseville, CA
Ph: 1-866-490-9758 (Ext. 127)
Fax: 1-866-972-2179
Cell: 408-598-9605, 916-759-1923
jagjiwan.bhangu@wellsfargo.com
EQUAL HOUSING LENDER
1. Available on qualified purchase transactions. Other terms and conditions apply. See a homemortgage consultant for details.Wells Fargo Home Mortgage is a division of Wells Fargo Bank, N.A.
© 2009 Wells Fargo Bank,N.A. All rights reserved. #6749110/09-1/10



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Kashmir S. Thandi
Office: (866) 933-3038
Balhar S. Rana
Cell:916-502-7733
Call For Special Price
4585 Pell Dr. Secramento CA, 95838

# ਵਿਦਿਆ ਬਹਾਨੇ ਹੁਣ ਇੰਗਲੈਂਡ ਵਲ ਦੌੜ ਲਗਾਈ ਪੰਜਾਬੀ ਮੁੰਡਿਆਂ ਨੇ

**ਜਲੰਧਰ :** ਪੰਜਾਬੀ ਮੁੰਡਿਆਂ ਨੇ ਵਿਦੇਸ਼ ਜਾਣ ਦੀ ਲਲਕ ਹੁਣ ਇੰਗਲੈਂਡ ਦੇ ਵਿਦਿਅਕ ਵੀਜ਼ਿਆਂ ਦੇ ਜ਼ਰੀਏ ਪੂਰੀ ਕਰਨੀ ਆਰੰਭ ਦਿੱਤੀ ਹੈ।

ਇੰਗਲੈਂਡ ਦੇ ਲੱਖਾਂ ਰੁਪਏ ਲੈ ਕੇ ਦਾਖਲਾ ਦੇਣ ਵਾਲੇ ਕਾਲਜਾਂ, ਸਕੂਲਾਂ ਤੇ ਫਿਰ ਵੀਜ਼ਾ ਦੇਣ ਵਾਲੀ ਸਰਕਾਰ ਇਸ ਗੱਲ ਤੋਂ ਭਲੀਭਾਂਤ ਜਾਣੂ ਹੈ ਕਿ ਵਿੱਦਿਆ ਵੀਜ਼ਿਆਂ ਉਪਰ ਆ ਰਹੇ ਪੰਜਾਬੀ ਮੁੰਡਿਆਂ ਵਿਚੋਂ ਪੜ੍ਹਨ ਵਲ ਰੁਚੀ ਰੱਖਣ ਵਾਲਾ ਤਾਂ ਕੋਈ ਟਾਵਾਂ ਵਿਰਲਾ ਹੀ ਹੋਵੇਗਾ, ਵੱਡੀ ਗਿਣਤੀ ਤਾਂ ਉਥੇ ਪੁੱਜ ਕੇ ਕੰਮਕਾਰ ਕਰਨ ਲਈ ਹੀ ਜਾ ਰਹੀ ਹੈ।

ਕੁਝ ਸਮਾਂ ਪਹਿਲਾਂ ਏਜੰਟਾਂ ਰਾਹੀਂ ਲੱਖਾਂ ਰੁਪਏ ਖਰਚ ਕੇ ਗੈਰ ਕਾਨੂੰਨੀ ਢੰਗ ਨਾਲ ਪੱਛਮੀ ਮੁਲਕਾਂ ਵਿਚ ਪੰਜਾਬੀ ਨੌਜਵਾਨ ਜਾਂਦੇ ਸਨ ਪਰ ਵੱਖ ਵੱਖ ਸਰਕਾਰਾਂ ਵਲੋਂ ਸਖ਼ਤੀ ਵਰਤਣ ਤੇ ਲੋਕਾਂ ਨਾਲ ਠੱਗੀਆਂ ਵੱਜਣ ਅਤੇ ਕਈ ਤਰ੍ਹਾਂ ਦੇ




ਖਤਰੇ ਸਹੇੜਨ ਕਾਰਨ ਇਸ ਪਾਸਿਓਂ ਲੋਕਾਂ ਦਾ ਕਾਫੀ ਮੂੰਹ ਮੁੜ ਗਿਆ। ਫਿਰ ਦੋ ਕੁ ਸਾਲ ਪਹਿਲਾਂ ਆਸਟ੍ਰੇਲੀਆ, ਨਿਊਜ਼ੀਲੈਂਡ ਲਈ ਵਿੱਦਿਆ ਵਾਸਤੇ ਵੀਜ਼ੇ ਮਿਲਣ ਤੇ ਉਥੇ ਪੱਕੇ ਹੋਣ ਦੇ ਮੌਕੇ ਖੁੱਲ੍ਹਣ ਨਾਲ ਕਈ ਲੱਖ ਪੰਜਾਬੀ ਮੁੰਡੇ ਇਨ੍ਹਾਂ ਮੁਲਕਾਂ ਵਿਚ ਜਾ ਵਸੇ। ਉੱਦਮੀ ਤੇ ਮਿਹਨਤੀ ਪੰਜਾਬੀ ਮੁੰਡਿਆਂ ਦੀ ਵਧੀ ਗਿਣਤੀ ਤੇ ਸਥਾਨਕ ਲੋਕਾਂ ਤੋਂ ਪੈਦਾ ਹੋਈ ਈਰਖਾ ਕਾਰਨ ਇਸ ਵਰ੍ਹੇ ਦੇ ਸ਼ੁਰੂ ਵਿਚ ਆਸਟ੍ਰੇਲੀਆ ਵਿਚ ਭਾਰਤੀਆਂ ਖਿਲਾਫ ਨਸਲੀ ਵਿਤਕਰੇ ਤੋਂ ਹਮਲਿਆਂ ਦੀ ਸ਼ੁਰੂਆਤ ਹੋ ਗਈ।

ਹੁਣ ਵਿਦਿਆਰਥੀਆਂ ਨੇ ਆਸਟ੍ਰੇਲੀਆ ਵਲੋਂ ਮੂੰਹ ਮੋੜ ਲਿਆ। ਇੰਗਲੈਂਡ ਦੇ ਵਿੱਦਿਅਕ ਅਦਾਰਿਆਂ ਨੇ ਆਸਟ੍ਰੇਲੀਆ ਵਲੋਂ ਮੂੰਹ ਮੋੜ ਰਹੇ ਪੰਜਾਬੀ ਮੁੰਡਿਆਂ ਲਈ ਦਰਵਾਜ਼ੇ ਖੋਲ੍ਹੇ ਹਨ,ਪਰ ਗਰੀਨ ਕਾਰਡ ਜਾਂ ਪਰਮਾਨੈਂਟ ਸਿਟੀਜਨਸ਼ਿਪ ਹਾਸਲ ਕਰਨ ਦਾ ਅਮਲ ਬੇਹੱਦ ਔਖਾ ਕਰ ਦਿੱਤਾ ਹੈ। ਇੰਗਲੈਂਡ ਅਸਲ ਵਿਚ ਆਰਥਿਕ ਸੰਕਟ ਦੀ ਮਾਰ ਹੇਠ ਪੰਜਾਬੀ ਵਿਦਿਆਰਥੀਆਂ ਤੋਂ ਆਪਣੀਆਂ ਯੂਨੀਵਰਸਿਟੀਆਂ ਲਈ ਭਾਰੀ ਪੂੰਜੀ ਹਾਸਲ ਕਰਨਾ ਚਾਹੁੰਦਾ ਹੈ। ਇੰਗਲੈਂਡ ਨੇ ਆਈਲੈਟਸ ਕੋਰਸ ਦੀ ਸ਼ਰਤ ਵੀ ਹਟਾ ਦਿੱਤੀ। ਵੀਜ਼ੇ ਲਈ ਇੰਟਰਵਿਊ ਵੀ ਕੋਈ ਨਹੀਂ। ਬੱਸ ਜਿਸ ਨੂੰ ਕਿਸੇ ਕਾਲਜ ਜਾਂ ਸਕੂਲ ਨੇ ਦਾਖਲਾ ਦੇਣ ਦੀ ਪ੍ਰਵਾਨਗੀ ਦਾ ਪੱਤਰ ਭੇਜ ਦਿੱਤਾ, ਉਸ ਨੂੰ ਵੀਜ਼ਾ ਮਿਲ ਜਾਂਦਾ ਹੈ। ਪੰਜਾਬ ਦੇ ਸਭਨਾ ਵੱਡੇ ਸ਼ਹਿਰਾਂ ਦੇ ਚੌਂਕਾਂ ਵਿਚ ਸਭ ਤੋਂ ਵਧ ਬੈਨਰ ਅਜਿਹੇ ਏਜੰਟਾਂ ਦੇ ਹੀ ਨਜ਼ਰ ਆਉਂਦੇ ਹਨ, ਜਿਹੜੇ ਕੁਝ ਦਿਨ ਵਿਚ ਹੀ ਸਟੱਡੀ ਵੀਜ਼ਾ ਲੈ ਕੇ ਦੇਣ ਦਾ ਵਾਅਦਾ ਕਰਦੇ ਹਨ। ਇਕ ਵਿਦਿਆਰਥੀ ਤੋਂ ਏਜੰਟ 3 ਤੋਂ 5 ਲੱਖ 'ਚ ਤਾਂ ਕਾਲਜ ਦੀ ਫੀਸ ਭਰਵਾਉਂਦੇ ਹਨ ਅਤੇ ਬਾਕੀ ਆਪਣੀ ਫੀਸ ਵਸੂਲਦੇ ਹਨ। ਕੋਰਸ ਦੇ ਹਿਸਾਬ ਨਾਲ ਵਿਦਿਆਰਥੀਆਂ ਨੂੰ ਪੜ੍ਹਨ ਦੇ ਨਾਲ ਦੋ ਜਾਂ ਸੀਮਤ ਤੌਰ ਤੇ ਕੰਮ ਕਰਨ ਦਾ ਪਰਮਿਟ ਮਿਲਦਾ ਹੈ ਤੇ ਹਰ ਵਿਦਿਆਰਥੀ ਆਪਣੇ ਨਾਲ ਸਹਾਇਕ ਵਜੋਂ ਪਤਨੀ ਜਾਂ ਪਤੀ ਨੂੰ ਲਿਜਾ ਸਕਦਾ ਹੈ। ਇੰਗਲੈਂਡ ਦੇ ਜਲੰਧਰ ਵਿਚਲੇ ਵੀਜ਼ਾ ਫੈਸਿਲੀਟੇਸ਼ਨ ਸਰਵਿਸ ਵਿਚ ਹੀ ਔਸਤ ਹਰ ਰੋਜ਼ ਤਿੰਨ ਸੌ ਦੇ ਕਰੀਬ ਸਟੱਡੀ ਵੀਜ਼ਾ ਫਾਰਮ ਦਾਖਲ ਹੁੰਦੇ ਹਨ। ਪਿਛਲੇ ਮਹੀਨੇ ਕਈ ਵਾਰ ਇਹ ਗਿਣਤੀ 500 ਤੱਕ ਵੀ ਪਹੁੰਚ ਜਾਂਦੀ ਰਹੀ ਹੈ। ਵਿੱਦਿਆ ਵੀਜ਼ੇ ਉਪਰ ਹੁਣ ਤਕ 30-35 ਹਜ਼ਾਰ ਤੋਂ ਵਧ ਵਿਦਿਆਰਥੀ ਜਾ ਚੁੱਕੇ ਹਨ। ਇੰਗਲੈਂਡ ਦੇ ਬਰਮਿੰਘਮ ਤੇ ਲੰਦਨ ਵਿਚ ਸਾਊਥਹਾਲ ਵਿਖੇ ਅਜਿਹੇ ਵੀਜ਼ੇ ਲੈ ਕੇ ਗਏ ਮੁੰਡਿਆਂ ਦੀਆਂ ਟੋਲੀਆਂ ਆਮ ਵੇਖਣ ਨੂੰ ਮਿਲਦੀਆਂ ਹਨ। ਗੁਰਦੁਆਰਿਆਂ ਵਿਚ ਅਤੇ ਇਨ੍ਹਾਂ ਦੇ ਆਸਪਾਸ ਦੀਆਂ ਸੜਕਾਂ ਉਪਰ ਵੀ ਬੈਂਚਾਂ ਉਪਰ ਬੈਠੇ ਧੁੱਪ ਸੇਕਦੇ ਮੁੰਡੇ ਆਮ ਮਿਲਦੇ ਹਨ।

ਪੰਜਾਬੀਆਂ ਦਾ ਗੜ੍ਹ ਰਹੇ ਸਾਊਥਹਾਲ ਵਿਚ ਪਿਛਲੇ ਕੁਝ ਸਾਲਾਂ ਤੋਂ ਪੋਲੈਂਡ ਤੇ ਸਲੋਵਾਕੀਆ ਤੋਂ ਆਏ ਲੋਕਾਂ ਦੀ ਕਾਫੀ ਭਰਮਾਰ ਹੋ ਗਈ ਸੀ ਪਰ ਹੁਣ ਇਨ੍ਹਾਂ ਨਵੇਂ ਆਏ ਮੁੰਡਿਆਂ ਕਾਰਨ ਮੁੜ ਫਿਰ ਇਹਨਾਂ ਸ਼ਹਿਰ ਵਿਚ ਬੇਰੁਜ਼ਗਾਰੀ ਦੇ ਵਧਣ ਦੀਆਂ ਸੰਭਾਵਨਾ ਵਧ ਗਈਆਂ ਹਨ। ਵੱਡੀ ਗਿਣਤੀ 'ਚ ਪੰਜਾਬੀ ਮੁੰਡਿਆਂ ਦੇ ਇਥੇ ਜਾਣ ਨਾਲ ਰੁਜ਼ਗਾਰ ਦੀ ਵੱਡੀ ਸਮੱਸਿਆ ਬਣਦੀ ਵਿਖਾਈ ਦੇ ਰਹੀ ਹੈ।

## ਪੱਤਰਕਾਰ ਜਰਨੈਲ ਸਿੰਘ ਦੀ ਪੁਸਤਕ ਰਿਲੀਜ਼

**ਨਵੀਂ ਦਿੱਲੀ:** ਗ੍ਰਹਿ ਮੰਤਰੀ ਪੀ.ਚਿਦੰਬਰਮ 'ਤੇ ਜੁੱਤੀ ਸੁੱਟ ਕੇ ਨਵੰਬਰ '84 ਦੇ ਮੁੱਦੇ ਨੂੰ ਮੁੜ ਉਭਾਰਨ ਵਾਲੇ ਪੱਤਰਕਾਰ ਜਰਨੈਲ ਸਿੰਘ ਦੀ ਨਵੰਬਰ 1984 ਦੀਆਂ ਘਟਨਾਵਾਂ ਨਾਲ ਸਬੰਧਤ ਕਿਤਾਬ 'ਆਈ ਐਕਿਊਜ਼' ਦੇ ਰਿਲੀਜ਼ ਸਮਾਰੋਹ ਦੌਰਾਨ ਜਰਨੈਲ ਸਿੰਘ ਨੇ ਕਿਹਾ ਕਿ ਨਵੰਬਰ 84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣੀਆਂ ਤੇ ਪੀੜਤਾਂ ਨੂੰ ਇਨਸਾਫ ਨਾ ਮਿਲਣਾ ਭਾਰਤੀ ਲੋਕਤਾਂਤਰਿਕ ਵਿਵਸਥਾ ਲਈ ਘਾਤਕ ਸਿੱਧ ਹੋਵੇਗਾ ਤੇ ਇਸ ਘੱਲੂਘਾਰੇ ਬਾਰੇ ਚੁੱਪ ਵੱਟਣੀ ਵੀ ਖਤਰਨਾਕ ਹੈ।



ਜਰਨੈਲ ਸਿੰਘ ਦੀ '84 ਦੀਆਂ ਘਟਨਾਵਾਂ ਨਾਲ ਸਬੰਧਤ ਇਸ ਕਿਤਾਬ ਦਾ ਹਿੰਦੀ ਅਨੁਵਾਦ 'ਕਬ ਕਟੇਗੀ '84' ਵੀ ਛਾਪਿਆ ਗਿਆ ਹੈ। ਇਸ ਕਿਤਾਬ ਦਾ ਅੰਗਰੇਜ਼ੀ ਤੇ ਹਿੰਦੀ ਤਰਜਮਾ ਕਾਸਟੀਚਿਊਸ਼ਨ ਕਲੱਬ ਵਿਖੇ ਐਚ.ਕੇ.ਐਲ. ਭਗਤ ਮਾਮਲੇ ਦੀ ਗਵਾਹ ਦਰਸ਼ਨ ਕੌਰ ਨਾਂ ਦੀ ਪੀੜਤ ਔਰਤ ਵਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਮੀਡੀਆ ਪੱਤਰਕਾਰ ਜਰਨੈਲ ਸਿੰਘ ਦੇ ਸਾਥੀ ਤੇ ਪੀੜਤ ਪਰਿਵਾਰਾਂ ਤੋਂ ਇਲਾਵਾ ਸਵੈ-ਸੇਵੀ ਸੰਸਥਾਵਾਂ ਦੇ ਲੋਕ ਵੀ ਹਾਜ਼ਰ ਸਨ।

## ਰਾਜਪਾਲ ਰੌਡਰਿਗਜ਼ ਦੀ ਸਾਬਕਾ ਕੰਪਨੀ ਫਰਾਡ ਕਰਾਰ

**ਚੰਡੀਗੜ੍ਹ:** ਆਪਣੇ ਅਹੁਦੇ ਦੀ ਮਿਆਦ ਦੇ ਅੰਤਲੇ ਦੌਰ ਵਿਚ ਅੱਪੜੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਜਨਰਲ (ਸੇਵਾਮੁਕਤ) ਐਸ.ਐਫ. ਰੌਡਰਿਗਜ਼ ਇਕ ਹੋਰ ਵਿਵਾਦ ਵਿਚ ਫਸ ਗਏ ਹਨ। ਨਵੀਂ ਦਿੱਲੀ ਸਥਿਤ ਕੰਪਨੀ ਲਾਅ ਬੋਰਡ ਨੇ ਦਿੱਲੀ ਦੇ ਕਾਰੋਬਾਰੀ ਅਸ਼ੋਕ ਚਾਵਲਾ ਦੇ ਉਨ੍ਹਾਂ ਦੋਸ਼ਾਂ ਨੂੰ ਸਹੀ ਠਹਿਰਾਇਆ ਹੈ ਜਿਨ੍ਹਾਂ ਵਿਚ ਉਸਨੇ ਜਨਵਰੀ 2001 ਦੌਰਾਨ ਜਨਰਲ ਰੌਡਰਿਗਜ਼ ਤੇ ਉਨ੍ਹਾਂ ਦੇ ਪੁੱਤਰ ਮਾਰਕ ਵਿਲੀਅਮਜ਼ ਰੌਡਰਿਗਜ਼ ਵਲੋਂ ਉਸ ਨੂੰ ਆਪਣੀ ਕੰਪਨੀ ਵਿਚੋਂ ਬਾਹਰ ਕੀਤੇ ਜਾਣ ਦੇ ਢੰਗ ਨੂੰ ਗਲਤ ਕਰਾਰ ਦਿੱਤਾ ਸੀ। ਕੰਪਨੀ ਲਾਅ ਬੋਰਡ ਦੇ ਪ੍ਰਮੁੱਖ ਬੈਂਚ ਨੇ ਸੁਣਾਏ ਆਪਣੇ ਫੈਸਲੇ ਵਿਚ ਕਿਹਾ ਕਿ ਕੰਪਨੀ ਕਰਿਸਟਲ ਆਇਲੈਂਡ ਪਾਰਕ ਪ੍ਰਾਈਵੇਟ ਲਿਮਟਿਡ ਤੇ ਮਾਰਕ ਵਿਲੀਅਮਜ਼ ਰੌਡਰਿਗਜ਼ ਆਪਣੇ ਕਾਰਨਾਮਿਆਂ ਨੂੰ ਜਾਇਜ਼ ਠਹਿਰਾਉਣ ਲਈ ਹਾਈ ਕੋਰਟ ਤੋਂ ਲਏ ਗਏ ਹੁਕਮਾਂ ਦੀ ਓਟ ਵਿਚ ਨਹੀਂ ਛੁਪ ਸਕਦੇ।



ਹਾਲਾਂਕਿ ਜਨਰਲ ਰੌਡਰਿਗਜ਼ ਨੇ ਕੰਪਨੀ ਦੀ ਚੇਅਰਮੈਨੀ ਤੋਂ ਅਸਤੀਫਾ ਦੇ ਕੇ ਆਪਣੇ ਪੁੱਤਰ ਨੂੰ ਕੰਪਨੀ ਦਾ ਪ੍ਰਬੰਧ ਨਿਰਦੇਸ਼ਕ ਥਾਪ ਦਿੱਤਾ ਸੀ, ਫਿਰ ਵੀ ਸਪਸ਼ਟ ਤੌਰ 'ਤੇ ਜਨਰਲ ਰੌਡਰਿਗਜ਼ ਇਕ ਤੋਂ ਬਾਦ ਦੂਸਰੇ ਵਿਵਾਦ ਵਿਚ ਘਿਰਦੇ ਜਾ ਰਹੇ ਹਨ। ਪਿਛਲੇ ਸਾਲ ਭਰ ਦੌਰਾਨ ਉਹ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਮੈਡੀਸਿਟੀ, ਫਿਲਮ ਸਿਟੀ, ਐਮਿਊਜ਼ਮੈਂਟ ਪਾਰਕ ਤੇ ਆਈ.ਟੀ. ਪਾਰਕ ਸਮੇਤ ਕਈ ਭੂਮੀ ਘੁਟਾਲਿਆਂ ਵਿਚ ਫਸ ਚੁੱਕੇ ਹਨ ਜਿਸ ਨਾਲ ਉਨ੍ਹਾਂ ਦੇ ਅਕਸ ਨੂੰ ਵੱਡਾ ਧੱਕਾ ਲੱਗਾ ਹੈ। ਕਰਿਸਟਲ ਆਇਲੈਂਡ ਕੰਪਨੀ ਜਨਵਰੀ, 1999 ਵਿਚ ਸਥਾਪਤ ਕੀਤੀ ਗਈ ਸੀ ਅਤੇ ਮਾਰਕ ਰੌਡਰਿਗਜ਼ ਤੋਂ ਇਲਾਵਾ ਦੋ ਹੋਰ ਵਿਅਕਤੀ ਇਸਦੇ ਸ਼ੇਅਰ ਹੋਲਡਰ ਥਾਪੇ ਗਏ ਸਨ। ਕੰਪਨੀ ਲਾਅ ਬੋਰਡ ਕੋਲ ਦਾਇਰ ਕੇਸ ਮੁਤਾਬਕ 22 ਜਨਵਰੀ 2001 ਨੂੰ ਅਸ਼ੋਕ ਚਾਵਲਾ, ਜਨਰਲ ਰੌਡਰਿਗਜ਼, ਮਾਰਕ ਰੌਡਰਿਗਜ਼ ਤੇ ਜੁਆਰੀ ਟਾਈਗਰਜ਼ ਐਰੂਆ ਪ੍ਰਾਈਵੇਟ ਲਿਮਟਿਡ ਵਿਚਾਲੇ ਸਮਝੌਤਾ ਹੋਇਆ ਜਿਸ ਅਧੀਨ ਸਾਰੀਆਂ ਧਿਰਾਂ ਨੇ ਕਾਰੋਬਾਰ ਵਿਚ ਵਾਧੇ ਲਈ ਆਪਸ ਵਿਚ ਰਲੇਵਾਂ ਕੀਤਾ ਸੀ।









## Matrimonials

Sikh Parents seeking a Jatt Skih match for their beautiful, U.S. Citizen daughter, Born and raised in India, Feb 1978, 5' 7", Licensed Vocational Nurse, California; currently working as LVN and studying for Registered Nursing Diploma. All immediate family settled in United States. Looking for qualified match within U.S. someone with Student visa, H1B visa are also welcomed. Please send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

**ਆਦਿ ਧਰਮੀ ਲੜਕਾ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:ਫੋਨ 916-730-8029**

**Uncle invites correspondence for nephew 22, 5'11" jatt sikh handsome boy diploma in culinary arts & B.sc in hotel mgt currently working in Chandigarh, looking for well educated, beautiful girl preferablly from USA citizen or green card holder contact:301-653-7029 e-mail: balbirgoraya@yahoo.com**

**Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008 e-mail:sur_malhi@yahoo.co.in**

*Visit us on the web:*
***punjabtimesusa.com***

***To Advertise with us call: 847-359-0746***

**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦੰਗਿਆਂ ਦੇ ਮੁੱਦੇ 'ਤੇ ਬਾਦਲ ਦਲ ਦੀ ਪਛੜੀ ਮੁਹਿੰਮ

ਰਾਜਸੀ ਹਲਕਿਆਂ ਦਾ ਖਿਆਲ ਹੈ ਕਿ 84 'ਚ ਸ਼ਹੀਦ ਹੋਏ ਬੇਗੁਨਾਹਾਂ ਦੀ ਯਾਦ 'ਚ ਸਮਾਰਕ ਬਣਾਉਣ ਦਾ ਫੁਰਨਾ ਅਕਾਲੀ ਦਲ (ਬਾਦਲ) ਨੂੰ ਸਿੱਖ ਜਥੇਬੰਦੀਆਂ ਵਲੋਂ 3 ਨਵੰਬਰ ਨੂੰ ਦਿੱਤੇ ਪੰਜਾਬ ਬੰਦ ਦੇ ਸੱਦੇ ਦੀ ਬੇਮਿਸਾਲ ਸਫਲਤਾ ਤੋਂ ਬਾਅਦ ਫੁਰਿਆ ਜਾਪਦਾ ਹੈ। 'ਪੰਜਾਬ ਬੰਦ' 'ਚ ਸ਼ਾਮਲ ਨਾ ਹੋ ਕੇ ਸ਼੍ਰੋਮਣੀ ਕਮੇਟੀ ਨੇ ਜਿਹੜੀ ਨੈਤਿਕ ਤੇ ਰਾਜਸੀ ਭੁੱਲ ਕੀਤੀ ਸੀ, ਉਸ ਨੂੰ ਸੋਧਣ ਅਤੇ ਸਿੱਖ ਰਾਜਨੀਤੀ 'ਚ ਮੁਹਰੈਲ ਬਣੇ ਰਹਿਣ ਲਈ ਮੁੱਖ ਮੰਤਰੀ ਦੇ ਇਸ ਐਲਾਨ ਨੂੰ ਦੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸ. ਬਾਦਲ ਵਲੋਂ ਇਸ ਤੋਂ ਪਹਿਲਾਂ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ 'ਚ ਵੀ ਇਕ ਯਾਦਗਾਰ ਉਸਾਰਨ ਦਾ ਐਲਾਨ ਕੀਤਾ ਗਿਆ ਸੀ। ਢਾਈ ਦਹਾਕੇ ਬੀਤਣ ਪਿਛੋਂ ਵੀ ਉਹ ਐਲਾਨ ਸਮੇਂ ਦੀ ਧੂੜ ਹੇਠ ਦਮ ਤੋੜਦਾ ਨਜ਼ਰ ਆਉਂਦਾ ਹੈ।

ਇਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਖਾਲਸੇ ਦੇ 300 ਸਾਲਾ ਸਿਰਜਣਾ ਦਿਵਸ ਦੇ ਮੌਕੇ ਐਲਾਨੇ ਗਏ ਨਿਸ਼ਾਨੇ-ਏ-ਖਾਲਸਾ ਦਾ ਨਿਰਮਾਣ ਵੀ ਅਜੇ ਅੱਧ ਵਿਚਾਲੇ ਲਟਕਿਆ ਹੋਇਆ ਹੈ। ਇਹੀ ਕਾਰਨ ਹੈ ਕਿ ਉਕਤ ਐਲਾਨਾਂ ਦੇ ਹਸ਼ਰ ਨੂੰ ਦੇਖਦਿਆਂ ਰਾਜਸੀ ਹਲਕੇ ਮੁੱਖ ਮੰਤਰੀ ਦੇ ਇਸ ਐਲਾਨ ਨੂੰ ਰਾਜਨੀਤੀ ਦਾ ਇਕ ਹਿੱਸਾ ਹੀ ਸਮਝਦੇ ਹਨ।

ਨਵੀਂ ਦਿੱਲੀ ਵਿਚ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਦੀ ਆਤਮਿਕ ਸ਼ਾਂਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ ਦੁਆਉਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਆਯੋਜਿਤ ਅਰਦਾਸ ਦਿਵਸ ਮੌਕੇ ਸ. ਬਾਦਲ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਘੱਲੂਘਾਰੇ ਵਿਚ ਪੀੜਤਾਂ ਨੂੰ ਇਨਸਾਫ ਦੁਆਉਣ ਲਈ ਸਿੱਧਾ ਦਖਲ ਦੇਵੇ ਕਿਉਂਕਿ ਸਿੱਖ ਕੌਮ ਸਮੇਤ ਦੇਸ਼ ਦੇ ਲੋਕ ਨੂੰ ਕਾਂਗਰਸ ਪਾਰਟੀ ਉਤੇ ਬਿਲਕੁਲ ਵਿਸ਼ਵਾਸ ਨਹੀਂ ਹੈ ਅਤੇ ਇਸ ਬੇ-ਵਿਸਾਹੀ ਲਈ ਕਾਂਗਰਸ ਪਾਰਟੀ ਦਾ ਕਿਰਦਾਰ ਹੀ ਜ਼ਿੰਮੇਵਾਰ ਹੈ। ਉਨ੍ਹਾਂ ਕਾਂਗਰਸ ਦਾ ਸਾਥ ਦੇਣ ਵਾਲੇ ਸਿੱਖਾਂ ਨੂੰ ਉਸ ਕੁਹਾੜੀ ਦਾ ਦਸਤਾ ਆਖਿਆ ਜੋ ਸਿੱਖਾਂ 'ਤੇ 84 'ਚ ਚੱਲਿਆ ਸੀ। ਉਨ੍ਹਾਂ ਕਿਹਾ ਕਿ ਕਤਲੇਆਮ ਦੇ ਦੋਸ਼ੀਆਂ ਨੂੰ ਸਮੇਂ 'ਤੇ ਢੁਕਵੀਂ ਸਜ਼ਾ ਦਿਵਾ ਕੇ ਸਿੱਖਾਂ ਦੇ ਜ਼ਖਮਾਂ 'ਤੇ ਮਲ੍ਹਮ ਲਾਈ ਜਾ ਸਕਦੀ ਸੀ, ਪਰ ਅਜਿਹਾ ਕਰਨ ਦੀ ਬਜਾਏ ਦੋਸ਼ੀਆਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਦੋਸ਼ੀਆਂ ਵਿਰੁਧ ਚਾਰਜਸ਼ੀਟ ਦਾਇਰ ਕਰਨ ਲਈ ਵੀ ਮਨਜ਼ੂਰੀ ਨਹੀਂ ਦਿੱਤੀ ਜਾ ਰਹੀ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅਕਾਲੀ ਦਲ ਅਤੇ ਐਸ.ਜੀ.ਪੀ.ਸੀ. ਵਲੋਂ ਆਯੋਜਿਤ ਅਰਦਾਸ ਦਿਵਸ ਮੌਕੇ ਪਟਿਆਲਾ ਵਿਖੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ 'ਚ ਕਿਹਾ ਕਿ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਪੀੜਤਾਂ ਦੀਆਂ ਮੁਸ਼ਕਲ ਦੇ ਹੱਲ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ 'ਚ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਸ ਕਮੇਟੀ 'ਚ ਵੱਖ-ਵੱਖ ਸ਼ਹਿਰਾਂ 'ਚ ਰਹਿ ਰਹੇ ਪੀੜਤ ਪਰਿਵਾਰਾਂ ਦੇ ਪ੍ਰਤੀਨਿਧੀਆਂ ਨੂੰ ਵੀ ਸ਼ਾਮਲ ਕਰਨ ਦੇ ਨਾਲ-ਨਾਲ ਪੀੜਤਾਂ ਦੇ ਮਾਮਲੇ ਦੀ ਪੈਰਵੀ ਕਰਨ ਲਈ ਪਾਰਟੀ ਸੀਨੀਅਰ ਵਕੀਲਾਂ ਦੀ ਮਦਦ ਲਵੇਗੀ। ਪਰ ਦੂਜੇ ਪਾਸੇ ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵਲੋਂ ਉਨ੍ਹਾਂ ਦੇ ਲਾਲ ਕਾਰਡ ਬਣਾਏ ਜਾਣ 'ਚ ਬਿਨਾ ਵਜ੍ਹਾ ਅੜਿੱਕੇ ਡਾਹੇ ਜਾ ਰਹੇ ਹਨ। ਪੀੜਤ ਪਰਿਵਾਰਾਂ ਦੇ ਉਕਤ ਦੋਸ਼ ਨੂੰ ਸਹੀ ਮੰਨਿਆ ਜਾਵੇ ਤਾਂ ਅਰਦਾਸ ਦਿਵਸ ਮੌਕੇ ਕੀਤੇ ਗਏ ਐਲਾਨਾਂ ਦੀ ਸਾਰਥਿਕਤਾ ਤੇ ਸਵਾਲੀਆ ਨਿਸ਼ਾਨ ਲੱਗਣਾ ਕੁਦਰਤੀ ਗੱਲ ਹੈ।

ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਹਰਚਰਨ ਬੈਂਸ ਨੇ ਇਸੇ ਦੌਰਾਨ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਵੀ ਸੂਬੇ ਵਿਚ ਕੋਈ ਢੁਕਵੀਂ ਯਾਦਗਾਰ ਉਸਾਰਨ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਉਧਰ ਸਿੱਖ ਜਗਤ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਤ ਸਮਾਜ, ਦਮਦਮੀ ਟਕਸਾਲ, ਸਮੂਹ ਪੰਥਕ ਤੇ ਧਾਰਮਿਕ ਜਥੇਬੰਦੀਆਂ ਦੇ ਸਹਿਯੋਗ ਨਾਲ 84 ਦੇ ਸ਼ਹੀਦਾਂ ਨਮਿਤ ਅਤੇ ਸਿੱਖ ਵਿਰੋਧੀ ਵਿਤਕਰੇ ਭਰੇ ਵਤੀਰੇ ਵਿਰੁਧ ਸ਼ਾਂਤਮਈ ਸੰਘਰਸ਼ ਦੀ ਸਫਲਤਾ ਲਈ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਗੁਰਦੁਆਰਾ ਝੰਡੇ ਬੁੰਗੇ ਵਿਖੇ ਅਰਦਾਸ ਕੀਤੀ ਗਈ। ਅਰਦਾਸ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਵੰਬਰ '84 ਦੇ ਸਿੱਖ ਕਤਲੇਆਮ ਸਬੰਧੀ ਇਨਸਾਫ ਮਿਲਣ ਤੱਕ ਸ਼ਾਂਤਮਈ ਸੰਘਰਸ਼ ਨਿਰੰਤਰ ਜਾਰੀ ਰਹੇਗਾ। ਮੁੱਖ ਮੰਤਰੀ ਸ. ਬਾਦਲ ਦੇ ਸਿਆਸੀ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਪੀੜਤ ਸਿੱਖ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਕਾਨੂੰਨੀ ਲੜਾਈ ਲੜੇਗੀ।

ਸਿੱਖ ਕਤਲੇਆਮ ਦੇ ਸ਼ਹੀਦ ਬੇਗੁਨਾਹਾਂ ਦੀ ਯਾਦ 'ਚ ਯਾਦਗਾਰ ਬਣਾਉਣ ਅਤੇ ਪੀੜਤ ਸਿੱਖ ਪਰਿਵਾਰਾਂ ਲਈ ਕਾਨੂੰਨੀ ਲੜਾਈ ਲੜਨ ਦੇ ਅਕਾਲੀ ਆਗੂਆਂ ਦੇ ਬਿਆਨਾਂ ਨੂੰ ਬੁੱਧੀਜੀਵੀ ਇਕ ਵੱਖਰੇ ਨੁਕਤਾ ਨਜ਼ਰ ਤੋਂ ਦੇਖ ਰਹੇ ਹਨ। ਸਵਾਲ ਉਠਦਾ ਹੈ ਕਿ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਕਮੇਟੀ ਨੂੰ 25 ਸਾਲ ਬਾਅਦ ਅਚਾਨਕ ਪੀੜਤ ਸਿੱਖ ਪਰਿਵਾਰਾਂ ਅਤੇ ਸ਼ਹੀਦਾਂ ਦੀ ਯਾਦ ਕਿਵੇਂ ਆ ਗਈ? ਕੀ ਕਿਸੇ ਅਣਹੋਣੀ ਘਟਨਾ ਦੇ ਇਨਸਾਫ ਲਈ ਲੜਨ ਦੀ ਥਾਂ 25 ਸਾਲ ਤੱਕ ਉਸਨੂੰ ਅਣਗੌਲਿਆਂ ਕਰੀ ਰੱਖਣਾ ਜ਼ਰੂਰੀ ਸੀ? ਉਨ੍ਹਾਂ ਦਾ ਮੰਨਣਾ ਹੈ ਕਿ ਬਾਦਲ ਦਲ ਨਵੀਂ ਦਿੱਲੀ 'ਚ ਯਾਦਗਾਰ ਉਸਾਰਨ ਦੇ ਐਲਾਨ ਨਾਲ ਜਿੱਥੇ ਪੀੜਤ ਪਰਿਵਾਰਾਂ ਦੀ ਹਮਦਰਦੀ ਖੱਟਣ ਦੀ ਤਾਕ 'ਚ ਹੈ, ਉਥੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਸਰਨਾ ਧੜੇ ਨੂੰ ਹਲੂਣਾ ਦੇ ਕੇ ਆਪਣੇ ਪੈਰ ਮਜ਼ਬੂਤ ਥਾਂ 'ਤੇ ਟਿਕਾਉਣਾ ਚਾਹੁੰਦਾ ਹੈ। ਇਸ 'ਚ ਕੋਈ ਦੋ ਰਾਵਾਂ ਨਹੀਂ ਕਿ 84 ਦੇ ਪੀੜਤ ਸਿੱਖ ਪਰਿਵਾਰਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਪਰ ਸਵਾਲ ਇਹ ਹੈ ਕਿ ਕੇਂਦਰ ਵਿਚ ਇਨ੍ਹਾਂ ਪੱਚੀ ਸਾਲਾਂ ਦੌਰਾਨ ਦੋ ਵਾਰ ਸਰਕਾਰ ਦੇ ਭਾਈਵਾਲ ਬਣਨ ਉਪਰੰਤ ਵੀ ਅਕਾਲੀ ਦਲ ਅਤੇ ਬਾਦਲ 84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਿਉਂ ਨਾ ਕਰ ਸਕੀ? ਸਵਾਲ ਤਾਂ ਇਹ ਵੀ ਹੈ ਕਿ ਖੁਦ ਪੰਜਾਬ ਵਿਚ ਖਾੜਕੂ ਲਹਿਰ ਦੇ ਸਮਿਆਂ ਦੌਰਾਨ ਸੈਂਕੜੇ ਬੇਗੁਨਾਹ ਨੌਜਵਾਨਾਂ ਨੂੰ ਲਾਵਾਰਸ ਲਾਸ਼ਾਂ ਬਣਾਉਣ ਵਾਲੇ ਅਤੇ ਲੋਕਾਂ ਉਤੇ ਅਕਹਿ ਜ਼ੁਲਮ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰਨ ਲਈ ਬਾਦਲ ਸਰਕਾਰ ਨੇ ਕੀ ਕੀਤਾ ਹੈ?

# ਮੁਸਲਮਾਨਾਂ ਨੂੰ ਵੰਦੇ ਮਾਤਰਮ ਗਾਉਣ ਤੋਂ ਰੋਕਿਆ

*(ਸਫਾ ਇਕ ਦੀ ਬਾਕੀ)*

ਗੀਤ ਗਾ ਨਹੀਂ ਸਕਦੇ। ਉਨ੍ਹਾਂ ਦੀ ਭਾਵਨਾ ਦਾ ਸਨਮਾਨ ਕਰਦਿਆਂ ਅਤੇ ਧਾਰਮਿਕ ਮਨਾਹੀ ਨੂੰ ਸਮਝਦਿਆਂ ਇਸ ਮਾਮਲੇ ਦਾ ਵਿਚਕਾਰਲਾ ਰਾਹ ਕੱਢਣਾ ਚਾਹੀਦਾ ਹੈ।

ਉਧਰ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਨੇ ਜਮਾਇਤ-ਉਲੇਮਾਂ-ਏ-ਹਿੰਦ ਦੇ ਇਜਲਾਸ ਵਿਚ ਸਪਸ਼ਟ ਕੀਤਾ ਸੀ ਕਿ ਫਿਰਕੂਵਾਦ ਨੂੰ ਉਲਾਰ ਬਿਆਨਾਂ ਨਾਲ ਨਹੀਂ ਸਗੋਂ ਸਮਾਜਕ ਤੇ ਸਿਆਸੀ ਆਜ਼ਾਦੀ ਨਾਲ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਬਾਬਰੀ ਮਸਜਿਦ ਢਾਹੁਣ ਦੀ ਘਟਨਾ ਨੂੰ ਫਿਰਕੂ ਇੰਤਹਾਪਸੰਦੀ ਦਾ ਸਿੱਟਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਵਰਗੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰੀ ਦੇਸ਼ ਲਈ ਹਰ ਪੱਖੋਂ ਸਹਿਣਸ਼ੀਲਤਾ ਵਾਲਾ ਸਮਾਜ ਉਸਾਰਨਾ ਬਹੁਤ ਜ਼ਰੂਰੀ ਹੈ।

ਵਖਰੇਵਿਆਂ ਸਮੇਤ ਅਮਨਪਸੰਦ ਜੀਵਨ ਲਈ ਸਹਿਣਸ਼ੀਲ ਸਮਾਜ ਅਤੇ ਨਿਰਪੱਖ ਰਾਜਤੰਤਰ ਅਹਿਮ ਨੁਕਤੇ ਹਨ। ਸਿਆਸੀ ਪਾਰਟੀਆਂ ਵਲੋਂ ਸਿਆਸੀ ਲਾਹੇ ਲਈ ਅਖਤਿਆਰ ਕੀਤੇ ਗਏ। ਫਿਰਕੂ ਪੈਂਤੜੇ ਭਾਰਤੀ ਸਮਾਜ ਨੂੰ ਧਾਰਮਿਕ ਲੀਹਾਂ ਉਤੇ ਵੰਡਣ ਵਿਚ ਕਾਮਯਾਬ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਵੰਡੀਆਂ 1984 ਦੇ ਸਿੱਖ ਕਤਲੇਆਮ ਤੋਂ ਸ਼ੁਰੂ ਹੋ ਕੇ ਬਾਬਰੀ ਮਸਜਿਦ, ਮੁੰਬਈ ਤੇ ਗੁਜਰਾਤ ਦੇ ਦੰਗੇ, ਈਸਾਈਆਂ ਉਤੇ ਹਮਲਿਆਂ ਤੱਕ ਪਹੁੰਚਦੀਆਂ ਹਨ।

# ਸ਼ੌਰਿਆ ਪ੍ਰਤਾਪ ਨੇ ਨੈਸ਼ਨਲ ਖੇਡਾਂ 'ਚ ਮਾਰੀ ਮੱਲ

**ਜਲੰਧਰ:** ਸੀ ਬੀ ਐਸ ਈ ਨੈਸ਼ਨਲ ਸਕੂਲ ਖੇਡਾਂ 2009 ਦਿੱਲੀ ਪਬਲਿਕ ਸਕੂਲ ਰੋਹਤਕ ਵਿਚ 29 ਅਕਤੂਬਰ ਤੋਂ 2 ਨਵੰਬਰ ਤੱਕ ਕਰਵਾਈਆਂ ਗਈਆਂ। ਜਿਸ ਵਿਚ ਅੱਬੂ ਧਾਬੀ, ਓਮਾਨ, ਕੁਵੈਤ, ਦੁੱਬਈ, ਕੁਆਤਰ, ਜੈਪੁਰ, ਇਰਨਾਕੁਲਮ, ਸ਼ਾਰਜਾਹ, ਨਾਗਪੁਰ, ਬੰਗਲੌਰ, ਗੁਆਹਟੀ, ਚੈਨਈ ਤੋਂ ਅਤੇ ਹੋਰ ਮੰਨੀਆਂ ਪ੍ਰਮੰਨੀਆਂ ਸਿੱਖਿਆ ਸੰਸਥਾਵਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਸੀ ਟੀ ਪਬਲਿਕ ਸਕੂਲ ਜਲੰਧਰ ਦੇ ਉਭਰਦੇ ਤੈਰਾਕ ਸ਼ੌਰਯ ਪ੍ਰਤਾਪ ਸਿੰਘ ਖੁਰਾਣਾ ਅੰਡਰ-16 (ਮੁੰਡਿਆਂ ਵਿਚੋਂ) ਅਤੇ ਰਮਨਪ੍ਰੀਤ ਕੌਰ ਅੰਡਰ-19 (ਕੁੜੀਆਂ ਵਿਚੋਂ) ਨੇ ਆਪਣੀ ਪ੍ਰਤਿਭਾ ਸਦਕਾ



ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਰਾਸ਼ਟਰੀ ਪੱਧਰ ਦੇ ਤੈਰਾਕੀ ਮੁਕਾਬਲੇ ਵਿਚ ਸ਼ੌਰਯ ਪ੍ਰਤਾਪ ਸਿੰਘ ਖੁਰਾਣਾ ਨੇ ਇੱਕ ਚਾਂਦੀ ਅਤੇ ਇਕ ਤਾਂਬੇ ਦਾ ਤਗਮਾ ਜਿੱਤਿਆ।

ਇਸ ਤੋਂ ਪਹਿਲਾਂ ਨੌਰਥ ਜ਼ੋਨ ਤੈਰਾਕੀ ਮੀਟ ਜੋ ਪਠਾਨਕੋਟ ਵਿਚ ਹੋਈ ਸੀ, ਵਿਚ ਸ਼ੌਰਯ ਪ੍ਰਤਾਪ ਖੁਰਾਣਾ ਨੇ ਦੂਜਾ ਤੇ ਰਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਸ੍ਰੀ ਮਾਨ ਦਨੇਸ਼ ਗਜੋਰੀਆ ਅਤੇ ਸ੍ਰੀ ਮਾਨ ਰਾਹੁਲ ਦੀ ਦੇਖ-ਰੇਖ ਵਿਚ ਇਹਨਾਂ ਨੌਜਵਾਨ ਤੈਰਾਕਾਂ ਨੂੰ ਸਿਖਲਾਈ ਦਿੱਤੀ ਗਈ।

# ਮਹਾਵਿਨਾਸ਼ ਦੇ ਦਾਅਵਿਆਂ ਨੂੰ ਨਾਸਾ ਨੇ ਝੁਠਲਾਇਆ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਵਾਸ਼ਿੰਗਟਨ:** ਪ੍ਰਾਚੀਨ ਮਾਇਆ ਸਭਿਅਤਾ ਨੂੰ ਆਧਾਰ ਬਣਾ ਕੇ 2012 ਵਿਚ ਦੁਨੀਆਂ ਦੇ ਖਤਮ ਹੋ ਜਾਣ ਦੀ ਅਫਵਾਹਾਂ ਨੂੰ ਅਮਰੀਕੀ ਪੁਲਾੜ ਏਜੈਂਸੀ ਨਾਸਾ ਨੇ ਸਿਰੇ ਤੋਂ ਝੁਠਲਾ ਦਿੱਤਾ ਹੈ।

ਨਾਸਾ ਦੇ ਵਿਗਿਆਨਕ ਡੇਵਿਸ ਮਾਰਿਸਨ ਅਤੇ ਉਨਾਂ ਦੇ ਸਹਿਯੋਗੀਆਂ ਨੇ ਉਨਾਂ ਸਾਰੀਆਂ ਛੇ ਧਾਰਨਾਵਾਂ ਨੂੰ ਗਲਤ ਦੱਸਿਆ ਹੈ, ਜੋ 250 ਤੋਂ 900 ਈਸਵੀ ਦੇ ਵਿਚ ਰਹੀ ਮਾਇਆ ਸਭਿਅਤਾ ਦੇ ਦੌਰਾਨ ਕਥਿਤ ਰੂਪ ਨਾਲ ਕੀਤੀ ਗਈ ਭਵਿੱਖਬਾਣੀਆਂ 'ਤੇ ਅਧਾਰਿਤ ਦੱਸੀਆਂ ਗਈਆਂ ਹਨ। ਮਾਰਿਸਨ ਨੇ ਕਿਹਾ ਹੈ ਕਿ ਮਾਇਆ ਸਭਿਅਤਾ ਦੀ ਕਿਸੇ ਵੀ ਭਵਿੱਖਬਾਣੀ ਵਿਚ 2012 ਵਿਚ ਦੁਨੀਆਂ ਦੇ ਖਤਮ ਹੋਣ ਦੀ ਗੱਲ ਨਹੀਂ ਕਹੀ ਗਈ ਸੀ। ਮਾਇਆ ਕੈਲੰਡਰ ਵਿਚ ਸਾਲ 2012 ਨੂੰ ਵਿਸ਼ਵ ਦਾ ਆਖਰੀ ਸਾਲ ਨਹੀਂ ਮੰਨਿਆ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਧਰਤੀ ਦੇ ਧਰੁਵਾਂ ਨੂੰ ਬਦਲਣ ਨਾਲ ਤੀਬਰ ਗੁਰੁਤਾ ਆਕਰਸ਼ਣ ਬਲ ਪੈਦਾ ਹੋਣ ਅਤੇ ਨਤੀਜਨ ਭੁਚਾਲ, ਸੁਨਾਮੀ ਆਉਣ ਅਤੇ ਮਾਨਵ ਜਾਤੀ ਦੇ ਵਿਨਾਸ਼ ਦੀ ਧਾਰਣਾ ਵਿਚ ਵੀ ਕੋਈ ਸਚਾਈ ਨਹੀਂ ਹੈ। ਮਾਰਿਸਨ ਨੇ ਕਿਹਾ ਕਿ ਚਟਾਨਾਂ ਵਿਚ ਪਾਏ ਗਏ ਚੁੰਬਕੀਏ ਸਬੂਤਾਂ ਤੋਂ ਸਾਫ ਹੈ ਕਿ ਧਰਤੀ ਵਿਚ ਇਸ ਤਰੀਕੇ ਨਾਲ ਵਿਆਪਕ ਬਦਲਾਅ ਆਉਣ ਲਈ ਲੱਖਾਂ ਸਾਲ ਲਗਦੇ ਹਨ। ਕੁਝ ਖਗੋਲ ਵਿਗਿਆਨੀਆਂ ਨੇ ਇਹ ਸ਼ੱਕ ਜਤਾਈ ਹੈ ਕਿ 2012 ਵਿਚ 26 ਹਜਾਰ ਸਾਲ ਬਾਅਦ ਹੋਣ ਵਾਲੀ ਇਕ ਅਦਭੁੱਤ ਖਗੋਲੀਆ ਘਟਨਾ ਦੇ ਕਾਰਣ ਦੁਨੀਆਂ ਖਤਮ ਹੋ ਜਾਵੇਗੀ। ਨਾਸਾ ਦੇ ਐਸਟ੍ਰੋਬਾਇਆਲੋਜੀ ਇੰਸਟੀਚਿਊਟ ਦੇ ਸੀਨੀਅਰ ਵਿਗਿਆਨਕ ਡੇਵਿਡ ਮਾਰਿਸਨ ਨੇ ਕਿਹਾ ਕਿ 2012 ਵਿਚ ਇਹੋ ਜਿਹੀ ਕੋਈ ਖਗੋਲੀਆ ਘਟਨਾ ਨਹੀਂ ਹੋਵੇਗੀ। ਅਗਰ ਹੋਵੇ ਤਾਂ ਵੀ ਇਸ ਪੈਮਾਨੇ ਤੇ ਨਹੀਂ ਹੋਵੇਗੀ, ਜਿਸਦਾ ਦਾਅਵਾ ਕੀਤਾ ਜਾ ਰਿਹਾ ਹੈ।

ਉਨਾਂ ਨੇ ਕਿਹਾ ਕਿ ਸੂਰਜ ਇਸ ਸਮੇਂ ਦੌਰਾਨ ਹਮੇਸ਼ਾ ਆਕਾਸ਼ ਗੰਗਾਂ ਦੇ ਮੱਧ ਵਿਚ ਹੁੰਦਾ ਹੈ, ਜੋ ਇਕ ਆਮ ਖਗੋਲੀ ਘਟਨਾ ਹੈ। ਉਨਾਂ ਨੇ ਇਕ ਰਹੱਸਮਈ ਗ੍ਰਹਿ 'ਏਕਸ' ਦੀ ਧਰਤੀ ਨਾਲ ਟਕਰਾਉਣ ਦੀ ਅਫਵਾਹ ਨੂੰ ਵੀ ਖਾਰਿਜ ਕਰਨ ਦੇ ਨਾਲ ਹੀ ਸੌਰ ਵਿਕਿਰਣਾਂ ਦੇ ਕਾਰਣ ਧਰਤੀ ਦੇ ਗਰਮ ਹੋਣ ਦੀ ਗੱਲ ਨੂੰ ਵੀ ਗਲਤ ਦੱਸਿਆ। ਉਨ੍ਹਾਂ ਨੇ ਕਿਹਾ ਕਿ ਮਾਇਆ ਸਭਿਅਤਾ ਦੇ ਲੋਕਾਂ ਨੇ 2012 ਵਿਚ ਦੁਨੀਆਂ ਦੇ ਖਾਤਮੇ ਦੀ ਭਵਿੱਖਬਾਣੀ ਕਦੇ ਨਹੀਂ ਕੀਤੀ ਸੀ।

## ਬ੍ਰੈਡ ਦੇ ਇਕ ਟੁਕੜੇ ਨੇ ਰੋਕ ਦਿੱਤੀ ਮਹਾ ਮਸ਼ੀਨ

**ਜਿਨੇਵਾ:** ਬ੍ਰਹਿਮੰਡ ਨੂੰ ਜਨਮ ਦੇਣ ਵਾਲੇ ਮਹਾਵਿਸਫੋਟ ਦੇ ਰਹੱਸਾਂ ਦਾ ਪਤਾ ਲਾਉਣ ਵਿਚ ਜੁਟੀ ਮਹਾ ਮਸ਼ੀਨ ਨੂੰ ਇਕ ਛੋਟੀ ਜਿਹੀ ਚਿੜੀ ਨੇ ਰੋਕ ਦਿੱਤਾ ਹੈ। ਲਾਰਜ ਹੈਡ੍ਰੋਨ ਕੋਲਾਇਡਰ (ਐਲ ਐਚ ਸੀ) ਨਾਮ ਦੀ ਇਸ ਮਹਾ ਮਸ਼ੀਨ ਦੇ ਕਾਰਾਈਓਜੈਨਿਕ ਕੂਲਿੰਗ ਪਲਾਂਟ ਵਿਚ ਗੜਬੜ ਆ ਗਈ ਹੈ ਅਤੇ ਉਸ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ। ਗੜਬੜੀ ਦੀ ਜਾਂਚ ਕਰ ਰਹੇ ਵਿਗਿਆਨੀਆਂ ਨੂੰ ਉਥੇ ਬ੍ਰੈਡ ਦਾ ਟੁਕੜਾ ਮਿਲਿਆ ਹੈ। ਇਕ ਹਫਤੇ ਵਿਚ ਗੜਬੜੀ ਨੂੰ ਦੂਰ ਕਰ ਲੈਣ ਦੀ ਉਮੀਦ ਜਤਾਈ ਗਈ ਹੈ।

ਵਿਗਿਆਨਕਾਂ ਦਾ ਅਨੁਮਾਨ ਹੈ ਕਿ ਇਸ ਯੂਨਿਟ ਦੇ ਉੱਪਰ ਤੋਂ ਗੁਜਰ ਰਹੀ ਚਿੜੀ ਨੇ ਬ੍ਰੈਡ ਦਾ ਇਹ ਟੁਕੜਾ ਸੁੱਟਿਆ ਹੋਵੇਗਾ, ਜਿਸ ਕਾਰਨ ਚਲਦੇ ਪਲਾਂਟ ਵਿਚ ਖਰਾਬੀ ਆਉਣ ਦੇ ਬਾਅਦ ਮਹਾ ਮਸ਼ੀਨ ਬਹੁਤ ਗਰਮ ਹੋ ਗਈ ਅਤੇ ਉਸਨੂੰ ਬੰਦ ਕਰਨਾ ਪਿਆ। ਇਹ ਯੂਨਿਟ ਮਹਾ ਮਸ਼ੀਨ ਨੂੰ ਠੰਡਾ ਰੱਖਣ ਦਾ ਕੰਮ ਕਰਦੀ ਹੈ। ਹਾਲਾਂ ਕਿ ਵਿਗਿਆਨਕਾਂ ਦਾ ਕਹਿਣਾ ਹੈ ਕਿ ਐਲ ਐਚ ਸੀ ਹਾਲੇ ਅੰਸ਼ਿਕ ਤੌਰ ਤੇ ਕੰਮ ਕਰ ਰਹੀ ਸੀ ਨਹੀਂ ਤਾਂ ਨੁਕਸਾਨ ਜਿਆਦਾ ਹੋ ਜਾਂਦਾ।

ਸਵਿਟਜਰਲੈਂਡ ਵਿਚ ਜਿਨੇਵਾ ਦੇ ਕੋਲ ਧਰਤੀ ਦੇ ਕਰੀਬ 100 ਮੀਟਰ ਥੱਲੇ ਸਥਾਪਿਤ ਇਸ ਮਹਾਮਸ਼ੀਨ ਦੇ ਬੰਦ ਹੋਣ ਦਾ ਇਹ ਦੂਜਾ ਮੌਕਾ ਹੈ। ਪਿਛਲੇ ਸਾਲ ਪਹਿਲੀ ਬਾਰ ਇਸ ਮਸ਼ੀਨ ਨੂੰ ਸ਼ੁਰੂ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਹੀ ਸਿਤੰਬਰ ਵਿਚ ਉਸਦੇ ਕੂਲਿੰਗ ਸਿਸਟਮ ਵਿਚ ਹੀਲਿਯਮ ਦਾ ਰਿਸਾਵ ਹੋਣ ਲੱਗਾ ਸੀ। ਕਰੀਬ ਛੇ ਮਹੀਨਿਆਂ ਬਾਅਦ ਫਿਰ ਕੰਮ ਸ਼ੁਰੂ ਹੋ ਸਕਿਆ ਸੀ। ਧਰਤੀ ਦੇ ਥੱਲੇ 27 ਕਿਲੋਮੀਟਰ ਲੰਬੀ ਸੁਰੰਗ ਵਿਚ ਇਸ ਮਹਾਮਸ਼ੀਨ ਦੇ ਨਿਰਮਾਣ ਵਿਚ 20 ਸਾਲ ਲਗੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਡੇਹਰਾ ਸਾਹਿਬ ਵਿਖੇ ਗੁਰਪੁਰਬ ਸਮਾਗਮ ਸੰਪਨ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਲਾਹੌਰ:** ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਅਖੰਡ ਪਾਠਾਂ ਦੇ ਭੋਗ ਪਾਏ ਗਏ, ਜਿਸ ਵਿਚ ਸਿੱਖ ਸ਼ਰਧਾਲੂ ਵੱਡੀ ਗਿਣਤੀ 'ਚ ਸ਼ਾਮਲ ਹੋਏ। ਭੋਗ ਪਿੱਛੋਂ ਰਸਭਿੰਨਾ ਕੀਰਤਨ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥਾ ਆਗੂ ਜੰਗੀਰ ਸਿੰਘ, ਖਾਲੜਾ ਮਿਸ਼ਨ ਦੇ ਆਗੂ ਸ਼ਮਸ਼ੇਰ ਸਿੰਘ ਜੰਮੂ ਨੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆਏ ਸ਼ਰਧਾਲੂਆਂ ਨੂੰ ਵਧ ਤੋਂ ਵਧ ਸਹੂਲਤਾਂ ਦੇਣ ਬਦਲੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਸਰਕਾਰ ਅਤੇ ਔਕਾਫ਼ ਬੋਰਡ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਭਾਰਤ ਸਰਕਾਰ ਵਲੋਂ ਮਿਲੇ ਸਹਿਯੋਗ ਬਦਲੇ ਸ਼ੁਕਰੀਆਂ ਵੀ ਅਦਾ ਕੀਤਾ ਗਿਆ।

ਇਸੇ ਦੌਰਾਨ ਪਾਕਿਸਤਾਨ ਸਥਿਤ ਸਿੱਖ ਗੁਰਧਾਮਾਂ ਦੇ ਦਰਸ਼ਨਾਂ ਲਈ ਗਏ ਸ਼ਰਧਾਲੂ ਦਾ ਵਿਸ਼ੇਸ਼ ਰੇਲਗੱਡੀਆਂ ਤੇ ਲਾਹੌਰ ਦੇ ਰੇਲਵੇ ਸਟੇਸ਼ਨ (ਬਦਾਮੀ ਬਾਗ) ਤੋਂ ਅਟਾਰੀ (ਅੰਮ੍ਰਿਤਸਰ) ਲਈ ਰਵਾਨਾ ਹੋ ਗਿਆ ਅਤੇ ਭਾਰਤ ਪਰਤ ਆਇਆ। ਦਿਆਲ ਸਿੰਘ ਰਿਸਰਚ ਤੇ ਕਲਚਰ ਫੋਰਮ, ਲਾਹੌਰ ਵਲੋਂ ਇਥੇ 7 ਨਵੰਬਰ ਨੂੰ 'ਗੁਰੂ ਨਾਨਕ ਦੇਵ ਜੀ ਦੀ ਕੌਮਾਂਤਰੀ ਸਦਭਾਵਨਾ ਸਮੇਂ ਦੀ ਅਹਿਮ ਜ਼ਰੂਰਤ' ਵਿਸ਼ੇ 'ਤੇ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਮੁਹੰਮਦ ਸ਼ਾਹਬਾਜ਼ ਸ਼ਰੀਫ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਨਾਮਵਰ ਸ਼ਾਇਰ ਸ਼ੌਕਤ ਤਨਵੀਰ ਮਿਰਜ਼ਾ ਨੇ ਗੁਰੂ ਨਾਨਕ ਦੇਵ ਜੀ ਵਲੋਂ ਸੱਚੀ ਸੁੱਚੀ ਕਿਰਤ ਕਰਨ ਦੇ ਪੈਗਾਮ ਨੂੰ ਲੋਕਾਈ ਲਈ ਰਾਹ ਦਸੇਰਾ ਦੱਸਿਆ ਅਤੇ ਆਪਸੀ ਪ੍ਰੇਮ ਭਾਈਚਾਰੇ ਦੀ ਲੋੜ ਜਤਾਈ। ਉਨ੍ਹਾਂ ਕਿਹਾ ਕਿ ਬਾਬਾ ਨਾਨਕ ਨੇ ਲੋਕਾਂ ਤਕ ਆਪਣਾ ਸੰਦੇਸ਼ ਪਹੁੰਚਾਉਣ ਲਈ ਆਮ ਲੋਕਾਂ ਦੀ ਭਾਸ਼ਾ ਵਰਤੀ। ਸਿੱਖ-ਮੁਸਲਿਮ ਸੰਸਥਾ ਦੇ ਮੁਖੀ ਤੇ ਦਲ ਖਾਲਸਾ ਦੇ ਆਗੂ ਮਨਮੋਹਨ ਸਿੰਘ ਯੂ.ਕੇ. ਨੇ ਸਿੱਖ ਮੁਸਲਿਮ ਭਾਈਚਾਰਿਆਂ ਦੀ ਆਪਸੀ ਸਾਂਝ ਉਪਰ ਜ਼ੋਰ ਦਿੰਦਿਆਂ ਦੋਵਾਂ ਦੇ ਮਿਲਵਰਤਨ ਨੂੰ ਦੱਖਣੀ ਏਸ਼ੀਆ ਦੇ ਖਿੱਤੇ ਦੇ ਅਮਨ ਦੀ ਜ਼ਾਮਨ ਕਿਹਾ। ਉਨ੍ਹਾਂ ਨੇ ਨਵੀਂ ਤਾਮੀਰ ਹੋਣ ਵਾਲੀ ਗੁਰੂ ਨਾਨਕ ਦੇਵ ਕੌਮਾਂਤਰੀ ਯੂਨੀਵਰਸਿਟੀ ਲਈ ਤਨ, ਮਨ, ਧਨ ਨਾਲ ਸੇਵਾ ਕਰਨ ਦੀ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ।

ਸ੍ਰੀ ਸਵਰਨ ਸਿੰਘ ਜੰਮੂ ਨੇ ਕਿਹਾ ਕਿ ਧਰਮ ਹੀ ਸਾਰੀਆਂ ਸਮੱਸਿਆਵਾਂ ਹਲ ਕਰਨ ਦੇ ਸਮਰਥ ਹਨ। ਉਨ੍ਹਾਂ ਨੇ ਜੰਮੂ-ਕਸ਼ਮੀਰ ਵਿਚ ਸਿੱਖ-ਮੁਸਲਿਮ ਭਾਈਚਾਰੇ ਦੀ ਪੀਡੀ ਸਾਂਝ ਦਾ ਉਚੇਚਾ ਜ਼ਿਕਰ ਕੀਤਾ। ਪੰਜਾਬ ਵਕਫ ਬੋਰਡ ਦੇ ਚੇਅਰਮੈਨ ਸਈਅਦ ਆਸਿਫ ਹਾਸ਼ਮੀ ਨੇ ਕਿਹਾ ਕਿ ਸਿੱਖ ਭਾਈਚਾਰੇ ਦੀ ਖੁਸ਼ੀ ਵਿਚ ਹੀ ਪਾਕਿਸਤਾਨੀ ਆਵਾਮ ਦੀ ਖੁਸ਼ੀ ਹੈ।

# ਪਰਵਾਸੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਯਤਨ

**ਗੁਰਦਾਸਪੁਰ :** ਪ੍ਰਵਾਸੀ ਪੰਜਾਬੀਆਂ ਦੇ ਅਦਾਲਤੀ ਕੇਸਾਂ ਦੇ ਸਮਾਂ ਬੱਧ ਅਤੇ ਜਲਦੀ ਨਿਪਟਾਰੇ ਲਈ ਟਾਸਕ ਫੋਰਸ ਅਦਾਲਤਾਂ ਦੀ ਸਥਾਪਨਾ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਪ੍ਰਗਟਾਵਾ ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ, ਮੰਤਰੀ ਪੰਜਾਬ ਨੇ ਬੀਤੇ ਦਿਨੀਂ ਆਪਣੇ ਗ੍ਰਹਿ ਪਿੰਡ ਸੇਖਵਾਂ ਵਿਖੇ ਗੱਲਬਾਤ ਕਰਦਿਆਂ ਕੀਤਾ।



**ਸੇਵਾ ਸਿੰਘ ਸੇਖਵਾਂ, ਸੂਚਨਾ ਤੇ ਲੋਕ ਸੰਪਰਕ, ਮੰਤਰੀ**

ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਵਲੋਂ ਪ੍ਰਵਾਸੀ ਪੰਜਾਬੀਆਂ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਗੰਭੀਰ ਹੈ। ਇਸ ਤੋਂ ਪਹਿਲਾਂ ਰਾਜ ਵਿਚ ਛੇ ਐਨ ਆਰ ਆਈ ਥਾਣਿਆਂ ਦੀ ਵੱਖਰੇ ਤੌਰ 'ਤੇ ਸਥਾਪਨਾ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਨੂੰ ਆਪਣੀ ਮਾਂ ਭੂਮੀ ਪੰਜਾਬ ਅੰਦਰ ਵੱਡੀ ਪੱਧਰ 'ਤੇ ਪੂੰਜੀ ਨਿਵੇਸ਼ ਕਰਕੇ ਉਦਯੋਗ ਸਥਾਪਤ ਕਰਨ ਲਈ ਪ੍ਰੇਰਿਤ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇਸ਼ ਦਾ ਸਭ ਤੋਂ ਸ਼ਾਂਤਮਈ ਅਤੇ ਸੁਰੱਖਿਅਤ ਸੂਬਾ ਹੈ ਅਤੇ ਇਥੇ ਮਜਬੂਤ ਸੜਕੀ ਅਤੇ ਹਵਾਈ ਆਵਾਜਾਈ ਦਾ ਬੁਨਿਆਦੀ ਢਾਚਾਂ ਉਪਲਬਧ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਨੂੰ ਰਾਜ ਵਿਚ ਉਦਯੋਗ ਅਤੇ ਹੋਰ ਕਾਰੋਬਾਰ ਸਥਾਪਤ ਕਰਨ ਲਈ ਸਰਕਾਰ ਵਲੋਂ ਵਿਸ਼ੇਸ਼ ਰਿਆਇਤਾਂ ਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਜਥੇਦਾਰ ਸੇਖਵਾਂ ਨੇ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਅੱਜ ਕੈਨੇਡਾ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਵਿਚ ਵਸੇ ਭਾਰਤੀਆਂ ਵਿਚੋਂ 80 ਪ੍ਰਤੀਸ਼ਤ ਤੋਂ ਵੱਧ ਪੰਜਾਬੀ ਹਨ। ਇਸ ਲਈ ਉਨ੍ਹਾਂ ਨੇ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਨੂੰ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਲਈ ਪੂੰਜੀ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਿੱਦਿਆ ਦਾ ਮਿਆਰ ਉੱਚਾ ਚੁੱਕਣ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾਂ ਜਗਰੂਪ ਸਿੰਘ ਸੇਖਵਾਂ, ਕੰਵਲਪ੍ਰੀਤ ਸਿੰਘ ਕਾਕੀ, ਡਾ. ਮਨਮੋਹਨ ਸਿੰਘ ਭਾਗੋਵਾਲੀਆ, ਬਲਦੇਵ ਸਿੰਘ ਰੰਧਾਵਾ, ਨਰਿੰਦਰ ਸਿੰਘ ਸੇਖਵਾ, ਕਰਨੈਲ ਸਿੰਘ, ਪਰਮਜੀਤ ਸਿੰਘ ਸੋਹਲ, ਸਰਬਜੀਤ ਸਿੰਘ ਬਾਜਵਾ ਵੀ ਹਾਜ਼ਰ ਸਨ।

# ਦਿੱਲੀ ਦੇ ਗੇੜਿਆਂ ਨੇ ਮਾਰ ਸੁੱਟੇ ਪੰਜਾਬ ਦੇ ਕਾਂਗਰਸੀ ਆਗੂ

**ਜਲੰਧਰ**: ਪੰਜਾਬ ਕਾਂਗਰਸ ਦੇ ਬਹੁਤ ਸਾਰੇ ਵੱਡੇ ਨੇਤਾ ਇਨ੍ਹਾਂ ਦਿਨਾਂ ਵਿਚ ਦਿੱਲੀ ਸ਼ਹਿਰ ਦਿਆਂ ਗੇੜਿਆਂ ਅਤੇ ਹਾਈਕਮਾਨ ਦੇ ਲਾਰਿਆਂ ਤੋਂ ਪ੍ਰੇਸ਼ਾਨ ਹਨ। ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਮਸਲਾ ਗਰਮਾਇਆ ਹੋਇਆ ਹੈ, ਜੋ ਇਸ ਵਕਤ ਦਿੱਲੀ ਦਰਬਾਰ ਵਿਚ ਹੈ। ਪ੍ਰਧਾਨਗੀ ਅਹੁਦੇ ਦੇ ਦਾਅਵੇਦਾਰ ਪਿਛਲੇ ਕਈ ਮਹੀਨੇ ਤੋਂ ਦਿੱਲੀ ਦੇ ਚੱਕਰ ਲਗਾ ਲਗਾ ਕੇ ਥੱਕ ਚੁੱਕੇ ਹਨ, ਪਰ ਹਾਈਕਮਾਨ ਹੈ ਕਿ ਆਪਣੇ ਪੱਤੇ ਹੀ ਨਹੀਂ ਖੋਲ ਰਹੀ। ਕਾਂਗਰਸੀਆਂ ਨੇ ਹੁਣ ਫਿਰ ਅਗਲੇ ਹਫਤੇ ਕੁਝ ਐਲਾਨ ਹੋਣ ਦੀ ਉਮੀਦ ਬੰਨ੍ਹੀ ਹੋਈ ਹੈ।



ਪ੍ਰਧਾਨਗੀ ਦੀ ਜੰਗ ਛਿੜੀ ਤਾਂ ਕੈਪਟਨ ਅਤੇ ਭੱਠਲ ਗੁਟ ਦੇ ਵਿਚਕਾਰ ਹੀ ਹੈ, ਪਰ ਮੌਜੂਦਾ ਹਾਲਤ ਇਹ ਹੈ ਕਿ ਭੱਠਲ ਗੁੱਟ ਪੰਜਾਬ ਵਿਚ ਅਤੇ ਕੈਪਟਨ ਗੁੱਟ ਦਿੱਲੀ ਵਿਚ ਬੈਠ ਕੇ ਆਪਣੀ ਪੂਰੀ ਚੜ੍ਹਾਈ ਹੋਣ ਦਾ ਦਾਅਵਾ ਠੋਕ ਰਿਹਾ ਹੈ। ਸੋਮਵਾਰ ਸਵੇਰੇ ਸਵੇਰੇ ਹੀ ਪੰਜਾਬ ਦੇ ਕਾਂਗਰਸੀ ਦਿੱਲੀ ਦੇ ਲਈ ਕੂਚ ਕਰ ਜਾਂਦੇ ਹਨ ਅਤੇ ਦਿੱਲੀ ਦੇ ਗਾਡ ਫਾਦਰ ਦੇ ਦਰ ਮੂਹਰੇ ਸ਼ੁੱਕਰਵਾਰ ਤੱਕ ਡੇਰੇ ਲਾਈ ਰੱਖਦੇ ਹਨ। ਸ਼ੁਕਰਵਾਰ ਸ਼ਾਮ ਤੱਕ ਕੁਝ ਨਹੀਂ ਹੁੰਦਾ ਤਾਂ ਰਾਤ ਨੂੰ ਥਕੇ ਹਾਰੇ ਕਾਂਗਰਸੀ ਅਗਲੇ ਹਫਤੇ ਦੀ ਉਮੀਦ ਲੈ ਕੇ ਪੰਜਾਬ ਨੂੰ ਰਵਾਨਾ ਹੋ ਜਾਂਦੇ ਹਨ। ਇਹ ਸਿਲਸਿਲਾ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਹੈ। ਇਸ ਦੌਰਾਨ ਭੱਠਲ ਗੁਟ ਨੇ ਕੇ ਪੀ ਦੇ ਹੀ ਪ੍ਰਧਾਨ ਬਣੇ ਰਹਿਣ ਦੇ ਦਾਅਵੇ ਕੀਤੇ, ਫਿਰ ਕਿਹਾ ਕਿ ਹੁਣ ਤਾਂ ਪ੍ਰਧਾਨ ਦੀ ਚੋਣ ਵੋਟਾਂ ਰਾਹੀਂ ਹੀ ਹੋਵੇਗੀ। ਇਸ ਦੌਰਾਨ ਕੈਪਟਨ ਗੁਟ ਲਗਾਤਾਰ ਕਹਿੰਦਾ ਰਿਹਾ ਕਿ ਵਿਰੋਧੀ ਗੁਟ ਨੂੰ ਤਾਂ ਹੁਣ ਪੰਜਾਬ ਤੋਂ ਰੁਖਸਤ ਹੋਣਾ ਹੀ ਪਵੇਗਾ ਅਤੇ ਇਕਬਾਲ ਸਿੰਘ ਦੇ ਗਵਰਨਰ ਬਣਨ ਤੋਂ ਖਾਲੀ ਹੋਏ ਆਲ ਇੰਡੀਆ ਕਾਂਗਰਸ ਕਮੇਟੀ ਦੇ ਅਹੁਦੇ ਤੇ ਬੈਠਣਾ ਹੋਵੇਗਾ। ਕੈਪਟਨ ਖੁਦ ਘੁਮਾ ਫਿਰਾ ਕੇ ਬਿਆਨ ਜਾਰੀ ਕਰਦੇ ਰਹੇ। ਖੈਰ ਗੱਲਾਂ ਬਹੁਤ ਹੁੰਦੀਆਂ ਰਹੀਆਂ, ਪਰ ਨਤੀਜਾ ਹੀ ਕੁਝ ਨਾ ਨਿਕਲਿਆ। ਪ੍ਰਧਾਨਗੀ ਦਾ ਮਸਲਾ ਹੁਣ ਵੀ ਉਵੇਂ ਦਾ ਉਵੇਂ ਹੀ ਹੈ। ਪਹਿਲਾਂ ਹਰਿਆਣਾ, ਮਹਾਰਾਸ਼ਟਰ, ਅਰੁਣਾਚਲ ਆਦਿ ਰਾਜਾਂ ਦੇ ਚੋਣ ਐਲਾਨ ਹੋ ਗਏ, ਫਿਰ ਉਮੀਦਵਾਰਾਂ ਦੀ ਚੋਣ ਹੋਈ, ਫਿਰ ਚੋਣਾਂ ਹੋਈਆਂ, ਨਤੀਜੇ ਨਿਕਲੇ, ਕਾਂਗਰਸ ਦੀ ਸਰਕਾਰ ਬਣੀ ਅਤੇ ਸ਼ਨੀਵਾਰ ਨੂੰ ਹਰਿਆਣਾ ਮੰਤਰੀ ਮੰਡਲ ਦੀ ਐਲਾਨ ਵੀ ਕਰ ਦਿੱਤਾ ਗਿਆ। ਇਸ ਦੌਰਾਨ ਮਹਾਰਾਸ਼ਟਰ ਦਾ ਮਸਲਾ ਵੀ ਨਿਬੜ ਗਿਆ।



ਸਾਰੀਆਂ ਵਿਵਸਥਾਵਾਂ ਤੋਂ ਨਿਬੜ ਕੇ ਹੁਣ ਸ਼ਾਇਦ ਕਾਂਗਰਸ ਹਾਈਕਮਾਨ ਪੰਜਾਬ ਦੇ ਬਾਰੇ ਫੈਸਲਾ ਲੈ ਸਕੇਗੀ, ਪੰਜਾਬ ਦੇ ਕਾਂਗਰਸੀ ਆਪਣੀ ਉਮੀਦ ਨੂੰ ਫਿਰ ਤੋਂ ਜਵਾਨ ਕੀਤੇ ਹੋਏ ਨਜ਼ਰ ਆ ਰਹੇ ਹਨ। ਕਾਂਗਰਸੀ ਦਾਅਵਾ ਠੋਕਣ ਲੱਗੇ ਹਨ ਕਿ ਹਫਤੇ ਦੇ ਅੰਤ ਤੱਕ ਹਰ ਹਾਲ ਵਿਚ ਹਾਈਕਮਾਨ ਆਪਣਾ ਫੈਸਲਾ ਸੁਣਾ ਦੇਵੇਗੀ। ਫੈਸਲਾ ਸੁਣਨ ਦੇ ਲਈ ਉਤਸ਼ਾਹਿਤ ਕਾਂਗਰਸੀ ਹੁਣ ਫਿਰ ਤੋਂ ਸੋਮਵਾਰ ਨੂੰ ਦਿੱਲੀ ਪਹੁੰਚਾਉਣ ਦੇ ਪ੍ਰੋਗਰਾਮ ਬਣਾ ਰਹੇ ਹਨ। ਇਹੀ ਸੋਚ ਕੇ ਸ਼ਾਇਦ ਪ੍ਰਧਾਨਗੀ ਨੂੰ ਲੈ ਕੇ ਦੁਬਾਰਾ ਦਿੱਲੀ ਨਾ ਜਾਣਾ ਪਵੇ। ਸੋਚ ਅਤੇ ਹਕੀਕਤ ਵਿਚ ਕਿੰਨਾ ਤਾਲਮੇਲ ਬੈਠ ਸਕਦਾ ਹੈ, ਇਸਦਾ ਜੁਆਬ ਅਗਲੇ ਹਫਤੇ ਵਿਚ ਮਿਲਣ ਦੀ ਸੰਭਾਵਨਾ ਹੈ।


Real Estate and Home Loans

For buying or selling your home

Call Aman Hundal at: 209-918-6464

Selling Bank Owned/ Foreclosed homes in entire northern California-Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

Century 21 M&M and Associates

ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350





FARMERS INSURANCE GROUP Symbol of Superior Service

FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।

ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

## ਬੰਦ ਦੀ ਕਾਮਯਾਬੀ ਦਾ ਹਾਕਮ ਅਕਾਲੀਆਂ 'ਤੇ ਵੀ ਹੋਇਆ ਅਸਰ

# ਰਾਜਨੀਤਕ ਪਹਿਲ ਕਦਮੀ ਵਿਚ ਮਿਲੀ ਪਛਾੜ ਤੋਂ ਅਕਾਲੀ ਦਲ ਪ੍ਰੇਸ਼ਾਨ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਪਟਿਆਲਾ :** ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੇ ਜਾਣ ਅਤੇ ਇਸ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਨਾ ਮਿਲਣ ਵਿਰੁਧ ਰੈਡੀਕਲ ਸਿੱਖ ਜਥੇਬੰਦੀਆਂ ਵਲੋਂ ਦਿੱਤੇ ਗਏ ਬੀਤੀ ਤਿੰਨ ਨਵੰਬਰ ਦੇ ਬੰਦ ਦੇ ਸੱਦੇ ਨੂੰ ਭਰਵਾਂ ਹੁੰਘਾਰਾ ਮਿਲਣ ਕਾਰਨ ਅਕਾਲੀ ਦਲ ਬਾਦਲ ਅਲੱਗ ਥਲੱਗ ਪਿਆ ਮਹਿਸੂਸ ਕਰਨ ਲਗਾ ਹੈ। ਸਿੱਖ ਰਾਜਨੀਤੀ ਦੇ ਨਿਕਟ ਇਤਿਹਾਸ ਵਿਚ ਅਕਾਲੀ ਦਲ ਬਾਦਲ ਨੂੰ ਵਿਰੋਧੀਆਂ ਵਲੋਂ ਰਾਜਨੀਤਿਕ ਪਹਿਲਕਦਮੀ ਵਿਚ ਮਿਲੀ ਇਸ ਪਹਿਲੀ ਪਛਾੜ ਨਾਲ ਇਸ ਦੀ ਲੀਡਰਸ਼ਿੱਪ ਦਾ ਸੰਤੁਲਨ ਲੜਖੜਾਇਆ ਜਾਪ ਰਿਹਾ ਹੈ।

ਇਸ ਮਾਮਲੇ ਵਿਚ ਆਪਣੀ ਕਮਜ਼ੋਰੀ ਨੂੰ ਢਕਣ ਲਈ ਬਾਦਲ ਪ੍ਰਿਵਾਰ ਅਤੇ ਉਸ ਦੇ ਹਮਾਇਤੀਆਂ ਨੇ ਨਾ ਸਿਰਫ 6 ਨਵੰਬਰ ਨੂੰ ਰੇਲਾਂ ਬੰਦ ਕਰਨ ਦਾ ਸੱਦਾ ਦਿੱਤਾ ਸਗੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦੰਗਿਆਂ ਦੇ ਦੋਸ਼ੀਆਂ ਨੂੰ ਇਨਸਾਫ ਦੇਣ ਲਈ ਇਕ ਯਾਦ ਪੱਤਰ ਵੀ ਦਿੱਤਾ। ਇਸ ਬੰਦ ਤੋਂ ਬਾਅਦ ਅਕਾਲੀ ਦਲ ਬਾਦਲ ਦਾ ਸਿੱਖਾਂ,ਸਿੱਖੀ ਅਤੇ ਦਿੱਲੀ ਦੰਗਿਆਂ ਦੇ ਸ਼ਿਕਾਰ ਲੋਕਾਂ ਨਾਲ ਇਕ ਵਾਰ ਫਿਰ ਹੇਜ਼ ਜਾਗ ਪਿਆ ਹੈ। ਉਧਰ ਦੰਗਾ ਪੀੜਤਾਂ ਵਿਚ ਕੇਂਦਰ ਸਰਕਾਰ ਦੇ ਨਾਲ ਨਾਲ ਅਕਾਲੀ ਦਲ ਬਾਦਲ ਖਿਲਾਫ ਵੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਦੰਗਾ ਪੀੜਤਾਂ ਦਾ ਆਖਣਾ ਹੈ ਕਿ ਬਾਦਲ ਨੇ ਹਮੇਸ਼ਾਂ ਹੀ ਦੰਗਾ ਪੀੜਤਾਂ ਦੀ ਆਪਣੀ ਸਿਆਸਤ ਲਈ ਵਰਤੋਂ ਕੀਤੀ ਹੈ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਲੰਘੀ 8 ਨਵੰਬਰ ਨੂੰ '84 ਦੇ ਦੰਗਿਆਂ ਦੌਰਾਨ ਮਾਰੇ ਗਏ ਬੇ-ਗੁਨਾਹਾਂ ਨੂੰ ਸ਼ਰਧਾਂਜਲੀ ਦੇਣ ਲਈ ਗੁਰਦੁਆਰਾ ਦੂਖ ਨਿਵਾਰਨ ਵਿਖੇ ਅਰਦਾਸ ਕੀਤੀ। ਪਰ ਕਤਲੇਆਮ ਦੇ ਪੀੜਤਾਂ ਨੇ ਇਸ ਦੌਰਾਨ ਸੁਖਬੀਰ ਦੇ ਵਿਰੁਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਕਰਕੇ ਗੁਰੂਦੁਆਰਾ ਦੁਖਨਿਵਾਰਨ ਸਾਹਿਬ ਵਿਚ ਇਕ ਵਾਰੀ ਕਾਫੀ ਹਲਚਲ ਮੱਚ ਗਈ। ਸੁਖਬੀਰ ਵਿਰੁਧ ਨਾਅਰੇਬਾਜ਼ੀ ਕਰਦਿਆਂ ਵੱਡੀ ਗਿਣਤੀ 'ਚ ਔਰਤਾਂ ਤੇ ਮਰਦਾਂ ਨੇ ਕਿਹਾ ਕਿ ਇਸ ਮਾਮਲੇ ਵਿਚ ਬਾਦਲ ਪਰਿਵਾਰ ਵੀ ਦੋਸ਼ੀ ਹੈ ਕਿਉਂਕਿ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਇਹ ਪਰਿਵਾਰ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾ ਸਕਿਆ। ਇਸ ਸਮੇਂ ਬੇਸ਼ੱਕ ਨਾਅਰੇਬਾਜ਼ੀ ਕਰਨ ਵਾਲਿਆਂ ਨੂੰ ਤਿਤਰ-ਬਿਤਰ ਕਰਨ ਦੀ ਪੁਲਿਸ ਨੇ ਕੋਸ਼ਿਸ਼ ਵੀ ਕੀਤੀ ਪਰ ਫਿਰ ਵੀ ਉਹ ਸਾਰੇ ਘੇਰੇ ਤੋੜ ਕੇ ਗੁਰੂਦੁਆਰੇ ਦੀ ਡਿਉੜੀ ਵਿਚ ਪੁੱਜਣ ਵਿਚ ਕਾਮਯਾਬ ਹੋ ਗਏ। ਮਾਮਲਾ ਇਥੋਂ ਤੱਕ ਪੁੱਜ ਗਿਆ ਕਿ ਸੁਖਬੀਰ ਨੂੰ ਇੱਕ ਪਾਸਿਓਂ ਹੋ ਕੇ ਲੰਘਣਾ ਪਿਆ।

ਦੰਗਾ ਪੀੜਤਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਦੰਗਾ ਪੀੜਤਾਂ ਲਈ ਅਮਲੀ ਰੂਪ ਵਿਚ ਕੁਝ ਨਹੀਂ ਕੀਤਾ। ਮੀਡੀਆ ਵਿਚ ਆਪਦੇ ਆਪ ਨੂੰ ਜਲੀਲ ਹੁੰਦਿਆਂ ਵੇਖ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁਜ਼ਾਹਰਾ ਕਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਕੋਲ ਸੱਦਿਆ ਅਤੇ ਉਨ੍ਹਾਂ ਦੀ ਗੱਲਬਾਤ ਸੁਣੀ। ਸੁਖਬੀਰ ਬਾਦਲ ਨੂੰ ਦੰਗਾ ਪੀੜਤਾਂ ਨੂੰ ਵਿਸ਼ਵਾਸ ਦਵਾਉਣਾ ਪਿਆ ਕਿ ਉਨ੍ਹਾਂ ਦੀ ਹਰ ਮੰਗ ਪੂਰੀ ਕੀਤੀ ਜਾਵੇਗੀ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ 1984 ਦੇ ਦੰਗਿਆਂ ਦੌਰਾਨ ਮਾਰੇ ਗਏ ਬੇ-ਗੁਨਾਹਾਂ ਦੀ ਯਾਦ ਵਿਚ ਵਿਸ਼ਵ ਪੱਧਰੀ ਹੈਰੀਟੇਜ ਯਾਦਗਾਰ ਬਣਾਈ ਜਾਵੇਗੀ। ਇਹ ਯਾਦਗਾਰ ਨਵੀਂ ਦਿੱਲੀ ਵਿਚ ਕੋਈ ਥਾਂ ਨਿਸ਼ਚਤ ਕਰਕੇ ਉਸਾਰੀ ਜਾਵੇਗੀ। ਉਨ੍ਹਾਂ '84 ਦੇ ਕਤਲੇਆਮ ਨੂੰ ਤੀਜਾ ਘੱਲੂਘਾਰਾ ਦੱਸਿਆ।

ਸ. ਬਾਦਲ ਲੰਘੀ 8 ਨਵੰਬਰ ਨੂੰ ਦਿੱਲੀ ਵਿਖੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਆਤਮਿਕ ਸ਼ਾਂਤੀ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਯੋਜਿਤ ਅਰਦਾਸ-ਦਿਵਸ ਮੌਕੇ ਸੰਬੋਧਨ ਕਰ ਰਹੇ ਸਨ। ਸ. ਬਾਦਲ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਪੀੜਤਾਂ ਨੂੰ ਇਨਸਾਫ਼ ਦੁਆਉਣ ਲਈ ਸਿੱਧਾ ਦਖ਼ਲ ਦੇਵੇ। ਇਸ ਤੋਂ ਬਾਅਦ ਸ. ਬਾਦਲ ਨੇ ਗੁਰਦੁਆਰਾ ਬੰਗਲਾ ਸਾਹਿਬ ਜਾ ਕੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਆਤਮਿਕ ਸ਼ਾਂਤੀ ਅਤੇ ਦੁਖੀ ਪਰਿਵਾਰਾਂ ਲਈ ਅਰਦਾਸ ਕੀਤੀ।

ਸ. ਬਾਦਲ ਨੇ ਕਿਹਾ ਕਿ ਜੇਕਰ ਦੋਸ਼ੀਆਂ ਨੂੰ ਢੁਕਵੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਅਤੇ ਇਨਸਾਫ਼ ਕੀਤਾ ਜਾਂਦਾ ਤਾਂ ਸਿੱਖ ਭਾਈਚਾਰੇ ਦੇ ਮਨਾਂ ਨੂੰ ਥੋੜ੍ਹੀ ਬਹੁਤ ਠੰਢਕ ਪਹੁੰਚ ਸਕਦੀ ਸੀ। ਉਨ੍ਹਾਂ

### ਮਨੁੱਖੀ ਅਧਿਕਾਰ ਸੰਗਠਨਾਂ ਨੇ ਦੰਗਾ ਪੀੜਤਾਂ ਨੂੰ ਇਨਸਾਫ ਨਾ ਮਿਲਣ 'ਤੇ ਚਿੰਤਾ ਜ਼ਾਹਰ ਕੀਤੀ

ਕਿਹਾ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦੌਰਾਨ ਸਥਾਪਤ ਕੀਤੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵਿਰੋਧੀ ਧਿਰ ਦੇ ਦਬਾਅ ਹੇਠ ਪੇਸ਼ ਕੀਤੇ ਜਾਣ ਦੇ ਬਾਵਜੂਦ ਕਾਂਗਰਸ ਦੀ ਸਰਕਾਰ ਵੀ ਦੋਸ਼ੀਆਂ ਵਿਰੁਧ ਚਾਰਜਸ਼ੀਟ ਦਾਇਰ ਕਰਨ ਦੀ




ਪ੍ਰਵਾਨਗੀ ਦੇਣ ਤੋਂ ਇਨਕਾਰੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਮੁਤਾਬਕ ਕਤਲ ਕੇਸਾਂ ਵਿਚ ਮੁਕੱਦਮਾ ਦਰਜ ਕਰਨ ਲਈ ਸਰਕਾਰ ਦੀ ਇਜ਼ਾਜ਼ਤ ਦੀ ਕੋਈ ਲੋੜ ਹੀ ਨਹੀਂ ਹੁੰਦੀ ਅਤੇ ਅਜਿਹੇ ਕੇਸਾਂ ਵਿਚ ਕਾਤਲਾਂ ਵਿਰੁਧ ਖੁਦ-ਬ-ਖੁਦ ਕੇਸ ਦਰਜ ਕਰਕੇ ਚਲਾਨ ਪੇਸ਼ ਕੀਤੇ ਜਾਂਦੇ ਹਨ, ਪਰ ਸਿੱਖ ਕਤਲੇਆਮ ਬਾਰੇ ਕੇਂਦਰ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੀ ਸੀ ਬੀ ਆਈ ਜਾਣ ਬੁੱਝ ਕੇ ਮਾਮਲੇ ਨੂੰ ਲਟਕਾਉਣ ਲਈ ਅਜਿਹੀ ਪ੍ਰਵਾਨਗੀ ਸਰਕਾਰ ਕੋਲੋਂ ਮੰਗ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਬੀਤੀ 7 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਮੰਗ ਪੱਤਰ ਦਿਤਾ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਫ਼ਾਸਟ ਟਰੈਕ ਅਦਾਲਤਾਂ ਰਾਹੀਂ ਸੁਣਵਾਈ ਕਰ ਕੇ ਸਜ਼ਾਵਾਂ ਦੇਣ ਦੀ ਮੰਗ ਕੀਤੀ। ਦੂਜੇ ਪਾਸੇ ਬੰਦ ਤੋਂ ਦੂਰ ਰਹੀ ਸ਼੍ਰੋਮਣੀ ਕਮੇਟੀ ਨੇ ਵੀ ਫੁਰਤੀ ਵਿਖਾਈ ਅਤੇ 8 ਨਵੰਬਰ ਨੂੰ ਸਮੂਹ ਗੁਰਧਾਮਾਂ 'ਚ ਅਖੰਡ ਪਾਠ ਦੇ ਭੋਗ ਪਾ ਕੇ ਕਤਲੇਆਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਐਲਾਨ ਕਰ ਦਿਤਾ।

ਸ਼੍ਰੋਮਣੀ ਅਕਾਲੀ ਦਲ ਨੇ ਕੌਮੀ ਮਨੁੱਖੀ ਅਧਿਕਾਰ ਸੰਗਠਨ ਨੂੰ ਮੈਮੋਰੰਡਮ ਦੇ ਕੇ ਮੰਗ ਕੀਤੀ ਕਿ ਉਹ ਸੀ.ਬੀ.ਆਈ ਨੂੰ ਕਾਂਗਰਸੀ ਆਗੂਆਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਵਿਰੁਧ ਚਾਰਜਸ਼ੀਟ ਦਾਇਰ ਕਰਨ ਦਾ ਹੁਕਮ ਦੇਵੇ। ਇਸ ਦੌਰਾਨ ਅਮਰੀਕਾ ਵਿਚ ਵੀ ਸਿੱਖ ਵਿਰੋਧੀ ਦੰਗਿਆਂ ਖਿਲਾਫ ਇਨਸਾਫ ਮਾਰਚ ਦੀਆਂ ਖਬਰਾਂ ਮਿਲੀਆਂ ਹਨ। ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨੇ ਮੁਜ਼ਾਹਰਿਆਂ ਦੀ ਥਾਂ 'ਤੇ 'ਨਿਆਂ ਲਈ ਜਾਗਰੂਕਤਾ ਮੁਹਿੰਮ' ਸ਼ੁਰੂ ਕੀਤੀ ਹੈ।

ਸਿੱਖਜ਼ ਫ਼ਾਰ ਜਸਟਿਸ ਨਾਂ ਦੀ ਜਥੇਬੰਦੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕੌਮਾਂਤਰੀ ਧਾਰਮਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਤੋਂ ਇਲਾਵਾ ਦੇਸ਼ ਦੇ ਲੋਕਤੰਤਰ, ਮਨੁੱਖੀ ਅਧਿਕਾਰਾਂ ਅਤੇ ਕਿਰਤ ਬਾਰੇ ਵਿਭਾਗ ਨਾਲ ਤੇ ਭਾਰਤੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਅਮਰੀਕਾ ਦੇ ਧਾਰਮਕ ਆਜ਼ਾਦੀ ਬਾਰੇ ਕਮਿਸ਼ਨ ਨੇ ਸਾਲ 2009 ਦੀ ਅਪਣੀ ਰੀਪੋਰਟ ਵਿਚ 1984 ਦੇ ਸਿੱਖ ਕਤਲੇਆਮ ਨੂੰ ਸਿਰਫ਼ ਇਕ ਪਹਿਰੇ ਤਕ ਹੀ ਸੀਮਤ ਰਖਿਆ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਮੁੱਦਾ ਹੌਲੀ-ਹੌਲੀ ਠੰਢਾ ਪੈਂਦਾ ਜਾ ਰਿਹਾ ਹੈ। ਸਿੱਖਜ਼ ਫ਼ਾਰ ਜਸਟਿਸ ਦੇ ਸੰਸਥਾਪਕਾਂ ਵਿਚੋਂ ਇਕ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਮੁਜ਼ਾਹਰੇ ਕਰਨ ਨਾਲ ਗੱਲ ਨਹੀਂ ਬਣੇਗੀ। ਜਥੇਬੰਦੀ ਵਲੋਂ 1984 ਦੇ ਸਿੱਖ ਕਤਲੇਆਮ ਨੂੰ ਭਾਰਤ ਵਿਚ ਗੁਜਰਾਤ ਅਤੇ ਉੜੀਸਾ ਵਿਚ ਹੋਏ ਘੱਟ ਗਿਣਤੀਆਂ 'ਤੇ ਹਮਲੇ ਨਾਲ ਵੀ ਜੋੜਿਆ ਜਾਵੇਗਾ। ਇਸੇ ਕਦਮ ਤਹਿਤ ਸਾਡੀ ਜਥੇਬੰਦੀ ਜਨਵਰੀ 2010 ਵਿਚ ਜਨਹਿਤ ਪਟੀਸ਼ਨ ਦਾਇਰ ਕਰੇਗੀ, ਜਿਸ ਵਿਚ ਇਨ੍ਹਾਂ ਘਟਨਾਵਾਂ ਦੀ ਨਿਆਂਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਜਾਵੇਗੀ।

ਇਸ ਦੌਰਾਨ ਕੌਮਤਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਰਕਾਰ ਵਲੋਂ ਸਜ਼ਾ ਨਾ ਦੇਣ 'ਤੇ ਅਪਣੀ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ। ਹਿਊਮਨ ਰਾਈਟਸ ਵਾਚ ਦੀ ਦੱਖਣੀ ਏਸ਼ੀਆ ਦੀ ਇੰਚਾਰਜ ਮੀਨਕਾਸ਼ੀ ਗਾਂਗੁਲੀ ਨੇ ਕਿਹਾ ਕਿ 1984 ਕਤਲੇਆਮ ਦੇ ਪੀੜਤ 25 ਸਾਲ ਬਾਅਦ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ, ਇਹ ਬਹੁਤ ਹੀ ਅਫ਼ਸੋਸ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਤੇ ਸੁਰੱਖਿਆ ਦਸਤਿਆਂ, ਦੋਹਾਂ ਨੇ ਆਮ ਸ਼ਹਿਰੀਆਂ 'ਤੇ ਅਣਮਨੁੱਖੀ ਜ਼ੁਲਮ ਕੀਤੇ। ਬੀਬੀ ਮੀਨਾਕਸ਼ੀ ਨੇ ਕਿਹਾ ਕਿ ਕਤਲੇਆਮ ਦੇ ਪੀੜਤ ਮੁਕੱਦਮਿਆਂ ਦੀਆਂ ਲੰਬੀਆਂ ਸੁਣਵਾਈਆਂ ਵਿਚ ਉਲਝੇ ਹੋਏ ਹਨ ਤੇ ਉਨ੍ਹਾਂ ਦਾ ਇਕ ਤਰ੍ਹਾਂ ਨਾਲ ਕਾਨੂੰਨ ਤੋਂ ਭਰੋਸਾ ਉਠਦਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਅਫ਼ਸਰਾਂ ਤੇ ਸਿਆਸਤਦਾਨਾਂ ਵਿਰੁਧ ਸਬੂਤ ਹੋਣ ਦੇ ਬਾਵਜੂਦ ਉਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ। ਕਿੰਨੇ ਕਮਿਸ਼ਨ ਬਣਾ ਕੇ ਇਨਸਾਫ਼ ਦਾ ਭਰੋਸਾ ਦਿਤਾ ਗਿਆ ਪਰ ਕੋਈ ਨਤੀਜਾ ਨਹੀਂ ਨਿਕਲਿਆ।

ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਨੂੰ ਲੈ ਕੇ ਬਾਦਲ ਪੱਖੀ ਦੰਗਾ ਪੀੜਤ ਜਥੇਬੰਦੀਆਂ ਵਲੋਂ ਦਿਤੇ ਗਏ ਰੇਲ ਬੰਦ ਦੇ ਸੱਦੇ ਕਾਰਨ ਲੰਘੀ 6 ਨਵੰਬਰ ਨੂੰ ਅੰਮ੍ਰਿਤਸਰ-ਦਿੱਲੀ ਮੁੱਖ ਰੇਲ ਲਾਈਨ ਤੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਧਰਨਾ ਦੇ ਕੇ ਰੇਲ ਆਵਾਜਾਈ ਪੂਰੀ ਤਰ੍ਹਾਂ ਠੱਪ ਕਰ ਦਿਤੀ। ਸਵੇਰੇ 6 ਵਜੇ ਤੋਂ ਲੈ ਕੇ ਦੁਪਹਿਰ 11 ਵਜੇ ਤਕ ਚਲੇ ਰੋਸ ਧਰਨੇ ਦੌਰਾਨ ਰੇਲ ਪ੍ਰਸ਼ਾਸਨ ਨੇ ਇਸ ਰੂਟ ਤੇ ਰੇਲ ਗੱਡੀਆਂ ਦੀ ਆਵਾਜਾਈ ਬੰਦ ਕਰ ਦਿਤੀ।

**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।



RAJ SINGH
M.A., M.Ed Retd. Principal
Realtor & Financial Adviser
Lic#01776459 & OG22467

**Refinance, Home Loan, SBA Loan**
**(All at Best Rates)**

**RAJ SINGH**
**Cell:510-452-7370**

Notary Free

30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com

**SUPER TRAVEL**
**847-676-9090**
*E-mail: supertravel2003@yahoo.com*
***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

# ਡਾਇਮੰਡ ਹੇਅਰ ਕਟਿੰਗ ਸਲੂਨ

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



TONY

**For men, women & Children**

ਹੇਅਰ ਕੱਟ ਸਪੈਸ਼ਲ 8 ਡਾਲਰ

Make-up
Hair cut
Perm
Hair styler

Color
Facial, Threading
Bridal Make-up
Body Art (Henna)

**26655 Mission Blvd. Hayward, CA 94544**

***Wednesday thru Monday 10 am to 7pm, Sunday 11 am to 6.00 pm Tuesday closed***

**Ph: 510-582-2472 Cell: (510) 825-0820**

# ਪੰਜਾਬ ਦੇ ਢੀਠ ਵਿਧਾਇਕ ਵਰਕਸ਼ਾਪ ਵਿਚ ਸ਼ਾਮਲ ਹੋਣ ਲਈ ਰਾਜ਼ੀ ਨਾ ਹੋਏ

**ਚੰਡੀਗੜ੍ਹ** : ਦੋ ਮਹੀਨੇ ਪਹਿਲਾਂ ਤੈਅ ਕੀਤੇ ਗਏ ਪ੍ਰੋਗਰਾਮ ਅਨੁਸਾਰ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਵਿਧਾਇਕਾਂ ਲਈ ਬੀਤੀ 4 ਨਵੰਬਰ ਨੂੰ ਫਿਰ 'ਰਾਜ ਪ੍ਰਬੰਧ ਵਿਚ ਵਿਧਾਇਕ ਦੀ ਭੂਮਿਕਾ' ਬਾਰੇ ਸੈਮੀਨਾਰ ਕੀਤਾ ਗਿਆ ਜਿਥੇ ਵਿਧਾਇਕਾਂ ਦੀ ਹਾਜ਼ਰੀ ਨਾਂਹ ਦੇ ਬਰਾਬਰ ਰਹੀ। ਇਸ ਤਰ੍ਹਾਂ ਵਰਕਸ਼ਾਪ ਮੁਹਿੰਮ ਠੁਸ ਹੋ ਕੇ ਰਹਿ ਗਈ। 82 ਵਿਧਾਇਕਾਂ ਨੂੰ ਸੱਦਾ ਪੱਤਰ ਭੇਜਿਆ ਗਿਆ ਸੀ ਪਰ ਸਿਰਫ਼ 9 ਹੀ ਹਾਜ਼ਰ ਹੋਏ। ਸੰਸਦੀ ਮਾਮਲਿਆਂ ਬਾਰੇ ਮੰਤਰੀ ਤੀਕਸ਼ਣ ਸੂਦ ਅਤੇ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਨੇ -ਇਸ ਮਹੱਤਵਪੂਰਨ ਸਿਖਲਾਈ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਕਿਹਾ ਕਿ ਵਿਧਾਇਕਾਂ ਦੀ ਹਾਜ਼ਰੀ ਘੱਟ ਹੋਣ ਪ੍ਰਤੀ ਉਨ੍ਹਾਂ ਨੂੰ ਕਾਫ਼ੀ ਚਿੰਤਾ ਹੈ ਕਿਉਂਕਿ ਸਭ ਪਾਰਟੀਆਂ ਦੇ ਵਿਧਾਇਕਾਂ ਨੂੰ ਅਸੰਬਲੀ ਵਿਚ ਅਪਣੀ ਕਾਰਗੁਜ਼ਾਰੀ ਸਹੀ ਢੰਗ ਨਾਲ ਵਿਖਾਉਣ ਲਈ ਸਰਕਾਰ ਦੇ ਵਿਭਾਗਾਂ ਦੇ ਨਿਯਮਾਂ ਅਤੇ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦੇਣ ਲਈ ਸੱਦਿਆ ਸੀ। ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਗਿਆਨ ਪ੍ਰਾਪਤ ਕਰਨ ਲਈ ਕੋਈ ਸੀਮਾ ਨਹੀਂ ਹੁੰਦੀ ਅਤੇ ਪਿਛਲੇ ਮਹੀਨਿਆਂ ਤੋਂ ਸ਼ੁਰੂ ਕੀਤੀ ਸੈਮੀਨਾਰਾਂ ਦੀ ਲੜੀ ਨੂੰ ਅੱਗੇ ਚਲਦਾ ਰਖਣਾ ਚਾਹੀਦਾ ਹੈ। ਤੀਕਸ਼ਣ ਸੂਦ ਨੇ ਵੀ ਵਿਧਾਇਕਾਂ ਵਲੋਂ ਵਿਖਾਈ ਗਈ ਘੱਟ ਦਿਲਚਸਪੀ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ 3 ਨਵੰਬਰ ਨੂੰ ਪੰਜਾਬ ਬੰਦ ਹੋਣ ਕਾਰਨ ਕਈ ਵਿਧਾਇਕ ਇਥੇ ਮਹਾਤਮਾ ਗਾਂਧੀ ਇੰਸਟੀਚਿਊਟ ਆਫ਼ ਐਡਮਨਿਸਟਰੇਸ਼ਨ ਵਿਚ ਨਹੀਂ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਇਹ ਵਿਆਹਾਂ ਦਾ ਵੀ ਸੀਜ਼ਨ ਹੈ, ਇਸ ਕਈ ਨੁਮਾਇੰਦੇ ਵਿਆਹਾਂ ਵਿਚ ਰੁਝੇ ਹੋਏ ਹਨ। ਵਰਕਸ਼ਾਪ ਵਿਚ ਸੱਤਾਧਾਰੀ ਪਾਰਟੀ ਅਕਾਲੀ ਦਲ ਤੋਂ ਦੋ ਵਿਧਾਇਕ ਸ. ਉਜਾਗਰ ਸਿਘ ਵਡਾਲੀ ਅਤੇ ਸ. ਮਲਕੀਤ ਸਿੰਘ, ਭਾਜਪਾ ਦੇ ਅਨਿਲ ਜੋਸ਼ੀ ਅਤੇ 6 ਕਾਂਗਰਸੀ ਵਿਧਾਇਕ ਅਮਰਜੀਤ ਸਿੰਘ ਸਮਰਾ, ਸ. ਅਵਤਾਰ ਸਿੰਘ ਬਰਾੜ, ਸ. ਤੇਜ ਪ੍ਰਕਾਸ਼ ਸਿੰਘ, ਬੀਬੀ ਹਰਚੰਦ ਕੌਰ, ਸ. ਹਰਮਿੰਦਰ ਸਿੰਘ, ਅਤੇ ਲਵ ਕੁਮਾਰ ਗੋਲਡੀ ਸ਼ਾਮਲ ਹੋਏ। ਭਾਵੇਂ ਸੈਮੀਨਾਰ ਵਿਚ ਮੁੱਖ ਸਕੱਤਰ ਸ੍ਰੀ ਐਸ.ਪੀ. ਅਗਰਵਾਲ, ਸੀਨੀਅਰ ਆਈ.ਏ.ਐਸ. ਅਧਿਕਾਰੀ ਬੀ.ਕੇ. ਸ੍ਰੀਵਾਸਤਵਾ ਅਤੇ ਖੇਤੀਬਾੜੀ ਮਹਿਕਮੇ ਨਾਲ ਸਬੰਧਤ ਸੀਨੀਅਰ ਅਫ਼ਸਰ ਤੇ ਮਾਹਰ, ਵਿਧਾਇਕਾਂ ਨੂੰ ਭਾਸ਼ਣ ਤੇ ਜਾਣਕਾਰੀ ਦੇਣ ਲਈ ਹਾਜ਼ਰ ਸਨ ਪਰ ਸੈਸ਼ਨ ਦੀ ਪ੍ਰਧਾਨਗੀ ਕਰਨ ਲਈ ਖੇਤੀਬਾੜੀ ਮੰਤਰੀ ਸ. ਸੁੱਚਾ ਸਿੰਘ ਲੰਗਾਹ ਵੀ ਨਾ ਪਹੁੰਚੇ। ਉਨ੍ਹਾਂ ਨੇ ਵਿਧਾਇਕਾਂ ਨੂੰ ਕਿਸਾਨਾਂ ਦੀਆਂ ਮੁਸ਼ਕਲਾਂ ਨਾਲ ਨਜਿਠਣ ਬਾਰੇ ਜਾਣਕਾਰੀ ਦੇਣੀ ਸੀ।

## ਪਰਵਾਸੀ ਪੰਜਾਬੀਆਂ ਵਲੋਂ ਭੱਠਲ ਦਾ ਧੰਨਵਾਦ



**ਚੰਡੀਗੜ੍ਹ :** ਇੰਡੀਅਨ ਓਵਰਸੀਜ਼ ਕਾਂਗਰਸ ਦੇ ਇੱਕ ਵਫ਼ਦ ਨੇ ਇੱਥੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨਾਲ ਮੁਲਾਕਾਤ ਕਰਕੇ ਪਰਵਾਸੀ ਭਾਰਤੀਆਂ ਦੀਆਂ ਮੰਗਾਂ ਕੇਂਦਰ ਸਰਕਾਰ ਕੋਲ ਉਠਾਉਣ 'ਤੇ ਧੰਨਵਾਦ ਕੀਤਾ। ਯੂਰਪ ਦੇ ਪ੍ਰਧਾਨ ਐਸ.ਐਸ.ਰਾਣਾ ਦੀ ਅਗਵਾਈ 'ਚ ਮਿਲੇ ਇਸ ਵਫ਼ਦ ਨੇ ਕਿਹਾ ਕਿ ਇਟਲੀ 'ਚ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ 3500 ਭਾਰਤੀਆਂ ਦਾ ਮੁੱਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ ਕੋਲ ਉਠਾਉਣ ਦਾ ਇਹ ਫਾਇਦਾ ਹੋਇਆ ਕਿ ਇਟਲੀ ਦੀ ਸਰਕਾਰ ਇਨ੍ਹਾਂ ਪਰਵਾਸੀਆਂ ਨੂੰ ਪੱਕੇ ਕਰਨ ਲਈ ਕੰਮ ਕਰਨ ਲੱਗੀ ਹੈ।

# ਮੀਡੀਆ ਦੀ ਪੰਜਾਬੀ ਦੇ ਵਿਕਾਸ 'ਚ ਭੂਮਿਕਾ ਅਹਿਮ

**ਪਟਿਆਲਾ:** ਨਵ-ਮੀਡੀਆ ਨੇ ਪੰਜਾਬੀਆਂ ਨੂੰ ਆਪਸ ਵਿਚ ਜੋੜਨ ਸਬੰਧੀ ਵੱਡਾ ਰੋਲ ਹੀ ਅਦਾ ਨਹੀਂ ਕੀਤਾ, ਬਲਕਿ ਪੰਜਾਬੀ ਨੂੰ ਮੀਡੀਆ ਨੇ ਇੱਕ ਖੇਤਰੀ ਜ਼ੁਬਾਨ ਤੋਂ ਉਪਰ ਉਠਾ ਕੇ ਕੌਮਾਂਤਰੀ ਜ਼ੁਬਾਨ ਬਣਾ ਦਿੱਤਾ ਹੈ। ਇਹ ਪ੍ਰਗਟਾਵਾ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਦੇ ਸਕੱਤਰ ਤੇ ਉਘੇ ਚਿੰਤਕ ਡਾ. ਰਵੇਲ ਸਿੰਘ ਨੇ ਭਾਸ਼ਾ ਵਿਭਾਗ ਪੰਜਾਬ ਵਲੋਂ ਪੰਜਾਬੀ ਮਾਹ ਸਬੰਧੀ ਭਾਸ਼ਾ ਭਵਨ ਵਿਖੇ ਕਰਵਾਈ ਪੰਜਾਬੀ ਸਾਹਿਤ ਗੋਸ਼ਟੀ 'ਚ ਨਵ-ਮੀਡੀਆ ਅਤੇ ਪੰਜਾਬੀ ਦੀ ਸੰਭਾਲ ਵਿਸ਼ੇ ਉਤੇ ਬੋਲਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਨਵ-ਮੀਡੀਆ ਨੇ ਪੰਜਾਬੀ ਦੀ ਸੰਭਾਲ ਸਬੰਧੀ ਰਚਨਾਤਮਕ ਰੋਲ ਅਦਾ ਕੀਤਾ ਹੈ। ਆਧੁਨਿਕ, ਤਕਨੀਕੀ ਪਸਾਰਿਆਂ ਜ਼ਰੀਏ ਮੀਡੀਆ ਨੇ ਪੰਜਾਬੀ ਨੂੰ ਖੇਤਰੀ ਜ਼ੁਬਾਨ ਤੋਂ ਕੌਮਾਂਤਰੀ ਪੱਧਰ ਉਤੇ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ 80ਵਿਆਂ ਦੇ ਦਹਾਕੇ ਤੱਕ ਅਖ਼ਬਾਰਾਂ/ਰੇਡੀਓ ਅਤੇ ਟੈਲੀਵਿਜ਼ਨ ਹੀ ਮੀਡੀਆ ਦੇ ਮੁੱਖ ਰੂਪ ਸਨ ਪਰ ਪਿਛਲੇ 30 ਕੁ ਸਾਲਾਂ ਵਿਚ ਮੀਡੀਆ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਹੁਣ ਆਨ ਲਾਈਨ ਰੇਡੀਓ, ਟੈਲੀਵਿਜ਼ਨ, ਇੰਟਰਨੈਟ, ਵੈਬਸਾਈਟਾਂ, ਜੀ.ਪੀ.ਆਰ.ਐਸ., ਡਿਜ਼ੀਟਲ ਕੰਪਿਊਟਰ, ਮੋਬਾਇਲ ਫੋਨ ਵਰਗੀ ਸ਼ਾਨਦਾਰ ਟੈਕਨੋਲਜੀ ਸਾਡੇ ਹੱਥਾਂ ਵਿਚ ਹੈ। ਉਨ੍ਹਾਂ ਕਿਹਾ ਕਿ ਇਸ ਵਕਤ ਬਰਾਡਬੈਂਡ ਦੁਨੀਆਂ ਦੇ ਕਰੀਬ 45 ਕਰੋੜ ਲੋਕਾਂ ਤੱਕ ਪੁੱਜ ਚੁੱਕਾ ਹੈ।

ਗੋਸ਼ਟੀ ਨੂੰ ਸੰਬੋਧਨ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਲਾਗੂ ਕਰਨਾ ਭਾਵੇਂ ਇਤਿਹਾਸਕ ਫੈਸਲਾ ਹੈ, ਪਰ ਫੇਰ ਵੀ ਪੰਜਾਬੀ ਭਾਸ਼ਾ ਦਾ ਵਿਕਾਸ ਤਿੰਨ ਗੱਲਾਂ 'ਤੇ ਨਿਰਭਰ ਕਰਦਾ ਹੈ। ਪਹਿਲੀ, ਸਰਕਾਰ ਦੀ ਪੰਜਾਬੀ ਭਾਸ਼ਾ ਨੂੰ ਮੁਕੰਮਲ ਰੂਪ ਵਿਚ ਰਾਜ ਭਾਸ਼ਾ ਦਾ ਦਰਜਾ ਦਿਵਾਉਣ ਲਈ ਪ੍ਰਤੀਬੱਧਤਾ, ਦੂਜੀ, ਅਦਾਰਿਆਂ ਦੀ ਮਜ਼ਬੂਤੀ ਅਤੇ ਤੀਜੀ ਲੋਕਾਂ ਦਾ ਇਸ ਪ੍ਰਤੀ ਸੁਚੇਤ ਹੋਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਸੰਸਾਰ ਦੀਆਂ 6500 ਜ਼ੁਬਾਨਾਂ ਵਿਚੋਂ ਦਸਵੀਂ ਜ਼ੁਬਾਨ ਹੈ ਅਤੇ ਇਹ ਤਕਰੀਬਨ 150 ਮੁਲਕਾਂ ਵਿਚ ਬੋਲੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨਸਾਨ ਨੂੰ ਆਪਣੀ ਮਾਂ ਬੋਲੀ ਨਾਲੋਂ ਮੁਨਕਰ ਨਹੀਂ ਹੋਣਾ ਚਾਹੀਦਾ। ਅੱਜ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਜੋ ਖ਼ਤਰਾ ਪੈਦਾ ਹੋ ਗਿਆ ਹੈ ਉਸਨੂੰ ਟਾਲਣ ਲਈ ਪੰਜਾਬੀ ਪੂਰੀ ਤਰ੍ਹਾਂ ਸਮਰੱਥ ਹਨ ਅਤੇ ਜੇ ਅਸੀਂ ਸਾਰੇ ਮਿਲ ਕੇ ਹੰਭਲਾ ਮਾਰੀਏ ਤਾਂ ਇਸ ਖਤਰੇ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਆਪਣੇ ਕੂੰਜੀਵਤ ਭਾਸ਼ਣ ਵਿਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਡਾ. ਸੁਤਿੰਦਰ ਸਿੰਘ ਨੂਰ ਨੇ ਕਿਹਾ ਕਿ ਪੰਜਾਬੀ ਭਾਸ਼ਾ ਕਦੇ ਵੀ ਖ਼ਤਮ ਨਹੀਂ ਹੋ ਸਕਦੀ ਕਿਉਂਕਿ ਇਸ ਦਾ ਵਿਰਸਾ ਬਹੁਤ ਹੀ ਅਮੀਰ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਰਹਿੰਦੇ 65 ਫੀਸਦੀ ਪੰਜਾਬੀਆਂ ਵਿਚੋਂ 9 ਫੀਸਦੀ ਨੇ ਹੀ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਭ ਤੋਂ ਪੁਰਾਣੀ ਜ਼ੁਬਾਨ ਪੰਜਾਬੀ ਹੀ ਹੈ ਕਿਉਂਕਿ ਇਹ ਆਰੀਆ ਲੋਕਾਂ ਦੇ ਆਉਣ ਤੋਂ ਵੀ ਕਾਫੀ ਪਹਿਲਾਂ ਪੰਜਾਬ 'ਚ ਮੌਜੂਦ ਸੀ। ਅਮਰਜੀਤ ਸਿੰਘ ਗਰੇਵਾਲ ਨੇ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਬਾਰੇ ਆਪਣੇ ਪਰਚੇ ਵਿਚ ਕਿਹਾ ਕਿ ਅਸੀਂ ਤਾਂ ਹੀ ਭਾਸ਼ਾਈ ਨੀਤੀ ਦੀ ਗੱਲ ਕਰ ਸਕਦੇ ਹਾਂ ਜੇ ਇਹ ਲੋਕਾਂ ਦੀ ਲੋੜ ਅਨੁਸਾਰ ਵਿਕਾਸ ਹੋਵੇ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਸਿਰਫ 4 ਫੀਸਦੀ ਵਿਅਕਤੀ ਅੰਗਰੇਜ਼ੀ ਬੋਲਦੇ ਹਨ ਜਿਨ੍ਹਾਂ ਤੋਂ ਅਸੀਂ ਡਰੀ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਫਸਰਸ਼ਾਹੀ ਜਾਂ ਸਰਕਾਰ ਵੀ ਚਾਹੁੰਦੀ ਹੈ ਕਿ ਲੋਕਾਂ ਦਾ ਵਿਕਾਸ ਹੋਵੇ ਪਰ ਵਿਕਾਸ ਤਾਂ ਹੀ ਸੰਭਵ ਹੈ ਜੇ ਅਸੀਂ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਅਤੇ ਉਨ੍ਹਾਂ ਦੀ ਭਾਸ਼ਾ ਵਿਚ ਵਿਕਾਸ ਨੀਤੀਆਂ ਬਣਾਈਏ।

ਇਸ ਮੌਕੇ ਡਾ. ਜਸਪਾਲ ਸਿੰਘ ਨੇ ਡਾ. ਭਗਵੰਤ ਸਿੰਘ ਦੀ ਸੰਪਾਦਨਾਂ ਹੇਠ ਜਾਗੋ ਇੰਟਰਨੈਸ਼ਨਲ ਕਿਤਾਬ ਵੀ ਜਾਰੀ ਕੀਤੀ। ਉਨ੍ਹਾਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਡਾ. ਸੁਤਿੰਦਰ ਨੂਰ, ਡਾ. ਅਮਰਜੀਤ ਸਿੰਘ ਗਰੇਵਾਲ, ਡਾ. ਰਵੇਲ ਸਿੰਘ, ਡਾ. ਸੁਰਜੀਤ ਸਿੰਘ ਭੱਟੀ ਸਮੇਤ, ਕਈ ਸ਼ਖਸੀਅਤਾਂ ਦਾ ਵਿਸੇਸ਼ ਸਨਮਾਨ ਕੀਤਾ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਡਾ. ਬਲਬੀਰ ਕੌਰ ਵਲੋਂ ਡਾ. ਜਸਪਾਲ ਸਿੰਘ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਡਾਇਰੈਕਟਰ ਭਾਸ਼ਾ ਵਿਭਾਗ ਡਾ. ਬਲਬੀਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਵੰਬਰ ਮਹੀਨੇ ਨੂੰ ਪੰਜਾਬੀ ਮਾਹ ਵਜੋਂ ਮਨਾਇਆ ਜਾ ਰਿਹਾ ਹੈ।

**ਸੈਮੀਨਾਰ ਰਿਪੋਰਟ**

## ਸਰਬਜੀਤ ਦੀ ਰਿਹਾਈ ਲਈ ਪ੍ਰਨੀਤ ਯਤਨਸ਼ੀਲ



**ਸਮਾਣਾ :** ਪਾਕਿਸਤਾਨ ਵਿਚ ਸਜ਼ਾਯਾਫਤਾ ਭਾਰਤੀ ਨਾਗਰਿਕ ਸਰਬਜੀਤ ਸਿੰਘ ਦੀ ਰਿਹਾਈ ਲਈ ਮੈਂ ਪੂਰੀ ਤਰ੍ਹਾਂ ਯਤਨਸ਼ੀਲ ਹਾਂ ਤੇ ਚਾਹੁੰਦੀ ਹਾਂ ਕਿ ਪਾਕਿਸਤਾਨ ਸਰਕਾਰ ਸਰਬਜੀਤ ਨੂੰ ਜਲਦ ਤੋਂ ਜਲਦ ਰਿਹਾਅ ਕਰਕੇ ਭਾਰਤ ਭੇਜ ਦੇਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਸਮਾਣਾ ਵਿਖੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਨਿਰਮਲ ਸਿੰਘ ਦੇ ਵਿਆਹ ਸਮਾਗਮ ਵਿਚ ਸ਼ਿਰਕਤ ਕਰਨ ਮੌਕੇ ਕੀਤਾ। ਕੇਂਦਰੀ ਮੰਤਰੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਸਰਬਜੀਤ ਦੀ ਰਿਹਾਈ ਦੋਵਾਂ ਮੁਲਕਾਂ 'ਚ ਚੱਲ ਰਹੀ ਆਪਸੀ ਗੱਲਬਾਤ ਦੇ ਆਧਾਰ 'ਤੇ ਅਤੇ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਹੋਣੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਪਹਿਲਾਂ ਦਹਿਸ਼ਤਵਾਦ ਨੂੰ ਬੜਾਵਾ ਦਿੱਤਾ ਸੀ ਤੇ ਹੁਣ ਖ਼ੁਦ ਉਹ ਇਸ ਦਹਿਸ਼ਤਵਾਦ ਦੀ ਮਾਰ ਹੇਠ ਹੈ। ਇਸ ਸਮੇਂ ਪਾਕਿਸਤਾਨ ਦੇ ਹਾਲਾਤ ਬੇਹੱਦ ਗੰਭੀਰ ਹੋ ਚੁੱਕੇ ਹਨ। ਉਥੇ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਦਹਿਸ਼ਤਵਾਦ ਦੀ ਭੇਟ ਚੜ ਰਹੇ ਹਨ।


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Emirates
Asiana Airlines
KOREAN AIR
SINGAPORE AIRLINES
CATHAY PACIFIC
Lufthansa
CHINA AIRLINES
We Also Offer Notary Service



Editing & Translation
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!



12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus
1.800.339.5145
East Bay Campus
1.800.611.4054
Choose which is right for you...
Your career is a call away. Call today!
www.ncpcollegeofnursing.com



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਕੌਣ ਹੈ ਹੁਲੜਬਾਜ਼ ਅਤੇ ਕੌਣ ਹੈ ਹੋਛੇਪਨ 'ਤੇ ਉਤਾਰੂ

## ਜਸਜੀਤ ਸਿੰਘ ਚੇਲਾ ਅਤੇ ਉਸਦੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੀ ਦੋਗਲੀ ਨੀਤੀ

ਆਪਣੇ ਅਖਬਾਰ 'ਅਮ੍ਰਿਤਸਰ ਟਾਈਮਜ਼' ਦੇ ਪਿਛਲੇ ਅੰਕ ਵਿਚ ਇਕ ਪੰਥਕ ਜਥੇਬੰਦੀ ਵਿਰੁਧ ਰੱਜ ਕੇ ਜ਼ਹਿਰ ਉਗਲਣ ਅਤੇ ਬਾਦਲ ਦਲ ਦੀ ਪਿੱਠ ਥਾਪੜਨ ਨਾਲ ਜਸਜੀਤ ਸਿੰਘ ਚੇਲੇ ਦਾ ਦੋਗਲਾ ਚਿਹਰਾ ਨੰਗਾ ਹੋ ਗਿਆ ਹੈ। ਦੁਨੀਆਂ ਨੂੰ ਆਪਣੇ ਇਸ਼ਾਰਿਆਂ 'ਤੇ ਨੱਚਦੀ ਦੇਖਣ ਦਾ ਚਾਹਵਾਨ ਇਹ ਸ਼ਖਸ ਹਰ ਹਫਤੇ ਕੋਈ ਨਾ ਕੋਈ ਡਰਾਮਾ ਜ਼ਰੂਰ ਕਰਦਾ ਹੈ। ਇਕ ਪਾਸੇ ਜਿਥੇ ਇਹ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਲੜਾਈ ਲਈ ਸੰਗਤਾਂ ਤੋਂ ਪਟੀਸ਼ਨ 'ਤੇ ਸਾਈਨ ਕਰਵਾਉਣ ਲਈ ਮੁਹਿੰਮ ਚਲਾਉਂਦਾ ਹੈ ਉਥੇ ਦੂਜੇ ਪਾਸੇ ਬਾਦਲਾਂ ਨਾਲ ਯਾਰੀ ਪੁਗਾਉਣ ਲਈ ਬਾਦਲ ਦਲੀਆਂ ਦੀਆਂ ਤਾਰੀਫਾਂ ਦੇ ਪੁਲ ਵੀ ਬੰਨ੍ਹਦਾ ਹੈ। ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਦੋਵੇਂ ਬਾਦਲ ਭਾਈ ਦਵਿੰਦਰਪਾਲ ਸਿੰਘ ਭੁੱਲਰ ਨੂੰ ਅਤਿਵਾਦੀ ਕਹਿੰਦੇ ਹਨ।

ਪਹਿਲੀ ਨਵੰਬਰ ਨੂੰ ਯੂਬਾ ਸਿਟੀ ਵਿਚ ਹੋਏ ਨਗਰ ਕੀਰਤਨ ਦੌਰਾਨ ਬਾਦਲ ਪਰਿਵਾਰ ਅਤੇ ਅਕਾਲੀ ਦਲ (ਬਾਦਲ) ਵਿਰੁਧ ਅਕਾਲੀ ਦਲ (ਅੰਮ੍ਰਿਤਸਰ) ਦੇ ਕੁਝ ਵਰਕਰਾਂ ਅਤੇ ਕੁਝ ਹੋਰ ਪੰਥ ਦਰਦੀਆਂ ਵਲੋਂ ਕੀਤੀ ਗਈ ਨਾਅਰੇਬਾਜ਼ੀ ਦੀ ਘਟਨਾ ਨੂੰ ਜਿਸ ਤਰੀਕੇ ਨਾਲ ਜਸਜੀਤ ਸਿੰਘ ਚੇਲੇ ਦੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਨੇ ਆਪਣਾ ਰੰਗ ਦੇ ਕੇ ਪੇਸ਼ ਕੀਤਾ ਹੈ, ਉਸ ਤੋਂ ਨਿਸ਼ਚਿਤ ਤੌਰ 'ਤੇ ਬਾਦਲ ਦਲ ਪ੍ਰਤੀ ਵਫਾਦਾਰੀ ਦੀ ਬੋ ਆਉਂਦੀ ਹੈ। ਹੋਇਆ ਇਹ ਸੀ ਕਿ ਨਗਰ ਕੀਰਤਨ ਦੌਰਾਨ ਅਕਾਲੀ ਦਲ (ਬਾਦਲ) ਦਾ ਫਲੋਟ ਆਉਣ 'ਤੇ ਉਥੇ ਖੜ੍ਹੇ ਨੌਜਵਾਨਾਂ ਨੇ 'ਬਾਦਲ ਪਰਿਵਾਰ ਮੁਰਦਾਬਾਦ' ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਇਸ ਮੌਕੇ ਬਾਦਲ ਦਲ ਦੇ ਕਿਸੇ ਵੀ ਮੈਂਬਰ ਦਾ ਨਾਂ ਲੈ ਕੇ ਕੋਈ ਅਪਸ਼ਬਦ ਨਹੀਂ ਬੋਲਿਆ ਗਿਆ। ਪਰ ਚੇਲਾ ਜੀ ਨੇ ਬਦਲ ਦਲੀਆਂ ਦੀ ਹਮਦਰਦੀ ਜਿੱਤਣ ਅਤੇ ਬਾਦਲ ਪਰਿਵਾਰ ਪ੍ਰਤੀ ਆਪਣੇ ਮੋਹ ਤੇ ਸਤਿਕਾਰ ਨੂੰ ਜਾਹਰ ਕਰਨ ਲਈ ਆਪਣੇ ਅਖਬਾਰ ਵਿਚ ਕੁਝ ਦਾ ਕੁਝ ਬਣਾ ਧਰਿਆ ਹੈ। ਇਥੇ ਅਸੀਂ ਉਸੇ ਦਾ ਕੁਝ ਜਵਾਬ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਂਜ ਤਾਂ ਇਹ ਜਵਾਬ ਵੀ ਪੱਤਰਕਾਰੀ ਦੇ ਲਿਹਾਜ ਨਾਲ ਉਨ੍ਹਾਂ ਦੇ ਹੀ ਅਖਬਾਰ ਵਿਚ ਛਪਣਾ ਚਾਹੀਦਾ ਸੀ ਪਰ ਸਾਨੂੰ ਇਸ ਗੱਲ ਦਾ ਪਿਛਲੇ ਤਜਰਬੇ ਦੇ ਆਧਾਰ 'ਤੇ ਯਕੀਨ ਹੈ ਕਿ ਉਨ੍ਹਾਂ ਨੇ ਸਾਡੀ ਗੱਲ ਨੂੰ ਤੋੜ-ਮਰੋੜ ਕੇ ਕੁਝ ਦਾ ਕੁਝ ਬਣਾ ਧਰਨਾ ਹੈ।

ਖਬਰ ਵਿਚ ਲਿਖਿਆ ਗਿਆ ਹੈ, "ਦੋਹਾਂ ਰਾਜਸੀ ਪਾਰਟੀਆਂ (ਬਾਦਲ ਦਲ ਤੇ ਮਾਨ ਦਲ) ਵਲੋਂ ਪੰਜਾਬ ਵਿਚ ਖੇਡੀ ਜਾਂਦੀ ਭੱਦੀ ਰਾਜਸੀ ਖੇਡ ਦੀ ਕੈਲੀਫੋਰਨੀਆ ਵਿਚ ਵੀ ਝਲਕ ਮਿਲੀ।" ਸਪਸ਼ਟ ਹੈ ਕਿ ਚੇਲਾ ਜੀ ਦੀ ਅਖਬਾਰ ਅਤੇ ਇਸ ਦੇ ਅਮਲੇ ਨੂੰ ਬਾਦਲ ਦਲ ਤੇ ਮਾਨ ਦਲ ਵਿਚ ਕੋਈ ਫਰਕ ਨਜ਼ਰ ਨਹੀਂ ਆਇਆ। ਇਹ ਹੈ ਇਕ ਕੌਮੀ ਜਥੇਬੰਦੀ ਦੇ ਵੱਡੇ ਘਾਗ ਸਮਝੇ ਜਾਂਦੇ ਸਿਆਸਤਦਾਨ ਦੀ ਪਹੁੰਚ। ਇਸ ਸੋਚ ਪਿਛੇ ਜੋ ਭਾਵਨਾ ਕੰਮ ਕਰਦੀ ਹੈ ਉਸ ਨੂੰ ਸਮਝਣਾ ਕੋਈ ਔਖਾ ਕੰਮ ਨਹੀਂ। ਘੁਮਿਆਰੀ ਨੇ ਆਪਣੇ ਹੀ ਭਾਂਡੇ ਨੂੰ ਵਡਿਆਉਣਾ ਹੁੰਦਾ ਹੈ। ਚੇਲਾ ਜੀ ਐਲਾਨੀਆ ਆਪਣੇ ਆਪ ਨੂੰ ਅਕਾਲੀ ਦਲ (ਪੰਚ ਪ੍ਰਧਾਨੀ) ਯਾਨਿ ਦਲਜੀਤ ਸਿੰਘ ਬਿੱਟੂ ਦਲ ਨਾਲ ਜੋੜਦੇ ਹਨ। ਪੰਚ ਪ੍ਰਧਾਨੀ ਦਲ ਨੂੰ ਉਤਮ ਦੱਸਣ ਲਈ ਸਾਰਿਆਂ ਦਾ ਚੀਰ ਹਰਨ ਕਰਨ ਤੋਂ ਵੀ ਬਾਜ ਨਹੀਂ ਆਉਂਦੇ।

ਇਥੇ ਪੂਰੀ ਖਬਰ ਦੁਹਰਾਉਣ ਦੀ ਥਾਂ ਇਸ ਦੇ ਸਾਰ ਦੀ ਗੱਲ ਕਰਦੇ ਹਾਂ। ਖਬਰ ਦਾ ਸਾਰ ਇਹ ਹੈ ਕਿ ਸਾਰੇ ਪੁਆੜੇ ਦੀ ਜੜ ਅਕਾਲੀ ਦਲ (ਅੰਮ੍ਰਿਤਸਰ) ਵਾਲੇ ਹਨ। ਇਹ ਹੋਛੇ ਹੁੱਲੜਬਾਜ਼ ਹਨ ਅਤੇ ਇਨ੍ਹਾਂ ਦਾ ਕੰਮ ਹਰ ਸਮਾਗਮ ਵਿਚ ਹੁੱਲੜਬਾਜ਼ੀ ਕਰਨਾ ਹੈ। ਨਾਲ ਹੀ ਉਨ੍ਹਾਂ ਨੂੰ 'ਢਾਈ ਟੋਟਰੂ' ਹੋਣ ਦਾ ਫਤਵਾ ਵੀ ਦਿੱਤਾ ਗਿਆ ਹੈ।

ਸਭ ਤੋਂ ਪਹਿਲਾਂ ਆਉਂਦੇ ਹਾਂ ਹੁੱਲੜਬਾਜ਼ੀ ਦੇ ਦੋਸ਼ ਵੱਲ। ਪੰਜਾਬ ਵਿਚ ਵਿਚਰ ਰਹੇ ਪੰਚ ਪ੍ਰਧਾਨੀ ਦਲ, ਜਿਸ ਦੇ ਕਿ ਚੇਲਾ ਐਂਡ ਪਾਰਟੀ ਆਪਣੇ ਆਪ ਨੂੰ ਵੱਡੇ ਲਫਟੈਣ ਗਿਣਦੇ ਹਨ, ਉਸੇ ਪੰਚ ਪ੍ਰਧਾਨੀ ਦਲ ਵਲੋਂ ਪੰਜਾਬ ਵਿਚ ਨਗਰ ਕੀਰਤਨਾਂ ਅਤੇ ਧਾਰਮਿਕ ਜੋੜ ਮੇਲਿਆਂ ਵਿਚ ਬਾਦਲਕਿਆਂ ਨੂੰ ਪਾਣੀ ਪੀ ਪੀ ਕੇ ਕੋਸਿਆ ਜਾਂਦਾ ਹੈ। ਉਨ੍ਹਾਂ ਵਿਰੁੱਧ ਨਾਅਰੇਬਾਜ਼ੀ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਨ੍ਹਾਂ ਵਿਰੁੱਧ ਦੋਸ਼ ਲਾਏ ਜਾਂਦੇ ਹਨ ਅਤੇ ਚੇਲਾ ਐਂਡ ਪਾਰਟੀ ਆਪਣੇ ਅਖਬਾਰ ਵਿਚ ਪੰਚ ਪ੍ਰਧਾਨੀ ਦਲ ਦੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਬਹੁਤ ਮਾਣ ਨਾਲ ਛਾਪਦੇ ਹਨ ਤੇ ਇਸ ਨੂੰ ਪੰਥ ਦੀ ਵੱਡੀ ਸੇਵਾ ਵੀ ਦੱਸਦੇ ਹਨ। ਜੇ ਕਿਤੇ ਅਕਾਲੀ ਦਲ (ਅੰਮ੍ਰਿਤਸਰ) ਵਾਲੇ ਬਾਦਲਕਿਆਂ ਵਿਰੁਧ ਚਾਰ ਨਾਅਰੇ ਮਾਰ ਦੇਣ ਤਾਂ ਉਹ ਹੁੱਲੜਬਾਜ਼ ਅਤੇ ਪੁਆੜੇ ਦੀ ਜੜ੍ਹ ਬਣ ਜਾਂਦੇ ਹਨ। ਕਿਹੀ ਹੈ ਦਿਆਨਤਦਾਰੀ ਅਤੇ ਕਿਹੀ ਹੈ ਪੱਤਰਕਾਰੀ?

ਅਸੀਂ ਸਮਝਦੇ ਹਾਂ ਕਿ ਪੰਜਾਬ ਵਿਚ ਬਾਦਲ ਸਰਕਾਰ ਪੰਚ ਪ੍ਰਧਾਨੀ ਦਲ ਦੇ ਸਾਰੇ ਆਗੂਆਂ ਨੂੰ ਝੂਠੇ-ਸੱਚੇ ਕੇਸਾਂ ਵਿਚ ਫਸਾ ਰਹੀ ਹੈ। ਬਾਦਲ ਸਰਕਾਰ ਅਤੇ ਉਨ੍ਹਾਂ ਦੇ ਹਮਾਇਤੀਆਂ ਦਾ ਵਿਰੋਧ ਕਰਨ ਦੀ ਬਜਾਇ ਚੇਲਾ ਜੀ ਬਾਦਲਦਲੀਆਂ ਦੇ ਹਮਾਇਤੀ ਅਤੇ ਰੱਖਿਅਕ ਬਣਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਹੈ ਨਾ ਦੋਗਲੀ ਨੀਤੀ?

ਅਕਾਲੀ ਦਲ (ਅੰਮ੍ਰਿਤਸਰ) ਆਪਣੀ ਇਸ ਸਪਸ਼ਟ ਨੀਤੀ ਉਤੇ ਕਾਇਮ ਹੈ ਕਿ ਹਰ ਪੰਥ ਵਿਰੋਧੀ ਸੰਗਠਨ ਸ਼ਖਸ ਜਾਂ ਦਲ ਦਾ ਠੋਕ ਕੇ ਵਿਰੋਧ ਕੀਤਾ ਜਾਏਗਾ। ਚਾਹੀਦਾ ਤਾਂ ਇਹ ਸੀ ਕਿ ਚੇਲਾ ਜੀ ਪੰਚ ਪ੍ਰਧਾਨੀ ਦਲ ਦੇ ਆਗੂਆਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ ਵਿਰੁਧ ਰੋਸ ਪ੍ਰਗਟਾਉਣ ਲਈ ਬਾਦਲਾਂ ਨੂੰ ਥਾਪੜਾ ਦੇਣ ਵਾਲੇ ਲੋਕਾਂ ਦਾ ਵਿਰੋਧ ਕਰਨ ਲਈ ਸਾਡਾ ਸਾਥ ਦਿੰਦੇ। ਪਰ ਪੰਚ ਪ੍ਰਧਾਨੀ ਦਲ ਨੂੰ ਖਤਮ ਕਰਨ 'ਤੇ ਤੁਲੇ ਲੋਕਾਂ ਦੇ ਸਹਿਯੋਗੀਆਂ ਦੀ ਪਿੱਠ ਥਾਪੜਨ ਦੀ ਦੋਗਲੀ ਨੀਤੀ ਸਾਡੀ ਸਮਝ ਤੋਂ ਬਾਹਰ ਹੈ।

ਪੰਥ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਘੱਟੇ ਵਿਚ ਰੋਲ ਕੇ ਸਿੱਖ ਕੌਮ ਦੇ ਇਤਿਹਾਸਕ ਵਿਰਸੇ ਨੂੰ ਤਬਾਹ ਕਰਨ ਵਾਲੇ, ਸਿੱਖਾਂ ਦੇ ਹੱਕਾਂ ਲਈ ਜੂਝਣ ਵਾਸਤੇ ਬਣਾਈ ਪਾਰਟੀ ਨੂੰ ਪਰਿਵਾਰਕ ਪਾਰਟੀ ਬਣਾਉਣ ਵਾਲੇ, ਹਿੰਦੂਤਵੀਆਂ ਦੇ ਹੱਥਠੋਕੇ, ਅਕਾਲ ਤਖ਼ਤ ਦੀ ਪਵਿੱਤਰਤਾ ਨੂੰ ਪਲੀਤ ਕਰਨ ਵਾਲੇ, ਸਿੱਖ ਕੌਮ ਦੇ ਦੁਸ਼ਮਣ ਅਤੇ ਅਜੋਕੇ ਡੋਗਰੇ ਬਾਦਲਾਂ ਦਾ ਕਿਰਦਾਰ ਕਿਸੇ ਤੋਂ ਛੁਪਿਆ ਨਹੀਂ ਹੈ। ਫਿਰ ਵੀ ਚੇਲਾ ਜੀ ਦਾ ਬਾਦਲ ਦਲ ਨਾਲ ਏਨਾ ਮੋਹ ਕਿ ਉਨ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਵਰਗੀ ਸਿਰੇ ਦੀ ਪੰਥਕ ਪਾਰਟੀ ਨੂੰ ਬਾਦਲ ਦਲ ਨਾਲੋਂ ਵੀ ਨਖਿੱਧ ਸਾਬਤ ਕਰਨ ਲਈ ਕੋਈ ਕਸਰ ਬਾਕੀ ਨਾ ਛੱਡਣਾ ਸਮਝ ਤੋਂ ਬਾਹਰ ਹੈ। ਸਵਾਲ ਇਹ ਨਹੀਂ ਕਿ ਤੁਸੀਂ ਸਾਨੂੰ ਕੌਮਘਾਤੀ ਬਾਦਲਕਿਆਂ ਨਾਲੋਂ ਵੀ ਮਾੜਾ ਮਿਥਿਆ ਹੈ, ਸਵਾਲ ਤਾਂ ਇਹ ਹੈ ਕਿ ਚੇਲਾ ਜੀ ਕਹਾਉਂਦੇ ਖਾਲਿਸਤਾਨੀ ਹਨ ਤੇ ਈਨ ਬਾਦਲਕਿਆਂ ਦੀ ਮੰਨਦੇ ਹਨ। ਜਿਸ ਪਾਰਟੀ ਦੇ ਆਗੂ ਚੇਲਾ ਜੀ ਵਰਗੇ ਹੋਣ, ਉਸ ਦੇ ਲਈ ਤਾਂ ਫਿਰ ਅਰਦਾਸ ਹੀ ਕੀਤੀ ਜਾ ਸਕਦੀ ਹੈ।

ਉਂਜ ਜਸਜੀਤ ਸਿੰਘ ਚੇਲਾ ਅਤੇ ਉਸਦੇ ਅਖਬਾਰ ਦੀ ਬਾਦਲਾਂ ਅਤੇ ਪੰਥ ਵਿਰੋਧੀਆਂ ਪ੍ਰਤੀ ਸ਼ਰਧਾ ਅਤੇ ਵਫਾਦਾਰੀ ਉਦੋਂ ਹੀ ਪ੍ਰਗਟ ਹੋ ਗਈ ਸੀ ਜਦੋਂ ਦੋ ਸਾਲ ਪਹਿਲਾਂ ਉਨ੍ਹਾਂ ਦੇ ਅਖਬਾਰ ਦਾ ਇਕ ਵਿਸ਼ੇਸ਼ ਅੰਕ ਜਲੰਧਰ ਵਿਚ ਬਾਦਲ ਸਾਹਿਬ ਅਤੇ ਉਸ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਰਿਲੀਜ਼ ਕੀਤਾ ਸੀ ਜੋ ਪੰਥਕ ਪਰਚੇ 'ਫਤਿਹਨਾਮਾ' ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਸਾੜਦਾ ਫਿਰਦਾ ਹੈ। ਇਹ ਤਾਂ ਹੁਣ ਚੇਲਾ ਜੀ ਦੱਸ ਸਕਦੇ ਹਨ ਕਿ ਮਨੋਰੰਜਨ ਕਾਲੀਆ ਨਾਲ ਉਨ੍ਹਾਂ ਦੀ ਐਸੀ ਕਿਹੜੀ ਭਾਈਵਾਲੀ ਸੀ ਕਿ ਪਰਚਾ ਉਸ ਤੋਂ ਰਿਲੀਜ਼ ਕਰਾਉਣਾ ਪਿਆ ਅਤੇ ਉਸਨੇ ਕੀਤਾ।

ਜਿਹੜੇ ਬੰਦੇ ਦਾ ਸਿਧਾਂਤ ਕੋਈ ਨਾ ਹੋਵੇ ਉਹ ਕਿਸੇ ਦਾ ਸੱਕਾ ਨਹੀਂ ਹੁੰਦਾ। ਹੁਣ ਭਲਾ ਅਜਿਹਾ ਬੰਦਾ ਪੰਚ ਪ੍ਰਧਾਨੀ ਵਾਲਿਆਂ ਨੂੰ ਕੀ ਮੂੰਹ ਦਿਖਾਏਗਾ? ਚਾਹੀਦਾ ਤਾਂ ਇਹ ਹੈ ਕਿ ਉਹ ਸਾਰੀ ਸੰਗ-ਸ਼ਰਮ ਲਾ ਕੇ ਬਾਦਲਦਲੀਆਂ ਦੇ ਪੱਖ ਵਿਚ ਨਿੱਤਰ ਆਵੇ। ਅਖਬਾਰ ਵੀ ਤਾਂ ਚਲਾਉਣੀ ਹੈ, ਉਹਦੇ ਲਈ ਮਾਨ ਦਲੀਏ ਤਾਂ ਇਸ਼ਤਿਹਾਰ ਦੇਣੋਂ ਰਹੇ। ਬਾਦਲ ਦਲ ਦੇ ਨਵੇਂ ਬਣੇ ਅਮਰੀਕੀ ਢਾਂਚੇ ਦੇ ਇਸ਼ਤਿਹਾਰ ਕੈਸ਼ ਕਰਨ ਲਈ ਨੰਬਰ ਬਣਾਉਂਦੇ ਆਪਣੇ ਹੀ ਚਿਹਰਾ ਨੰਗਾ ਕਰ ਬੈਠੇ। ਉਂਜ ਚੇਲੇ ਅਤੇ ਉਸਦੇ ਅਖਬਾਰ ਲਈ ਅਜਿਹਾ ਦੋਗਲਾਪਣ ਪਹਿਲਾ ਮੌਕਾ ਨਹੀਂ। ਇਸਤੋਂ ਪਹਿਲਾਂ ਵੀ ਸੌਦੇਬਾਜ਼ੀ ਠੀਕ ਨਾ ਬੈਠਣ ਤੇ ਉਹ ਕਿਸੇ ਇਕ ਸਾਧ ਦੇ ਤਾਂ ਮਗਰ ਪੈ ਜਾਦੇ ਹਨ, ਜਦੋਂਕਿ ਹੋਰਨਾਂ ਦੀ ਇਸ਼ਤਿਹਾਰਾਂ ਬਦਲੇ ਪੂਰੀ ਝੋਲੀਚੁਕੀ ਕਰਦੇ ਹਨ। ਸਭ ਜਾਣਦੇ ਹਨ ਕਿ ਸਾਧ ਸਾਰੇ ਇਕੋ ਜਿਹੇ ਹੀ ਹਨ।

ਖਬਰ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜਦੋਂ ਜਵਾਬ ਵਿਚ ਬਾਦਲਦਲੀਆਂ ਨੇ ਨਾਅਰੇਬਾਜ਼ੀ ਕੀਤੀ ਤਾਂ ਮਾਨਦਲੀਆਂ ਦੇ ਹੰਭ ਕੇ ਸੰਘ ਬੈਠ ਗਏ ਤੇ ਨਿਮੋਝੂਣੇ ਹੋ ਕੇ ਚੁਪ ਕਰ ਗਏ। ਸਾਡਾ ਬੇਸ਼ਕ ਸੰਘ ਬੈਠ ਗਿਆ ਹੋਵੇ (ਜੋ ਕਿ ਬੈਠਿਆ ਨਹੀਂ) ਪਰ ਸਾਡਾ ਵਿਰੋਧ ਕਰਨਾ ਇਸ ਗੱਲ ਨਾਲ ਗਲਤ ਸਿੱਧ ਨਹੀਂ ਹੋ ਜਾਂਦਾ। ਜੇ ਸਰਕਾਰੀ ਤਸ਼ੱਦਦ ਅਤੇ ਘੁਸਪੈਠ ਨਾਲ ਖਾੜਕੂ ਲਹਿਰ ਵਿਚ ਖੜੋਤ ਆ ਗਈ ਤਾਂ ਇਸਦਾ ਮਤਲਬ ਇਹ ਨਹੀਂ ਲਿਆ ਜਾ ਸਕਦਾ ਕਿ ਖਾੜਕੂ ਗਲਤ ਸਨ।

ਸਾਡੀ ਜਥੇਬੰਦੀ ਦੇ ਮੈਂਬਰਾਂ ਦੀ ਜਿਸ ਗਿਣਤੀ ਨੂੰ ਚੇਲਾ ਜੀ ਨੇ 'ਢਾਈ ਟੋਟਰੂ' ਦੱਸਿਆ ਹੈ, ਉਸ ਦੀ ਗਿਣਤੀ ਤੁਹਾਡੀ ਕੌਮੀ ਜਥੇਬੰਦੀ ਦੀ ਸਾਲਾਨਾ ਕਾਨਫਰੰਸ ਦੀ ਗਿਣਤੀ ਨਾਲੋਂ ਵੱਧ ਸੀ।

ਨਾਲੇ ਦੂਜਿਆਂ ਨੂੰ ਸੁਧਰ ਜਾਣ ਦੀ ਸਲਾਹ ਦੇਣ ਨਾਲੋਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚੰਗਾ ਹੁੰਦਾ ਹੈ। ਜਿਨ੍ਹਾਂ ਦੇ ਆਪਣੇ ਘਰ ਸ਼ੀਸ਼ੇ ਦੇ ਹੋਣ ਉਨ੍ਹਾਂ ਨੂੰ ਦੂਜਿਆਂ ਦੇ ਘਰਾਂ ਉਤੇ ਪੱਥਰ ਨਹੀਂ ਮਾਰਨੇ ਚਾਹੀਦੇ। ਸਾਨੂੰ ਸੁਧਰ ਜਾਣ ਦੀ ਸਲਾਹ ਤਾਂ ਕੋਈ ਤਾਂ ਦੇਵੇ ਜੇ ਅਸੀਂ ਡਰੱਗ ਢੋਂਦੇ ਜਾਂ ਵੇਚਦੇ ਫੜੇ ਗਏ ਹੋਈਏ, ਨਕਲੀ ਸੀਡੀਆਂ ਬਣਾਉਣ ਦਾ ਧੰਦਾ ਕਰਨ ਦੇ ਦੋਸ਼ ਵਿਚ ਫੜੇ ਗਏ ਹੋਈਏ, ਇੰਮੀਗਰੇਸ਼ਨ ਜਾਂ ਇੰਸ਼ੋਰੈਂਸ ਦੇ ਫਰਾਡ ਵਿਚ ਅੰਦਰ ਗਏ ਹੋਈਏ, ਜਾਂ ਫਿਰ ਸੁਖਪ੍ਰੀਤ ਸਿੰਘ ਉਦੋ ਕੇ ਜਿਹੇ ਕੌਮੀ ਹੀਰਿਆਂ ਤੇ ਬੇਵਜ੍ਹਾ ਚਿਕੜ ਉਛਾਲੀਏ, ਜਾਂ ਫਿਰ ਸਿੱਖ ਨੌਜਵਾਨਾਂ ਦਾ ਘਾਤ ਕਰਨ ਵਾਲੇ ਪਰਮਰਾਜ ਉਮਰਾਨੰਗਲ ਨਾਲ ਡਿਨਰ ਖਾਂਦੇ ਹੋਈਏ, ਸਿੱਖ ਸਿਆਸਤ ਅਤੇ ਗੁਰਦਵਾਰੇ 'ਤੇ ਕਬਜ਼ਾ ਜਮਾਈ ਰਖਣ ਲਈ ਤਿਕੜਮਬਾਜੀਆਂ ਤੇ ਉਤਰ ਆਈਏ, ਜਾਂ ਪੱਤਰਕਾਰੀ ਵਰਗੇ ਜਿੰਮੇਵਾਰੀ ਵਾਲੇ ਕੰਮ ਨਾਲ ਜਬਰ-ਜਿਨਾਹ ਕਰੀਏ।

### ਸੁਧਰ ਜਾਣ ਦੀ ਕਿਸਨੂੰ ਲੋੜ ਹੈ?

ਸੁਧਰ ਜਾਣ ਦੀ ਬਹੁਤੀ ਜਰੂਰਤ ਉਨ੍ਹਾਂ ਨੂੰ ਹੈ ਜੋ ਗੁਰੂ ਦੀ ਪਵਿਤਰ ਨਗਰੀ ਦੇ ਨਾਂ ਤੇ ਪੱਤਰਕਾਰੀ ਦੀ ਦੁਕਾਨ ਚਲਾਉਂਦੇ ਹਨ, ਅੱਖਾਂ ਨਾਲ ਦੇਖੀਆਂ ਤੇ ਕੰਨਾਂ ਨਾਲ ਸੁਣੀਆਂ ਦੋ ਘਟਨਾਵਾਂ 'ਚੋਂ ਇਕ ਨੂੰ ਇਸ ਲਈ ਖਬਰ ਬਣਨ ਤੋਂ ਰੋਕ ਦਿੰਦੇ ਹਨ ਕਿ ਉਨ੍ਹਾਂ ਦਾ ਆਪਣਾ ਹੀ ਢਿਡ ਨੰਗਾ ਹੋਵੇਗਾ ਤੇ ਦੂਜੀ ਖਬਰ ਵਿਚ ਬਾਤ ਦਾ ਬਤੰਗੜ ਬਣਾ ਕੇ ਨਿਜੀ ਭੜਾਸ ਕਢਦੇ ਹਨ, ਕਿਉਂਕਿ ਚੇਲਾ ਜੀ ਦੂਜੀ ਖਬਰ ਨਾਲ ਸਬੰਧਤ ਲੋਕਾਂ ਨੂੰ ਪਸੰਦ ਨਹੀਂ ਕਰਦੇ ਕਿਉਂਕਿ ਉਹ ਲੋਕ ਉਨ੍ਹਾਂ ਦੀ ਹਓਮੈ ਨੂੰ ਪੱਠੇ ਨਹੀਂ ਪਾਉਂਦੇ। ਕੀ ਪਾਠਕਾਂ ਨੂੰ ਦੱਸਿਆ ਜਾਏਗਾ ਕਿ ਯੂਬਾ ਸਿਟੀ ਨਗਰ ਕੀਰਤਨ ਦੀ ਪੂਰਬਲੀ ਸ਼ਾਮ ਗੁਰੂਘਰ ਦੀ ਹਦੂਦ ਅੰਦਰ ਦੋ ਧੜਿਆਂ ਵਿਚ ਹੋਈ ਲੜਾਈ ਦਾ ਧੂੰਆਂ ਤਕ ਕਿਉਂ ਨਾ ਕੱਢਿਆ ਗਿਆ ਜਦੋਂਕਿ ਇਸ ਲੜਾਈ ਨਾਲ ਸੰਗਤਾਂ ਦੇ ਮਨਾਂ ਨੂੰ ਠੇਸ ਪਹੁੰਚੀ ਅਤੇ ਨਗਰ ਕੀਰਤਨ ਵਾਲੇ ਦਿਨ ਇਸਦਾ ਸਾਇਆ ਬਣਿਆ ਰਿਹਾ।

ਸਾਨੂੰ ਸੁਧਰ ਜਾਣ ਦੀ ਨਸੀਹਤ ਦੇਣ ਵਾਲੇ ਭੱਦਰਪੁਰਸ਼ ਅਤੇ ਪੱਤਰਕਾਰੀ ਦੇ ਰਾਖੇ ਹੋਣ ਦੇ ਦਾਅਵੇਦਾਰ ਕੀ ਆਪਣੇ ਪਾਠਕਾਂ ਨੂੰ ਦੱਸਣਗੇ ਕਿ ਇਹ ਖਬਰ ਦਬਾਈ ਕਿਉਂ ਗਈ? ਪੱਤਰਕਾਰੀ ਦੀ ਕਿਸ ਕਿਤਾਬ ਵਿਚ ਲਿਖਿਆ ਹੈ ਕਿ ਜਿਥੇ ਆਪਣੇ ਹਿਤ ਜੁੜੇ ਹੋਣ ਖਬਰ ਨੂੰ ਖਾ ਹੀ ਜਾਓ ਅਤੇ ਆਪਣੇ ਵਿਰੋਧੀਆਂ ਨੂੰ ਬਦਨਾਮ ਕਰਨ ਲਈ ਬੇ-ਸਿਰ ਪੈਰ ਖਬਰਾਂ ਨੂੰ ਮਸਾਲੇ ਲਾ ਲਾ ਕੇ ਛਾਪੋ। ਇਹ ਖਬਰ ਉਨ੍ਹਾਂ ਦੀ ਆਪਣੀ ਹੀ ਜਥੇਬੰਦੀ ਦੇ ਦੋ ਧੜਿਆਂ ਵਿਚਕਾਰ ਹੋਈ ਲੜਾਈ ਦੀ ਸੀ। ਬੇਸ਼ਕ ਕਿਸੇ ਹੋਰ ਅਖਬਾਰ ਵਿਚ ਇਹ ਖਬਰ ਪੜ੍ਹ ਕੇ ਸਾਨੂੰ ਕੋਈ ਖੁਸ਼ੀ ਨਹੀਂ ਹੋਈ ਕਿਉਂਕਿ ਇਹ ਖਬਰ ਖੁਸ਼ ਹੋਣ ਵਾਲੀ ਹੈ ਹੀ ਨਹੀਂ, ਪਰ ਪੱਤਰਕਾਰੀ ਦੇ ਸਿਧਾਂਤਾਂ ਦਾ ਢਿੰਡੋਰਾ ਪਿਟਣ ਵਾਲੇ ਸੰਪਾਦਕ ਜੀ ਇਸ ਖਬਰ ਨੂੰ ਮਾਰ ਕੇ ਆਪਣਾ ਫਰਜ਼ ਪਛਾਣਨੋਂ ਰਹਿ ਗਏ।

ਇਸਦੇ ਮੁਕਾਬਲੇ ਇਕ ਛੋਟੀ ਜਿਹੀ ਘਟਨਾ ਜਿਸ ਵਿਚ ਪੰਥਕ ਸੋਚ ਵਾਲੇ ਕੁਝ ਨੌਜਵਾਨਾਂ ਨੇ ਬਾਦਲ ਪਰਿਵਾਰ ਵਿਰੁਧ ਨਾਅਰੇਬਾਜ਼ੀ ਕੀਤੀ ਅਤੇ 'ਖਾਲਿਸਤਾਨ ਜਿੰਦਾਬਾਦ' ਦੇ ਨਾਅਰੇ ਲਾਏ, ਵਿਚੋਂ ਚੇਲਾ ਜੀ ਅਤੇ ਉਨ੍ਹਾਂ ਦੇ ਅਖਬਾਰ ਨੂੰ 'ਹੁਲੜਬਾਜ਼ੀ' ਵੀ ਨਜ਼ਰ ਆਈ, 'ਹੋਛਾਪਣ' ਵੀ। ਹੁਣ ਇਨ੍ਹਾਂ ਦੋਹਾਂ ਖਬਰਾਂ ਵਿਚੋਂ ਕਿਹੜੀ ਵਡੀ ਹੈ ਤੇ ਕਿਹੜੀ ਛੋਟੀ? ਇਹ ਫੈਸਲਾ ਪਾਠਕਾਂ ਤੇ ਛਡਦੇ ਹਾਂ ਪਰ ਇਕ ਗੱਲ ਸਪਸ਼ਟ ਕਰ ਦਈਏ ਚੇਲਾ ਜੀ, ਮਾਨਦਲੀਏ ਨਾ ਤਾਂ ਹੋਛੇ ਹਨ, ਨਾ ਹੁਲੜਬਾਜ਼ ਤੇ ਨਾ ਹੀ ਪੁਆੜੇ ਪਾਉਣ ਵਾਲੇ, ਇਹ ਤਾਂ ਤੁਹਾਡੇ ਵਰਗੇ ਲੋਕਾਂ ਦੀ ਅੱਖ ਦਾ ਟੀਰ ਹੈ ਜਿਸ ਵਿਚੋਂ ਸਭ ਭੈੜਾ ਭੈੜਾ ਚੰਗਾ ਨਜ਼ਰ ਆਉਂਦਾ ਹੈ ਅਤੇ ਸਭ ਚੰਗਾ ਚੰਗਾ ਭੈੜਾ। ਇਕ ਨਸੀਹਤ ਦੇਣ ਨੂੰ ਦਿਲ ਕਰਦਾ ਹੈ ਕਿ ਚੇਲਾ ਜੀ ਜੇ ਤੁਹਾਨੂੰ ਬਾਦਲ ਦਲ ਨਾਲ ਇਨਾ ਹੀ ਮੋਹ ਹੈ ਤਾਂ ਫਿਰ ਬਾਦਲ ਦਲ ਵਿਚ ਸ਼ਾਮਲ ਹੀ ਕਿਉਂ ਨਹੀਂ ਹੋ ਜਾਂਦੇ? ਸ਼ਾਇਦ ਸੋਚਦੇ ਹੋਵੋ ਫਿਰ ਤੁਹਾਡੇ ਦੋਗਲੇਪਣ ਦਾ ਕੀ ਬਣੇਗਾ?

**ਵਲੋਂ: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੈਲੀਫੋਰਨੀਆ**

**ਹਰਮਿੰਦਰ ਸਿੰਘ, ਬਲਜੀਤ ਸਿੰਘ, ਦਵਿੰਦਰ ਸਿੰਘ, ਗੁਰਦੀਪ ਸਿੰਘ, ਦਰਸ਼ਨ ਸਿੰਘ ਸੰਧੂ, ਸੁਖਵਿੰਦਰ ਸਿੰਘ ਚੀਮਾ, ਤਰਸੇਮ ਸਿੰਘ, ਰਾਜਿੰਦਰਪਾਲ ਸਿੰਘ, ਅਨੋਖ ਸਿੰਘ, ਗੁਰਨਾਮ ਸਿੰਘ ਟਿੱਕਾ, ਪਰਮਿੰਦਰ ਸਿੰਘ, ਪ੍ਰੀਤਮ ਸਿੰਘ ਜੋਗਾ ਨੰਗਲ, ਇੰਦਰਜੀਤ ਸਿੰਘ**

# ਪੰਜਾਬ ਦੀ ਕਿਸਾਨੀ; ਇਸ ਵਾਰ ਵੀ ਲੁੱਟੀ ਗਈ ਚੌਲਾਂ ਦੀ ਫਸਲ

–ਮਾਸਟਰ ਹੰਸ ਰਾਜ

ਹੁਣ ਤੱਕ ਕੇਂਦਰੀ ਸਰਕਾਰਾਂ ਜਿਸ ਤਰ੍ਹਾਂ ਫ਼ਸਲਾਂ ਦੇ ਮੰਡੀਕਰਨ ਦੀ ਉਚਿਤ ਵਿਵਸਥਾ ਕਰਨ ਵਿਚ ਨਾਕਾਮ ਸਾਬਤ ਹੋਈਆਂ ਹਨ, ਉਸ ਤੋਂ ਅਜਿਹੇ ਹਾਲਾਤ ਬਣ ਰਹੇ ਹਨ ਕਿ ਜੇ ਕੁਦਰਤੀ ਹਾਲਤਾਂ ਨੇ ਪੂਰਾ ਸਾਥ ਨਾ ਦਿੱਤਾ ਤਾਂ ਆਉਣ ਵਾਲੇ 10 ਸਾਲਾ ਅੰਦਰ ਦੇਸ਼ ਵਿਚ ਭੁੱਖ-ਮਰੀ ਵਰਗੇ ਹਾਲਾਤ ਪੈਦਾ ਹੋ ਜਾਣਗੇ।

ਸਾਲ 2009 ਵਿਚ ਸਾਉਣੀ ਦੀ ਫ਼ਸਲ ਨੂੰ ਜਿਸ ਤਰ੍ਹਾਂ ਮਾਨਸੂਨ ਨੇ ਡੋਬਿਆ ਅਤੇ ਸੁਕਾਇਆ ਹੈ, ਉਸ ਨਾਲ ਅਨਾਜ ਘੱਟ ਪੈਦਾ ਹੋਣ ਦੀ ਸੰਭਾਵਨਾ ਹੈ। ਦੇਸ਼ ਦੇ 276 ਜ਼ਿਲ੍ਹੇ ਸੋਕੇ ਦੀ ਮਾਰ ਹੇਠ ਆ ਗਏ ਹਨ। ਆਂਧਰਾ, ਕਰਨਾਟਕ ਅਤੇ ਮਹਾਰਾਸ਼ਟਰ ਵਿਚ ਬੇਮੌਸੀਆਂ ਬਾਰਸ਼ਾਂ ਕਾਰਨ ਹੜ੍ਹ ਆਉਣ ਕਰ ਕੇ ਲੱਖਾਂ ਏਕੜ ਫ਼ਸਲਾਂ ਤਬਾਹ ਹੋ ਗਈਆਂ।

ਯੂ ਐਨ ਓ ਦੀ ਰਿਪੋਰਟ ਮੁਤਾਬਕ ਭਾਰਤ ਦੇ 23 ਕਰੋੜ ਲੋਕ ਭੁੱਖ-ਮਰੀ ਹੰਢਾ ਰਹੇ ਹਨ, ਪਰ ਹਾਕਮ ਅੰਨ ਭੰਡਾਰ ਭਰੇ ਹੋਣ ਦੀਆਂ ਟਾਹਰਾਂ ਮਾਰ ਰਹੇ ਹਨ। ਵਪਾਰੀਆਂ, ਸੱਟੇਬਾਜ਼ਾਂ ਅਤੇ ਜ਼ਖੀਰੇਬਾਜ਼ਾਂ ਦੀ ਸਹਾਇਤਾ ਨਾਲ ਸੱਤਾ ਦੀਆਂ ਪੌੜੀਆਂ ਚੜ੍ਹੇ ਹਾਕਮਾਂ ਦੀ ਦੇਸ ਦੀ ਕਿਸਾਨੀ ਵਲ ਕੋਈ ਨਜ਼ਰ ਨਹੀਂ। ਫ਼ਸਲਾਂ ਪੈਦਾ ਤਾਂ ਕਿਸਾਨ ਕਰਦਾ ਹੈ, ਪਰ ਉਨ੍ਹਾਂ ਦਾ ਭਾਅ ਵਪਾਰੀ ਤੈਅ ਕਰਦੇ ਹਨ। ਖੰਡ ਦੀਆਂ ਕੀਮਤਾਂ 36 ਰੁਪਏ, ਆਲੂ 20 ਰੁਪਏ, ਪਿਆਜ਼ 25 ਰੁਪਏ ਤੇ ਦਾਲਾਂ ਦੀਆਂ ਕੀਮਤਾਂ 80 ਰੁਪਏ ਕਿਲੋ ਤੱਕ ਪਹੁੰਚ ਜਾਣ ਪਿੱਛੇ ਕੋਈ ਕਿਸਾਨਾਂ ਦੀ ਖੁਸ਼ਹਾਲੀ ਕੰਮ ਨਹੀਂ ਕਰ ਰਹੀ, ਸਗੋਂ ਵਪਾਰੀਆਂ ਅਤੇ ਜ਼ਖੀਰੇਬਾਜ਼ਾਂ ਦੀਆਂ ਨਲਾਇਕੀਆਂ ਝਲਕਾਂ ਮਾਰ ਰਹੀਆਂ ਹਨ। ਗੰਨੇ ਦਾ ਉਚਿਤ ਮੰਡੀਕਰਨ ਨਾ ਹੋਣ ਕਰਕੇ ਕਿਸਾਨਾਂ ਨੂੰ ਇਸ ਦੀ ਖੇਤੀ ਤੋਂ ਮੂੰਹ ਮੋੜਨਾ ਪਿਆ, ਖੰਡ ਦੇ ਸਟਾਕ ਜ਼ਖੀਰੇਬਾਜ਼ਾਂ ਦੇ ਕਬਜ਼ੇ ‘ਚ ਆ ਗਏ ਤੇ ਹਾਲਾਤ ਇਹ ਬਣ ਗਏ ਕਿ ਆਮ ਲੋਕ ਚਾਹ ਨੂੰ ਤਰਸ ਰਹੇ ਹਨ। ਜੇ ਕਿਸਾਨਾਂ ਨੂੰ ਲਾਹੇਵੰਦ ਭਾਅ ਮਿਲਦੇ ਅਤੇ ਜ਼ਖੀਰੇਬਾਜ਼ਾਂ ਦੀਆਂ ਲਗਾਮਾਂ ਖਿੱਚੀਆਂ ਰਹਿੰਦੀਆਂ ਤਾਂ ਖੰਡ ਦੀਆਂ ਕੀਮਤਾਂ 30 ਪ੍ਰਤੀਸ਼ਤ ਘਟ ਸਕਦੀਆਂ ਸਨ। ਆਲੂ ਇੱਕ ਰੁਪਏ ਕਿਲੋ ਖਰੀਦਣ ਨੂੰ ਕੋਈ ਤਿਆਰ ਨਹੀਂ ਸੀ। ਪਿਆਜ਼ 3-4 ਰੁਪਏ ਕਿਲੋ ਅਤੇ ਦਾਲਾਂ 16 ਤੋਂ 20 ਰੁਪਏ ਕਿਲੋ ਖਰੀਦਣ ਲਈ ਕੋਈ ਤਿਆਰ ਨਹੀਂ ਸੀ। ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਨੇ ਪਹਿਲਾਂ ਜਾਣ ਬੁੱਝ ਕੇ ਵਪਾਰੀਆਂ ਦੀਆਂ ਲਗਾਮਾਂ ਖੋਲ੍ਹੀਆਂ ਤੇ ਹੁਣ ਹਾਲਾਤ ਵਸੋਂ ਬਾਹਰ ਹੋ ਗਏ ਹਨ। ਜਿਹੜਾ ਧਨ ਜ਼ਖੀਰੇਬਾਜ਼ਾਂ ਦੇ ਕੰਟਰੋਲ ਵਿਚ ਆ ਗਿਆ ਹੈ, ਇਸ ਦਾ ਸਿੱਧਾ ਲਾਭ ਕਿਸਾਨਾਂ ਅਤੇ ਦੇਸ਼ ਦੇ ਲੋਕਾਂ ਨੂੰ ਮਿਲ ਸਕਦਾ ਸੀ, ਪਰ ਸਰਕਾਰਾਂ ਨੇ ਜ਼ਖੀਰੇਬਾਜ਼ਾਂ ਦੇ ਪੇਟ ਹੋਰ ਵੱਡੇ ਕਰਨ ਅਤੇ ਆਮ ਲੋਕਾਂ ਦੇ ਪੇਟ ‘ਤੇ ਲੱਤ ਮਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ।



> ਕੇਂਦਰੀ ਹਾਕਮਾਂ ਦੀਆਂ ਨਜ਼ਰਾਂ ਹਮੇਸ਼ਾ ਦੀ ਤਰ੍ਹਾਂ ਪੰਜਾਬ ਵਲ ਗੱਡੀਆਂ ਹੋਈਆਂ ਹਨ ਕਿ ਉਤਪਾਦਨ ਪਹਿਲਾਂ ਜਿੰਨਾ ਹੀ ਹੋ ਜਾਵੇਗਾ। ਪਰ ਜਿਸ ਤਰ੍ਹਾਂ ਕਰਜ਼ਿਆਂ ਨਾਲ ਕਿਸਾਨੀ ਦਾ ਲੱਕ ਟੁੱਟ ਚੁੱਕਿਆ ਹੈ, ਇਹ ਆਸ ਹੁਣ ਬਹੁਤਾ ਚਿਰ ਰੱਖਣਾ ਅਸਲੀਅਤ ਤੋਂ ਮੂੰਹ ਮੋੜਨਾ ਹੈ। ਪੰਜਾਬ ਦੀ ਕਿਸਾਨੀ 35000 ਕਰੋੜ ਰੁਪਏ ਦੇ ਕਰਜ਼ੇ ਵਿਚ ਜਕੜੀ ਪਈ ਹੈ।

ਕੇਂਦਰ ਸਰਕਾਰ ਆਪਣੇ 100 ਦਿਨਾਂ ਦੇ ਕਾਰਜਕਾਲ ਦੌਰਾਨ ਮਹਿੰਗਾਈ 0 ਪ੍ਰਤੀਸ਼ਤ ‘ਤੇ ਲਿਆਉਣ ਦੇ ਦਾਅਵੇ ਕਰ ਰਹੀ ਸੀ, ਪਰ ਹਕੀਕਤ ਇਹ ਹੈ ਕਿ 3-4 ਮਹੀਨਿਆਂ ਅੰਦਰ ਖਾਣ-ਪੀਣ ਦੀਆਂ ਤੇ ਹੋਰ ਜ਼ਰੂਰਤ ਦੀਆਂ ਚੀਜ਼ਾਂ ਦੇ ਭਾਅ 30 ਪ੍ਰਤੀਸ਼ਤ ਵਧ ਗਏ ਹਨ। ਸਾਡੇ ਦੇਸ਼ ਵਿਚ ਫ਼ਸਲਾਂ ਦਾ ਉਤਪਾਦਨ 60 ਪ੍ਰਤੀਸ਼ਤ ਤੱਕ ਮਾਨਸੂਨ ‘ਤੇ ਨਿਰਭਰ ਕਰਦਾ ਹੈ ਤੇ ਇਸ ਵਾਰ ਪੂਰੇ ਦੇਸ਼ ਅੰਦਰ 30 ਪ੍ਰਤੀਸ਼ਤ ਘੱਟ ਵਰਖਾ ਹੋਈ ਹੈ। ਪੰਜਾਬ ਅਤੇ ਹਰਿਆਣੇ ਅੰਦਰ 50 ਪ੍ਰਤੀਸ਼ਤ ਤੋਂ ਵੀ ਘੱਟ ਵਰਖਾ ਹੋਈ ਹੈ। ਕਰਨਾਟਕ, ਆਂਧਰਾ ਤੇ ਮਹਾਰਾਸ਼ਟਰ ਡੋਬੇ ਦੀ ਮਾਰ ਹੇਠ ਆ ਗਏ। ਇਸ ਨਾਲ ਆਉਣ ਵਾਲੇ ਸਮੇਂ ਵਿਚ ਵੀ ਅਨਾਜ ਉਤਪਾਦਨ ਵਿਚ ਭਾਰੀ ਗਿਰਾਵਟ ਦੀ ਸੰਭਾਵਨਾ ਹੈ। ਪਰ ਇਸ ਸਥਿਤੀ ਵਿਚ ਵੀ ਆਉਣ ਵਾਲੇ ਸਮੇਂ ਲਈ ਕੋਈ ਵਿਉਂਤਬੰਦੀ ਨਾ ਕਰਨਾ ਅਤੇ ਜੋ ਅਨਾਜ ਬਾਕੀ ਹੈ, ਉਸਦਾ ਘੱਟੋ-ਘੱਟ ਭਾਅ ਠੀਕ ਤੈਅ ਨਾ ਕਰਨਾ ਇਹ ਦਰਸਾਉਂਦਾ ਹੈ ਕਿ ਦੇਸ ਦੀ ਸਿਆਸਤ ਕਿਸੇ ਵੱਡੀ ਅਣਹੋਣੀ ਦੀ ਉਡੀਕ ਕਰ ਰਹੀ ਜਾਪਦੀ ਹੈ।

ਕੇਂਦਰ ਸਰਕਾਰ ਅਨਾਜ ਉਤਪਾਦਨ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣੇ ਤੋਂ ਵੱਡੀਆਂ ਉਮੀਦਾਂ ਰੱਖਦੀ ਹੈ ਅਤੇ ਇਨ੍ਹਾਂ ਦੋਹਾਂ ਰਾਜਾਂ ਨੇ ਕੇਂਦਰੀ ਭੰਡਾਰ ਭਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਵਾਰ ਹਰਿਆਣੇ ਨੂੰ ਵੀ ਸੋਕੇ ਦੀ ਮਾਰ ਪਈ ਹੈ ਅਤੇ ਪੰਜਾਬ ਦੇ ਕਿਸਾਨਾਂ ਨੂੰ ਵੀ ਫਸਲਾਂ ਪਾਲਣ ਲਈ ਵਧ ਖਰਚ ਕਰਨਾ ਪਿਆ ਹੈ। 10 ਪ੍ਰਤੀਸ਼ਤ ਤੱਕ ਉਤਪਾਦਨ ਵੀ ਘੱਟ ਜਾਣ ਦੀ ਸੰਭਾਵਨਾ ਹੈ, ਪਰ ਝੋਨੇ ਦੀ ਜਿਸ ਤਰ੍ਹਾਂ ਮੰਡੀਆਂ ਵਿਚ ਬੇਕਦਰੀ ਹੋ ਰਹੀ ਹੈ, ਉਸ ਤੋਂ ਇਹ ਲੱਗਦਾ ਹੈ ਕਿ ਕਰਜ਼ਿਆਂ ਅਤੇ ਖ਼ੁਦਕੁਸ਼ੀਆਂ ਦੇ ਫੰਦੇ ਵਿਚ ਫਸੀ ਕਿਸਾਨੀ ਨੂੰ ਸਰਕਾਰਾਂ ਆਪ ਫਾਹਾ ਦੇਣ ਜਾ ਰਹੀਆਂ ਹਨ। ਨਕਲੀ ਖ਼ਾਦਾਂ, ਕੀੜੇ-ਮਾਰ ਦਵਾਈਆਂ ਤੇ ਬੀਜ ਵੇਚਣ ਵਾਲੇ ਮਨ-ਆਈਆਂ ਕਰ ਰਹੇ ਹਨ, ਪਰ ਪੈਦਾ ਕੀਤੀ ਫਸਲ ਦਾ ਵਾਜਬ ਭਾਅ ਨਹੀਂ ਮਿਲ ਰਿਹਾ। ਝੋਨੇ ਦੀ ਕੀਮਤ ਕਿਸਾਨਾਂ ਵਲੋਂ 1350 ਰੁਪਏ ਮੰਗੀ ਗਈ ਸੀ, ਪਰ ਸਰਕਾਰ ਆਪਣੇ ਨਿਸ਼ਚਿਤ ਕੀਤੇ ਭਾਅ 980 ਰੁਪਏ ‘ਤੇ ਖ਼ਰੀਦਣ ਲਈ ਵੀ ਨੱਕ-ਬੁੱਲ੍ਹ ਵੱਟ ਰਹੀ ਹੈ। ਬਿਜਲੀ, ਪਾਣੀ ਦੀ ਬੱਚਤ ਅਤੇ ਜ਼ਿਆਦਾ ਮੁਨਾਫ਼ੇ ਲਈ ਇਸ ਵਾਰ ਪੰਜਾਬ ਤੇ ਹਰਿਆਣੇ ਦੇ ਵੱਡੇ ਰਕਬੇ ‘ਚ ਪੂਸਾ 1121 ਬੀਜੀ ਗਈ ਹੈ, ਪਰ ਨਿਰਾਸ਼ਾ ਇਸ ਗੱਲ ਦੀ ਹੈ ਕਿ ਕੇਂਦਰੀ ਹਾਕਮਾਂ ਨੂੰ ਇਸ ਫ਼ਸਲ ਦਾ ਘੱਟੋ-ਘੱਟ ਭਾਅ ਨਿਸ਼ਚਿਤ ਕਰਨ ਵਿਚ ਹੀ ਵੱਡੀ ਤਕਲੀਫ ਹੋ ਰਹੀ ਹੈ। ਕਿਸਾਨਾਂ ਵਲੋਂ ਇਸ ਕਿਸਮ ਦਾ ਘੱਟੋ-ਘੱਟ ਭਾਅ 3500 ਰੁਪਏ ਪ੍ਰਤੀ ਕੁਇੰਟਲ ਦੇਣ ਦੀ ਮੰਗ ਕੀਤੀ ਗਈ ਸੀ। ਇਸ ਕਿਸਮ ਦੇ ਚੌਲਾਂ ਦਾ ਇਸ ਸਮੇਂ ਅੰਤਰ-ਰਾਸ਼ਟਰੀ ਮਾਰਕੀਟ ਵਿਚ ਭਾਅ 4500 ਤੋਂ 5000 ਰੁਪਏ ਦੇ ਆਸ-ਪਾਸ ਹੈ। ਹੁਣ ਜਦੋਂ ਇਹ ਫ਼ਸਲ ਪੱਕ ਕੇ ਮੰਡੀਆਂ ਵਿਚ ਆਉਣੀ ਸ਼ੁਰੂ ਹੋਈ ਹੈ ਤਾਂ ਇਸ ਦਾ ਭਾਅ 1500 ਤੋਂ 1800 ਰੁਪਏ ਲਗਾਇਆ ਜਾ ਰਿਹਾ ਹੈ। ਕਿਸਾਨਾਂ ਕੋਲੋਂ ਇਹ ਫ਼ਸਲ ਸਸਤੇ ਭਾਅ ਲੁੱਟਣ ਲਈ ਇਹ ਵੀ ਕੂੜ-ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਕਿਸਮ ਦੇ ਚੌਲਾਂ ਨਾਲ ਕੈਂਸਰ ਦਾ ਰੋਗ ਹੋ ਸਕਦਾ ਹੈ। ਇਹ ਸ਼ੋਸ਼ਾ ਜ਼ਖੀਰੇਬਾਜ਼ਾਂ ਦਾ ਛੱਡਿਆ ਲੱਗਦਾ ਹੈ, ਕਿਉਂਕਿ ਪਿਛਲੇ 3-4 ਸਾਲਾਂ ਤੋਂ ਹੀ ਬਾਸਮਤੀ ਦੀ ਕਿਸਮ 1121 ਕਿਸਾਨਾਂ ਕੋਲੋਂ 2000 ਰੁਪਏ ਪ੍ਰਤੀ ਕੁਇੰਟਲ ਖ਼ਰੀਦ ਕੇ ਚੌਲ 8500 ਰੁਪਏ ਪ੍ਰਤੀ ਕੁਇੰਟਲ ਤੱਕ ਵਿਕਦੇ ਰਹੇ ਹਨ। ਇਸ ਕਾਲੀ ਖੇਡ ਵਿਚ ਜ਼ਖੀਰੇਬਾਜ਼ ਲੱਖਾਂ ਕਿਸਾਨਾਂ ਦਾ ਲਹੂ ਪੀ ਰਹੇ ਹਨ, ਪਰ ਕੇਂਦਰ ਸਰਕਾਰ ਤਮਾਸ਼ਾ ਵੇਖ ਰਹੀ ਹੈ।

ਪੰਜਾਬ ਅਤੇ ਹਰਿਆਣੇ ਦੀਆਂ ਮੰਡੀਆਂ ਵਿਚ ਅਜੇ ਇਸ ਫ਼ਸਲ ਦੀ ਆਮਦ ਸ਼ੁਰੂ ਹੋਈ ਹੈ। ਸਰਕਾਰ ਕੋਲ ਅਜੇ ਵੀ ਸਮੇਂ ਦੀ ਕਮੀ ਨਹੀਂ ਕਿ ਉਹ ਘੱਟੋ-ਘੱਟ ਸਮਰਥਨ ਮੁੱਲ ਐਲਾਨ ਕਰ ਕੇ ਕਿਸਾਨਾਂ ਦਾ ਅਰਬਾਂ ਰੁਪਿਆ ਵਪਾਰੀਆਂ ਦੀਆਂ ਤਿਜੌਰੀਆਂ ਵਿਚ ਜਾਣ ਤੋਂ ਰੋਕ ਸਕਦੀ ਹੈ। ਜੇ ਸਰਕਾਰ ਕੋਈ ਕਦਮ ਨਹੀਂ ਚੁੱਕਦੀ ਤਾਂ ਇਹ ਫ਼ਸਲ ਵੀ ਜ਼ਖੀਰੇਬਾਜ਼ਾਂ ਦੀ ਭੇਟ ਚੜ੍ਹ ਜਾਵੇਗੀ। ਕੇਂਦਰੀ ਹਾਕਮਾਂ ਦੀਆਂ ਨਜ਼ਰਾਂ ਹਮੇਸ਼ਾ ਦੀ ਤਰ੍ਹਾਂ ਪੰਜਾਬ ਵਲ ਗੱਡੀਆਂ ਹੋਈਆਂ ਹਨ ਕਿ ਉਤਪਾਦਨ ਪਹਿਲਾਂ ਜਿੰਨਾ ਹੀ ਹੋ ਜਾਵੇਗਾ। ਪਰ ਜਿਸ ਤਰ੍ਹਾਂ ਕਰਜ਼ਿਆਂ ਨਾਲ ਕਿਸਾਨੀ ਦਾ ਲੱਕ ਟੁੱਟ ਚੁੱਕਿਆ ਹੈ, ਇਹ ਆਸ ਹੁਣ ਬਹੁਤਾ ਚਿਰ ਰੱਖਣਾ ਅਸਲੀਅਤ ਤੋਂ ਮੂੰਹ ਮੋੜਨਾ ਹੈ।

ਪੰਜਾਬ ਦੀ ਕਿਸਾਨੀ 35000 ਕਰੋੜ ਰੁਪਏ ਦੇ ਕਰਜ਼ੇ ਵਿਚ ਜਕੜੀ ਪਈ ਹੈ। ਬਹੁਤੇ ਕਿਸਾਨਾਂ ਕੋਲ 4-5 ਏਕੜ ਤੋਂ ਲੈ ਕੇ 2-3 ਏਕੜ ਜ਼ਮੀਨ ਹੀ ਬਾਕੀ ਬਚੀ ਹੈ। 15 ਤੋਂ 20 ਪ੍ਰਤੀਸ਼ਤ ਕਿਸਾਨੀ ਖੇਤੀ ਤੋਂ ਹੱਥ ਧੋ ਕੇ ਵਿਹਲੀ ਹੋ ਗਈ ਹੈ ਅਤੇ 30 ਤੋਂ 40 ਪ੍ਰਤੀਸ਼ਤ ਹੋਰ ਵਿਹਲੀ ਹੋਣ ਜਾ ਰਹੀ ਹੈ। ਹਜ਼ਾਰਾਂ ਕਿਸਾਨ ਆਤਮ-ਹੱਤਿਆਵਾਂ ਕਰ ਗਏ ਹਨ, ਪਰ ਰਾਜ ਅਤੇ ਕੇਂਦਰ ਸਰਕਾਰਾਂ ਸਿਰਫ ਮਗਰਮੱਛ ਦੇ ਹੰਝੂ ਵਹਾਅ ਰਹੀਆਂ ਹਨ। ਕੇਂਦਰੀ ਹਾਕਮ ਟਾਹਰਾਂ ਮਾਰਦੇ ਹਨ ਕਿ ਅਸੀਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ, ਪਰ ਪੰਜਾਬ ਦੇ ਇਕ ਫ਼ੀਸਦੀ ਕਿਸਾਨਾਂ ਨੂੰ ਵੀ ਇਸ ਦਾ ਫਾਇਦਾ ਨਹੀਂ ਮਿਲਿਆ ਤੇ ਨਾ ਹੀ ਪੰਜਾਬ ਸਰਕਾਰ ਕਿਸਾਨਾਂ ਦੀ ਬਾਂਹ ਫੜਨ ਨੂੰ ਤਿਆਰ ਹੋਈ ਹੈ। ਸੰਕਟ ਵਿਚ ਫਸੀ ਕਿਸਾਨੀ ਤੋਂ ਵੱਡੀਆਂ ਆਸਾਂ ਲਾਈ ਬੈਠੇ ਹਾਕਮ ਲੰਮੀਆਂ ਤਾਣ ਕੇ ਸੌਂ ਰਹੇ ਹਨ।

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

## ਬਾਦਲ ਦੇ ਕਾਫਲੇ ਦੀ ਜਿਪਸੀ ਨੂੰ ਅੱਗ, ਟੰਡਨ ਦੀ ਕੋਠੀ 'ਚ ਗੰਨਮੈਨ ਵਲੋਂ ਖ਼ੁਦਕੁਸ਼ੀ

**ਮੋਹਾਲੀ :** ਬੀਤੇ ਦਿਨੀਂ ਚੰਡੀਗੜ੍ਹ-ਸਰਹਿੰਦ ਮੁੱਖ ਮਾਰਗ 'ਤੇ ਸਥਿਤ ਐਸ ਵਾਈ ਐਲ ਨਹਿਰ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਾਇਲਟ ਜਿਪਸੀ ਨੂੰ ਸੜਕ ਹਾਦਸੇ ਦੌਰਾਨ ਅੱਗ ਲੱਗ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ। ਕਾਫਲਾ ਸਰਹਿੰਦ ਵਾਲੇ ਪਾਸੇ ਤੋਂ ਮੋਹਾਲੀ ਵਲ ਨੂੰ ਆ ਰਿਹਾ ਸੀ ਤਾਂ ਅਚਾਨਕ ਪਾਇਲਟ ਜਿਪਸੀ ਨਹਿਰ 'ਤੇ ਬਣੇ ਪੁਲੀ ਨਾਲ ਟਕਰਾਅ ਗਈ। ਜਦੋਂ ਪੁਲੀ ਨਾਲ ਜ਼ੋਰ ਦੀ ਟੱਕਰ ਵੱਜੀ ਤਾਂ ਜਿਪਸੀ ਨੂੰ ਅੱਗ ਲੱਗ ਗਈ ਅਤੇ ਗੱਡੀ ਵਿਚ ਸਵਾਰ 4 ਪੁਲਿਸ ਕਰਮਚਾਰੀ ਜ਼ਖ਼ਮੀ ਹਾਲਤ ਵਿਚ ਮਸਾਂ ਆਪਣੀ ਜਾਨ ਬਚਾ ਕੇ ਬਾਹਰ ਨਿਕਲੇ। ਜਾਣਕਾਰੀ ਮਿਲਦਿਆਂ ਹੀ ਮਜਾਤ ਪੁਲਿਸ ਚੌਕੀ ਦੇ ਪੁਲਿਸ ਕਰਮਚਾਰੀ ਮੌਕੇ 'ਤੇ ਪੁੱਜ ਗਏ ਅਤੇ ਜ਼ਖ਼ਮੀ ਕਰਮਚਾਰੀਆਂ ਨੂੰ ਪੀ ਜੀ ਆਈ ਚੰਡੀਗੜ੍ਹ ਵਿਖੇ ਦਾਖਲ ਕਰਾਇਆ ਗਿਆ।

ਇਸੇ ਦੌਰਾਨ ਚੰਡੀਗੜ੍ਹ ਦੇ ਸੈਕਟਰ 18 ਸਥਿਤ ਪੰਜਾਬ ਦੇ ਸਾਬਕਾ ਮੰਤਰੀ ਬਲਰਾਮਜੀ ਦਾਸ ਟੰਡਨ ਦੀ ਕੋਠੀ 'ਚ ਤੈਨਾਤ ਉਨ੍ਹਾਂ ਦੇ ਇਕ ਗੰਨਮੈਨ ਵਲੋਂ ਮਾਨਸਿਕ ਪ੍ਰੇਸ਼ਾਨੀ ਕਾਰਨ ਖ਼ੁਦਕੁਸ਼ੀ ਕਰ ਲੈਣ ਦਾ ਸਮਾਚਾਰ ਮਿਲਿਆ ਹੈ।

ਡੀ ਐਸ ਪੀ ਜੇ ਐਸ ਚੀਮਾ ਨੇ ਦੱਸਿਆ ਕਿ ਮਕਾਨ ਨੰਬਰ 1556 ਸੈਕਟਰ-18 ਡੀ ਚੰਡੀਗੜ੍ਹ ਵਿਚ ਪੰਜਾਬ 'ਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਲਰਾਮਜੀ ਦਾਸ ਟੰਡਨ ਦਾ ਪੁੱਤਰ ਭਾਜਪਾ ਆਗੂ ਸੰਜੇ ਟੰਡਨ ਵੀ ਰਹਿੰਦਾ ਹੈ। ਇਸ ਕੋਠੀ ਵਿਚ ਚਾਰ ਗੰਨਮੈਨ ਤੈਨਾਤ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਸਵੇਰੇ ਕਰੀਬ ਛੇ ਵਜੇ ਬਲਰਾਮਜੀ ਦਾਸ ਟੰਡਨ ਆਪਣੇ ਪੁੱਤਰ ਸੰਜੇ ਟੰਡਨ ਅਤੇ ਪਤਨੀ ਨਾਲ ਸੈਰ ਕਰਨ ਗਏ ਹੋਏ ਸੀ ਤੇ ਦੋ ਗੰਨਮੈਨ ਚਾਹ ਪੀਣ ਗਏ ਹੋਏ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗੰਨਮੈਨਾਂ ਦਾ ਇੰਚਾਰਜ ਹੌਲਦਾਰ ਰਘੂਨਾਥ ਸ਼ਰਮਾ ਉਸੇ ਕੋਠੀ ਵਿਚ ਟਹਿਲ ਰਿਹਾ ਸੀ ਤੇ ਉਸਨੂੰ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਜਦੋਂ ਉਹ ਭੱਜ ਕੇ ਕਮਰੇ ਵਿਚ ਗਿਆ ਤਾਂ ਉਸਨੇ ਦੇਖਿਆ ਕਿ ਅਮਰੀਕ ਸਿੰਘ ਨੇ ਖੁਦ ਨੂੰ ਗੋਲੀ ਮਾਰ ਲਈ ਸੀ ਤੇ ਉਸਦੀ ਮੌਤ ਹੋ ਗਈ।

## ਜਾਅਲੀ ਆਈਲਟਸ ਕਰਾਉਣ ਵਾਲੇ ਸਕੈਂਡਲ ਦਾ ਪਰਦਾ ਫਾਸ਼

**ਪਟਿਆਲਾ:** ਇਕ ਉਮੀਦਵਾਰ ਨੂੰ ਆਈਲਟਸ ਕਰਾਉਣ ਦੇ ਪੰਜ ਲੱਖ ਰੁਪਏ ਲਏ ਜਾਂਦੇ ਸੀ ਜਿਸ ਦੀ ਸਰਗਨਾ ਇਕ ਔਰਤ ਆਭਾ ਗੁਪਤਾ ਹੀ ਨਿਕਲੀ ਜੋ ਕਿ ਕਰਨਾਲ ਵਿਚ ਆਪਣੀ ਕੈਂਬਰਿਜ ਅਕਾਦਮੀ ਚਲਾ ਰਹੀ ਸੀ। ਬੇਸ਼ੱਕ ਉਹ ਅਜੇ ਤਕ ਫਰਾਰ, ਹੈ ਪਰ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਜਦ ਕਿ ਚਾਰ ਜਣੇ ਤਾਂ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਹੁਣ ਤੱਕ ਕੁੱਲ 7 ਮੁਲਜ਼ਮ ਗ੍ਰਿਫ਼ਤਾਰ ਹੋ ਚੁੱਕੇ ਹਨ, ਜਿਨ੍ਹਾਂ ਖਿਲਾਫ ਧਾਰਾ 420, ਤਹਿਤ ਪਰਚਾ ਦਰਜ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਚੋਣਾਂ 'ਚ ਨਵੇਂ ਚਿਹਰੇ ਅੱਗੇ ਆਉਣਗੇ?

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਲਈ ਬਦਲੇ ਸਾਰੇ ਰਾਖਵੇਂ ਹਲਕਿਆਂ ਨਾਲ ਇਨ੍ਹਾਂ ਸ਼੍ਰੇਣੀਆਂ ਲਈ ਨਵੀਂ ਲੀਡਰਸ਼ਿਪ ਦੇ ਅੱਗੇ ਆਉਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਪਹਿਲੀ ਵਾਰ 50 ਨਵੇਂ ਰਾਖਵੇਂ ਹਲਕਿਆਂ ਸਮੇਤ ਕਮੇਟੀ ਦੀਆਂ ਆਮ ਚੋਣਾਂ ਨਵੇਂ ਸਾਲ ਵਿਚ ਹੋਣ ਜਾ ਰਹੀਆਂ ਹਨ। ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਲੇ ਮਹੀਨਿਆਂ ਵਿਚ ਹੋ ਰਹੀਆਂ ਜਨਰਲ ਚੋਣਾਂ ਰਾਖਵੇਂਕਰਨ ਲਈ ਨਵੀਂ ਹਲਕਾਬੰਦੀ ਅਨੁਸਾਰ ਹੋਣਗੀਆਂ। ਇਸ ਲਈ ਪਹਿਲਾਂ ਹੀ ਬਾਕਾਇਦਾ ਨੋਟੀਫਿਕੇਸ਼ਨ ਹੋ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਿਸੇ ਨਾ ਕਿਸੇ ਕਾਰਨ ਕਰਕੇ ਅੱਗੇ ਪੈਂਦੀਆਂ ਆ ਰਹੀਆਂ ਹਨ। ਇਸ ਤੋਂ ਪਹਿਲਾਂ ਲੋਕ ਸਭਾ ਦੀਆਂ ਚੋਣਾਂ ਕਾਰਨ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਅੱਗੇ ਪੈ ਗਈਆਂ ਸਨ। ਹੁਣ ਚੋਣਾਂ ਦੀਆਂ ਤਿਆਰੀਆਂ ਵਿਚ ਢਿੱਲਮੱਠ ਕਾਰਨ ਮਾਮਲਾ ਲਟਕਿਆ ਹੋਇਆ ਹੈ। ਸੂਤਰਾਂ ਅਨੁਸਾਰ ਜੂਨ ਮਹੀਨੇ ਵਿਚ ਗੁਰਦੁਆਰਾ ਚੋਣ ਕਮਿਸ਼ਨ ਨੇ ਸਬੰਧਤ ਰਾਜਾਂ ਦੀ ਚੋਣਾਂ ਦੀਆਂ ਤਿਆਰੀਆਂ ਬਾਰੇ ਮੀਟਿੰਗ ਕੀਤੀ ਸੀ। ਉਸ ਮੀਟਿੰਗ ਵਿਚ ਤੈਅ ਹੋਇਆ ਸੀ ਕਿ ਪੰਜਾਬ ਵੋਟਰਾਂ ਲਈ ਫਾਰਮ ਤਿਆਰ ਕਰਕੇ ਦੇਵੇਗਾ ਅਤੇ ਸਬੰਧਤ ਰਾਜ ਪੰਜਾਬ ਨੂੰ ਖਰਚਾ ਅਦਾ ਕਰਨਗੇ। ਹੁਣ ਅੱਧ ਨਵੰਬਰ ਹੋਣ ਵਾਲਾ ਹੈ ਪਰ ਅਜੇ ਤੱਕ ਪੰਜਾਬ ਵਲੋਂ ਫਾਰਮ ਤਿਆਰ ਨਹੀਂ ਹੋਏ। ਸੂਤਰਾਂ ਅਨੁਸਾਰ ਫਾਰਮ ਤਿਆਰ ਕਰਨ ਬਾਰੇ ਪਹਿਲਾਂ ਤਾਂ ਇਹ ਕਿਹਾ ਗਿਆ ਕਿ ਬਿਜਲੀ ਦੇ ਕੱਟ ਲੱਗਣ ਕਾਰਨ ਫਾਰਮ ਤਿਆਰ ਨਹੀਂ ਹੋਏ। ਬਾਅਦ ਵਿਚ ਕਿਹਾ ਗਿਆ ਕਿ ਵਿੱਤੀ ਸੰਕਟ ਕਾਰਨ ਫਾਰਮ ਤਿਆਰ ਕਰਨ ਵਿਚ ਮੁਸ਼ਕਲ ਆ ਰਹੀ ਹੈ ਅਤੇ ਸ਼ਾਇਦ ਕਾਗਜ਼ ਦਾ ਵੀ ਸੰਕਟ ਹੈ।

ਪੰਜਾਬ ਵਿਚ ਬੇਸ਼ਕ ਜਨਰਲ ਹਲਕਿਆਂ ਲਈ ਤਾਂ ਕੋਈ ਫਰਕ ਨਹੀਂ ਪੈਂਦਾ ਕਿਉਂ ਜੋ ਕੁੱਲ 120 ਹਲਕੇ ਜਨਰਲ ਹਨ ਅਤੇ ਇਨ੍ਹਾਂ ਹਲਕਿਆਂ ਵਿਚ ਹੀ 50 ਹੋਰ ਹਲਕੇ ਸ਼ਾਮਲ ਕਰਕੇ ਦੂਹਰੇ ਹਲਕੇ ਬਣਾਉਣ ਨਾਲ ਸੀਟਾਂ ਦੀ ਗਿਣਤੀ 170 ਬਣਦੀ ਹੈ, ਪਰ ਰਾਖਵੇਂ ਹਲਕਿਆਂ 'ਤੇ ਇਕ ਦੇਰੀ ਦਾ ਸਿੱਧਾ ਅਸਰ ਪੈ ਰਿਹਾ ਹੈ ਕਿਉਂ ਜੋ ਇਨ੍ਹਾਂ ਹਲਕਿਆਂ ਵਿਚ ਨਵੀਂ ਲੀਡਰਸ਼ਿਪ ਨੇ ਉਭਰਨਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਤਾਂ 170 ਹਲਕਿਆਂ ਲਈ ਲੜੀ ਜਾਵੇਗੀ ਜਿਨ੍ਹਾਂ ਵਿਚੋਂ 50 ਹਲਕੇ ਰਾਖਵੇਂ ਹਨ ਅਤੇ ਇਨ੍ਹਾਂ ਵਿਚ ਹੀ 20 ਹਲਕੇ ਔਰਤਾਂ ਲਈ ਰਾਖਵੇਂ ਹਨ। ਔਰਤਾਂ ਦੇ ਰਾਖਵੇਂ ਹਲਕਿਆਂ ਵਿਚੋਂ ਵੀ ਪੰਜ ਅਨੁਸੂਚਿਤ ਜਾਤੀ ਦੀਆਂ ਔਰਤਾਂ ਲਈ ਰਾਖਵੇਂ ਹਨ। ਸ਼੍ਰੋਮਣੀ ਕਮੇਟੀ ਦੇ 110 ਹਲਕੇ ਪੰਜਾਬ ਦੇ ਹਨ ਅਤੇ ਅੱਠ ਹਲਕੇ ਹਰਿਆਣਾ ਲਈ ਹਨ। ਇਕ ਹਲਕਾ ਹਿਮਾਚਲ ਅਤੇ ਇਕ ਹਲਕਾ ਚੰਡੀਗੜ੍ਹ ਲਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਰਾਖਵੇਂ ਹਲਕਿਆਂ ਦੀ ਨਵੀਂ ਹਲਕਾਬੰਦੀ ਅਨੁਸਾਰ ਅੰਬਾਲਾ ਯਮੁਨਾਨਗਰ ਅਤੇ ਹਿਸਾਰ ਤਾਂ ਹਰਿਆਣਾ ਦੇ ਤਿੰਨ ਰਾਖਵੇਂ ਹਲਕੇ ਹਨ। ਮੁਕਤਸਰ ਜ਼ਿਲ੍ਹੇ ਵਿਚ ਮਲੋਟ ਰਾਖਵਾਂ ਹਲਕਾ ਬਣ ਗਿਆ ਹੈ ਅਤੇ ਗਿੱਦੜਬਾਹਾ ਔਰਤਾਂ ਲਈ ਰਾਖਵਾਂ ਬਣ ਗਿਆ ਹੈ। ਫਿਰੋਜ਼ਪੁਰ ਵਿਚ ਔਰਤਾਂ ਲਈ ਅਬੋਹਰ ਰਾਖਵਾਂ ਹਲਕਾ ਹੈ। ਫਿਰੋਜ਼ਪੁਰ ਅਨੁਸੂਚਿਤ ਜਾਤੀਆਂ ਲਈ ਰਾਖਵਾਂ ਹੈ। ਤਲਵੰਡੀ ਭਾਈ ਔਰਤਾਂ ਲਈ ਰਾਖਵਾਂ ਹੈ। ਜ਼ਿਲਾ ਮੋਗਾ ਵਿਚ ਮੋਗਾ ਰਾਖਵਾਂ ਹਲਕਾ ਹੈ। ਬੱਧਨੀ ਕਲਾਂ ਅਤੇ ਘੱਲ ਕਲਾਂ ਔਰਤਾਂ ਲਈ ਰਾਖਵੇਂ ਹਨ। ਫਰੀਦਕੋਟ ਔਰਤਾਂ ਲਈ ਰਾਖਵਾਂ ਹਲਕਾ ਹੈ। ਬਠਿੰਡਾ ਵਿਚ ਰਾਮਪੁਰਾ ਫੂਲ ਔਰਤਾਂ ਵਾਸਤੇ ਅਤੇ ਬਲੂਆਣਾ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਵਾਸਤੇ ਰਾਖਵਾਂ ਹੈ। ਭਗਤਾ ਰਾਖਵਾਂ ਹਲਕਾ ਬਣ ਗਿਆ ਹੈ। ਮਾਨਸਾ ਰਾਖਵਾਂ ਹਲਕਾ ਹੈ ਅਤੇ ਬੁਢਲਾਡਾ ਔਰਤਾਂ ਲਈ ਰਾਖਵਾਂ ਹੈ। ਸੰਗਰੂਰ ਜ਼ਿਲੇ ਵਿਚ ਅਮਰਗੜ੍ਹ ਅਤੇ ਦਿੜਬਾ ਔਰਤਾਂ ਲਈ ਰਾਖਵੇਂ ਹੋ ਗਏ ਹਨ ਅਤੇ ਧੂਰੀ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ ਰਾਖਵਾਂ ਹੋ ਗਿਆ ਹੈ। ਲੌਂਗੋਵਾਲ ਰਾਖਵਾਂ ਹਲਕਾ ਬਣ ਗਿਆ ਹੈ।

ਪਟਿਆਲਾ ਜ਼ਿਲੇ ਵਿਚ ਨਾਭਾ ਅਤੇ ਸਨੌਰ ਔਰਤਾਂ ਲਈ ਰਾਖਵੇਂ ਹੋ ਗਏ ਹਨ ਅਤੇ ਡਕਾਲਾ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ ਰਾਖਵਾਂ ਹੋ ਗਿਆ ਹੈ। ਬਸੀ ਪਠਾਣਾਂ ਰਾਖਵਾਂ ਹੋ ਗਿਆ ਹੈ। ਲੁਧਿਆਣਾ ਜ਼ਿਲ੍ਹੇ ਵਿਚ ਦੋਰਾਹਾ ਰਾਖਵਾਂ ਹੋ ਗਿਆ ਹੈ ਅਤੇ ਜਗਰਾਉਂ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ ਰਾਖਵਾਂ ਹੋ ਗਿਆ ਹੈ। ਮੁੱਲਾਂਪੁਰ ਦਾਖਾ ਰਾਖਵਾਂ ਹੋ ਗਿਆ ਹੈ। ਲੁਧਿਆਣਾ ਸਿਟੀ ਵੈਸਟ ਅਤੇ ਸਮਰਾਲਾ ਔਰਤਾਂ ਲਈ ਰਾਖਵਾਂ ਹੋ ਗਿਆ ਹੈ। ਬਲਾਚੌਰ ਰਾਖਵਾਂ ਹੋ ਗਿਆ ਹੈ। ਜ਼ਿਲ੍ਹਾ ਜਲੰਧਰ ਵਿਚ ਆਦਮਪੁਰ ਅਤੇ ਕਰਤਾਰਪੁਰ ਔਰਤਾਂ ਦੇ ਰਾਖਵੇਂ ਹਲਕੇ ਬਣ ਗਏ ਹਨ ਅਤੇ ਸ਼ਾਹਕੋਟ ਰਾਖਵਾਂ ਬਣ ਗਿਆ ਹੈ। ਫਗਵਾੜਾ ਪਹਿਲੀ ਵਾਰ ਔਰਤਾਂ ਲਈ ਰਾਖਵਾਂ ਹਲਕਾ ਬਣਿਆ ਹੈ। ਜ਼ਿਲਾ ਅੰਮ੍ਰਿਤਸਰ ਵਿਚ ਖਡੂਰ ਸਾਹਿਬ, ਵੇਰਕਾ ਅਤੇ ਜੰਡਿਆਲਾ ਰਾਖਵੇਂ ਹਲਕੇ ਹਨ। ਪੱਟੀ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ ਰਾਖਵਾਂ ਹੈ। ਅੰਮ੍ਰਿਤਸਰ ਸਿਟੀ ਔਰਤਾਂ ਲਈ ਰਾਖਵਾਂ ਹੈ। ਚੋਗਾਵਾਂ ਔਰਤਾਂ ਲਈ ਰਾਖਵਾਂ ਹੈ। ਗੁਰੂ ਕਾ ਬਾਗ ਔਰਤਾਂ ਲਈ ਰਾਖਵਾਂ ਹੈ। ਬਟਾਲਾ ਰਾਖਵਾਂ ਹਲਕਾ ਹੈ। ਡੇਰਾ ਬਾਬਾ ਨਾਨਕ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ ਰਾਖਵਾਂ ਹੈ। ਧਾਰੀਵਾਲ ਔਰਤਾਂ ਲਈ ਰਾਖਵਾਂ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸ਼ਾਮਚੁਰਾਸੀ ਰਾਖਵਾਂ ਹਲਕਾ ਹੈ ਅਤੇ ਗੜ੍ਹਸ਼ੰਕਰ ਔਰਤਾਂ ਲਈ ਰਾਖਵਾਂ ਬਣ ਗਿਆ ਹੈ। ਹੁਣ ਸਿੱਖੀ ਦਾ ਜਨਮ ਅਸਥਾਨ ਆਨੰਦਪੁਰ ਸਾਹਿਬ ਰਾਖਵਾਂ ਬਣ ਗਿਆ ਹੈ। ਮੁਹਾਲੀ ਵੀ ਰਾਖਵਾਂ ਹਲਕਾ ਬਣ ਗਿਆ ਹੈ।

## ਪੰਜਾਬ ਦੀਆਂ ਕੁੜੀਆਂ ਇੰਗਲੈਂਡ ਵਿਚ ਰੁਲਣ ਲਗੀਆਂ

**ਲੰਦਨ:** ਦੁਨੀਆਂ ਭਰ ਵਿਚ ਪੰਜਾਬੀਆਂ ਨੂੰ ਮਿਹਨਤੀ ਅਤੇ ਬਹਾਦਰ ਕੌਮ ਦੇ ਨਾਲ-ਨਾਲ ਧਰਮ ਨੂੰ ਯਾਦ ਰੱਖਣ ਵਾਲੀ ਅਤੇ ਆਪਣੇ ਵਿਰਸੇ ਨੂੰ ਨਾ ਭੁਲਾਉਣ ਵਾਲੀ ਕੌਮ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਪ੍ਰੰਤੂ ਇਸ ਕੌਮ ਦੀ ਨਵੀਂ ਪੀੜ੍ਹੀ ਨੇ ਵਿਦੇਸ਼ਾਂ ਨੂੰ ਆਉਣ ਲਈ ਜੋ ਰਾਹ ਚੁਣਿਆ ਹੈ, ਉਸ ਬਾਰੇ ਸੋਚ ਕੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਹੀ ਨਹੀਂ ਬਲਕਿ ਹੋਰ ਕੌਮਾਂ ਦੇ ਲੋਕ ਵੀ ਹੈਰਾਨ ਹਨ। ਪੰਜਾਬ ਦੀਆਂ ਧੀਆਂ ਨੂੰ ਪੜ੍ਹਾਈ ਲਈ ਵਿਦੇਸ਼ਾਂ ਵਲ ਅੱਖਾਂ ਮੀਟ ਕੇ ਭੇਜਣ ਵਾਲੇ ਮਾਪੇ ਸ਼ਾਇਦ ਹਵਾਈ ਅੱਡੇ ਤੋਂ ਚੜ੍ਹਾ ਕੇ ਹੀ ਸੰਤੁਸ਼ਟ ਹੋ ਜਾਂਦੇ ਹੋਣਗੇ ਕਿ ਬੱਸ ਸਾਡਾ ਭਾਰ ਲਹਿ ਗਿਆ।

ਪ੍ਰੰਤੂ ਧੀਆਂ ਦਾ ਜੋ ਹਾਲ ਪਿਛਲੇ ਕੁਝ ਕੁ ਹਫਤਿਆਂ ਤੋਂ ਲੰਦਨ ਅਤੇ ਬਰਮਿੰਘਮ ਦੇ ਇਲਾਕੇ ਵਿਚ ਹੋ ਰਿਹਾ ਹੈ, ਉਸ ਨੂੰ ਸੁਣ ਕੇ ਜਿੱਥੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ ਉਥੇ ਹਰ ਇੱਜ਼ਤਦਾਰ ਮਾਪੇ ਦੀ ਰੂਹ ਕੰਬ ਜਾਂਦੀ ਹੈ। ਪੂਰੀ ਛਾਣਬੀਣ ਕਰਨ ਤੋਂ ਬਾਅਦ ਜੋ ਜਾਣਕਾਰੀ ਇਕੱਤਰ ਕੀਤੀ ਗਈ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਹੈ। ਇਕ ਲੜਕੀ ਵਿਦਿਆਰਥੀ ਵੀਜ਼ੇ 'ਤੇ ਹੀਥਰੋ ਹਵਾਈ ਅੱਡੇ 'ਤੇ ਉੱਤਰੀ ਜਿਸਨੂੰ ਕੋਈ ਲੈਣ ਵਾਲਾ ਅੱਗੇ ਨਹੀਂ ਸੀ, ਨਾ ਹੀ ਕੋਈ ਜਾਣ-ਪਹਿਚਾਣ ਵਾਲਾ ਇਥੇ ਸੀ, ਉਸੇ ਫਲਾਈਟ ਵਿਚ ਇਕ ਵਿਦਿਆਰਥੀ ਵੀਜ਼ੇ ਵਾਲਾ ਲੜਕਾ ਮੌਜੂਦ ਸੀ, ਜਿਸਨੂੰ ਲੈਣ ਇਕ ਸੱਜਣ ਗਿਆ ਤਾਂ ਉਸਨੇ ਦੱਸਿਆ ਕਿ ਇਹ ਲੜਕੀ ਵੀ ਉਸ ਨਾਲ ਹੈ।

ਉਸ ਸੱਜਣ ਨੇ ਕੁਝ ਮੁੰਡਿਆਂ ਨਾਲ ਇਸ ਲੜਕੇ ਦੇ ਰਹਿਣ ਦਾ ਪ੍ਰਬੰਧ ਤਾਂ ਕੀਤਾ ਹੋਇਆ ਸੀ ਪ੍ਰੰਤੂ ਲੜਕੀ ਨੂੰ ਕਿੱਥੇ ਰੱਖੇ,ਇਹ ਵੱਡੀ ਸਮੱਸਿਆ ਸੀ। ਪ੍ਰੰਤੂ ਅਫਸੋਸ ਕਿ ਜਦ ਉਸ ਸੱਜਣ ਨੇ ਪੁੱਛਿਆ ਕਿ ਤੇਰੇ ਘਰਦਿਆਂ ਨੇ ਕੋਈ ਇੰਤਜ਼ਾਮ ਨਹੀਂ ਕੀਤਾ ਤਾਂ ਉਸ ਦਾ ਜਵਾਬ ਸੀ ਕਿ ਮੇਰੇ ਪਿਤਾ ਨੇ ਕਿਹਾ ਸੀ ਕਿ ਜਿੱਥੇ ਇਹ ਰਹੇ, ਉਥੇ ਰਹਿ ਲਵੀਂ। ਅਖੀਰ ਉਸ ਸੱਜਣ ਨੇ ਇਕ ਹੋਟਲ ਵਿਚ ਦੋਵਾਂ ਨੂੰ ਕਮਰਾ ਕਿਰਾਏ ਤੇ ਲੈ ਕੇ ਦਿੱਤਾ।

ਬਾਅਦ ਵਿਚ ਉਸ ਲੜਕੀ ਦੇ ਰਹਿਣ ਦਾ ਕੀ ਇੰਤਜ਼ਾਮ ਹੋਇਆ, ਪਤਾ ਨਹੀਂ। ਇਸੇ ਤਰ੍ਹਾਂ ਇਕ ਹੋਰ ਸੂਚਨਾ ਅਨੁਸਾਰ ਪਤਾ ਲੱਗਾ ਹੈ ਕਿ ਚਾਰ-ਚਾਰ ਲੜਕਿਆਂ ਨਾਲ ਦੋ-ਦੋ ਲੜਕੀਆਂ ਇਕੋ ਕਮਰੇ ਵਿਚ ਰਹਿ ਰਹੀਆਂ ਹਨ, ਕਿਉਂਕਿ ਉਨ੍ਹਾਂ ਕੋਲ ਕੋਈ ਹੋਰ ਚਾਰਾ ਨਹੀਂ। ਪ੍ਰੰਤੂ ਜੇ ਕਿਸੇ ਦਾ ਕੋਈ ਕਰੀਬੀ ਰਿਸ਼ਤੇਦਾਰ ਹੈ ਤਾਂ ਉਹ ਜ਼ਰੂਰ ਰਹਿਣ ਲਈ ਕੁਝ ਪ੍ਰਬੰਧ ਕਰ ਰਿਹਾ ਹੈ। ਲੇਕਿਨ ਇਕੱਲੀਆਂ ਲੜਕੀਆਂ ਨੂੰ ਇਸ ਤਰ੍ਹਾਂ ਬਿਗਾਨੇ ਦੇਸ਼ ਭੇਜਣ ਇੱਜ਼ਤ ਦਾ ਖੁਦ ਖਿਲਵਾੜ ਕਰਨ ਬਰਾਬਰ ਹੈ। ਸਚਾਈ ਹੋਰ ਵੀ ਅੱਗੇ ਹੈ ਪ੍ਰੰਤੂ ਹੱਥ ਕੰਬਦਾ ਹੈ ਲਿਖਦਿਆਂ।ਪੰਜਾਬ ਦੀਆਂ ਕੁੜੀਆਂ ਇਸ ਹਾਲਤ ਵਿਚ ਆਪਣਾ ਆਪ ਵੇਚਣ ਲਈ ਮਜਬੂਰ ਹੋ ਰਹੀਆਂ ਹਨ।

## 23 ਅਮਰੀਕੀਆਂ ਨੂੰ ਸਜ਼ਾ

**ਮਿਲਾਨ:** ਇਟਲੀ ਦੀ ਇਕ ਅਦਾਲਤ ਨੇ 23 ਅਮਰੀਕੀ ਨਾਗਰਿਕਾਂ ਨੂੰ ਸਾਲ 2003 ਵਿਚ ਮਿਲਾਨ 'ਚੋਂ ਇਕ ਮੌਲਵੀ ਨੂੰ ਅਗਵਾ ਕੀਤੇ ਜਾਣ ਦੇ ਮਾਮਲੇ ਵਿਚ ਦੋਸ਼ੀ ਪਾਇਆ ਹੈ। ਇਨ੍ਹਾਂ 23 ਨਾਗਰਿਕਾਂ ਵਿਚੋਂ ਜ਼ਿਆਦਾਤਰ ਦਾ ਸੰਬੰਧ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਨਾਲ ਹੈ। ਇਸ ਮਾਮਲੇ ਵਿਚ ਇਟਲੀ ਦੇ ਦੋ ਏਜੰਟਾਂ ਨੂੰ ਵੀ ਦੋਸ਼ੀ ਪਾਇਆ ਗਿਆ ਹੈ। ਮੌਲਵੀ ਅਬੂ ਉਮਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗੁਪਤ ਤਰੀਕੇ ਨਾਲ ਮਿਸਰ ਲਿਜਾਇਆ ਗਿਆ ਸੀ, ਜਿੱਥੇ ਉਨ੍ਹਾਂ 'ਤੇ ਕਥਿਤ ਤੌਰ 'ਤੇ ਤਸ਼ੱਦਦ ਕੀਤਾ ਗਿਆ। ਅਦਾਲਤ ਨੇ ਮਿਲਾਨ ਵਿਚ ਸੀ ਆਈ ਦੇ ਸਾਬਕਾ ਮੁਖੀ ਰਾਬਰਟ ਲੇਡੀ ਨੂੰ 8 ਸਾਲ ਦੀ ਸਜ਼ਾ ਸੁਣਾਈ, ਜਦਕਿ ਹੋਰਨਾਂ ਨੂੰ ਤਿੰਨ ਤੋਂ ਲੈ ਕੇ 5 ਸਾਲ ਤੱਕ ਦੀ ਸਜ਼ਾ ਸੁਣਾਈ ਹੈ। ਮੁਕੱਦਮੇ ਦੀ ਸੁਣਵਾਈ ਵੇਲੇ ਕੋਈ ਵੀ ਅਮਰੀਕੀ ਮੌਜੂਦ ਨਹੀਂ ਸੀ। ਇਹ ਮੁਕੱਦਮਾ ਆਪਣੀ ਤਰ੍ਹਾਂ ਦਾ ਪਹਿਲਾ ਮਾਮਲਾ ਹੈ, ਜਿਸ ਵਿਚ ਕਿਸੇ ਵਿਅਕਤੀ ਨੂੰ ਗੈਰ-ਕਾਨੂੰਨੀ ਢੰਗ ਨਾਲ ਦੂਜੇ ਦੇਸ਼ ਲਿਜਾਇਆ ਗਿਆ ਸੀ। ਇਹ ਉਹ ਤਰੀਕਾ ਹੈ, ਜਿਸ ਵਿਚ ਸ਼ੱਕੀ ਅੱਤਵਾਦੀ ਨੂੰ ਇੱਕ ਦੇਸ਼ 'ਚੋਂ ਲਿਜਾਇਆ ਜਾਂਦਾ ਹੈ।

# 365 ਵਿਅਕਤੀਆਂ ਬਾਰੇ ਮੁੱਢਲੀ ਰਿਪੋਰਟ ਗ੍ਰਹਿ ਵਿਭਾਗ ਕੋਲ ਪੇਸ਼

### ਅਤਿਵਾਦ ਦੌਰਾਨ ਅਣਪਛਾਤੀਆਂ ਕਰਾਰ ਦੇ ਕੇ ਸਾੜੀਆਂ ਲਾਸ਼ਾਂ ਦਾ ਮਾਮਲਾ

**ਚੰਡੀਗੜ੍ਹ:** ਪੰਜਾਬ ਵਿਚ ਅਤਿਵਾਦ ਦੇ ਦੌਰ ਦੌਰਾਨ ਪੁਲੀਸ ਵਲੋਂ ਅਣਪਛਾਤੀਆਂ ਕਰਾਰ ਦੇ ਕੇ ਸਾੜੀਆਂ ਲਾਸ਼ਾਂ ਦੀ ਪਛਾਣ ਦਾ ਕੰਮ ਲੀਹ 'ਤੇ ਆਉਣ ਲੱਗਾ ਹੈ। ਪੰਜਾਬ ਪੁਲੀਸ ਦੇ ਲਿਟੀਗੇਸ਼ਨ ਵਿੰਗ ਵਲੋਂ ਗ੍ਰਹਿ ਵਿਭਾਗ ਨੂੰ ਭੇਜੀ ਮੁੱਢਲੀ ਰਿਪੋਰਟ 'ਚ 365 ਵਿਅਕਤੀਆਂ ਦੇ ਅਤਿਵਾਦ ਦੇ ਦੌਰ ਦੌਰਾਨ ਲਾਪਤਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਲਿਟੀਗੇਸ਼ਨ ਵਿੰਗ ਨੇ ਇਹ ਰਿਪੋਰਟ ਸੀਨੀਅਰ ਆਈ.ਏ.ਐਸ. ਅਫਸਰ ਨਵਰੀਤ ਸਿੰਘ ਕੰਗ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਬਣਾਈ ਗਈ ਤੱਥ ਖੋਜ ਕਮੇਟੀ ਦੇ ਨਿਰਦੇਸ਼ਾਂ 'ਤੇ ਤਿਆਰ ਕੀਤੀ ਹੈ।

ਪੰਜਾਬ ਸਰਕਾਰ ਨੇ ਇਹ ਕਮੇਟੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਆਦੇਸ਼ਾਂ 'ਤੇ ਕਾਇਮ ਕੀਤੀ ਸੀ ਅਤੇ ਇਸ ਨੂੰ 1984 ਤੋਂ 1994 ਤਕ ਦੇ ਸੰਤਾਪੇ ਦਹਾਕੇ ਦੌਰਾਨ ਲਾਪਤਾ ਹੋਏ ਜਾਂ ਕੀਤੇ ਗਏ ਲੋਕਾਂ ਦਾ ਪਤਾ ਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕੰਗ ਕਮੇਟੀ ਨੇ 11 ਸਾਲਾਂ ਦੌਰਾਨ ਲਾਪਤਾ 935 ਵਿਅਕਤੀਆਂ ਦੀ ਜਿਹੜੀ ਸੂਚੀ ਪੁਲੀਸ ਨੂੰ ਸੌਂਪੀ ਸੀ, ਉਸ ਸੂਚੀ 'ਚੋਂ 90 ਫੀਸਦੀ ਤੋਂ ਵੱਧ ਲੋਕਾਂ ਨੂੰ ਅਤਿਵਾਦ ਦੇ ਸਮੇਂ ਦੌਰਾਨ ਪੁਲੀਸ ਵਲੋਂ ਖਪਾਏ ਜਾਣ ਦੀ ਪੁਸ਼ਟੀ ਹੋਣ ਦੇ ਆਸਾਰ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਅਤਿਵਾਦ ਦੇ ਉਸ ਕਾਲੇ ਦੌਰ ਦੌਰਾਨ ਲਾਪਤਾ ਹੋਏ ਵਿਅਕਤੀਆਂ 'ਚੋਂ ਸਭ ਤੋਂ ਵਧ ਲੋਕ ਮੌਜੂਦਾ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਹਨ।

ਸੂਤਰਾਂ ਮੁਤਾਬਕ ਲਿਟੀਗੇਸ਼ਨ ਵਿੰਗ ਨੇ ਪੰਜਾਬ ਦੇ ਸਮੂਹ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ 935 ਵਿਅਕਤੀਆਂ ਦੀਆਂ ਸੂਚੀਆਂ ਅਤੇ ਉਹ ਤੱਥ ਮੁਹੱਈਆ ਕਰਾਏ ਸਨ ਜਿਨ੍ਹਾਂ ਬਾਰੇ ਜਾਣਕਾਰੀ ਲਾਪਤਾ ਵਿਅਕਤੀਆਂ ਜਾਂ ਮ੍ਰਿਤਕਾਂ ਦੇ ਵਾਰਸਾਂ ਨੇ ਕੰਗ ਕਮੇਟੀ ਨੂੰ ਦਿੱਤੀ ਸੀ ਅਤੇ ਅਜਿਹਾ ਕਰਦਿਆਂ ਹਲਫਨਾਮੇ ਦਿੱਤੇ ਸਨ ਕਿ ਉਨ੍ਹਾਂ ਦੇ ਨੌਜਵਾਨ ਪਰਿਵਾਰਕ ਮੈਂਬਰਾਂ ਨੂੰ ਪੁਲੀਸ ਨੇ ਗਾਇਬ ਕੀਤਾ। ਜ਼ਿਲ੍ਹਾ ਪੁਲੀਸ ਮੁਖੀਆ ਵਲੋਂ ਜਿਹੜੀ ਪੜਤਾਲ ਕੀਤੀ ਗਈ ਹੈ, ਉਸ ਮੁਤਾਬਕ ਲਾਪਤਾ, ਮ੍ਰਿਤਕ ਵਿਅਕਤੀਆਂ ਦੇ ਵਾਰਸਾਂ ਦੇ ਦਾਅਵੇ ਸੱਚ ਸਾਬਤ ਹੋ ਰਹੇ ਹਨ। ਪੰਜਾਬ ਦੇ ਤਰਨਤਾਰਨ ਅਤੇ ਅੰਮ੍ਰਿਤਸਰ (ਦਿਹਾਤੀ) ਪੁਲੀਸ ਜ਼ਿਲ੍ਹਿਆਂ ਨੇ ਅਜੇ ਤਕ ਲਾਪਤਾ ਵਿਅਕਤੀਆਂ ਬਾਰੇ ਕੋਈ ਜਾਣਕਾਰੀ ਲਿਟੀਗੇਸ਼ਨ ਵਿੰਗ ਨੂੰ ਨਹੀਂ ਭੇਜੀ। ਇਨ੍ਹਾਂ ਜ਼ਿਲਿਆਂ ਦੇ ਲਾਪਤਾ ਵਿਅਕਤੀਆਂ ਦੀ ਸੂਚੀ ਸਭ ਤੋਂ ਲੰਬੀ ਹੈ। ਤਰਨਤਾਰਨ 'ਚ ਉਕਤ ਦਹਾਕੇ ਦੌਰਾਨ 437 ਵਿਅਕਤੀਆਂ ਦੇ ਲਾਪਤਾ ਹੋਣ ਦੀਆਂ ਅਰਜ਼ੀਆਂ ਹਨ ਜਦੋਂਕਿ ਅੰਮ੍ਰਿਤਸਰ (ਦਿਹਾਤੀ) ਤੋਂ ਅਜਿਹੀਆਂ ਅਰਜ਼ੀਆਂ ਦੀ ਗਿਣਤੀ 108 ਹੈ।

ਗ੍ਰਹਿ ਵਿਭਾਗ ਨੂੰ ਜਿਹੜੀ ਰਿਪੋਰਟ ਪ੍ਰਾਪਤ ਹੋਈ ਹੈ। ਉਸ ਮੁਤਾਬਕ ਬਠਿੰਡਾ ਜ਼ਿਲੇ 'ਚ 68, ਅੰਮ੍ਰਿਤਸਰ (ਸ਼ਹਿਰੀ) 'ਚ 46, ਗੁਰਦਾਸਪੁਰ 'ਚ 16, ਸੰਗਰੂਰ 'ਚ 32, ਮੋਗਾ 'ਚ 55, ਫਿਰੋਜ਼ਪੁਰ 'ਚ 18, ਮਾਨਸਾ 'ਚ 11, ਫਰੀਦਕੋਟ 'ਚ 7, ਬਟਾਲਾ 'ਚ 45, ਹੁਸ਼ਿਆਰਪੁਰ 'ਚ 7, ਕਪੂਰਥਲਾ 'ਚ 18, ਰੋਪੜ 11, ਲੁਧਿਆਣਾ (ਸ਼ਹਿਰੀ) 2, ਖੰਨਾ 1, ਨਵਾਂ ਸ਼ਹਿਰ 1, ਫਤਿਹਗੜ੍ਹ ਸਾਹਿਬ 14, ਪਟਿਆਲਾ 9, ਮੁਹਾਲੀ 1 ਅਤੇ ਜਲੰਧਰ ਜ਼ਿਲੇ ਵਿਚੋਂ 3 ਵਿਅਕਤੀਆਂ ਦੇ ਲਾਪਤਾ ਹੋਣ ਦੇ ਸਬੂਤ ਮਿਲੇ ਹਨ। ਕੰਗ ਕਮੇਟੀ ਨੂੰ ਬਰਨਾਲਾ ਜ਼ਿਲ੍ਹੇ ਤੋਂ 19 ਅਤੇ ਮੁਕਤਸਰ ਤੋਂ ਇਕ ਵਿਅਕਤੀ ਦੇ ਲਾਪਤਾ ਹੋਣ ਦੀ ਅਰਜ਼ੀ ਮਿਲੀ ਸੀ, ਪਰ ਇਨ੍ਹਾਂ ਜ਼ਿਲ੍ਹਿਆਂ ਤੋਂ ਵੀ ਅਜੇ ਤਕ ਰਿਪੋਰਟ ਨਹੀਂ ਆਈ। ਪੁਲੀਸ ਸੂਤਰਾਂ ਦਾ ਦੱਸਣਾ ਹੈ ਕਿ ਜੇ ਤਰਨਤਾਰਨ, ਅੰਮ੍ਰਿਤਸਰ (ਦਿਹਾਤੀ), ਬਰਨਾਲਾ ਆਦਿ ਜ਼ਿਲ੍ਹਿਆਂ ਤੋਂ ਵੀ ਹੋਰਨਾਂ ਜ਼ਿਲ੍ਹਿਆਂ ਵਾਂਗ ਹੀ ਰਿਪੋਰਟਾਂ ਆ ਜਾਂਦੀਆਂ ਹਨ ਤਾਂ ਕੰਗ ਕਮੇਟੀ ਵਲੋਂ ਸੌਂਪੀ ਗਈ ਸੂਚੀ ਸਤ-ਪ੍ਰਤੀਸ਼ਤ ਸਹੀ ਹੋ ਜਾਵੇਗੀ।

ਲਿਟੀਗੇਸ਼ਨ ਵਿਭਾਗ ਦੀ ਪੜਤਾਲ ਦੌਰਾਨ ਇਹ ਤੱਥ ਉਭਰਨੇ ਸ਼ੁਰੂ ਹੋ ਗਏ ਹਨ ਕਿ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ, ਤਰਨ ਤਾਰਨ ਅਤੇ ਪੱਟੀ ਦੀਆਂ ਸ਼ਮਸ਼ਾਨਘਾਟਾਂ 'ਚ ਜਿਹੜੇ ਵਿਅਕਤੀਆਂ ਦੀਆਂ ਲਾਸ਼ਾਂ ਦਾ ਸਸਕਾਰ ਲਾਵਾਰਿਸ ਕਰਾਰ ਦੇ ਕੇ ਕੀਤਾ ਗਿਆ ਸੀ, ਇਹ ਉਹੀ ਵਿਅਕਤੀ ਸਨ ਜਿਨ੍ਹਾਂ ਦੇ ਵਾਰਸਾਂ ਨੇ ਉਨ੍ਹਾਂ ਦੇ ਲਾਪਤਾ ਹੋਣ ਸਬੰਧੀ ਅਰਜ਼ੀਆਂ ਕੰਗ ਕਮੇਟੀ ਨੂੰ ਦਿੱਤੀਆਂ। ਗ੍ਰਹਿ ਵਿਭਾਗ ਦੀ ਰਿਪੋਰਟ ਦੇ ਅਧਾਰ 'ਤੇ ਹੀ ਪੰਜਾਬ ਸਰਕਾਰ ਵਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ 2-2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਣਾ ਹੈ। ਪਹਿਲਾਂ ਮ੍ਰਿਤਕਾਂ ਦੀ ਸਹੀ ਪਛਾਣ ਨਾ ਹੋਣ ਕਰਕੇ ਪੰਜਾਬ ਸਰਕਾਰ ਮੁਆਵਜ਼ਾ ਨਹੀਂ ਸੀ ਦੇ ਰਹੀ।

## ਕਿਸਾਨਾਂ ਖਿਲਾਫ ਪਰਾਲੀ ਸਾੜਨ 'ਤੇ ਕੇਸ ਦਰਜ ਕਰਨ ਦੀ ਸਿਫਾਰਸ਼

**ਪਟਿਆਲਾ:** ਦੇਰ ਹੀ ਸਹੀ ਪ੍ਰੰਤੂ ਆਖਰ ਜ਼ਿਲਾ ਪ੍ਰਸ਼ਾਸਨ ਦੀ ਜਾਗ ਖੁੱਲ੍ਹ ਹੀ ਗਈ। ਐਸ.ਡੀ.ਐਮ. ਪਟਿਆਲਾ ਗੁਰਮੀਤ ਸਿੰਘ ਨੇ ਇਸ ਸਬੰਧੀ ਸਖਤ ਫੈਸਲਾ ਲੈਂਦਿਆਂ ਧਾਰਾ 144 ਦੀ ਉਲੰਘਣਾ ਕਰਕੇ ਖੇਤਾਂ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ ਵਿਚ ਪਟਿਆਲਾ ਤਹਿਸੀਲ ਦੇ 58 ਕਿਸਾਨਾਂ ਖਿਲਾਫ ਕੇਸ ਦਰਜ ਕਰਨ ਲਈ ਡਿਪਟੀ ਕਮਿਸ਼ਨਰ ਦੀਪਿੰਦਰ ਸਿੰਘ ਨੂੰ ਸਿਫਾਰਸ਼ ਕੀਤੀ ਹੈ। ਇਹ ਉਹ ਕਿਸਾਨ ਹਨ, ਜਿਨ੍ਹਾਂ ਨੂੰ ਤਹਿਸੀਲਦਾਰ ਸੁਭਾਸ਼ ਭਾਰਦਵਾਜ ਅਤੇ ਨਾਇਬ ਤਹਿਸੀਲਦਾਰ ਹਰਨੇਕ ਸਿੰਘ ਨੇ ਆਪਣੇ ਦੌਰੇ ਦੌਰਾਨ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾਉਂਦਿਆਂ ਫੜਿਆ ਹੈ। ਐਸ.ਡੀ.ਐਮ. ਵਲੋਂ ਲਿਖੇ ਗਏ ਪੱਤਰ ਵਿਚ ਇਨ੍ਹਾਂ ਕਿਸਾਨਾਂ ਖਿਲਾਫ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

## ਸਾਹਨੇਵਾਲ ਏਅਰਪੋਰਟ ਘਰੇਲੂ ਉਡਾਨਾਂ ਲਈ ਤਿਆਰ

**ਲੁਧਿਆਣਾ:** ਸਾਹਨੇਵਾਲ ਏਅਰਪੋਰਟ ਘਰੇਲੂ ਉਡਾਨਾਂ ਦੇ ਲਈ ਬਣ ਕੇ ਤਿਆਰ ਹੈ। ਏਅਰਪੋਰਟ ਪ੍ਰਬੰਧਕ ਨੇ ਏ ਆਈ ਆਈ ਨੂੰ ਕੰਪਲੀਸ਼ਨ ਰਿਪੋਰਟ ਭੇਜ ਕੇ ਅਧਿਕਾਰਿਤ ਤੌਰ 'ਤੇ ਨਿਰਮਾਣ ਕਾਰਜ ਪੂਰਾ ਹੋਣ ਦੀ ਸੂਚਨਾ ਵੀ ਦੇ ਦਿੱਤੀ ਹੈ। ਕੋਈ ਦਿੱਕਤ ਨਾ ਆਈ ਤਾਂ 15 ਨਵੰਬਰ ਤੋਂ ਸਾਹਨੇਵਾਲ ਏਅਰਪੋਰਟ ਤੋਂ ਘਰੇਲੂ ਉਡਾਨਾਂ ਸ਼ੁਰੂ ਹੋ ਜਾਣਗੀਆਂ। ਕਿੰਗਫਿਸ਼ਰ ਏਅਰਲਾਇੰਸ ਨੇ ਤਾਂ ਸਰਕਾਰ ਨੂੰ 15 ਨਵੰਬਰ ਤੋਂ ਉਡਾਨਾਂ ਸ਼ੁਰੂ ਕਰਨ ਦਾ ਸ਼ਡਿਊਲ ਵੀ ਭੇਜ ਦਿੱਤਾ ਹੈ। ਉਧਰ, ਫਲਾਇੰਗ ਸ਼ੁਰੂ ਹੋਣ ਦੇ ਮੱਦੇਨਜ਼ਰ ਪ੍ਰਬੰਧਨ ਨੇ ਏਅਰਪੋਰਟ ਦੀ ਸੁਰਖਿਆ ਵਿਵਸਥਾ ਨੂੰ ਚੌਕਸ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸੇ ਲਈ ਡੀ ਜੀ ਪੀ ਨੂੰ ਖੱਤ ਭੇਜ ਕੇ ਹੋਰ ਸੁਰਖਿਅਤ ਮੁਲਾਜ਼ਮ ਮੰਗੇ ਗਏ ਹਨ।

ਹਾਲੇ ਤੱਕ ਦੀ ਯੋਜਨਾ ਦੇ ਅਨੁਸਾਰ ਕਿੰਗਫਿਸ਼ਰ, ਏਅਰਲਾਈਂਸ ਦਿੱਲੀ ਟੂ ਲੁਧਿਆਣਾ ਟੂ ਦਿੱਲੀ ਦੀ ਹਵਾਈ ਸੇਵਾ ਦੇਵੇਗੀ। ਇਸ ਰੂਟ ਤੇ 42 ਸੀਟਾਂ ਵਾਲਾ ਹਵਾਈ ਜਹਾਜ਼ ਲਾਇਆ ਜਾਵੇਗਾ। ਜੈਟ ਏਅਰਵੇਜ਼ ਨੇ ਵੀ ਸਾਹਨੇਵਾਲ ਤੋਂ ਉਡਾਣ ਲਈ ਏਅਰਪੋਰਟ ਪ੍ਰਬੰਧਨ ਨਾਲ ਸੰਪਰਕ ਕੀਤਾ ਹੈ। ਏਅਰਪੋਰਟ ਦੀ ਸੁਰਖਿਆ ਦਾ ਜ਼ਿੰਮਾ ਪੰਜਾਬ ਪੁਲਿਸ ਦੇ ਕੋਲ ਹੈ। ਸੁਰਖਿਆ ਕਰਮਚਾਰੀਆਂ ਦੇ ਵੇਤਨ ਤੇ ਹੋਰ ਖਰਚ ਏਅਰਪੋਰਟ ਅਥਾਰਿਟੀ ਆਫ ਇੰਡੀਆ ਹੀ ਉਠਾਉਂਦੀ ਹੈ। ਸਾਹਨੇਵਾਲ ਏਅਰਪੋਰਟ 123 ਏਕੜ ਵਿਚ ਬਣਿਆ ਹੋਇਆ ਹੈ। ਏਅਰਪੋਰਟ ਦੇ ਮੈਨੇਜਰ ਵੀਕੇ ਜੈਨ ਦਾ ਕਹਿਣਾ ਹੈ ਕਿ ਸਾਡੇ ਵਲੋਂ ਕੰਮ ਪੂਰਾ ਹੈ।

# ਜ਼ਮੀਨਾਂ ‘ਤੇ ਆਪਣੇ ਚਹੇਤਿਆਂ ਦੇ ਕਬਜ਼ੇ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਕਿਸਾਨਾਂ ਵਿਰੁਧ ਜੰਗ ਵਿੱਢੀ

**ਜਲੰਧਰ:** ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਉਤੇ ਇਸ ਦੇ ਆਗੂਆਂ ਵਲੋਂ ਜਬਰੀ ਕਬਜ਼ੇ ਅਤੇ ਇਨ੍ਹਾਂ ਜ਼ਮੀਨਾਂ ਨੂੰ ਆਪਣੇ ਚਹੇਤਿਆਂ ਨੂੰ ਸੌਂਪਣ ਦੇ ਮਾਮਲੇ ਨੂੰ ਲੈ ਕੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਕਮੇਟੀ ਦੀ ਲੀਡਰਸ਼ਿਪ ਗਰੀਬ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਆਪਣੇ ਚਹੇਤਿਆਂ ਨੂੰ 99 ਸਾਲਾ ਠੇਕੇ ‘ਤੇ ਸੌਂਪ ਰਹੀ ਹੈ। ਯਾਦ ਰਹੇ ਪਿਛਲੇ ਕਾਫੀ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਮੀਨ ਤੇ ਖੇਤੀਬਾੜੀ ਕਰਦੇ ਆ ਰਹੇ ਕਿਸਾਨਾਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚਾਲੇ ਪਿੰਡ ਖੰਨਾ ਚਮਿਆਰਾ ਵਿਚ ਚੱਲੀ ਗੋਲੀ ਨਾਲ ਬੀਤੇ ਹਫਤੇ ਦੋ ਕਿਸਾਨਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਹਨ ਅਤੇ ਲਗਭਗ 20 ਹੋਰ ਕਿਸਾਨ ਜ਼ਖਮੀ ਹੋ ਗਏ ਸਨ।

ਜ਼ਿਕਰਯੋਗ ਹੈ ਕਿ ਬੀਤੀ 2 ਨਵੰਬਰ ਨੂੰ ਮੁਜਾਰੇ ਕਿਸਾਨਾਂ ਪਾਸੋਂ ਜ਼ਮੀਨ ਦਾ ਕਬਜ਼ਾ ਛੁਡਵਾਉਣ ਆਈ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਕਿਸਾਨਾਂ ਦੇ ਵਿਚਕਾਰ ਝੜਪ ਹੋ ਗਈ ਸੀ। ਇਸ ਘਟਨਾ ਵਿਚ ਜਦੋਂ ਟਾਸਕ ਫੋਰਸ ਦੇ ਮੈਂਬਰ ਅਤੇ 200 ਤੋਂ ਵਧ ਹੋਰ ਹਥਿਆਰਬੰਦ ਵਿਅਕਤੀ, ਸ਼੍ਰੋਮਣੀ ਕਮੇਟੀ ਦੀ ਜ਼ਮੀਨ ਦਾ ਕਬਜਾ ਕਿਸਾਨਾਂ ਪਾਸੋਂ ਲੈਣ ਗਏ ਤਾਂ ਅਗਾਂਹ ਸਬੰਧਤ ਕਿਸਾਨਾਂ ਨਾਲ ਟਕਰਾਅ ਹੋ ਗਿਆ, ਜਿਨ੍ਹਾਂ ਨੇ ਇਹ ਜ਼ਮੀਨ ਠੇਕੇ ‘ਤੇ ਲਈ ਹੋਈ ਸੀ। ਉਹ ਕਈ ਦਹਾਕਿਆਂ ਤੋਂ ਇਸ ਜ਼ਮੀਨ ਨੂੰ ਵਾਹੁੰਦੇ ਆ ਰਹੇ ਸਨ। ਇਨ੍ਹਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਇਸ ਜ਼ਮੀਨ ‘ਤੇ ਹੀ ਮੁਨੱਸਰ ਸੀ। ਕਿਸਾਨਾਂ ਵਲੋਂ ਬੀਜੀ ਹੋਈ ਕਣਕ ਨੂੰ ਟਾਸਕ ਫੋਰਸ ਨੇ ਟਰੈਕਟਰਾਂ ਨਾਲ ਵਾਹੁਣਾ ਸ਼ੁਰੂ ਕਰ ਦਿੱਤਾ। ਜਦੋਂ ਕਿਸਾਨਾਂ ਨੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤਾ ਤਾਂ ਟਾਸਕ ਫੋਰਸ ਨੇ ਕਿਸਾਨਾਂ ‘ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਨਾਲ ਇਕ ਕਿਸਾਨ ਕਸ਼ਮੀਰ ਸਿੰਘ (40) ਦੀ ਮੌਕੇ ‘ਤੇ ਹੀ ਮੌਤ ਹੋ ਗਈ ਜਦਕਿ ਬਲਵਿੰਦਰ ਸਿੰਘ ਨਾਂ ਦਾ ਵਿਅਕਤੀ ਜ਼ਖਮੀ ਹਾਲਤ ਵਿਚ ਹਸਪਤਾਲ ਵਿਚ ਦਮ ਤੋੜ ਗਿਆ। ਇਸ ਜ਼ਮੀਨੀ ਝਗੜੇ ਵਿਚ ਦੋ ਦਰਜਨ ਦੇ ਕਰੀਬ ਕਿਸਾਨ ਜ਼ਖਮੀ ਹੋ ਗਏ ਸਨ। ਯਾਦ ਰਹੇ ਇਹ ਜ਼ਮੀਨੀ ਝਗੜਾ ਪਿਛਲੇ 10-12 ਸਾਲਾਂ ਤੋਂ ਲਗਾਤਾਰ ਚਲਦਾ ਆ ਰਿਹਾ ਸੀ। ਸ਼੍ਰੋਮਣੀ ਕਮੇਟੀ ਵਾਲੇ ਕਾਫੀ ਸਮੇਂ ਤੋਂ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਆ ਰਹੇ ਸਨ। ਇਸ ਟਾਸਕ ਫੋਰਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਅਮਰੀਕ ਸਿੰਘ ਸ਼ਾਹਪੁਰ ਕਰ ਰਹੇ ਸਨ।

ਇਨ੍ਹਾਂ ਕਿਸਾਨਾਂ ਨੇ ਸ਼੍ਰੋਮਣੀ ਕਮੇਟੀ ਦੀ ਜ਼ਮੀਨ ਦਾ ਕੋਈ ਵੀ ਬਕਾਇਆ ਵੀ ਨਹੀਂ ਸੀ ਦੇਣਾ। ਇਕ ਪਿੰਡ ਦੇ ਵਿਅਕਤੀ ਦੇ ਬਿਆਨਾਂ ਦੇ ਆਧਾਰ ‘ਤੇ ਸ਼੍ਰੋਮਣੀ ਕਮੇਟੀ ਆਗੂਆਂ ਅਤੇ ਮੁਲਾਜ਼ਮਾਂ ਦੇ ਨਾਂ ਪੁਲਿਸ ਰਿਪੋਰਟ ਵਿਚ ਦਰਜ ਕਰਵਾਏ ਗਏ ਸਨ, ਪਰ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਪੁਲਿਸ ਉਨ੍ਹਾਂ ਅਧਿਕਾਰੀਆਂ ਨੂੰ ਬਚਾਉਣ ਵਿਚ ਲੱਗੀ ਹੋਈ ਹੈ।

ਖੰਨਾ ਚਮਿਆਰਾ ਕਾਂਡ ਦੀ ਹਰ ਪਾਸੋਂ ਤੋਂ ਨਿੰਦਾ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸਕੱਤਰ ਭਾਈ ਹਰਪਾਲ ਸਿੰਘ ਚੀਮਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਸਥਾਨਕ ਸ਼੍ਰੋਮਣੀ ਕਮੇਟੀ ਮੈਂਬਰ ਅਮਰੀਕ ਸਿੰਘ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਹੈ ਕਿ ਸਿੱਖ ਕੌਮ ‘ਤੇ ਕਾਬਜ਼ ਹੋ ਚੁੱਕੇ ਬਾਦਲ ਦੇ ਮਸੰਦਾਂ ਨੇ ਹੁਣ ਗਰੀਬਾਂ ਦਾ ਖ਼ੂਨ ਵਹਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਜ਼ਮੀਨ ‘ਤੇ ਪਿਛਲੇ 50 ਸਾਲ ਤੋਂ ਕਾਸ਼ਤ ਕਰਦੇ ਆ ਰਹੇ ਗਰੀਬ ਮੁਜ਼ਾਰਿਆਂ ਤੋਂ ਜ਼ਮੀਨਾਂ ਖੋਹ ਕੇ ਇਹ ਲੋਕ ਹੁਣ ਆਪਣੇ ਚਹੇਤਿਆਂ ਨੂੰ ਸੌਂਪਣਾ ਚਾਹੁੰਦੇ ਹਨ।

ਇਸ ਘਟਨਾ ਦੀ ਸ਼੍ਰੋਮਣੀ ਸਿੱਖ ਕੌਂਸਲ ਇੰਟਰਨੈਸ਼ਨਲ ਅਤੇ ਅਕਾਲ ਫੈਡਰੇਸ਼ਨ ਦੇ ਆਗੂਆਂ ਨਰਾਇਣ ਸਿੰਘ, ਜਸਬੀਰ ਸਿੰਘ ਨੇ ਵੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਕਾਰਣ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਮਿਟੀ ਵਿਚ ਮਿਲਾ ਦਿੱਤਾ ਗਿਆ ਹੈ। ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਇਸ ਘਟਨਾ ਦਾ ਮੁੱਖ ਦੋਸ਼ੀ ਅਵਤਾਰ ਸਿੰਘ ਮੱਕੜ ਹੈ ਜਿਸ ਨੇ ਪਿਛਲੇ ਦਿਨਾਂ ਵਿਚ ਕੁਝ ਥਾਵਾਂ ‘ਤੇ ਕਬਜ਼ਾ ਕਰਨ ਵਾਲੇ ਮੁਲਾਜ਼ਮਾਂ ਨੂੰ ਤਰੱਕੀਆਂ ਦੇ ਕੇ ਤੇ ਤਨਖਾਹਾਂ ਵਧਾ ਕੇ ਪੁਲਿਸੀਆ ਸਭਿਆਚਾਰ ਪੈਦਾ ਕਰ ਦਿੱਤਾ ਹੈ। ਇਸ ਘਟਨਾ ਦੀ ਨਿੰਦਾ ਕਰਦਿਆਂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਇਨ੍ਹਾਂ ਕਤਲਾਂ ਲਈ ਜਥੇਦਾਰ ਮੱਕੜ, ਦਲਮੇਘ ਸਿੰਘ ਸਕੱਤਰ, ਸ਼੍ਰੋਮਣੀ ਕਮੇਟੀ ਮੈਂਬਰ ਅਮਰੀਕ ਸਿੰਘ ਸ਼ਾਹਪੁਰ ‘ਤੇ ਵੀ ਕੇਸ ਦਰਜ ਹੋਣੇ ਚਾਹੀਦੇ ਹਨ।

ਯਾਦ ਰਹੇ ਬੀਤੇ ਸਮੇਂ ਵਿਚ ਵੀ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ‘ਤੇ ਬਾਦਲ ਦਲੀਆਂ ਵਲੋਂ ਆਪਣੇ ਚਹੇਤਿਆਂ ਨੂੰ ਕਬਜ਼ੇ ਕਰਵਾਏ ਗਏ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਲਈ ਕੌਡੀਆਂ ਦੇ ਭਾਅ ਅਲਾਟ ਕੀਤੀਆਂ ਹਨ। ਇਹ ਭਾਵੇਂ ਸ੍ਰੀ ਆਨੰਦਪੁਰ ਸਾਹਿਬ ਦੀ ਸ਼੍ਰੋਮਣੀ ਕਮੇਟੀ ਦੀ ਜ਼ਮੀਨ ਹੋਵੇ, ਫਤਿਹਗੜ੍ਹ ਸਾਹਿਬ ਵਿਖੇ ਮੌਜੂਦ ਕਮੇਟੀ ਦੀ ਜ਼ਮੀਨ ਹੋਵੇ ਜਾਂ ਹੋਰ ਕਈ ਥਾਵਾਂ ‘ਤੇ ਜ਼ਮੀਨਾਂ ਹੋਣ, ਆਪਣੇ ਚਹੇਤਿਆਂ ਨੂੰ ਹੀ ਅਲਾਟ ਕੀਤੀਆਂ ਗਈਆਂ ਹਨ।


ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਲੈਣ ਲਈ ਇਕੋ ਇਕ ਭਰੋਸੇਮੰਦ ਨਾਮ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ



Major Singh Chauhan
AGENT
CA Ins. Lic #0D36632
New York Life Insurance Company

Sacramento Office :
120 Hoxsie Ct,
Folsom CA 95630

Fremont Office :
39650 Liberty St. #200
Fremont CA 94538

Bakersfield Office :
PO Box 40728
Bakersfield CA 93384

Cell : 916-337-1683
Off : 916-983-4890
Off : 510-624-4190
Fax : 916-984-0110

mc101048@gmail.com
THE COMPANY YOU KEEP



Real Estate and Loans Under One Roof

Call: Sam Chahal Tel: 916-612-5773
Multi-Million Dollars Producer-2007-08

Reo-Bankowned Properties
Serving from Bay Area to Sacramento

*For Buying and Selling Residential, Commercial property and for Loans in Sacramento area*



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell
Business & Homes

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪੰਜਾਬ ਟਾਈਮਜ਼

ਸਨਿਚਰਵਾਰ, 14 ਨਵੰਬਰ, 2009


*ਸੁਰੱਖਿਆ ਲਈ ਕਰਤੱਵ ਤੋਂ ਬਿਨਾ ਵੀ ਕੋਈ ਰਸਤਾ ਹੈ, ਇਹ ਮੰਨਣਾ ਵੱਡੀ ਗਲਤੀ ਹੈ:ਵਿਲੀਅਮ ਮੇਵਿਨ*

## ਸੰਪਾਦਕੀ

## ਬੰਦਾਂ ਦੀ ਸਿਆਸਤ

ਦਲ ਖਾਲਸਾ ਦੀ ਪਹਿਲਕਦਮੀ ’ਤੇ ਲੰਘੀ 3 ਨਵੰਬਰ ਨੂੰ ਸਿੱਖ ਜਥੇਬੰਦੀਆਂ ਨੇ ਦਿੱਲੀ ਦੰਗਿਆਂ ਦੇ ਸ਼ਿਕਾਰ ਲੋਕਾਂ ਨੂੰ ਇਨਸਾਫ਼ ਨਾ ਮਿਲਣ ਕਾਰਨ ਬੰਦ ਦਾ ਸੱਦਾ ਦਿੱਤਾ ਸੀ। ਪੰਜਾਬ ਦੇ ਬਹੁਤੇ ਸ਼ਹਿਰਾਂ ਵਿਚ ਬੰਦ ਨੂੰ ਲਾਮਿਸਾਲ ਹੁੰਗਾਰਾ ਮਿਲਿਆ। ਇਸ ਕਿਸਮ ਦੀਆਂ ਖ਼ਬਰਾਂ ਵੀ ਮਿਲੀਆਂ ਹਨ ਕਿ ਪੰਜਾਬ ਦੇ ਗ਼ੈਰ-ਸਿੱਖ ਤਬਕਿਆਂ ਦੇ ਕੁਝ ਹਿੱਸਿਆਂ ਨੇ ਵੀ ਇਸ ਬੰਦ ਵਿਚ ਅੰਦੋਲਨਕਾਰੀਆਂ ਦਾ ਸਾਥ ਦਿੱਤਾ। ਅਜਿਹੀਆਂ ਰਿਪੋਰਟਾਂ ਤਕਰੀਬਨ ਸਾਰੇ ਅਖ਼ਬਾਰਾਂ ਵਿਚ ਛਪੀਆਂ। ਬੰਦ ਦਾ ਸੱਦਾ ਮੁੱਢ ਵਿਚ ਭਾਵੇਂ ਦਲ ਖਾਲਸਾ ਵਲੋਂ ਦਿੱਤਾ ਗਿਆ ਸੀ ਪਰ ਬਾਅਦ ’ਚ ਸ਼੍ਰੋਮਣੀ ਅਕਾਲੀ ਦਲ (ਮਾਨ), ਅਕਾਲੀ ਦਲ 1920, ਅਕਾਲੀ ਦਲ (ਪੰਚ ਪ੍ਰਧਾਨੀ) ਅਤੇ ਮੋਹਕਮ ਸਿੰਘ ਦੀ ਅਗਵਾਈ ਵਾਲੀ ਸਾਂਝੀ ਪੰਥਕ ਕਮੇਟੀ ਵਲੋਂ ਇਸ ਨੂੰ ਹਮਾਇਤ ਦੇ ਦਿੱਤੀ ਗਈ। ਇਥੋਂ ਤਕ ਕਿ ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਕੁਝ ਜਥੇਬੰਦੀਆਂ ਨੇ ਵੀ ਬੰਦ ਦੇ ਸੱਦੇ ਦੀ ਹਮਾਇਤ ਕਰ ਦਿੱਤੀ। ਬੰਦ ਦੇ ਸੱਦੇ ਨੂੰ ਇੰਨੀ ਵਿਆਪਕ ਹਮਾਇਤ ਮਿਲਣ ਦੇ ਸਿੱਟੇ ਵਜੋਂ ਆਪਮੁਹਾਰੇ ਹੀ ਇਹ ਬੰਦ ਸਫਲ ਰਿਹਾ।

ਬੰਦ ਦੇ ਸੱਦੇ ਤੋਂ ਪਿਛੋਂ ਸਿਆਸੀ ਤੌਰ ‘ਤੇ ਲਗਾਤਾਰ ਅਸਫਲ ਰਹਿ ਰਹੀਆਂ ਬਾਦਲ ਵਿਰੋਧੀ ਪੰਥਕ ਜਥੇਬੰਦੀਆਂ ਨੂੰ ਇਕ ਉਤਸ਼ਾਹਜਨਕ ਆਸ ਬੱਝੀ ਹੈ, ਪਰ ਇਹ ਜਥੇਬੰਦੀਆਂ ਅਗਾਂਹ ਕੋਈ ਮੁਤਬਾਦਲ ਸਿਆਸੀ ਫਰੰਟ ਉਸਾਰ ਸਕਦੀਆਂ ਹਨ ਜਾਂ ਨਹੀਂ, ਇਹ ਸਵਾਲ ਇਨ੍ਹਾਂ ਸਾਹਮਣੇ ਗੰਭੀਰ ਰੂਪ ਵਿਚ ਖੜ੍ਹਾ ਹੈ। ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਰੈਡੀਕਲ ਸਿੱਖ ਜਥੇਬੰਦੀਆਂ ਵਿਚ ਵੀ ਆਪਸੀ ਫੁੱਟ ਦਾ ਮਾਹੌਲ ਹੈ ਅਤੇ ਵੱਖ-ਵੱਖ ਸ਼ਖਸੀਅਤਾਂ ਦੁਆਲੇ ਛੋਟੀਆਂ-ਛੋਟੀਆਂ ਜਥੇਬੰਦੀਆਂ ਆਪੋ-ਆਪਣੇ ਘੇਰੇ ਵਿਚ ਜੁੜ ਗਈਆਂ ਹਨ। ਬਾਦਲ ਵਿਰੋਧੀ ਸਿੱਖ ਜਥੇਬੰਦੀਆਂ ਕੋਲ ਹਾਲ ਦੀ ਘੜੀ ਕੋਈ ਇਸ ਪਾਏ ਦਾ ਆਗੂ ਨਹੀਂ ਹੈ ਜਿਹੜਾ ਸਮੁੱਚੀ ਬਾਦਲ ਵਿਰੋਧੀ ਸਿੱਖ ਧਿਰ ਨੂੰ ਇਕ ਮੰਚ ਉਪਰ ਲਿਆ ਸਕੇ। ਪਿਛਲੇ ਦਿਨਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਮੱਦੇਨਜ਼ਰ ਸਮੁੱਚੀਆਂ ਬਾਦਲ ਵਿਰੋਧੀ ਜਥੇਬੰਦੀਆਂ ਨੂੰ ਇਕ ਮੰਚ ‘ਤੇ ਇਕੱਠਾ ਕਰਨ ਦੀ ਸਰਗਰਮੀ ਆਰੰਭੀ ਸੀ ਪਰ ਉਨ੍ਹਾਂ ਦੀ ਇਹ ਸਰਗਰਮੀ ਅੱਧੀ-ਅਧੂਰੀ ਜਿਹੀ ਜਾਪਦੀ ਹੈ। ਭਾਵੇਂ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਖਿਲਾਫ਼ ਉਨ੍ਹਾਂ ਦੇ ਕਾਫੀ ਤਿੱਖੇ ਬਿਆਨ ਛਪੇ ਹਨ ਅਤੇ ਭਾਈ ਰਣਜੀਤ ਸਿੰਘ ਨੇ ਜਥੇਦਾਰ ਮੱਕੜ ਨੂੰ ਬਾਦਲ ਪਰਿਵਾਰ ਵਲੋਂ ਫੈਲਾਏ ਜਾ ਰਹੇ ਭ੍ਰਿਸ਼ਟਾਚਾਰ ਅਤੇ ਖਾਧੀ-ਪੀਤੀ ਜਾ ਰਹੀ ਗੁਰਦੁਆਰਿਆਂ ਦੀ ਜਾਇਦਾਦ ਸੰਬੰਧੀ ਬਹਿਸ ਲਈ ਵੀ ਵੰਗਾਰਿਆ ਹੈ, ਪਰ ਉਹ ਇਕ ਵੰਗਾਰ ਜਾਂ ਬਿਆਨ ਤੋਂ ਬਾਅਦ ਕਈ ਦਿਨ ਚੁੱਪ ਕਰ ਜਾਂਦੇ ਹਨ। ਇਸੇ ਤਰ੍ਹਾਂ ਸ. ਸਿਮਰਨਜੀਤ ਸਿੰਘ ਮਾਨ ਵੀ ਹੁਣ ਤਕ ਧੂਰਲੀਆਂ ਮਾਰਨ ਦੀ ਸਿਆਸਤ ਹੀ ਕਰਦੇ ਆ ਰਹੇ ਹਨ। ਉਹ ਪਿਛਲੇ 20-22 ਸਾਲਾਂ ਵਿਚ ਵੀ ਆਪਣਾ ਕੋਈ ਰਾਜਨੀਤਕ ਆਧਾਰ ਅਤੇ ਕਾਡਰ ਨਹੀਂ ਉਸਾਰ ਸਕੇ। ਇੰਜ ਉਨ੍ਹਾਂ ਦੀ ਰਾਜਨੀਤਕ ਸੋਝੀ ਦਾ ਠੋਸ ਸਿਆਸੀ ਬਦਲ ਵਿਚ ਪਲਟਣਾ ਸ਼ੱਕੀ ਜਿਹਾ ਵਿਖਾਈ ਦਿੰਦਾ ਹੈ।

ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੂੰ ਪੰਜਾਬ ਸਰਕਾਰ ਮਿੱਧਣ ਲੱਗੀ ਹੋਈ ਹੈ ਅਤੇ ਜਥੇਬੰਦਕ ਰੂਪ ਵਿਚ ਦਲ ਖਾਲਸਾ ਕੋਲ ਵੀ ਹਾਲੇ ਬਹੁਤਾ ਵੱਡਾ ਆਧਾਰ ਨਹੀਂ ਹੈ, ਭਾਵੇਂ ਕਿ ਦਿੱਲੀ ਦੰਗਿਆਂ ਵਾਲੇ ਬੰਦ ਦੇ ਮਾਮਲੇ ਵਿਚ ਉਨ੍ਹਾਂ ਇਕ ਪਹਿਲਕਦਮੀ ਲੈ ਲਈ ਹੈ।

ਜਿਥੋਂ ਤਕ ਦਿੱਲੀ ਦੰਗਿਆਂ ਦੇ ਸ਼ਿਕਾਰ ਹੋਣ ਵਾਲੇ ਲੋਕਾਂ ਦਾ ਸੰਬੰਧ ਹੈ, ਉਨ੍ਹਾਂ ਨਾਲ ਸਾਨੂੰ ਵਿਆਪਕ ਲੋਕਾਈ ਵਾਂਗ ਹੀ ਹਮਦਰਦੀ ਹੈ ਅਤੇ ਇਹ ਵੀ ਕਿ ਉਨ੍ਹਾਂ ਨੂੰ ਹਰ ਹੀਲੇ ਇਨਸਾਫ ਮਿਲਣਾ ਚਾਹੀਦਾ ਹੈ। ਇਸ ਗੱਲ ਦੇ ਵੀ ਅਸੀਂ ਹੱਕ ਵਿਚ ਹਾਂ ਕਿ ਇਨ੍ਹਾਂ ਦੰਗਿਆਂ ਦੇ ਸ਼ਿਕਾਰ ਲੋਕੀ ਭਾਵੇਂ ਕਿੰਨੇ ਵੀ ਉਚੇ ਅਹੁਦਿਆਂ ਉਪਰ ਬੈਠੇ ਹੋਣ, ਉਨ੍ਹਾਂ ਨੂੰ ਹਰ ਕੀਮਤ ‘ਤੇ ਇਨਸਾਫ ਦੇ ਕਟਹਿਰੇ ਵਿਚ ਖੜ੍ਹੇ ਕੀਤਾ ਜਾਣਾ ਚਾਹੀਦਾ ਹੈ। ਜੇ ਸਰਕਾਰਾਂ, ਭਾਵੇਂ ਉਹ ਕੇਂਦਰੀ ਸਰਕਾਰਾਂ ਹੋਣ ਅਤੇ ਭਾਵੇਂ ਪੰਜਾਬ ਦੀਆਂ, ਅਜਿਹੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਉਨ੍ਹਾਂ ਦੇ ਖਿਲਾਫ਼ ਸੰਘਰਸ਼ ਵੀ ਵਿੱਢੇ ਜਾਣੇ ਚਾਹੀਦੇ ਹਨ ਪਰ ਅਜਿਹੇ ਸੰਘਰਸ਼ ਵਿੱਢਦਿਆਂ ਇਸ ਗੱਲ ਦਾ ਖਿਆਲ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਨਾਲ ਆਮ ਲੋਕਾਂ ਨੂੰ ਕੋਈ ਤੰਗੀ ਨਾ ਹੋਵੇ। ਇਨਸਾਫ ਲਈ ਲੜ ਰਹੀਆਂ ਧਿਰਾਂ ਨੂੰ ਆਪਣੇ ਲੋਕਾਂ ਵਿਚ ਹੀ ਨਹੀਂ, ਸਗੋਂ ਦੁਨੀਆਂ ਦੇ ਵੰਨ-ਸੁਵੰਨੇ ਧਾਰਮਿਕ, ਸਿਆਸੀ ਵਿਸ਼ਵਾਸ ਰੱਖਣ ਵਾਲੇ ਲੋਕਾਂ ਵਿਚ ਵੀ ਆਪਣੀ ਹਮਦਰਦੀ ਦਾ ਪਸਾਰਾ ਕਰਨਾ ਚਾਹੀਦਾ ਹੈ। ਲੜਾਈ ਲੜਦਿਆਂ ਇਸ ਨੂੰ ਸਿਰਫ ਆਪਣੇ-ਆਪ ਤਕ ਸੀਮਤ ਕਰ ਲੈਣਾ ਅਤੇ ਬਾਕੀ ਸਾਰੀ ਦੁਨੀਆਂ ਨੂੰ ਆਪਣੇ ਦੁਸ਼ਮਣ ਸਮਝ ਲੈਣਾ ਇਕ ਆਤਮਘਾਤੀ ਪਹੁੰਚ ਹੈ। ਕਿਸੇ ਜਾਬਰ ਧਿਰ ਤੋਂ ਸੱਟ ਖਾ ਚੁੱਕੀਆਂ ਕੌਮਾਂ ਅਤੇ ਭਾਈਚਾਰੇ ਅਕਸਰ ਹੀ ਅਜਿਹੀ ਸੋਚ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੀ ਸੋਚ ਅੰਤ ਨੂੰ ਵੱਡੀਆਂ ਹਾਰਾਂ ਦਾ ਕਾਰਨ ਬਣਦੀ ਹੈ ਅਤੇ ਇਨਸਾਫ ਮੰਗਣ ਵਾਲੇ ਲੋਕਾਂ ਨੂੰ ਅੰਤ ਨੂੰ ਕਿਸੇ ਹੋਰ ਵੱਡੀ ਬੇਇਨਸਾਫੀ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਹਾਦਸਿਆਂ ਤੋਂ ਆਪਣੇ ਆਪ ਨੂੰ ਬਚਾਅ ਕੇ ਰੱਖਣਾ ਵੱਡੀ ਸਿਆਣਪ ਹੈ।

3 ਨਵੰਬਰ ਦੇ ਬੰਦ ਤੋਂ ਬਾਅਦ 84 ਦੇ ਦੰਗਿਆਂ ਨਾਲ ਸੰਬੰਧਤ ਦੰਗਾ ਪੀੜਤ ਵੈਲਫੇਅਰ ਸੁਸਾਇਟੀ ਵਲੋਂ 6 ਨਵੰਬਰ ਨੂੰ ਰੇਲਾਂ ਰੋਕਣ ਦਾ ਸੱਦਾ ਦੇ ਦਿੱਤਾ ਗਿਆ। ਇੰਨੀ ਜਲਦੀ ਬੰਦ ਦੇ ਸੱਦੇ, ਬੰਦ ਦਾ ਮਹੱਤਵ ਹੀ ਗੁਆ ਦਿੰਦੇ ਹਨ। ਅਜਿਹੇ ਫੈਸਲੇ ਬੇਹੱਦ ਮਹੱਤਵ ਵਾਲੇ ਮੁੱਦੇ ਉਠਾਉਣ ਲਈ ਹੀ ਲਏ ਜਾਣੇ ਚਾਹੀਦੇ ਹਨ। ਰੋਜ਼-ਰੋਜ਼ ਦੇ ਬੰਦ ਨਾ ਸਿਰਫ ਬੰਦਾਂ ਦਾ ਮਹੱਤਵ ਹੀ ਘਟਾ ਦੇਣਗੇ, ਸਗੋਂ ਇਹ ਆਮ ਲੋਕਾਈ ਨੂੰ ਲੜ ਰਹੀਆਂ ਧਿਰਾਂ ਦੇ ਖਿਲਾਫ਼ ਵੀ ਕਰ ਦੇਣਗੇ। ਇਕ ਗੱਲ ਹੋਰ ਧਿਆਨ ਵਿਚ ਰੱਖਣ ਵਾਲੀ ਹੈ ਕਿ ਬੰਦ ਦੇ ਸੱਦਿਆਂ ਨੂੰ ਇੰਨੇ ਸਹਿਜ ਅਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨਾ ਚਾਹੀਦਾ ਹੈ ਕਿ ਇਹ ਆਪਣੇ ਆਪ ਵਿਚ ਇਕ ਮਿਸਾਲ ਬਣ ਜਾਣ। ਅਜਿਹੇ ਮੌਕਿਆਂ ‘ਤੇ ਤਲਵਾਰਾਂ ਖਿੱਚਣਾ ਲਾਜ਼ਮੀ ਆਤਮਘਾਤੀ ਸਾਬਤ ਹੋਵੇਗਾ। ਬੀਤੇ ਮਈ ਮਹੀਨੇ ਵਿਚ ਜਦੋਂ ਇਕ ਦਲਿਤ ਸੰਤ ਦੇ ਕਤਲ ਤੋਂ ਬਾਅਦ ਦਲਿਤ ਜਥੇਬੰਦੀਆਂ ਨਾਲ ਸੰਬੰਧਤ ਭੀੜਾਂ ਨੇ ਤਲਵਾਰਾਂ ਅਤੇ ਹਥਿਆਰ ਖਿੱਚੇ ਸਨ ਤਾਂ ਸਿੱਖਾਂ ਸਮੇਤ ਤਕਰੀਬਨ ਸਾਰੀਆਂ ਧਿਰਾਂ ਨੇ ਉਨ੍ਹਾਂ ਦੀ ਆਲੋਚਨਾ ਕੀਤੀ ਸੀ। ਹਥਿਆਰਾਂ ਦਾ ਜਨਤਕ ਪ੍ਰਗਟਾਵਾ ਭਾਵੇਂ ਸਿੱਖ ਕਰਨ ਜਾਂ ਦਲਿਤ, ਇਸ ਨੂੰ ਠੀਕ ਨਹੀਂ ਕਿਹਾ ਜਾ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਵਾਜ਼-ਏ-ਦਲਿਤ ਚੇਤਨਾ!*

*ਹੁੰਦੀ ਭਗਤ ਤੇ ਗੁਰੂ ਦੀ ਜੋਤ ਇਕੋ,*
*ਬਿਨ ਇਨ੍ਹਾਂ ਦੇ ਸਾਨੂੰ ਨਹੀਂ ਲੋੜ ਕੋਈ।*
*ਬੇਗਮਪੁਰੇ ਦੇ ਰਹਿਣੈ ਵਸਨੀਕ ਬਣ ਕੇ,*
*ਰਹਿਣੀ ਜ਼ਿੰਦਗੀ ਵਿਚ ਨਾ ਤੋੜ ਕਈ।*
*ਸਾਨੂੰ ਤੋੜ ਕੇ ਗੁਰੂ ਗ੍ਰੰਥ ਨਾਲੋਂ,*
*ਸਕਿਆ ਬੁੱਤਾਂ ਦੇ ਨਾਲ ਨਾ ਜੋੜ ਕੋਈ।*
*ਦੁਸ਼ਮਣ-ਸਾਜਿਸ਼ਾਂ ਦਾ ਭਾਂਡਾ ਫੁੱਟ ਜਾਂਦੈ,*
*ਵਕਤ ਲਏ ਸੰਜੀਦਾ ਜਿਹਾ ਮੋੜ ਕੋਈ।*
*ਬਾਹਾਂ ਭੱਜੀਆਂ ਗਲ਼ੇ ਨੂੰ ਆਉਂਦੀਆਂ ਨੇ,*
*ਭਰਦੀ ਨਫਰਤਾਂ ਵਾਲੀ ਜਦ ਖੋੜ ਕੋਈ।*
*ਬਿਪਰਵਾਦ ਨੇ ਲਾ ਲਿਆ ਟਿੱਲ ਪੂਰਾ,*
*ਸਾਡੀ ਸਾਂਝ ਨਾ ਸਕਿਆ ਤੋੜ ਕੋਈ।*

# ਚੰਡੀਗੜ੍ਹ ਸ਼ਹਿਰ ਬਣ ਗਿਆ ਲੁੱਟ ਦਾ ਮਾਲ

**-ਗੋਬਿੰਦ ਠੁਕਰਾਲ**



**ਲੇਖਾਕਾਰਾਂ ਦੀ ਰਿਪੋਰਟ ਤੋਂ ਸਾਫ ਪਤਾ ਲਗਦਾ ਹੈ ਕਿ ਕਿਸਾਨਾਂ ਤੋਂ 30 ਲੱਖ ਰੁਪਏ ਫੀ ਏਕੜ ਦੇ ਸਸਤੇ ਭਾਅ ਜ਼ਮੀਨਾਂ ਹਾਸਲ ਕਰ ਲਈਆਂ ਗਈਆਂ ਅਤੇ ਅਗੋਂ ਸਨਅਤਕਾਰਾਂ ਅਤੇ ਫਲੈਟਾਂ ਦੇ ਰੂਪ ’ਚ ਘਰ ਬਣਾ ਕੇ ਵੇਚਣ ਵਾਲੀਆਂ ਕੰਪਨੀਆਂ ਨੂੰ 40 ਲੱਖ ਤੋਂ 2 ਕਰੋੜ ਰੁਪਏ ਤੱਕ ਦੀ ਮਾਰਕੀਟ ਕੀਮਤ ਤੋਂ ਘੱਟ ਕੀਮਤ ਉਤੇ ਸੌਂਪ ਦਿੱਤੀਆਂ ਗਈਆਂ।**

ਕੇਂਦਰੀ ਇਕਾਈ (ਯੂ.ਟੀ.) ਦੇ ਪ੍ਰਸ਼ਾਸਕ ਜਨਰਲ ਐਸ.ਐਫ. ਰੌਡਰਿਗਜ਼ ਵਲੋਂ ਪ੍ਰਵਾਨ ਕੀਤੇ ਸੌਦਿਆਂ ਦੀ ਸੀ.ਬੀ.ਆਈ. ਜਾਂਚ ਕਰਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀਆਂ ਲੇਖਾ ਰਿਪੋਰਟਾਂ ਅਤੇ ਕੇਂਦਰੀ ਵਿਜੀਲੈਂਸ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਚੰਗੀ ਤਰ੍ਹਾਂ ਪਤਾ ਚਲ ਜਾਂਦਾ ਹੈ ਕਿ ਉਨ੍ਹਾਂ ਚੰਡੀਗੜ੍ਹ ‘ਤੇ ਕਿਵੇਂ ਸ਼ਾਸਨ ਚਲਾਉਣ ਦਾ ਯਤਨ ਕੀਤਾ। ਇਸ ਬਾਰੇ ਕਾਫੀ ਚਰਚਾ ਮੀਡੀਆ ਵਿਚ ਪਹਿਲਾਂ ਹੀ ਹੋ ਚੁੱਕੀ ਹੈ।

ਹੁਣ ਉਨ੍ਹਾਂ ਮੀਡੀਆ ਨੂੰ ਵੀ ਮਾਣਹਾਨੀ ਦੀ ਕਾਰਵਾਈ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸੀਨੀਅਰ ਅਫਸਰ ਤੇ ਪ੍ਰਸ਼ਾਸਕ ਦੇ ਸਲਾਹਕਾਰ ਪ੍ਰਦੀਪ ਮਹਿਰਾ (ਜਿਨ੍ਹਾਂ ਇਸ ਘਾਲੇ-ਮਾਲੇ ਨੂੰ ਸਾਹਮਣੇ ਲਿਆਂਦਾ ਸੀ) ਉਨ੍ਹਾਂ ਦੀਆਂ ਨਜ਼ਰਾਂ ਵਿਚ ਘਟੀਆ ਭੇਤੀ ਹਨ। ਰੌਡਰਿਗਜ਼ ਨੇ ਦੋ ਕੇਂਦਰੀ ਮੰਤਰੀਆਂ-ਸ੍ਰੀਮਤੀ ਅੰਬਿਕਾ ਸੋਨੀ ਤੇ ਪਵਨ ਬਾਂਸਲ ’ਤੇ ਵੀ ਤੋਹਮਤਾਂ ਲਗਾਈਆਂ ਹਨ ਕਿ ਉਹ ਉਸ ਦੇ ਪਿਛੇ ਇਸ ਕਰਕੇ ਹੱਥ ਧੋ ਕੇ ਪਏ ਹੋਏ ਹਨ ਕਿਉਂਕਿ ਉਸ ਨੇ ਉਨ੍ਹਾਂ ਦੇ ਦਿੱਲੀ ਪਬਲਿਕ ਸਕੂਲ ਦੇ ਪ੍ਰਾਜੈਕਟ ਲਈ ਬੇਸ਼ਕੀਮਤੀ ਜ਼ਮੀਨ ਹੜੱਪਣ ਦੇ ਮਨਸੂਬਿਆਂ ਤੋਂ ਪਰਦਾ ਚੁੱਕਣ ਦੀ ਜੁਰਅਤ ਦਿਖਾਈ ਸੀ। ਉਸ ਦੇ ਕਰੀਬੀ ਅਫਸਰ ਬਹੁਤ ਅਜੀਬ ਕਿਸਮ ਦੀਆਂ ਦਲੀਲਾਂ ਦੇ ਰਹੇ ਹਨ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪ੍ਰਸ਼ਾਸਨ ਦੇ ਖਾਤਿਆਂ ਤੇ ਕਾਰ ਵਿਹਾਰ ਦੀ ਭੋਰਾ ਸਮਝ ਨਹੀਂ ਹੈ। ਸਵਾਲ ਇਹ ਹੈ ਕਿ ਕੀ ਇਹ ਅਫਸਰ ਇਹ ਗੱਲ ਕਹਿਣ ਦੀ ਹਿੰਮਤ ਉਦੋਂ ਵੀ ਦਿਖਾਉਣਗੇ ਜਦੋਂ ਮੱਧ ਨਵੰਬਰ ਵਿਚ ਜਨਰਲ ਸਾਹਿਬ ਵਿਦਾ ਹੋ ਜਾਣਗੇ। ਲੇਖਾਕਾਰਾਂ ਦੀ ਰਿਪੋਰਟ ਤੋਂ ਸਾਫ ਪਤਾ ਲੱਗਦਾ ਹੈ ਕਿ ਕਿਸਾਨਾਂ ਤੋਂ 30 ਲੱਖ ਰੁਪਏ ਫੀ ਏਕੜ ਦੇ ਸਸਤੇ ਭਾਅ ਜ਼ਮੀਨਾਂ ਹਾਸਲ ਕਰ ਲਈਆਂ ਗਈਆਂ ਅਤੇ ਅਗੋਂ ਸਨਅਤਕਾਰਾਂ ਅਤੇ ਫਲੈਟਾਂ ਦੇ ਰੂਪ ’ਚ ਘਰ ਬਣਾ ਕੇ ਵੇਚਣ ਵਾਲੀਆਂ ਕੰਪਨੀਆਂ ਨੂੰ 40 ਲੱਖ ਤੋਂ 2 ਕਰੋੜ ਰੁਪਏ ਤੱਕ ਦੀ ਮਾਰਕੀਟ ਕੀਮਤ ਤੋਂ ਘੱਟ ਕੀਮਤ ਉਤੇ ਸੌਂਪ ਦਿੱਤੀਆਂ ਗਈਆਂ। ਇਹ ਸਭ ਕੁਝ ਵੱਡੇ ਪ੍ਰਾਜੈਕਟ ਸ਼ੁਰੂ ਕਰਨ ਦੇ ਨਾਂ ‘ਤੇ ਕੀਤਾ ਗਿਆ। ਮਿਸਾਲ ਦੇ ਤੌਰ ‘ਤੇ ਆਈ.ਟੀ. ਪਾਰਕ ਲਾਗੇ ਇਕ ਹਜ਼ਾਰ ਵਰਗ ਗਜ਼ ਜਗ੍ਹਾ ਦੀ ਕੀਮਤ 4 ਕਰੋੜ ਰੁਪਏ ਹੈ, ਪਰ 4840 ਵਰਗ ਗਜ਼ ਜਗ੍ਹਾ 40 ਲੱਖ ਰੁਪਏ ਵਿਚ ਦੇਣ ਦੀ ਪੇਸ਼ਕਸ਼ ਕੀਤੀ ਗਈ। ਇਸ ਤੋਂ ਬਾਅਦ ਚਹੇਤਿਆਂ ਨੂੰ ਖੁਸ਼ ਕਰਨ ਲਈ ਸਾਰੇ ਨੇਮ ਛਿੱਕੇ ਟੰਗ ਦਿਤੇ ਗਏ। ਬਿਨਾ ਅਰਜ਼ੀਆਂ ਤੋਂ ਅਲਾਟਮੈਂਟ, ਚਹੇਤਿਆਂ ਦੀ ਖਾਤਰ ਦਸਤਾਵੇਜ਼ਾਂ ਤੇ ਖਾਤਿਆਂ ਦੀ ਭੰਨਤੋੜ, ਤੇ ਵਿਆਜ ਬਚਾਉਣ ਲਈ ਦੇਰ ਨਾਲ ਚੈਕ ਜਮ੍ਹਾਂ ਕਰਾਉਣੇ ਨੇਮ ਹੀ ਬਣ ਗਏ। ਕੁਝ ਲੋਕਾਂ ਅਨੁਸਾਰ ਇਸ ਰਾਹੀਂ 2000 ਕਰੋੜ ਰੁਪਏ ਦਾ ਘਾਟਾ ਪਿਆ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਪਾਇਆ ਹੈ ਕਿ ਆਈ.ਟੀ. ਪਾਰਕ ਦੇ ਦੂਜੇ ਪੜਾਅ ਲਈ ਜ਼ਮੀਨ ਐਕੁਆਇਰ ਕਰਨ ਦੀ ਕੋਈ ਤੁਕ ਨਹੀਂ ਬਣਦੀ। ਆਈ.ਟੀ. ਪਾਰਕ ਪ੍ਰਾਜੈਕਟ ਬਾਰੇ ਕੋਈ ਹੰਢਣਸਾਰਤਾ ਅਧਿਐਨ ਨਹੀਂ ਹੋਇਆ। 250 ਕਰੋੜ ਰੁਪਏ ਦੇ ਮੁੱਲ ਦੀ ਜ਼ਮੀਨ ਡੀ.ਐਲ.ਐਫ. ਨੂੰ ਆਈ.ਟੀ. ਖੇਤਰ ਦੇ ਇਕ ਮਾਲ ਲਈ ਕੌਡੀਆਂ ਦੇ ਭਾਅ ਦੇ ਦਿਤੀ ਗਈ। ਇਹ ਹੁਣ ਨਿਰੋਲ ਵਪਾਰਕ ਉਦਮ ਹੈ ਅਤੇ ਪ੍ਰਸ਼ਾਸਨ ਦੇ ਨੋਟਿਸਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਆਡਿਟ ਵਿਚ ਸੁਝਾਅ ਦਿਤਾ ਗਿਆ ਕਿ ਥੀਮ ਪਾਰਕ ਦੀ ਨਵੇਂ ਸਿਰੇ ਤੋਂ ਬੋਲੀ ਮੰਗੀ ਜਾਵੇ। ਮੁਆਵਜ਼ੇ ਲਈ ਜ਼ਮੀਨ ਦੀ ਸੰਭਾਵੀ ਕੀਮਤ ਨਹੀਂ ਵਿਚਾਰੀ ਗਈ, ਜ਼ਮੀਨ ਹਾਸਲ ਕਰਨ ਮਗਰੋਂ ਕਿਸਾਨਾਂ ਨੂੰ ਢੁਕਵਾਂ, ਮੁਆਵਜ਼ਾ ਨਹੀਂ ਦਿਤਾ ਗਿਆ। ਆਈ.ਟੀ. ਪਾਰਕ ਵਿਚ ਜ਼ਮੀਨ ਅਲਾਟਮੈਂਟ ਦੀਆਂ ਦਰਾਂ ਮਨਮਾਨੇ ਢੰਗ ਨਾਲ ਤੈਅ ਕੀਤੀਆਂ ਗਈਆਂ। ਅਲਾਟਮੈਂਟ ਨੀਤੀਆਂ ਪਾਰਦਰਸ਼ੀ ਨਹੀਂ ਹਨ। ਭਾਰਤ ਸਰਕਾਰ ਆਪਣੇ ਖਜ਼ਾਨੇ ਦੇ ਹੋਏ ਹਰਜ਼ੇ ਦੀ ਫੌਰੀ ਭਰਪਾਈ ਚਾਹੁੰਦੀ ਹੈ। ਇਸ ਨੇ ਆਈ.ਟੀ. ਹੈਬੀਟੈਟ ਪ੍ਰਾਜੈਕਟ ਦਾ ਮਾਲੀਆ ਸਰਕਾਰੀ ਖਜ਼ਾਨੇ ‘ਚ ਜਮ੍ਹਾਂ ਕਰਾਉਣ ਅਤੇ ਬੇਨੇਮੀਆਂ ਦੀ ਰੋਕਥਾਮ ਦੀ ਢੁਕਵੀਂ ਪੇਸ਼ਬੰਦੀ ਕਰਨ ਲਈ ਕਿਹਾ ਹੈ।

ਅਦਾਇਗੀ ਤੇ ਲੇਖਾ ਪ੍ਰਣਾਲੀ ਪਾਰਦਰਸ਼ੀ ਅਤੇ ਮਜ਼ਬੂਤ ਹੋਣੀ ਚਾਹੀਦੀ ਹੈ। ਗ੍ਰਹਿ ਮੰਤਰਾਲੇ ਨੂੰ ਚੰਡੀਗੜ੍ਹ ਦੇ ਕੰਮਕਾਜ ‘ਤੇ ਝਾਤ ਮਾਰਨੀ ਚਾਹੀਦੀ ਹੈ ਅਤੇ ਇਸ ਨੂੰ ਸੇਧ ਦੇਣ ਲਈ ਚੀਫ ਕਮਿਸ਼ਨਰ ਨਿਯੁਕਤ ਕਰਨਾ ਚਾਹੀਦਾ ਹੈ। ਦੇਸ਼ ਦੀ ਭ੍ਰਿਸ਼ਟਾਚਾਰ ਵਿਰੋਧੀ ਸਭ ਤੋਂ ਵੱਡੀ ਨਿਗਰਾਨ ਸੰਸਥਾ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਨੇ ਮਹੀਨਿਆਂ ਬੱਧੀ ਜਾਂਚ ਕਰਨ ਮਗਰੋਂ ਕੇਂਦਰੀ ਜਾਂਚ ਬਿਊਰੋ ਨੂੰ ਦੋ ਵਿਵਾਦਗ੍ਰਸਤ ਮੈਗਾ ਪ੍ਰਾਜੈਕਟਾਂ-ਮਨੋਰੰਜਨ ਤੇ ਥੀਮ ਪਾਰਕ ਅਤੇ ਫਿਲਮ ਸਿਟੀ ਦੀ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਸੀ.ਵੀ.ਸੀ. ਨੇ ਦਰਜ ਕੀਤਾ ਕਿ ਪ੍ਰਸ਼ਾਸਨ ਨੂੰ 250 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਸੀ.ਬੀ.ਆਈ. ਨੂੰ ਇੰਨੀ ਕੁ ਖੁਲ੍ਹ ਦਿਤੀ ਗਈ ਹੈ ਕਿ ਉਹ ਪਹਿਲਾਂ ਪਹਿਲੀ ਨਜ਼ਰੇ ਮੁਲਜ਼ਮ (ਯੂ.ਟੀ. ਪ੍ਰਸ਼ਾਸਨ ਦੇ ਅਧਿਕਾਰੀ) ਦਿਸਦੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਫੇਰ ਜਾਂਚ ਕਰੇ ਜਾਂ ਮੁਢਲੀ ਜਾਂਚ ਕਰਕੇ ਦਾਗੀ ਅਫ਼ਸਰਾਂ ਖ਼ਿਲਾਫ਼ ਕੇਸ ਦਰਜ ਕਰਨ ਤੇ ਗ੍ਰਿਫ਼ਤਾਰੀਆਂ ਅਮਲ ‘ਚ ਲਿਆਉਣ ਦੀ ਕਾਰਵਾਈ ਕਰੇ। ਪ੍ਰਸ਼ਾਸਨ ਦੇ ਚੋਟੀ ਦੇ ਅਧਿਕਾਰੀ ਕਥਿਤ ਤੌਰ ‘ਤੇ ਪ੍ਰਾਈਵੇਟ ਕੰਪਨੀਆਂ ਨੂੰ ਸਸਤੇ ਭਾਅ ਜ਼ਮੀਨਾਂ ਵੰਡਣ ਬਦਲੇ ਕਟਹਿਰੇ ‘ਚ ਨਜ਼ਰ ਆ ਰਹੇ ਹਨ। ਗ੍ਰਹਿ ਮੰਤਰਾਲੇ ਦੇ ਵਿਸ਼ੇਸ਼ ਆਡਿਟ ਵਿਚ ਵੀ ਕਈ ਬੇਨੇਮੀਆਂ ਦਾ ਜ਼ਿਕਰ ਕੀਤਾ ਗਿਆ ਹੈ।

ਪ੍ਰਸ਼ਾਸਨ ਨੇ ਡੀ.ਐਲ.ਐਫ. ਦੀ 13 ਗੁਣਾਂ ਵਧ ਬੋਲੀ ਦਰਕਿਨਾਰ ਕਰਕੇ ਕਾਫ਼ੀ ਜ਼ਮੀਨ ਯੂਨੀਟੈਕ ਨਾਮੀ ਕੰਪਨੀ ਨੂੰ ਦੇ ਦਿੱਤੀ। ਡੀ.ਐਲ.ਐਫ. ਨੇ ਪ੍ਰਸ਼ਾਸਨ ਨੂੰ 13.5 ਫੀਸਦੀ ਮਾਲੀਆ ਦੇਣ ਦੀ ਪੇਸ਼ਕਸ਼ ਕੀਤੀ ਸੀ ਜਦਕਿ ਯੂਨੀਟੈਕ ਨੇ ਮਹਿਜ਼ 1.1 ਫੀਸਦੀ ਮਾਲੀਆ ਦਿੱਤਾ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਇਕ ਬਿਨੈਕਾਰ ਨੇ ਸੀ.ਵੀ.ਸੀ. ਨੂੰ ਦਿਤੀ ਆਪਣੀ ਸ਼ਿਕਾਇਤ ਵਿਚ ਦੋਸ਼ ਲਗਾਇਆ ਕਿ ਪਿੰਡ ਸਾਰੰਗਪੁਰ ਵਿਚ 75 ਏਕੜਾਂ ਦੇ ਇਸ ਪ੍ਰਾਜੈਕਟ ਰਾਹੀਂ ਲਗਪਗ 3000 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਫ਼ਿਲਮ ਸਿਟੀ ਦੇ ਮਾਮਲੇ ਵਿਚ ਪ੍ਰਸ਼ਾਸਨ ਨੇ ਜਨਵਰੀ 2007 ਵਿਚ ਪਾਰਸ਼ਵਨਾਥ ਨੂੰ 191 ਕਰੋੜ ਰੁਪਏ ਵਿਚ 30 ਏਕੜ ਜ਼ਮੀਨ 99 ਸਾਲਾ ਪਟੇ ‘ਤੇ ਦੇ ਦਿੱਤੀ। ਉਂਜ, ਆਖਰੀ ਮੌਕੇ ‘ਤੇ ਪ੍ਰਾਜੈਕਟ ਦੀਆਂ ਸ਼ਰਤਾਂ ਵਿਚ ਰੱਦੋਬਦਲ ਨੂੰ ਲੈ ਕੇ ਪ੍ਰਸ਼ਾਸਕ ਰੌਡਰਿਗਜ਼ ਅਤੇ ਉਨ੍ਹਾਂ ਦੇ ਸਲਾਹਕਾਰ ਪ੍ਰਦੀਪ ਮਹਿਰਾ ਵਿਚਾਲੇ ਮਨ-ਮੁਟਾਵ ਹੋ ਗਿਆ। ਸ੍ਰੀ ਮਹਿਰਾ ਇਹ ਮਾਮਲਾ ਸਭ ਦੇ ਸਾਹਮਣੇ ਲੈ ਆਏ। ਸੀ.ਵੀ.ਸੀ. ਨੂੰ ਸ਼ਿਕਾਇਤ ਭੇਜੀ ਗਈ। ਮਹਿਰਾ ਚਾਹੁੰਦੇ ਸਨ ਕਿ ਰੌਡਰਿਗਜ਼ ਇਸ ਸਮੁੱਚੇ ਪ੍ਰਾਜੈਕਟ ਬਾਰੇ ਸੀ.ਬੀ.ਆਈ. ਦੀ ਜਾਂਚ ਲਈ ਹਰੀ ਝੰਡੀ ਦੇਣ, ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਬਿਨਾ ਪ੍ਰਵਾਨਗੀ ਤੋਂ ਹੋਰ ਪ੍ਰਾਜੈਕਟਾਂ ਲਈ ਜ਼ਮੀਨ ਐਕੁਆਇਰ ਕਰਨ ਤੋਂ ਪਹਿਲਾਂ ਹੀ ਵਰਜ਼ ਦਿੱਤਾ ਹੈ। ਮੰਤਰਾਲੇ ਦੀ ਆਡਿਟ ਰਿਪੋਰਟ ਵਿਚ ਚੰਡੀਗੜ੍ਹ ਪ੍ਰਸ਼ਾਸਨ ਦੀਆਂ ਨੀਤੀਆਂ ਕਾਰਨ ਸਰਕਾਰੀ ਖਜ਼ਾਨੇ ਨੂੰ ਹੋਏ ਨੁਕਸਾਨ ਦੀ ਫੌਰੀ ਭਰਪਾਈ ਕਰਨ ਅਤੇ ਆਈ.ਟੀ. ਹੈਬੀਟੈਟ ਪ੍ਰਾਜੈਕਟ ਦਾ ਮਾਲੀਆ ਚੰਡੀਗੜ੍ਹ ਹਾਊਸਿੰਗ ਬੋਰਡ ਦੀ ਬਜਾਇ ਸਰਕਾਰ ਦੇ ਖਾਤੇ ਵਿਚ ਜਮ੍ਹਾਂ ਕਰਾਉਣ ਲਈ ਕਿਹਾ ਹੈ।

ਹੈਬੀਟੈਟ ਪ੍ਰਾਜੈਕਟ ਦੀ ਵਾਧੂ ਜ਼ਮੀਨ ‘ਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸਥਾਪਤ ਸੋਸ਼ਲ ਇੰਜੀਨੀਅਰਿੰਗ ਪ੍ਰਾਜੈਕਟ ਦੇ ਆਡਿਟ ਵਿਚ ਇਸ ਨੂੰ ਸਰਕਾਰ ਲੇਖਾ ਨੇਮਾਂ ਦੀ ਉਲੰਘਣਾ ਕਰਾਰ ਦਿਤਾ ਗਿਆ।

ਇਸ ਵਿਚ ਜਨਤਕ ਧਨ ਨੂੰ ਭਾਰਤ ਦੇ ਸੰਚਿਤ ਨਿਧੀ (ਸੀ.ਐਫ.ਆਈ.) ਤੋਂ ਲਾਂਭੇ ਰੱਖਣ ਅਤੇ ਬਿਨਾ ਕਿਸੇ ਬਜਟ ਤੋਂ ਪ੍ਰਾਜੈਕਟ ਸ਼ੁਰੂ ਕੀਤੇ ਜਾਣ ਦਾ ਗੰਭੀਰ ਨੋਟਿਸ ਲਿਆ ਹੈ। ਗ੍ਰਹਿ ਮੰਤਰਾਲਾ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਨੇਮਾਂ ਦੀ ਪੂਰੀ ਪਾਲਣਾ ਕੀਤੀ ਜਾਵੇ। ਅਗਾਊਂ ਪਰਖ, ਅਦਾਇਗੀ ਤੇ ਖਾਤਾ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਦੀ ਲੋੜ ਹੈ। ਪ੍ਰਸ਼ਾਸਕ ਅਧੀਨ ਵਿੱਤੀ, ਪ੍ਰਸ਼ਾਸਕੀ ਤੇ ਹੋਰ ਤਾਕਤਾਂ ਦੀ ਵੰਡ ਮੁੜ ਦ੍ਰਿੜ੍ਹਾਈ ਜਾਵੇ। ਉਂਜ, ਇਨ੍ਹਾਂ ਤਾਕਤਾਂ ਤੋਂ ਪਰੇ ਯੋਜਨਾਵਾਂ ਦੀ ਮੰਤਰਾਲੇ ਨੂੰ ਇਤਲਾਹ ਜ਼ਰੂਰ ਹੋਣੀ ਚਾਹੀਦੀ ਹੈ। ਸੰਸਦੀ ਵਿਤੀ ਕੰਟਰੋਲ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਅਤੇ ਚੰਡੀਗੜ੍ਹ ਦੇ ਪ੍ਰਾਜੈਕਟਾਂ ਨੂੰ ਸਥਾਪਤ ਬਜਟ ਨੇਮਬੰਦੀਆਂ, ਅਮਲਦਾਰੀ ਤੇ ਇਤਲਾਹ ਦੀਆਂ ਵਿਧੀਆਂ ‘ਤੇ ਪੂਰਾ ਉਤਰਨਾ ਚਾਹੀਦਾ ਹੈ। ਇਹ ਸਭ ਕੁਝ ਕਿਵੇਂ ਨਜ਼ਰ ਆ ਰਿਹਾ ਹੈ? ਕੀ ਇਸ ਦੇ ਬਚਾਓ ‘ਚ ਕੁਝ ਕਿਹਾ ਜਾ ਸਕਦੈ? ਸ਼ਾਇਦ ਕੁਝ ਵੀ ਨਹੀਂ। ਸ਼ਹਿਰ ਨੂੰ ਸੁੱਖ ਦਾ ਸਾਹ ਮਿਲੇਗਾ।

ਪ੍ਰਸ਼ਾਸਕ ਦੇ ਤੌਰ ‘ਤੇ ਉਹ ਲੋਕਾਂ ਦਾ ਸਰਮਾਇਆ ਖੁਰਦ-ਬੁਰਦ ਕਰਨ ਲਈ ਯਾਦ ਰੱਖੇ ਜਾਣਗੇ ਜਿਨ੍ਹਾਂ ਸਾਰੇ ਜਮਹੂਰੀ ਨੇਮਾਂ ਦੀਆਂ ਧੱਜੀਆਂ ਉਡਾਈਆਂ ਅਤੇ ਸ਼ੱਕੀ ਕਿਸਮ ਦੇ ਪ੍ਰਾਜੈਕਟਾਂ ਦੀ ਚੋਣ ਕੀਤੀ। ਉਂਜ ਗੱਲ ਇਥੇ ਹੀ ਖਤਮ ਨਹੀਂ ਹੁੰਦੀ, ਉਨ੍ਹਾਂ ਦੋ ਕੇਂਦਰੀ ਮੰਤਰੀਆਂ ’ਤੇ ਸ਼ਰ੍ਹੇਆਮ ਦੋਸ਼ ਲਗਾਏ ਹਨ।

# ਇਕ ਸਿੱਖ ਲੜਕੀ ਦੇ ਧਰਮ ਬਦਲਣ ਦੇ ਖਿਲਾਫ ਰੋਸ ਪ੍ਰਗਟ

**ਜੰਮੂ:** ਜੰਮੂ ਵਿਖੇ ਇਕ ਸਿੱਖ ਲੜਕੀ ਨੂੰ ਕਥਿਤ ਤੌਰ ’ਤੇ ਅਗਵਾ ਕਰ ਕੇ ਉਸਦਾ ਧਰਮ ਬਦਲੀ ਕਰਾਉਣ ਦੇ ਖਿਲਾਫ ਅਕਾਲੀ ਦਲ, ਭਾਜਪਾ, ਨੈਸ਼ਨਲ ਸਿੱਖ ਯੂਥ ਫ੍ਰੰਟ, ਸ਼ਿਵ ਸੈਨਾ, ਡੋਗਰਾ ਲਿਬਰੇਸ਼ਨ ਫ੍ਰੰਟ ਅਤੇ ਆਰ.ਐਸ.ਐਸ. ਦੇ ਕਾਰਜਕਰਤਾਵਾਂ ਨੇ ਪ੍ਰਦਰਸ਼ਨ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ 20 ਸਾਲ ਦੀ ਫਿਜਿਉਥਰੈਪਿਸਟ ਲੜਕੀ ਦਾ ਧਰਮ ਬਦਲੀ ਕਰਵਾ ਕੇ ਉਸਦਾ 9 ਅਕਤੂਬਰ ਨੂੰ ਸ੍ਰੀਨਗਰ ਵਿਚ ਇਕ ਮੁਸਲਿਮ ਡਰਾਈਵਰ ਨੌਜਵਾਨ ਨਾਲ ਵਿਆਹ ਕਰਵਾ ਦਿਤਾ ਗਿਆ।

ਅਕਾਲੀ ਦਲ ਦੇ ਪ੍ਰਧਾਨ ਮਹਿੰਦਰ ਸਿੰਘ ਨੇ ਕਿਹਾ ਕਿ ਲੜਕੀ ਨੂੰ ਧਮਕੀ ਦਿੱਤੀ ਗਈ ਹੈ ਕਿ ਜੇਕਰ ਉਸ ਨੇ ਅਗਵਾਕਾਰ ਦੇ ਖਿਲਾਫ ਬਿਆਨ ਦਿੱਤਾ ਤਾਂ ਉਸਦੇ ਮਾਂ ਬਾਪ ਨੂੰ ਮਾਰ ਦਿੱਤਾ ਜਾਵੇਗਾ। ਅਕਾਲੀ ਆਗੂ ਨੇ ਮੰਗ ਕੀਤੀ ਕਿ ਲੜਕੀ ਦਾ ਕੋਰਟ ਵਿਚ ਬਿਆਨ ਲਿਆ ਜਾਵੇ।

# ਬਾਜ਼ੀ ਲੈ ਗਏ ਕੁੱਤੇ-ਤੈਥੋਂ ਉੱਚੇ

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ

ਰੋਜ਼ਾਨਾ ਦੀ ਤਰ੍ਹਾਂ ਸ਼ਾਮ ਨੂੰ ਚਾਹ ਦਾ ਕੱਪ ਪੀ ਕੇ ਬਜ਼ੁਰਗ ਸ਼ਾਮ ਸਿੰਘ ਨੇ ਖੂੰਡੀ ਹੱਥ ਵਿਚ ਲਈ ਤੇ ਪਾਰਕ ਵਲ ਨੂੰ ਨਿਕਲ ਤੁਰਿਆ। ਆਪਣੇ ਨੂੰਹ-ਪੁੱਤ ਕੋਲ ਆਇਆ ਹੋਇਆ ਸ਼ਾਮ ਸਿੰਘ ਦੀ ਉਮਰ ਦਾ ਹੀ ਇਕ ਹੋਰ ਬਾਪੂ ਵੀ ਇਸੇ ਟਾਈਮ ਪਾਰਕ ਵਿਚ ਆ ਜਾਂਦਾ। ਪੰਜਾਬ ਦੇ ਗਵਾਂਢੀ ਜ਼ਿਲ੍ਹਿਆਂ ਤੋਂ ਆਏ ਇਹ ਦੋਵੇਂ ਜਣੇ ਹੌਲੀ-ਹੌਲੀ ਸੈਰ ਕਰਦਿਆਂ ਇਕ ਦੂਜੇ ਅੱਗੇ ਆਪਣਾ ਢਿੱਡ ਫੋਲਦੇ ਰਹਿੰਦੇ। ਪੰਜਾਬ ਦੀ ਸਿਆਸਤ ਤੋਂ ਲੈ ਕੇ ਆਪਣੇ ਪੁੱਤਾਂ-ਨੂੰਹਾਂ ਅਤੇ ਵਿਦੇਸ਼ ਵਿਚ ਜੰਮੇ-ਪਲੇ ਪੋਤੇ-ਪੋਤਰੀਆਂ ਦੀਆਂ ਚੁਗਲੀਆਂ ਦੇ ਨਾਲ ਨਾਲ 'ਭਲੇ ਵੇਲਿਆਂ' ਦੀਆਂ ਗੱਲਾਂ, ਦੋਹਾਂ ਜਣਿਆਂ ਦੀ ਬਹਿਸ ਵਿਚ ਸ਼ਾਮਲ ਹੁੰਦੀਆਂ। ਦੋਹਾਂ ਦਾ ਹੀ ਆਪੋਂ ਵਿਚੀਂ ਦਿਲ ਮਿਲਿਆ ਹੋਣ ਕਰਕੇ ਇਹ ਇਕ ਦੂਜੇ ਤੋਂ ਕੋਈ ਲੁਕ-ਲੁਕਾ ਵੀ ਨਹੀਂ ਰੱਖਦੇ।

ਵਾਕ-ਵੇ 'ਤੇ 'ਠੁੱਕ ਠੁੱਕ' ਕਰਕੇ ਤੁਰਿਆ ਜਾਂਦਾ ਸ਼ਾਮ ਸਿੰਘ, ਆਪਣੇ ਘਰ ਤੋਂ ਹਾਲੇ ਪੰਜਵੇਂ-ਸੱਤਵੇਂ ਘਰ ਮੋਹਰੇ ਹੀ ਪਹੁੰਚਿਆ ਸੀ ਕਿ ਉਸਨੇ ਦੇਖਿਆ ਕਿ ਗਰਾਜ ਅੱਗੇ ਲੇਟਵੀਂ ਜਿਹੀ ਕੁਰਸੀ ਡਾਹ ਕੇ ਬੈਠਾ ਗੋਰਾ, ਆਪਣੇ ਬਘਿਆੜ ਜਿੱਡੇ ਕੁੱਤੇ ਨਾਲ ਲਾਡ ਲਡਾ ਰਿਹਾ ਸੀ। ਗੋਰਾ ਹਰੇ ਹਰੇ ਘਾਹ ਉੱਤੇ ਗੇਂਦ ਸੁੱਟ ਦਿੰਦਾ, ਕੁੱਤਾ ਦੌੜਦਾ ਹੋਇਆ ਮੂੰਹ ਨਾਲ ਚੁੱਕ ਲਿਆਉਂਦਾ। ਕੋਲੋਂ ਗੁਜ਼ਰਦੇ ਸ਼ਾਮ ਸਿੰਘ ਦਾ ਖੁੱਲ੍ਹਾ-ਡੁੱਲ੍ਹਾ ਕੁੜਤਾ ਪਜਾਮਾ ਅਤੇ ਉਹਦੇ ਸਿਰ ਉੱਪਰ ਦਸਤਾਰ ਬੰਨ੍ਹੀ ਦੇਖ ਕੇ ਕੁੱਤੇ ਨੂੰ ਖੇਡ ਭੁੱਲ ਗਈ। ਉਹ ਇੱਕ ਦਮ 'ਘਰੱਰ-ਘੁਰੱਰ...ਬਊਂ-ਬਊਂ' ਕਰਦਾ ਬਜ਼ੁਰਗ ਵਲ ਨੂੰ ਵਧਿਆ। ਕੁੱਤੇ ਦਾ ਭਿਆਨਕ ਜਿਹਾ ਚਿਹਰਾ ਦੇਖ ਕੇ ਸ਼ਾਮ ਸਿੰਘ ਠਠੰਬਰ ਗਿਆ! ਕੁਰਸੀ ਉੱਪਰ ਲੇਟੇ ਪਏ ਗੋਰੇ ਨੇ ਲੰਮੇ ਪਿਆਂ ਪਿਆਂ ਹੀ, ਪੀ.ਟੀ. ਕਰਾਉਣ ਵਾਲਿਆਂ ਵਾਂਗੂ ਗਰਜਦਿਆਂ 'ਸ਼ੈਰੀ' ਕਹਿ ਕੇ ਕੁੱਤੇ ਨੂੰ ਆਪਣੇ ਕੋਲ ਨੂੰ ਸੱਦਿਆ। ਸ਼ੈਰੀ ਲਫਜ਼ ਦੀ 'ਰੀ' ਹਾਲੇ ਗੋਰੇ ਦੇ ਮੂੰਹ ਵਿਚ ਹੀ ਸੀ, ਕਿ ਕੁੱਤਾ ਥਾਂ ਤੋਂ ਹੀ 'ਯੂ-ਟਰਨ' ਮਾਰ ਕੇ ਆਪਦੇ ਮਾਲਕ ਕੋਲ ਜਾ ਪਹੁੰਚਿਆ।

ਖਤਰਾ ਭਾਵੇਂ ਟਲ ਚੁੱਕਾ ਸੀ, ਪਰ ਬਾਪੂ ਸ਼ਾਮ ਸਿੰਘ ਦੀਆਂ ਲੱਤਾਂ ਉਦੋਂ ਤੱਕ ਕੰਬਦੀਆਂ ਰਹੀਆਂ ਜਦ ਤਕ 'ਸੌਰੀ' ਅਤੇ 'ਗੋ-ਅਹੈੱਡ' ਕਹਿ ਕੇ ਗੋਰੇ ਨੇ ਉਸਨੂੰ ਉਥੋਂ ਤੁਰ ਜਾਣ ਲਈ ਇਸ਼ਾਰਾ ਨਹੀਂ ਕਰ ਦਿੱਤਾ। ਇਕ ਵਾਰ ਫਿਰ ਕੁੱਤੇ ਵਲ ਤਿਰਛੀ ਨਜ਼ਰ ਮਾਰ ਕੇ, ਬਾਪੂ ਉਥੋਂ ਪਾਰਕ ਵਲ ਨੂੰ ਚੱਲ ਪਿਆ।

''ਓ ਕਿੱਦਾਂ ਬਿਸ਼ਨ ਸਿਆਂ, ਸਹੁਰੀ ਦੇ ਕੋਈ ਖਾਨੇ ਗੱਲ ਪਈ ਕਿ ਨਹੀਂ?'' ਉਸਦੀ ਉਡੀਕ 'ਚ ਬੈਂਚ ਉੱਪਰ ਮੂੰਹ ਲਟਕਾਈ ਬੈਠੇ ਬਿਸ਼ਨ ਸਿੰਘ ਦੇ ਕੋਲ ਬਹਿੰਦਿਆਂ ਸ਼ਾਮ ਸਿੰਘ ਨੇ ਖੰਘੂਰਾ ਮਾਰ ਕੇ ਪੁੱਛਿਆ।

''ਕਿੱਥੇ ਜੀਅ...ਅ....ਅ!'' ਲੰਮਾ ਹਉਕਾ ਭਰ ਕੇ ਬਿਸ਼ਨ ਸਿੰਘ ਬੋਲਿਆ'' ਇੱਕੋ ਈ 'ਨੰਨਾ' ਫੜਿਆ ਹੋਇਐ ਕੁੜੀ ਜ੍ਹਾਵੀ ਨੇ!!''

''ਨਾ ਯਾਰ, ਕਿਸੇ ਚਾਚੀ-ਤਾਈ, ਕਿਸੇ ਮਾਮੀ-ਮਾਸੀ ਨੇ ਫਿੱਟ ਲਾਹਨਤ ਨ੍ਹੀਂ ਪਾਈ ਉਹਨੂੰ? ਹੈਰਾਨੀ ਨਾਲ ਅੱਖਾਂ ਸੰਗੋੜ ਕੇ ਸ਼ਾਮ ਸਿੰਘ ਨੇ ਉਦਾਸ ਬੈਠੇ ਆਪਣੇ ਸਾਥੀ ਨੂੰ ਸਵਾਲ ਕੀਤਾ।

''ਪੁੱਛ ਨਾ ਭਰਾ ਮੇਰਿਆ...'' ਖੂੰਡੀ ਦੀ ਮੁੱਠ ਉੱਤੇ ਰੱਖੇ ਹੱਥ ਉਪਰੋਂ ਠੋਡੀ ਚੁੱਕ ਕੇ, ਬੇਵੱਸ ਹੋਏ ਬਿਸ਼ਨ ਸਿੰਘ ਨੇ ਆਪਣੀ ਦਾਹੜੀ 'ਤੇ ਹੱਥ ਫੇਰਿਆ..''ਉਹ ਤਾਂ ਕਹਿੰਦੀ ਐ ਕਿ ਸਹੇ ਦੀਆਂ ਟੰਗਾਂ ਈ ਤਿੰਨ ਐਂ...ਚੌਥੀ ਹੈ ਈ ਨਹੀਂ!''...ਸਾਰੀਆਂ ਜਣੀਆਂ ਨੇ ਮਿੱਠੀਆਂ-ਪਿਆਰੀਆਂ ਹੋ ਕੇ ਉਹਨੂੰ ਪਤਿਆਉਣ ਲਈ ਪੂਰਾ ਟਿੱਲ ਲਾ 'ਤਾ...ਗਰਮ-ਸਰਦ ਹੋ ਕੇ ਵੀ ਕਹਿ ਕੇ ਦੇਖ ਲਿਆ...ਪਰ ਪਿਉ ਦੀ ਧੀ ਅੱਗਿਉਂ ਬੜੇ ਰੋਬ ਨਾਲ 'ਗਰੇਜੀਆਂ ਬੋਲ ਬੋਲ ਸਿਰ ਫੇਰਦੀ ਐ!...ਹੁੰਦਾ ਨਾ ਕਿਤੇ ਪੰਜਾਬ!!'' ਮਗਰਲਾ ਫਿਕਰਾ ਬਾਪੂ ਬਿਸ਼ਨ ਸਿੰਘ ਨੇ ਪੂਰੇ ਗੁੱਸੇ 'ਚ ਦੰਦ ਕਰੀਚਦਿਆਂ ਪੂਰਾ ਕੀਤਾ।

ਅਸਲ ਵਿਚ ਇਸ ਬਜ਼ੁਰਗ ਦੇ ਪਰਿਵਾਰ ਦੀ ਇਕ ਨੌਜਵਾਨ ਲੜਕੀ ਕਿਸੇ ਕਾਲੇ ਨਾਲ ਲਵ-ਮੈਰਿਜ ਕਰਵਾਉਣ ਦਾ ਫੈਸਲਾ ਕਰੀ ਬੈਠੀ ਸੀ। ਜਿਸ ਦਿਨ ਤੋਂ ਕੁੜੀ ਦੀ ਇਸ ਕੁਲੱਛਣੀ ਕਰਤੂਤ ਦਾ ਘਰ ਵਾਲਿਆਂ ਨੂੰ ਪਤਾ ਚੱਲਿਆ, ਉਸੇ ਦਿਨ ਤੋਂ ਪਰਿਵਾਰ ਵਿਚ ਇਕ ਕਿਸਮ ਦੀ ਮਹਾਂ ਪਰਲੋ ਹੀ ਆਈ ਹੋਈ ਸੀ।

ਕਈ ਦਿਨਾਂ ਤੋਂ ਬਿਸ਼ਨ ਸਿੰਘ ਆਪਣੇ ਸਾਥੀ ਨੂੰ ਦੱਸਦਾ ਆ ਰਿਹਾ ਸੀ ਕਿ ਕੁੜੀ ਨੂੰ ਸਮਝਾਉਣ-ਬੁਝਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਕਰਕੇ ਅੱਜ ਸ਼ਾਮ ਸਿੰਘ ਨੇ ਪਾਰਕ ਵਿਚ ਬੈਠੇ ਆਪਣੇ ਦੋਸਤ ਕੋਲ ਆਉਂਦਿਆਂ ਸਾਰ ਕੁੜੀ ਦੇ ਤੇਵਰਾਂ ਬਾਰੇ ਪੁੱਛਿਆ ਸੀ। ਆਪਣੇ ਸਮਿਆਂ ਵਿਚ ਧੀਆਂ-ਧਿਆਣੀਆਂ ਨੂੰ ਬਗੈਰ ਪੁੱਛਿਆਂ-ਦੱਸਿਆ ਰਿਸ਼ਤੇ ਨਾਤੇ ਕਰਦੇ ਰਹੇ ਇਨ੍ਹਾਂ ਬਜ਼ੁਰਗਾਂ ਲਈ, ਅਜੋਕੀ ਮੰਡ੍ਹੀਰ ਦੀਆਂ ਆਪ ਹੁਦਰੀਆਂ 'ਘੋਰ ਕਲਯੁਗ' ਦਾ ਰੂਪ ਹੀ ਬਣ ਜਾਂਦੀਆਂ ਨੇ।

ਕਿਸੇ ਜੁਆਨ-ਜਹਾਨ ਜੀਅ ਦੇ ਸਦਮੇ ਦਾ ਸੇਕ ਝੱਲ ਰਹੇ ਪਰਿਵਾਰ ਨੂੰ ਦਿਲਬਰੀਆਂ ਦੇਣ ਲਈ ਜਿਵੇਂ ਆਲੇ ਦੁਆਲੇ ਗਲੀ-ਗੁਆਂਢ ਵਿਚ ਹੋਈਆਂ ਦਰਦਨਾਕ ਮੌਤਾਂ ਦੇ ਹਵਾਲੇ ਦੇ ਕੇ ਲੋਕ ਸਬਰ ਬੰਨ੍ਹਾਉਣ ਦੇ ਯਤਨ ਕਰਦੇ ਹਨ ਇਵੇਂ ਹੀ ਹੁਣ ਬਾਪੂ ਸ਼ਾਮ ਸਿੰਘ, ਗਮਾਂ ਦੇ ਸਮੁੰਦਰਾਂ 'ਚ ਡੁੱਬੇ ਬੈਠੇ ਆਪਣੇ ਮਿੱਤਰ ਨੂੰ ਹੌਂਸਲੇ ਦੇਣ ਦੇ ਯਤਨ ਕਰਨ ਲੱਗਾ।

''ਇੱਕ ਨੂੰ ਕੀ ਰੋਨੈਂ ਭਰਾਵਾਂ, ਹੁਣ ਤਾਂ ਆਵਾ ਹੀ ਊਤਿਆ ਹੋਇਐ! ਜਿੱਧਰ ਨੂੰ ਮੂੰਹ ਕਰ ਲਉ, ਉਧਰੋਂ ਹੀ ਛੋਕਰ-ਵਾਧੇ ਦੀਆਂ ਨਿਸੰਗ ਖਬਰਾਂ ਕੰਨੀਂ ਪੈਂਦੀਐਂ।'' ਬਿਸ਼ਨ ਸਿੰਘ ਦੇ ਮੋਢੇ ਨੂੰ ਹਲੂਣ ਕੇ, ਸ਼ਾਮ ਸਿੰਘ ਨੇ ਉਸ ਦਾ ਧੀਰਜ ਬੰਨ੍ਹਾਉਂਦਿਆਂ ਕਿਹਾ- ''ਆ-ਥੋੜੇ ਦਿਨਾਂ ਦੀ ਖ਼ਬਰ ਐ, ਤੈਂ ਸੁਣੀ ਹੋਣੀ ਐਂ?...ਪਤਾ ਨਹੀਂ ਕੀ ਨਾਂ ਲੈਂਦੇ ਨੇ ਸ਼ਹਿਰ ਦਾ...ਕਿਸੇ ਸਰਦਾਰ ਦੀ ਸੋਲਾਂ ਸਾਲਾਂ ਦੀ ਕੰਨਿਆ, ਕਹਿੰਦੇ ਸੈਕਲ ਚਲਾਉਂਦੀ ਚਲਾਉਂਦੀ ਕਿਤੇ ਔਟਲ ਗਈ...ਸਾਰੇ ਸ਼ਹਿਰ 'ਚ ਰੌਲਾ ਪੈ ਗਿਆ....ਸਾਰੇ ਭਾਈਚਾਰੇ ਦਾ ਗੁਰਦੁਆਰੇ 'ਚ ਕੱਠ ਹੋਇਆ...ਗੁਰੂ ਮ੍ਹਾ'ਰਾਜ ਅੱਗੇ ਅਰਦਾਸਾਂ ਕੀਤੀਆਂ ਕਿ ਬਾਲਕੀ ਸਹੀ ਸਲਾਮਤ ਘਰੇ ਆ ਜਾਏ!...ਠਾਣੇ ਰਪਟ ਵੀ ਦਰਜ ਕਰਾ 'ਤੀ...ਪੁਲਿਸ ਵਾਲੇ ਵੀ ਨੱਠ-ਭੱਜ ਕਰਨ ਡਹਿ ਪਏ...।''

ਗੱਲ ਸੁਣਾਉਂਦਿਆਂ ਸ਼ਾਮ ਸਿੰਘ ਨੇ ਦੇਖਿਆ ਕਿ ਉਸਦਾ ਦੋਸਤ ਆਪਣੇ ਗਮ 'ਚੋਂ ਨਿਕਲ ਕੇ, ਸੋਲਾਂ ਸਾਲਾਂ ਦੀ ਗਵਾਚੀ ਕੁੜੀ ਦੀ ਖ਼ਬਰ ਨੂੰ ਗਹੁ ਨਾਲ ਸੁਣ ਰਿਹਾ ਸੀ। ਬਿਸ਼ਨ ਸਿੰਘ ਦੀ ਅੰਦਰੂਨੀ ਚਾਹਤ ਸੀ ਕਿ ਸੁਣਾਈ ਜਾ ਰਹੀ ਖਬਰ ਵਿਚ ਕੁੜੀ ਦੇ ਕਿਸੇ ਪੁੱਠੇ-ਸਿੱਧੇ ਕੰਮ ਦਾ ਜ਼ਿਕਰ ਜ਼ਰੂਰ ਹੋਵੇ ਤਾਂ ਕਿ ਕੁੜੀਆਂ ਦੇ ਸਤਾਏ ਹੋਏ ਮਾਪਿਆਂ ਵਿਚ ਘੱਟ ਤੋਂ ਘੱਟ ਮੈਂ ਇਕੱਲਾ ਨਾ ਰਹਾਂ! ਆਪਣੇ ਦੋਸਤ ਮੂੰਹੋਂ ਉਹ ਕੋਈ ਅਜਿਹੀ ਅਵੈੜੀ ਜਿਹੀ ਗੱਲ ਸੁਣਨ ਦੀ ਤਵੱਕੋ ਕਰ ਰਿਹਾ ਸੀ।

''ਲੈ ਜੀ-'' ਗਲਾ ਸਾਫ ਕਰਦਿਆਂ ਸ਼ਾਮ ਸਿੰਘ ਨੇ ਖ਼ਬਰ ਦਾ ਅਗਲਾ ਹਿੱਸਾ ਸੁਣਾਇਆ, ''ਐਥੇ ਦੀ ਪੁਲਿਸ ਦਾ ਬਿਸ਼ਨ ਸਿਆਂ ਤੈਨੂੰ ਪਤਾ ਈ ਐ, ਇਹ ਤਾਂ ਪਤਾਲ 'ਚੋਂ ਬੰਦਾ ਕੱਢ ਲੈਂਦੇ ਆ। ਦੂਸਰੇ ਦਿਨ ਕਿਸੇ ਦੂਰ ਦੇ ਹੋਟਲ 'ਚੋਂ ਉਹ ਕੁੜੀ ਬਰਾਮਦ ਕਰ ਲਈ!...'ਖਬਾਰ 'ਚ ਲਿਖਿਆ ਵਾ ਸੀਗਾ ਕਿ ਬੜੀ ਕੁੜੀ ਆਈ ਸੀ ਜਣੇਪਾ ਕਰਨ...ਨਾਲ ਹੀ ਆਇਆ ਹੋਇਆ ਸੀ...ਦਾ ਜਵਾਈ। ਉਸ ਪ੍ਰਾਹੁਣੇ ਨਾਲ ਛੋਟੀ ਕੁੜੀ ਭੱਜ'ਗੀ।

...ਮਾਪੇ-ਭਾਈਚਾਰਾ ਕਰੇ ਗੁਰੂ-ਘਰ ਅਰਦਾਸਾਂ, ਉਹ ਦੋਵੇਂ ਜਣੇ ਫੜੇ ਗਏ ਹੋਟਲ 'ਚੋਂ! ...ਐਹ ਗੱਲਾਂ ਕਰਦਾ ਐ ਸਾਡਾ ਛੋਕਰ-ਵਾਧਾ। ਹੈ ਇਨ੍ਹਾਂ ਨੂੰ ਆਪਣੇ ਮਾਪਿਆਂ ਦੀ ਇੱਜ਼ਤ ਦਾ ਫਿਕਰ?''

ਇਸ ਵਾਰਤਾ ਨੇ ਮਾਨੋ ਬਿਸ਼ਨ ਸਿੰਘ ਦੇ ਜ਼ਖਮੀ ਦਿਲ 'ਤੇ 'ਮਲ੍ਹਮ' ਦਾ ਕੰਮ ਕੀਤਾ। ਉਸਨੂੰ ਲੱਗਿਆ ਕਿ ਇਸ ਕੁੱਤ-ਕਲਚਰ ਦੀਆਂ ਬੇ-ਹਯਾ ਹਵਾਵਾਂ ਹੁਣ ਚਾਰੇ ਪਾਸੇ ਸ਼ੂਕ ਰਹੀਆਂ ਹਨ। ਸਿਆਣਿਆਂ ਦੀ ਘੂਰ-ਘੱਪ ਤੋਂ ਡਰਨ ਵਾਲੇ ਸਮੇਂ ਹੁਣ ਲੱਦ ਗਏ ਨੇ।

ਅੰਦਰੇ ਈ ਅੱਗ ਤੇ ਅੰਦਰ ਹੀ ਪਾਣੀ ਵਾਲੀ ਹਾਲਤ ਵਾਂਗ, ਮਾਪੇ ਕਿਹੜੇ ਢੱਠੇ ਖੂਹ 'ਚ ਪੈਣ? ਉਸਦਾ ਦਿਲ ਕਰੇ ਕਿ ਜੀਜੇ ਨਾਲ ਭੱਜਣ ਵਾਲੀ ਕੁੜੀ ਦੇ ਮਾਪਿਆਂ ਦੇ ਗਲ ਲੱਗ ਕੇ ਧਾਹਾਂ ਮਾਰੇ। ਦੁਖੀ ਦਿਲ 'ਤੇ ਇਕ ਹੋਰ ਫਹਿਆ ਰੱਖਣ ਦੀ ਮਨਸ਼ਾ ਨਾਲ, ਕੁੜੀਆਂ ਦੀ ਅੜੀ ਦੀ ਲੜੀ ਹੁਣ ਬਾਪੂ ਬਿਸ਼ਨ ਸਿਹੁੰ ਨੇ ਅੱਗੇ ਤੋਰੀ,

''ਹੁਣ ਤਾਂ ਆਪਣੇ ਪੰਜਾਬ ਵਿਚ ਵੀ ਇਹੀ ਕੜ੍ਹੀ ਘੁਲਣ ਡਹੀ ਹੋਈ ਐ।'' ਪਹਿਲਾਂ ਨਾਲੋਂ ਜ਼ਰਾ ਉੱਚੀ ਸੁਰ ਵਿਚ ਬੋਲਦਿਆਂ ਬਿਸ਼ਨ ਸਿੰਘ ਹੁਣ ਆਪਣੇ ਮਨ 'ਚ ਆਈ ਸੁਣਾਉਣ ਲੱਗਾ- ''ਉਹ ਜਿਹੜਾ ਇੱਕ ਮੁੰਡਾ ਐ, ਪਾਕਿਸਤਾਨ ਦੀ ਜੇਲ੍ਹ ਵਿਚ, ਜਿਹਨੂੰ ਫਾਂਸੀ ਦੀ ਸਜ਼ਾ ਬੋਲੀ ਹੋਈ ਐ। ਉਹਦੀ ਜਨਾਨੀ ਤੇ ਉਹਦੀ ਭੈਣ ਤਾਂ ਫਾਂਸੀ ਤੁੜਾਉਣ ਨੂੰ ਦਰ ਦਰ ਲਿਲ੍ਹਕੜੀਆਂ ਕੱਢਦੀਆਂ ਫਿਰਦੀਆਂ ਐਂ। ਕਦੇ ਵਿਚਾਰੀਆਂ ਕਿਤੇ ਟੱਕਰਾਂ ਮਾਰਦੀਐਂ ਕਦੇ ਕਿਤੇ। ਉਹਦੀ ਕੁੜੀ ਨੇ ਘਰੋਂ ਭੱਜ ਕੇ ਕਿਸੇ 'ਹੋਰ ਜਾਤ' ਦੇ ਮੁੰਡੇ ਨਾਲ, ਕਚਹਿਰੀਆਂ 'ਚ ਜਾ ਵਿਆਹ ਕਰਵਾਇਆ!''

'ਚੁ-ਚੁ-ਚੁ-ਚੁ' ਕਰਦਿਆਂ ਸ਼ਾਮ ਸਿੰਘ ਨੇ ਹੁੰਗਾਰੇ ਵਜੋਂ ਆਖਿਆ, ''ਲਉ, ਕਰ ਲਉ ਗੱਲ!...ਲੋਕਾਂ ਨੂੰ ਲੋਕਾਂ ਦੀ, ਗਗੜੀ ਨੂੰ ਜੋਕਾਂ ਦੀ!!''

''ਉਸ ਫਾਂਸੀ ਵਾਲੇ ਮੁੰਡੇ ਦੀ ਭੈਣ ਦਾ ਬਿਆਨ ਆਇਐ ਕਿ ਕਾਲ ਕੋਠੜੀ 'ਚ ਬੈਠੇ ਮੇਰੇ ਭਰਾ ਨੂੰ ਜਦ ਇਸ ਗੱਲ ਦਾ ਪਤਾ ਲੱਗਾ, ਤਾਂ ਉਹ ਕਹਿੰਦਾ ਕਿ ਇਸ ਖ਼ਬਰ ਨਾਲੋਂ ਤਾਂ ਮੈਨੂੰ ਮੌਤ ਦੇ ਵਾਰੰਟ ਲਿਆ ਦਿੰਦੇ!''

''ਹੱਅ ਕ-ਹਾ! ਹੋਰ ਕੀ ਕਹਿੰਦਾ ਕਿਸਮਤ ਮਾਰਿਆ ਵਿਚਾਰਾ।'' ਕਰੁਣਾਮਈ ਆਵਾਜ਼ ਵਿਚ ਸ਼ਾਮ ਸਿੰਘ ਆਖਣ ਲੱਗਾ, ''ਐਵੇਂ ਤਾਂ ਨਹੀਂ ਗ੍ਰੰਥ-ਕਾਰਾਂ ਨੇ ਕਥੀਆਂ ਹੋਈਆਂ ਕਿ ਏਹ ਤਮੌੜ ਜਾਤ ਜਦ ਆਪਣੀ ਆਈ 'ਤੇ ਆ ਜਾਵੇ, ਫਿਰ ਨ੍ਹੀਂ ਅੱਗਾ-ਪਿੱਛਾ ਦੇਖਦੀ। ਨਾ ਜਾਤ ਨਾ ਕੁਜਾਤ!''

ਏਨੀ ਗੱਲ ਕਹਿ ਕੇ ਉਸਨੂੰ ਸ਼ਾਇਦ ਆਪਣੀ ਜਵਾਨੀ ਦੇ ਦਿਨਾਂ ਦੀ ਕੋਈ ਕਸੂਤੀ ਜਿਹੀ ਗੱਲ ਯਾਦ ਆ ਗਈ। ਦੋ ਕੁ ਪਲ ਚੁੱਪ ਰਹਿਣ ਬਾਅਦ ਉਸਨੇ ਤੁਲਨਾ ਕਰਦਿਆਂ ਆਖਿਆ, ''ਚਲੋ, ਜਵਾਨੀ ਦੇ ਦਿਨਾਂ 'ਚ ਤਾਂ ਕਹਿੰਦੇ ਭੇਡ ਵੀ ਮਸਤ ਜਾਂਦੀ ਐ, ਅਸੀਂ ਵੀ ਆਪਣੇ ਵਡਾਰੂਆਂ ਮੋਹਰੇ ਕਦੇ ਕੁਛ ਉੱਚਾ-ਫਿੱਕਾ ਬੋਲੇ ਹੋਵਾਂਗੇ, ਪਰ ਐਂਉਂ ਨੀ ਜਿੱਦਾਂ ਹੁਣ ਦੀ ਔਲਾਦ ਟਕੇ ਸੇਰ ਨਹੀਂ ਜਾਣਦੀ ਆਪਦੇ ਜਣਦਿਆਂ ਨੂੰ! ਹੁਣ ਤਾਂ ਜੰਮਦਿਆਂ ਦੀ ਹੀ ਲਲੋ ਗਿੱਠ-ਗਿੱਠ ਨਿਕਲਦੀ ਐ!!''

ਆਪਣੇ ਸਾਥੀ ਨੂੰ ਖਾਮੋਸ਼ ਬੈਠਾ ਦੇਖ ਕੇ ਸ਼ਾਮ ਸਿੰਘ ਨੇ ਫੇਰ ਉਸਦੀ ਦੁਖਦੀ ਰਗ ਨੂੰ ਛੇੜਿਆ, ''ਕੁੜੀ ਨੂੰ ਮਨਾਉਣ ਦਾ ਕੋਈ ਹੋਰ ਹੀਲਾ-ਵਸੀਲਾ ਕਰ ਕੇ ਦੇਖ ਲਉ। ਤੁਹਾਡਾ ਐਨਾ ਜੀਆ-ਜੰਤ ਆਇਆ ਹੋਇਐ ਐਥੇ। ਸ਼ਾਇਦ ਕਿਸੇ ਨਾ ਕਿਸੇ ਦੀ ਕਹੀ ਗੱਲ ਉਹਦੇ ਘਟੀਂ ਵਸ ਹੀ ਜਾਏ?''

''ਉਮੈਦ ਨਹੀਂ ਕੋਈ ਸ਼ਾਮ ਸਿਆਂ।'' ਨਿਰਾਸ਼ਾ ਵਾਲਾ ਜਵਾਬ ਸੁਣ ਕੇ ਸ਼ਾਮ ਸਿੰਘ ਨੇ ਉਸਦੀ ਤਾਈਦ ਵਜੋਂ ਮਿਸਾਲ ਦਿੱਤੀ, ''ਐਹੋ ਜਿਹੇ ਬੇ-ਸ਼ਊਰੇ ਪੁੱਤਾਂ-ਧੀਆਂ ਨਾਲੋਂ ਤਾਂ ਜਾਨਵਰ ਸੌ ਗੁਣਾ ਚੰਗੇ ਐ! ਆਪਣੇ ਮਾਲਕ ਦੇ ਇੱਕ ਇਸ਼ਾਰੇ 'ਤੇ...।'' ਘਰੋਂ ਪਾਰਕ ਨੂੰ ਆਉਣ ਵੇਲੇ ਹੋਈ ਕੁੱਤੇ ਵਾਲੀ ਗੱਲ ਸੁਣਾਉਂਦਿਆਂ ਉਸ ਨੇ ਹੱਥ ਉਤਾਂਹ ਨੂੰ ਕਰਕੇ ਦੱਸਿਆ,

''ਐਡਾ ਬਘਿਆੜ ਜਿੱਡਾ ਕੁੱਤਾ ਸੀ, ਜੋ ਮੈਨੂੰ ਭੱਜ ਕੇ ਪਿਆ। ਪਰ ਗੋਰੇ ਦੀ ਇਕੋ 'ਵਾਜ 'ਤੇ ਥਾਂ ਤੋਂ ਹੀ ਮੁੜ ਗਿਆ। ਮਜ਼ਾਲ ਐ ਉਸਨੇ ਮੇਰੇ ਵਲ ਮੁੜ ਝਾਕਿਆ ਵੀ ਹੋਵੇ!!''

''ਬੁੱਲ੍ਹੇ ਸ਼ਾਹ ਠੀਕ ਈ ਕਹਿ ਗਿਆ ਐ।'' ਲੰਬਾ ਹਉਕਾ ਭਰ ਕੇ ਬਾਪੂ ਬਿਸ਼ਨ ਸਿਹੁੰ, ਬੱਸ ਏਨੀ ਗੱਲ ਹੀ ਕਹਿ ਸਕਿਆ। ਸਾਂਈਂ ਬੁੱਲ੍ਹੇ ਸ਼ਾਹ ਦੀ ਉਚਾਰੀ ਕੋਈ ਪੰਕਤੀ ਬੋਲਣ ਦੀ ਉਹਦੇ 'ਚ ਸਮਰੱਥਾ ਹੀ ਨਹੀਂ ਸੀ ਜਾਪਦੀ! ਫਿਰ ਦੋਵੇਂ ਉਠ ਕੇ ਘਰਾਂ ਨੂੰ ਤੁਰ ਪਏ ਕਿਉਂਕਿ ਘਰਾਂ ਨੂੰ ਜਾਣ ਦਾ ਸਮਾਂ ਹੋ ਗਿਆ ਸੀ।

# ਸੁਰਜੀਤ ਹਾਕੀ ਦਾ ਪੱਧਰ ਡਿੱਗਾ, ਪੰਜਾਬ ਦੀਆਂ ਵਿਭਾਗੀ ਟੀਮਾਂ ਕਮਜ਼ੋਰ ਪਈਆਂ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਜਲੰਧਰ ਦੇ ਬਰਟਨ ਪਾਰਕ ਵਿਚ ਚੱਲ ਰਹੇ ਸੁਰਜੀਤ ਹਾਕੀ ਟੂਰਨਾਮੈਂਟ ਦੇ ਕੁਝ ਮੈਚ ਵੇਖਣ ਤੋਂ ਹੀ ਇਸ ਵਾਰ ਲੱਗਾ ਕਿ ਭਾਵੇਂ ਸਰਕਾਰ ਨੇ ਗਰਾਊਂਡ ਵਿਚ ਟਰਫ ਨਵੀਂ ਵਿਛਾ ਦਿੱਤੀ ਹੈ, ਪਰ ਹਾਕੀ ਦੀ ਖੇਡ ਦਾ ਪੱਧਰ ਗਿਰ ਰਿਹਾ ਹੈ। ਇਸ ਤੋਂ ਇਲਾਵਾ ਕੋਈ ਵਿਸ਼ੇਸ਼ ਕਿਸਮ ਦੀ ਪ੍ਰਤਿਭਾ ਵੀ ਖੇਡ ਵਿਚ ਆ ਰਹੀ ਵਿਖਾਈ ਨਹੀਂ ਦਿੰਦੀ।

ਜਾਪਦਾ ਹੈ ਰਾਜ ਦੇ ਆਰਥਿਕ ਅਤੇ ਸਿਆਸੀ ਹਾਲਾਤ ਇਸ ਟੂਰਨਾਮੈਂਟ 'ਤੇ ਵੀ ਅਸਰ ਕਰਨ ਲਗੇ ਹਨ। ਪੰਜਾਬ ਦੀਆਂ ਦੋ ਵਿਭਾਗੀ ਟੀਮਾਂ ਪੰਜਾਬ ਐਂਡ ਸਿੰਧ ਬੈਂਕ ਅਤੇ ਪੰਜਾਬ ਪੁਲਿਸ ਦੀ ਖੇਡ ਦਾ ਪੱਧਰ ਕਾਫੀ ਗਿਰ ਗਿਆ ਹੈ। ਦੋਨਾਂ ਟੀਮਾਂ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਆਰਥਿਕ ਮੰਦੇ ਕਾਰਨ ਨਵੀਂ ਭਰਤੀ ਨਹੀਂ ਹੋ ਰਹੀ ਇਸ ਕਾਰਨ ਨਵੇਂ ਖਿਡਾਰੀਆਂ ਦੀ ਭਰਤੀ ਟੀਮਾਂ ਵਿਚ ਵੀ ਨਹੀਂ ਹੋ ਰਹੀ।

ਬੀਤੀ 7 ਨਵੰਬਰ ਨੂੰ ਸ਼ੁਰੂ ਹੋਏ ਟੂਰਨਾਮੈਂਟ ਦੌਰਾਨ ਪੰਜਾਬ ਪੁਲਿਸ ਆਪਣਾ ਪਹਿਲਾ ਮੈਚ ਬਰਾਬਰ ਕਰ ਬੈਠੀ ਤੇ ਸਿੰਧ ਬੈਂਕ ਬੀ ਐਸ ਐਫ ਤੋਂ ਹਾਰ ਕੇ ਸੈਮੀਫਾਈਨਲ ਦੀ ਦੌੜ ਤੋਂ ਬਾਹਰ ਹੋ ਗਈ। ਨਾਮਧਾਰੀ ਇਲੈਵਨ ਦੀ ਟੀਮ ਵੀ ਭਾਵੇਂ ਪੰਜਾਬ ਨੈਸ਼ਨਲ ਬੈਂਕ ਤੋਂ ਆਪਣਾ ਪਹਿਲਾ ਮੈਚ ਹਾਰ ਗਈ, ਪਰ ਇਸ ਟੀਮ ਦੇ ਨੌਜਵਾਨ ਖਿਡਾਰੀਆਂ ਨੇ ਜਿਸ ਕਿਸਮ ਦੀ ਆਕਰਸ਼ਕ ਖੇਡ ਦਾ ਨਜ਼ਾਰਾ ਪੇਸ਼ ਕੀਤਾ ਉਸ ਤੋਂ ਪੰਜਾਬ ਦੀ ਹਾਕੀ ਲਈ ਕੁਝ ਆਸ ਬੱਝਦੀ ਹੈ।

ਸੁਰਜੀਤ ਹਾਕੀ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਸਮੇਂ ਵੀ ਕੁਝ ਦਿਲਚਸਪ ਤੱਥ ਵੇਖਣ ਨੂੰ ਮਿਲੇ। ਲੰਘੀ 7 ਨਵੰਬਰ ਨੂੰ ਉਦਘਾਟਨੀ ਸਮਾਰੋਹ ਰਸਮੀ ਰੂਪ 'ਚ ਪਹਿਲਾਂ ਹੋ ਚੁੱਕੇ ਦੋ ਮੈਚਾਂ ਤੋਂ ਬਾਅਦ ਕੀਤਾ ਗਿਆ। ਇਸ ਸਮੇਂ ਮੁੱਖ ਮਹਿਮਾਨ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਸ੍ਰੀ ਮਨੋਰੰਜਨ ਕਾਲੀਆ ਸਨ। ਸਮਾਗਮ ਨੂੰ ਉਨ੍ਹਾਂ ਤੋਂ ਪਹਿਲਾਂ ਜਲੰਧਰ ਦੇ ਡਿਪਟੀ ਕਮਿਸ਼ਨਰ ਸ੍ਰੀ ਅਜੀਤ ਸਿੰਘ ਪਨੂੰ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਸੰਖੇਪ ਵਿਚ ਹਾਕੀ ਖਿਡਾਰੀ ਸ੍ਰੀ ਸੁਰਜੀਤ ਸਿੰਘ ਦੇ ਜੀਵਨ, ਖੇਡ ਕੈਰੀਅਰ ਉਪਰ ਚਾਨਣਾ ਪਾਉਂਦਿਆਂ ਇਸ ਟੂਰਨਾਮੈਂਟ ਅਤੇ ਸੁਰਜੀਤ ਹਾਕੀ ਸੁਸਾਇਟੀ ਸਬੰਧੀ ਵੀ ਕੁਝ ਗੱਲਾਂ ਕੀਤੀਆਂ। ਅਖੀਰ ਵਿਚ ਉਨ੍ਹਾਂ ਆਖਿਆ ਕਿ ਨਿਰੀਆਂ ਗੱਲਾਂ ਨਾਲ ਗੱਲ ਨਹੀਂ ਚਲਦੀ, ਪੈਸੇ ਦੀ ਵੀ ਲੋੜ ਪੈਂਦੀ ਹੈ। ਉਨ੍ਹਾਂ ਜਿਥੇ ਟੂਰਨਾਮੈਂਟ ਲਈ ਸਰਕਾਰ ਤੋਂ ਹੋਰ ਪੈਸਿਆਂ ਦੀ ਮੰਗ ਕੀਤੀ ਉਥੇ ਨਾਲ ਹੀ ਕਿਹਾ ਕਿ ਪਿਛਲੇ ਸਾਲ ਸਰਕਾਰ ਵਲੋਂ ਐਲਾਨੇ ਗਏ ਪੈਸਿਆਂ ਦਾ ਬਕਾਇਆ ਵੀ ਸਮੇਤ ਵਿਆਜ ਉਨ੍ਹਾਂ ਨੂੰ ਦਿੱਤਾ ਜਾਵੇ।

ਇਸ ਸੰਕੇਤ ਨਾਲ ਸਪਸ਼ਟ ਸੀ ਕਿ ਪਿਛਲੇ ਸਾਲ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਬਾਦਲ ਅਤੇ ਵਿੱਤ ਮੰਤਰੀ ਸ੍ਰੀ ਮਨਪ੍ਰੀਤ ਬਾਦਲ ਵਲੋਂ ਐਲਾਨੀ ਗਈ ਰਕਮ ਪੂਰੀ ਨਹੀਂ ਸੀ ਦਿੱਤੀ ਗਈ। ਯਾਦ ਰਹੇ ਇਸ ਟੂਰਨਾਮੈਂਟ ਦਾ ਢਾਈ ਲੱਖ ਰੁਪਏ ਦਾ ਇਨਾਮ ਅਮਰੀਕਾ ਵੱਸਦੇ ਪੰਜਾਬੀ ਕਾਰੋਬਾਰੀ ਅਮੋਲਕ ਸਿੰਘ ਗਾਖਲ ਵਲੋਂ ਦਿੱਤਾ ਜਾਂਦਾ ਹੈ।

ਉਦਘਾਟਨੀ ਸਮਾਰੋਹ ਸਮੇਂ ਪੰਜਾਬ ਭਰ ਵਿਚ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਨੂੰ ਲਗਾਈ ਅੱਗ ਕਾਰਨ ਸਮੁੱਚਾ ਵਾਤਾਵਰਣ ਪਹਿਲਾਂ ਹੀ ਧੁਆਂਖਿਆ ਪਿਆ ਸੀ। ਇਸ ਦੇ ਬਾਵਜੂਦ ਉਦਘਾਟਨ ਸਮੇਂ ਪ੍ਰਬੰਧਕਾਂ ਵਲੋਂ ਇਨੀ ਆਤਿਸ਼ਬਾਜ਼ੀ ਕੀਤੀ ਗਈ ਕਿ ਪੰਜਾਬ ਐਂਡ ਸਿੰਧ ਬੈਂਕ ਅਤੇ ਬੀ.ਐਸ.ਐਫ ਦੀਆਂ ਹਾਕੀ ਟੀਮਾਂ ਵਿਚਾਲੇ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਗਰਾਊਂਡ ਪੂਰੀ ਤਰ੍ਹਾਂ ਧੂੰਏ ਨਾਲ ਭਰ ਗਿਆ। ਇਕ ਵਾਰ ਤਾਂ ਹਾਲਤ ਇਸ ਕਿਸਮ ਦੀ ਸੀ ਕਿ ਇਕ ਪਾਸੇ ਬੈਠੇ ਦਰਸ਼ਕਾਂ ਨੂੰ ਸਟੇਡੀਅਮ ਦਾ ਦੂਜਾ ਪਾਸਾ ਵਿਖਾਈ ਨਹੀਂ ਸੀ ਦਿੰਦਾ। ਜਦੋਂ ਸ੍ਰੀ ਮਨੋਰੰਜਨ ਕਾਲੀਆ ਨੇ ਆਪਣਾ ਭਾਸ਼ਨ ਸ਼ੁਰੂ ਕੀਤਾ ਤਾਂ ਪਟਾਕੇ ਇੰਨੇ ਜ਼ਿਆਦਾ ਤੇ ਇੰਨੇ ਜ਼ੋਰ ਨਾਲ ਚੱਲ ਰਹੇ ਸਨ ਕਿ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਸੀ ਕਿ ਉਹ ਕੀ ਕਹਿ ਰਹੇ ਹਨ। ਉਨ੍ਹਾਂ ਦਾ ਭਾਸ਼ਣ ਪਟਾਕਿਆਂ ਵਿਚ ਹੀ ਰੁਲ਼ ਗਿਆ। ਇੰਨਾ ਜ਼ਰੂਰ ਸੁਣਿਆ ਕਿ ਉਨ੍ਹਾਂ ਨੇ ਸੁਰਜੀਤ ਹਾਕੀ ਸੋਸਾਇਟੀ ਲਈ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਉਹ ਵੀ ਪਤਾ ਉਦੋਂ ਲੱਗਾ ਜਦੋਂ ਮੰਤਰੀ ਦਾ ਮਰਾਸੀਪੁਣਾ ਕਰ ਰਹੇ ਸਟੇਜ ਸੈਕਟਰੀ ਨੇ ਕਾਲੀਆ ਦਾ ਸੁਰਜੀਤ ਹਾਕੀ ਸੁਸਾਇਟੀ ਨੂੰ 11 ਲੱਖ ਰੁਪਏ ਦੇਣ ਦਾ ਐਲਾਨ ਦੁਹਰਾਇਆ।

ਇਹ ਸੁਣਨਾ ਵੀ ਦਿਲਚਸਪ ਲੱਗਾ ਕਿ ਇਕ ਪਾਸੇ ਤਾਂ ਪੰਜਾਬ ਸਰਕਾਰ ਨਵੰਬਰ ਮਹੀਨੇ ਨੂੰ ਪੰਜਾਬੀ ਸਪਤਾਹ ਵਜੋਂ ਮਨਾ ਰਹੀ ਹੈ ਦੂਜੇ ਪਾਸੇ ਇਸ ਹਾਕੀ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਦਾ ਸਟੇਜ ਸੈਕਟਰੀ ਹਿੰਦੀ ਵਿਚ ਮਹਿਮਾਨਾਂ ਦਾ ਸੁਆਗਤ ਕਰ ਰਿਹਾ ਸੀ। ਮੰਤਰੀ ਮਨੋਰੰਜਨ ਕਾਲੀਆ ਵੀ ਪੰਜਾਬੀ ਜ਼ੋਰ ਲਗਾ ਕੇ ਬੋਲ ਰਹੇ ਸਨ। ਸਾਫ ਲਗਦਾ ਸੀ ਕਿ ਉਨ੍ਹਾਂ ਨੂੰ ਪੰਜਾਬੀ ਬੋਲਣ ਦਾ ਅਭਿਆਸ ਨਹੀਂ ਹੈ।

7 ਨਵੰਬਰ ਨੂੰ ਸਿੰਧ ਬੈਂਕ ਅਤੇ ਬੀ ਐਸ ਐਫ ਦੇ ਮੈਚ ਵਿਚ ਵੀ ਪਹਿਲਾ ਉਲਟ ਫੇਰ ਵਾਪਰਿਆ। ਬੀ ਐਸ ਐਫ ਦੀ ਟੀਮ ਪੰਜਾਬ ਐਂਡ ਸਿੰਧ ਬੈਂਕ ਨੂੰ 3 ਦੇ ਮੁਕਾਬਲੇ 4 ਗੋਲਾਂ ਨਾਲ ਹਰਾਉਣ ਵਿਚ ਕਾਮਯਾਬ ਰਹੀ। ਜਦੋਂ ਬੀ ਐਸ ਐਫ ਨੇ ਚੌਥਾ ਗੋਲ ਕੀਤਾ ਤਾਂ ਸਾਡੇ ਸਾਹਮਣੇ ਬੈਠੇ ਅੰਤਰਰਾਸ਼ਟਰੀ ਖਿਡਾਰੀ ਬਲਜੀਤ ਢਿਲੋਂ ਨੇ ਅਫਸੋਸ ਨਾਲ ਮੱਥੇ ਉੱਪਰ ਹੱਥ ਮਾਰਿਆ। ਐਨ ਓਦੋਂ ਹੀ ਪਤਾ ਲੱਗਾ ਕਿ ਇਹ ਬਲਜੀਤ ਢਿਲੋਂ ਹੈ ਅਤੇ ਉਸਦੇ ਸਿਰ ਉੱਪਰ ਪੱਗ ਨਹੀਂ ਹੈ। ਆਪਣਾ ਸਾਰਾ ਕੈਰੀਅਰ ਜੂੜੇ ਤੇ ਰੁਮਾਲ ਬੰਨ੍ਹ ਕੇ ਖੇਡਣ ਵਾਲੇ ਬਲਜੀਤ ਢਿੱਲੋ ਨੇ ਹੁਣ ਕੇਸ ਕਟਾ ਦਿਤੇ ਹਨ ਤੇ ਪੱਗ ਲਾਹ ਕੇ ਘਰੇ ਸਾਂਭ ਦਿੱਤੀ ਹੈ।

ਲੰਘੇ ਮੰਗਲਵਾਰ ਤੱਕ ਹੋਏ ਮੁਕਾਬਲਿਆਂ ਵਿਚ ਇੰਡੀਅਨ ਆਇਲ ਮੁੰਬਈ ਦੀ ਟੀਮ ਨੇ ਪੂਲ 'ਸੀ' ਦੇ ਹੋਏ ਇਕ ਸਖਤ ਮੁਕਾਬਲੇ ਵਿਚ ਰੇਲ ਕੋਚ ਫੈਕਟਰੀ ਕਪੂਰਥਲਾ ਦੀ ਟੀਮ ਨੂੰ 2-1 ਨਾਲ ਹਰਾ ਸੈਮੀਫਾਈਨਲ ਵਿਚ ਦਾਖਲਾ ਹਾਸਲ ਕਰ ਲਿਆ ਹੈ। ਆਖਰੀ ਖਬਰਾਂ ਮਿਲਣ ਤੱਕ ਇੰਡੀਅਨ ਆਇਲ ਅਤੇ ਬੀ ਐਸ ਐਫ ਦੀਆਂ ਟੀਮਾਂ ਸੈਮੀ ਫਾਈਨਲ ਵਿਚ ਦਾਖਲਾ ਪਾ ਚੁੱਕੀਆਂ ਹਨ। ਆਪਣੇ ਆਖਰੀ ਮੈਚ ਵਿਚ ਇੰਡੀਅਨ ਆਇਲ ਦੀ ਟੀਮ ਨੇ ਰੇਲ ਕੋਚ ਫੈਕਟਰੀ ਕਪੂਰਥਲਾ ਦੀ ਟੀਮ ਨੂੰ 2-1 ਦੇ ਫਰਕ ਨਾਲ ਹਰਾਇਆ। ਇਸ ਮੈਚ ਵਿਚ ਇੰਡੀਅਨ ਆਇਲ ਦੇ ਖਿਡਾਰੀ ਦਿਦਾਰ ਸਿੰਘ ਨੇ 12ਵੇਂ ਮਿੰਟ ਵਿਚ ਮਿਲੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ 1-0 ਦੀ ਲੀਡ ਦਿਵਾਈ। ਇਸ ਤੋਂ ਚਾਰ ਮਿੰਟ ਬਾਅਦ ਹੀ ਇੰਡੀਅਨ ਆਇਲ ਦੇ ਖਿਡਾਰੀ ਅਰਜੁਨ ਅੰਟਿਲ ਨੇ ਮੈਦਾਨੀ ਗੋਲ ਕਰਕੇ ਟੀਮ ਦਾ ਸਕੋਰ 2-0 ਕਰ ਦਿੱਤਾ। ਮੈਚ ਦੇ 69ਵੇਂ ਮਿੰਟ ਵਿਚ ਮਿਲੇ ਪੈਨਲਟੀ ਕਾਰਨਰ ਨੂੰ ਆਰ.ਸੀ.ਐਫ. ਦੇ ਗੁਰਪ੍ਰੀਤ ਸਿੰਘ ਨੇ ਗੋਲ ਵਿਚ ਬਦਲ ਕੇ ਸਕੋਰ 2-1 ਕਰ ਦਿੱਤਾ।

ਬੀਤੇ ਮੰਗਲਵਾਰ ਦੂਜਾ ਮੈਚ ਪੰਜਾਬ ਐਂਡ ਸਿੰਧ ਬੈਂਕ ਦਿੱਲੀ ਅਤੇ ਇੰਡੀਅਨ ਏਅਰ ਫੋਰਸ ਦਿੱਲੀ ਵਿਚਾਲੇ ਖੇਡਿਆ ਗਿਆ। ਇਹ ਮੈਚ ਸਿੰਧ ਬੈਂਕ ਨੇ 3-6 ਨਾਲ ਜਿੱਤਿਆ। ਖੇਡ ਦੇ ਪਹਿਲੇ ਮਿੰਟ ਵਿਚ ਹੀ ਮਿਲੇ ਪੈਨਲਟੀ ਕਾਰਨਰ ਨੂੰ ਪੰਜਾਬ ਐਂਡ ਸਿੰਧ ਬੈਂਕ ਦੇ ਵਿਕਰਮਜੀਤ ਸਿੰਘ ਨੇ ਗੋਲ ਵਿਚ ਬਦਲ ਦਿੱਤਾ। 18ਵੇਂ ਮਿੰਟ ਵਿਚ ਪੈਨਲਟੀ ਕਾਰਨਰ ਨੂੰ ਵੀ ਮਨਦੀਪ ਸਿੰਘ ਨੇ ਗੋਲ ਵਿਚ ਬਦਲ ਕੇ ਸਕੋਰ 3-0 ਕਰ ਦਿੱਤਾ। ਖੇਡ ਦੇ 32ਵੇਂ ਮਿੰਟ ਵਿਚ ਇੰਡੀਅਨ ਏਅਰ ਫੋਰਸ ਦੀ ਟੀਮ ਦੇ ਖਿਡਾਰੀ ਕਨੌਜੀਆ ਨੇ ਫੀਲਡ ਗੋਲਡ ਕਰਕੇ ਸਕੋਰ 3-1 ਕਰ ਦਿੱਤਾ।

ਮੈਚ ਦੇ ਆਖਰੀ ਪਲਾਂ 70ਵੇਂ ਮਿੰਟ ਵਿਚ ਇੰਡੀਅਨ ਏਅਰ ਫੋਰਸ ਦੇ ਖਿਡਾਰੀ ਸਨਵਰ ਅਲੀ ਨੇ ਗੋਲ ਵਿਚ ਬਦਲ ਕੇ ਸਕੋਰ 6-3 ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੀ ਚੈਂਪੀਅਨ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਆਪਣਾ ਪਹਿਲਾ ਮੈਚ ਬੀ ਐਸ ਐਫ ਨੂੰ ਹਾਰ ਕੇ ਸੈਮੀਫਾਈਨਲ ਦੀ ਦੌੜ ਵਿਚੋਂ ਬਾਹਰ ਹੋ ਚੁੱਕੀ ਹੈ।


M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ
BRIDGESTONE MICHELIN Firestone YOKOHAMA GOODYEAR BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh
Cell: 209-450-8981
Off : 209-456-0182


Security Cameras For Your Business
WWW.PROLYNKS.COM
ਕੀ ਤੁਹਾਨੂੰ ਆਪਣੇ ਬਿਜਨਸ ਦੀ ਚਿੰਤਾ ਰਹਿੰਦੀ ਹੈ
ਸੌ ਫੀਸਦੀ ਨਤੀਜੇ ਦੀ ਗਾਰੰਟੀ
• ਮੁਲਾਜ਼ਮਾਂ ਵਲੋਂ ਚੋਰੀ
• ਮੁਲਾਜ਼ਮਾਂ ਦੇ ਕੰਮ ਉਤੇ ਨਿਗਾਹ
• ਲੁੱਟ-ਖੋਹ
• ਟਰੈਸਪਾਸਿੰਗ ਦੀ ਸਮੱਸਿਆ
• ਗਾਹਕਾਂ ਵਲੋਂ ਚੋਰੀ
• ਹਥਿਆਰਬੰਦ ਡਾਕੇ ਤੇ ਚੋਰੀਆਂ
ਦੂਰ ਬੈਠਿਆਂ ਇੰਟਰਨੈਟ ਰਾਹੀਂ
ਆਪਣੇ ਬਿਜਨਸ ਉਤੇ ਨਿਗਾਹ ਰੱਖੋ
We will beat any competitor prices!!!
4 Camera System Prices Starting At $59.99/mo*
FREE ESTIMATE
PROFESSIONAL INSTALLATION
408-294-9900
1-888-PRO-LYNK
Serving Bay Area Businesses For Past 7 Years
Prolynks
LINKING OUR WORLD
1194 S 2nd St.
San Jose, CA 95112


Mehak Punjab Di
DISH Network Naal
CHANNEL 622
News, current affairs, comedies, interactive shows, live performances and daily Gurbani relayed live from the Golden Temple in Amritsar.
CHANNEL 809
jus punjabi
Punjabi music, religious and spiritual programming including daily Gurbani & Katha, daily live call-in shows, game shows, quiz shows, community news briefs and more.
CHANNEL 602
punjjabi TV
From daily soaps, reality shows and movies to events, comedy, lifestyle, religious and horror shows, Punjjabi TV is poised to become the most-loved member of every Punjabi family.
CHANNEL 812
mh MH ONE
The complete entertainment channel with shows like Awaaz Punjab Di, Hasde Hasande Ravo, Jot Jale Din Raat, Sarb Sanjhi Gurbani, Rang Punjab de and Ghuggi Online.
PUNJABI PACK $19.99/mo.
Local Channels Only $9.99/mo
abc CBS NBC FOX CW PBS
where available
=$29 98 mo
Get Punjabi Pack with American Local Channels and receive -
• No equipment to buy
• Free Activation (with Agreement)
• Free DVR Upgrade ($5.98/mo. DVR Service fee applies)
• No Additional Service Access fee
Subscribe Today
1-888-242-2276
www.dishnetwork.com/international
dish NETWORK.
INTERNATIONAL TV
Digital Home Advantage offer requires $99 Activation Fee and credit qualification. All equipment is leased and must be returned to DISH Network upon cancellation or unreturned equipment fees apply. Limit 4 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 1/31/10. © 2009 Dish Network L.L.C. All rights reserved.

# ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਸ਼ਾਨਦਾਰ ਪੰਥਕ ਕਾਨਫਰੰਸ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ ਸਿੱਖਾਂ ਜਾਂ ਮੁਸਲਮਾਨਾਂ ਦੇ ਹੀ ਸੱਚੇ ਪੀਰ ਨਹੀਂ ਸਨ ਸਗੋਂ ਉਹ ਤਾਂ ਸਮੁੱਚੀ ਮਨੁੱਖਤਾ ਦੇ ਰਹਿਬਰ ਸਨ। ਇਹ ਵਿਚਾਰ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਲੰਘੇ ਐਤਵਾਰ ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ ਦੀ ਪਹਿਲੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲਾਹੌਰ, ਪਾਕਿਸਤਾਨ ਤੋਂ ਆਏ ਕਰਨਲ ਚੌਧਰੀ ਹਾਮਦ ਅਲੀ ਖਾਨ ਨੇ ਪ੍ਰਗਟਾਏ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਨੇਕਾਂ ਹਿੰਦੂ ਅਤੇ ਮੁਸਲਮਾਨ ਉਨ੍ਹਾਂ ਦੇ ਸ਼ਰਧਾਲੂ ਸਨ ਅਤੇ ਦੁਨੀਆਂ ਵਿਚ ਉਹ ਸਿਰਫ ਇਕ ਹੀ ਧਾਰਮਿਕ ਰਹਿਬਰ ਹਨ ਜਿਨ੍ਹਾਂ ਦੀ ਕਬਰ ਅਤੇ ਸਮਾਧੀ ਨਾਲੋ-ਨਾਲ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਨਨਕਾਣਾ ਸਾਹਿਬ ਸਿੱਖਾਂ ਦਾ ਮੱਕਾ ਵੀ ਹੈ ਅਤੇ ਮਦੀਨਾ ਵੀ। ਉਨ੍ਹਾਂ ਕਿਹਾ ਕਿ ਮੁਸਲਮਾਨ ਅਤੇ ਸਿੱਖ ਦੋਵੇਂ ਹੀ ਇਕੋ ਅਕਾਲ ਪੁਰਖ ਅੱਲਾ ਤਾਲਾ ਨੂੰ ਮੰਨਣ ਵਾਲੇ ਹਨ ਅਤੇ ਉਸ ਖਿੱਤੇ ਵਿਚ ਅਮਨ ਅਮਾਨ ਅਤੇ ਸ਼ਾਂਤੀ ਕਾਇਮ ਰੱਖਣ ਲਈ ਇਨ੍ਹਾਂ ਦੋਹਾਂ ਕੌਮਾਂ ਵਿਚ ਸਾਂਝ ਅਤੇ ਦੋਸਤੀ ਹੋਣੀ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ. ਗੰਗਾ ਸਿੰਘ ਢਿੱਲੋਂ ਉਨ੍ਹਾਂ ਨੂੰ ਮਿਲਣ ਵਾਲੇ ਪਹਿਲੇ ਸਿੱਖ ਹਨ ਅਤੇ ਉਨ੍ਹਾਂ ਵਿਚ ਸਹਿਨਸ਼ੀਲਤਾ ਕਮਾਲ ਦੀ ਹੈ ਜਿਨ੍ਹਾਂ ਨੇ ਹਜ਼ਾਰਾਂ ਮੀਲਾਂ ਦਾ ਪੈਂਡਾ ਤਹਿ ਕਰਕੇ ਮੁਸਲਮਾਨਾਂ ਵਲ ਦੋਸਤੀ ਦਾ ਹੱਥ ਵਧਾਇਆ ਅਤੇ ਹਰ ਤਰਾਂ ਦੇ ਰਾਜਸੀ ਅਤੇ ਧਾਰਮਿਕ ਮੁਖੀਆਂ ਨਾਲ ਮਿਲ ਕੇ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਸ਼ੁਰੂ ਕਰਾਇਆ। ਉਨ੍ਹਾਂ ਕਿਹਾ ਕਿ ਨਨਕਾਣਾ ਸਹਿਬ ਫਾਉਂਡੇਸ਼ਨ ਏਸੇ ਹੀ ਮਕਸਦ ਨਾਲ ਸ਼ੁਰੂ ਕੀਤੀ ਸੀ ਜਿਸ ਦੇ ਵਿਚੋਂ ਹੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ ਹੈ। ਉਨ੍ਹਾਂ ਆਖਿਆ ਕਿ ਪਹਿਲਾਂ ਪਾਕਿਸਤਾਨ ਵਿਚ ਸਿੱਖਾਂ ਦੀ ਗਿਣਤੀ ਬਹੁਤ ਹੀ ਘੱਟ ਸੀ ਅਤੇ ਉਹ ਪੜ੍ਹੇ ਲਿਖੇ ਨਹੀਂ ਸਨ। ਹੁਣ ਪਾਕਿਸਤਾਨ ਵਿਚ ਸਿੱਖਾਂ ਨੂੰ ਫੌਜ ਵਿਚ ਕਮਿਸ਼ਨ ਅਤੇ ਪੁਲਿਸ ਵਿਚ ਨੌਕਰੀਆਂ ਵੀ ਮਿਲ ਰਹੀਆਂ ਹਨ ਅਤੇ ਸਿੱਖ ਡਾਕਟਰ ਅਤੇ ਵਕੀਲ ਵੀ ਬਣ ਰਹੇ ਹਨ। ਆਪਣੇ ਪਿਛੋਕੜ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜੱਦੀ ਪਿੰਡ ਪਾਕਿਸਤਾਨੀ ਕਰਤਾਰਪੁਰ ਦੇ ਨੇੜੇ ਹੀ ਹੈ ਅਤੇ ਉਹ ਅਜ ਕਲ ਲਾਹੌਰ ਵਿਖੇ ਰਹਿ ਰਹੇ ਨੇ। ਚੌਧਰੀ ਸਾਹਿਬ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਪ੍ਰਧਾਨ ਹਨ ਅਤੇ ਸਿੱਖਾਂ ਦੇ ਨਜ਼ਦੀਕੀ ਦੋਸਤ ਹਨ। ਉਹ ਪਾਕਿਸਤਾਨ ਵਿਚ ਸਿੱਖ ਯਾਤਰੂਆਂ ਦੀ ਮਹਿਮਾਨ ਨਿਵਾਜ਼ੀ ਅਤੇ ਪਾਕਿਸਤਾਨ ਦੇ ਸਿੱਖਾਂ ਦੀ ਮਦਦ ਕਰਨ ਲਈ ਮਸ਼ਹੂਰ ਹਨ।









ਇਸ ਕਾਨਫਰੰਸ ਵਿਚ ਵਾਸ਼ਿੰਗਟਨ ਤੋਂ ਪੰਥ ਦੇ ਸਿਰਮੌਰ ਬਜ਼ੁਰਗ ਆਗੂ ਸ. ਗੰਗਾ ਸਿੰਘ ਢਿੱਲੋਂ ਨੇ ਵੀ ਸ਼ਿਰਕਤ ਕਰਨੀ ਸੀ, ਪਰ ਉਨ੍ਹਾਂ ਦੀ ਸਿਹਤ ਢਿੱਲੀ ਹੋਣ ਕਾਰਨ ਉਹ ਨਹੀਂ ਪੁੱਜ ਸਕੇ।



ਇਸ ਤੋਂ ਪਹਿਲਾਂ ਭਾਈ ਦਵਿੰਦਰ ਸਿੰਘ ਨੇ ਕਰਨਲ ਚੌਧਰੀ ਹਾਮਦ ਅਲੀ ਖਾਨ ਨੂੰ 'ਜੀ ਆਇਆਂ' ਕਿਹਾ। ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ ਨੇ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਸਾਈਂ ਮੀਆਂ ਮੀਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਸਾਈਂ ਮੀਆਂ ਮੀਰ ਬਹੁਤ ਹੀ ਪਹੁੰਚੇ ਹੋਏ ਫਕੀਰ ਸਨ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਹਿਬ ਦੀ ਨੀਂਹ ਰੱਖੀ ਸੀ। ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਲੋਂ ਗੁਰਦੁਆਰਾ ਸਾਹਿਬ ਕਮੇਟੀ ਦੇ ਮੈਂਬਰ ਭਾਈ ਜੀਤ ਸਿੰਘ ਬੈਨੀਵਾਲ ਨੇ ਚੌਧਰੀ ਸਾਹਿਬ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ। ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਸ. ਗੰਗਾ ਸਿੰਘ ਢਿੱਲੋਂ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੰਥ ਦੇ ਮਹਾਨ ਜਰਨੈਲ "ਸ. ਹਰੀ ਸਿੰਘ ਨਲੂਆ" ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਇਸ ਸਬੰਧ ਵਿਚ ਉਨ੍ਹਾਂ ਨੂੰ ਇਕ ਤਖਤੀ ਭੇਟ ਕੀਤੀ ਗਈ ਅਤੇ ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਲੋਂ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ ਗਈ। ਢਿੱਲੋਂ ਸਾਹਿਬ ਦੀ ਗੈਰ ਹਾਜ਼ਰੀ ਵਿਚ ਇਹ ਸਨਮਾਨ ਕਰਨਲ ਚੌਧਰੀ ਹਾਮਦ ਅਲੀ ਖਾਨ ਨੇ ਪ੍ਰਾਪਤ ਕੀਤਾ। ਇਹ ਸੇਵਾ ਭਾਈ ਜੀਤ ਸਿੰਘ ਬੈਨੀਵਾਲ ਅਤੇ ਭਾਈ ਦਵਿੰਦਰ ਸਿੰਘ ਨੇ ਨਿਭਾਈ।

ਦੂਸਰੇ ਬੁਲਾਰੇ ਭਾਈ ਸੁਰਿੰਦਰ ਸਿੰਘ ਜੌਹਲ ਸਨ ਜਿਨ੍ਹਾਂ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਾਣੀ ਮਾਤਰ ਨੂੰ ਸ਼ਬਦ ਗੁਰੂ ਦਾ ਉਪਦੇਸ਼ ਦਿੱਤਾ ਅਤੇ ਸਿੱਧਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਭਰਮ ਤੋੜਿਆ ਅਤੇ ਸਿੱਧੇ ਰਸਤੇ ਪਾਇਆ। ਉਨ੍ਹਾਂ ਕਿਹਾ ਕਿ ਖੋਟੇ ਅਤੇ ਖਰੇ ਆਗੂ ਚੁਣਨ ਦਾ ਵਲ ਸਾਨੂੰ ਗੁਰੂ ਨਾਨਕ ਦੇਵ ਜੀ ਨੇ ਹੀ ਬਖਸ਼ਿਆ ਜਦੋਂ ਉਨ੍ਹਾਂ ਆਪਣੇ ਪੁਤਰਾਂ ਨੂੰ ਛੱਡ ਕੇ ਗੁਰਗੱਦੀ ਦੀ ਬਖਸ਼ਿਸ਼ ਭਾਈ ਲਹਿਣੇ ਨੂੰ ਕੀਤੀ ਜੋ ਕਿ ਬਾਦ ਵਿਚ ਗੁਰੂ ਅੰਗਦ ਦੇਵ ਜੀ ਬਣੇ। ਉਨ੍ਹਾਂ ਕਿਹਾ ਕਿ ਬਿਲਕੁਲ ਉਸੇ ਤਰ੍ਹਾਂ ਹੀ ਪੰਥ ਨੇ ਹਰਚੰਦ ਸਿੰਘ ਲੌਂਗੋਵਾਲ ਵਰਗੇ ਗਦਾਰ ਆਗੂਆਂ ਨੂੰ ਨਕਾਰਿਆ ਅਤੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵਡਿਆਈ ਬਖਸ਼ੀ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚ ਪੰਥਕ ਲੀਡਰਾਂ ਨਾਲ ਰਾਬਤਾ ਬਣਾ ਰਹੇ ਹਨ ਅਤੇ ਹਰ ਸੰਭਵ ਕੋਸ਼ਿਸ ਕਰ ਰਹੇ ਹਨ ਕਿ ਵਿਖਰੇ ਹੋਏ ਅਕਾਲੀ ਦਲਾਂ ਨੂੰ ਇਕੱਠਾ ਕਰ ਕੇ ਇਕ ਪਲੇਟਫਾਰਮ ਤੇ ਲਿਆਂਦਾ ਜਾਏ ਅਤੇ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਕਾਮਯਾਬੀ ਹਾਸਿਲ ਕੀਤੀ ਜਾਏ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਈ ਦਵਿੰਦਰ ਸਿੰਘ ਬੱਬਰ ਨੇ ਕਿਹਾ ਕਿ ਸਾਨੂੰ ਸਿੱਖੀ ਦੀ ਆਮ ਸਟੇਜੀ ਵਿਆਖਿਆ ਤੋਂ ਉਪਰ ਉਠਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਮਾਤ ਭਾਸ਼ਾ ਕਦੀ ਵੀ ਨਹੀਂ ਭੁਲਾਉਣੀ ਚਾਹੀਦੀ। ਉਨ੍ਹਾਂ ਗੁਰਬਾਣੀ ਦਾ ਦ੍ਰਿਸ਼ਟਾਂਤ ਦਿੰਦਿਆਂ ਆਖਿਆ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਵੀ ਲੋਕ ਆਪਣੀ ਬੋਲੀ ਨੂੰ ਛੱਡ ਕੇ "ਮਲੇਸ਼ ਭਾਖਿਆ" ਬੋਲਣ ਲੱਗ ਪਏ ਸਨ ਜੋ ਕਿ ਗੁਲਾਮੀ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਕਲਚਰ ਆਪਣੀ ਜੁਆਨੀ ਅਤੇ ਜੋਬਨ ਨੂੰ ਲੋਕਾਂ ਸਾਹਵੇਂ ਨਚਾਉਣ ਦਾ ਨਾਮ ਨਹੀਂ ਹੈ ਅਤੇ ਨਾਂ ਹੀ ਲੱਚਰ ਕਿਸਮ ਦੇ ਗਾਣੇ ਗਾਉਣ ਦਾ ਨਾਮ ਹੈ। ਉਨ੍ਹਾਂ ਕਿਹਾ ਕਿ ਕਵਿਤਾ ਦੀ ਪਹੁੰਚ ਉਥੇ ਤੱਕ ਹੈ ਜਿਥੇ ਸਾਇੰਸ ਅਤੇ ਕਿਸੇ ਤਰਾਂ ਦੀ ਗਿਣਤੀ ਮਿਣਤੀ ਪਹੁੰਚ ਹੀ ਨਹੀਂ ਸਕਦੀ। ਉਨ੍ਹਾਂ ਨੇ ਪੰਜਾਬ ਦੇ ਸਿਰਮੌਰ ਕਵੀ ਪ੍ਰੋ. ਪੂਰਨ ਸਿੰਘ ਦੀ ਮਿਸਾਲ ਦਿੰਦਿਆਂ ਆਖਿਆ ਕਿ ਕਵਿਤਾ ਸਰੀਰਕ ਗੁਲਾਈਆਂ ਦੀ ਗੱਲ ਨਹੀਂ, ਇਹ ਤਾਂ ਆਤਮਿਕ ਉਚਾਈਆਂ ਦੀ ਗੱਲ ਹੈ। ਭਾਈ ਦਵਿੰਦਰ ਸਿੰਘ ਨੇ ਅਖੌਤੀ ਖਾਲਿਸਤਾਨੀ ਲਿਖਾਰੀ ਅਤੇ "ਮੁਕੰਮਲ ਸਿੱਖ ਤਵਾਰੀਖ" ਦੇ ਲਿਖਾਰੀ ਹਰਜਿੰਦਰ ਸਿੰਘ ਦਿਲਗੀਰ 'ਤੇ ਵਰ੍ਹਦਿਆਂ ਕਿਹਾ ਕਿ ਖਾਲਿਸਤਾਨ ਦੇ ਨਾਂ 'ਤੇ ਲੋਕਾਂ ਨੂੰ ਗੁਮਰਾਹ ਕਰਨ ਵਾਲਾ ਇਹ ਲਿਖਾਰੀ ਹੁਣ ਇਹ ਕਹਿ ਰਿਹਾ ਹੈ ਕਿ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਕਦੇ ਤੱਤੀ ਤਵੀ 'ਤੇ ਬੈਠੇ ਹੀ ਨਹੀਂ ਕਿਉਂਕਿ ਇਹ ਮੁਮਕਿਨ ਹੀ ਨਹੀਂ ਕਿ ਇਕ ਇਨਸਾਨ ਅਜਿਹਾ ਕਰ ਸਕੇ। ਭਲਾ ਦਿਲਗੀਰ ਨੂੰ ਕੋਈ ਪੁਛੇ ਕਿ ਫਿਰ ਗੁਰੂ ਅਤੇ ਆਮ ਇਨਸਾਨ ਵਿਚ ਫਰਕ ਕੀ ਹੋਇਆ?

ਭਾਈ ਦਵਿੰਦਰ ਸਿੰਘ ਨੇ ਅਖੌਤੀ ਸੰਤਾਂ ਨੂੰ ਲੰਮੇ ਹਥੀਂ ਲੈਂਦਿਆਂ ਕਿਹਾ ਕਿ ਕੋਈ ਦਸ ਸਕਦਾ ਹੈ ਕਿ ਅਤਰ ਸਿੰਘ ਤੋਂ ਪਹਿਲਾਂ ਸਿੱਖਾਂ ਵਾਸਤੇ "ਸੰਤ" ਸ਼ਬਦ ਕਦੇ ਪ੍ਰਚਲਤ ਸੀ? ਉਨ੍ਹਾਂ ਕਿਹਾ ਕਿ "ਸੰਤ" ਸ਼ਬਦ ਸਿਰਫ ਗੁਰੂ ਸਾਹਿਬਾਨ ਵਾਸਤੇ ਹੀ ਵਰਤਿਆ ਜਾਂਦਾ ਸੀ। ਹੁਣ ਜਣਾ ਖਣਾ "ਸੰਤ" ਬਣਿਆ ਫਿਰਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਹਿੰਦੋਸਤਾਨ ਤੋਂ ਬਾਹਰ 30 ਲੱਖ ਸਿੱਖ ਵਸ ਰਿਹਾ ਹੈ ਜੋ ਕਿ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਅਹਿਮ ਰੋਲ ਅਦਾ ਕਰ ਸਕਦਾ ਹੈ।

ਸਿੱਖ ਬੁੱਧੀਜੀਵੀ ਡਾ. ਤਰਲੋਚਨ ਸਿੰਘ ਨਾਹਲ ਨੇ ਚੌਧਰੀ ਹਾਮਦ ਅਲੀ ਖਾਨ ਸਾਹਿਬ ਅਤੇ ਸ. ਗੰਗਾ ਸਿੰਘ ਢਿੱਲੋਂ ਦੀਆਂ ਪੰਥਕ ਸੇਵਾਵਾਂ ਦੀ ਤਾਰੀਫ ਕਰਦਿਆਂ ਦੱਸਿਆ ਕਿ ਸ. ਗੰਗਾ ਸਿੰਘ ਢਿੱਲੋਂ ਵਲੋਂ ਕੀਤੇ ਯਤਨਾਂ ਤੋਂ ਪਹਿਲਾਂ ਪਾਕਿਸਤਾਨ ਵਿਚ ਗੁਰਦੁਆਰੇ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਨੂੰ ਗੱਡੀਆਂ ਵਿਚ ਬੰਦ ਕਰਕੇ ਪਹਿਲਾਂ ਪੁਲਿਸ ਦੇ ਠਾਣੇ ਵਿਚ ਲਿਜਾਇਆ ਜਾਂਦਾ ਸੀ। ਇਸ ਗੈਰ-ਧਾਰਮਿਕ ਅਤੇ ਨਮੋਸ਼ੀ ਵਾਲੇ ਵਤੀਰੇ ਨੂੰ ਸ. ਗੰਗਾ ਸਿੰਘ ਢਿੱਲੋਂ ਨੇ ਬੰਦ ਕਰਵਾਇਆ। ਡਾ. ਨਾਹਲ ਨੇ ਇਹ ਵੀ ਦੱਸਿਆ ਕਿ ਸਿੱਖਾਂ ਦੇ ਪਰਮ ਦੋਸਤ ਮਾਨਯੋਗ ਚੌਧਰੀ ਜ਼ਹੂਰ ਇਲਾਹੀ ਦੇ ਸਪੁੱਤਰ ਚੌਧਰੀ ਸ਼ੁਜਾਤ ਹੁਸੈਨ ਜੋ ਕਿ ਪਾਕਿਸਤਾਨ ਦੇ ਕੁਝ ਸਮਾਂ ਪ੍ਰਧਾਨ ਮੰਤਰੀ ਵੀ ਰਹੇ ਹਨ, ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਅਖੀਰੀ ਦਿਨ ਅਸਤੀਫਾ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿੰਨਾ ਚਿਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਰਕਾਰੀ ਤੌਰ ਤੇ ਮਨਜ਼ੂਰ ਕਰਨ ਲਈ ਹੁਕਮ ਜਾਰੀ ਨਹੀਂ ਹੋ ਜਾਂਦੇ।



ਗੁਰਦਵਾਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸੱਚ ਤੇ ਚਲਣ ਦੀ ਬਹੁਤ ਲੋੜ ਹੈ ਅਤੇ ਸਾਡੇ ਵਿਚ ਹਲੀਮੀ ਹੋਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਹੀ ਪਹਿਲਾਂ ਪੰਜਾਬ ਬੰਦ ਦਾ ਸੱਦਾ ਬਹੁਤ ਹੀ ਕਾਮਯਾਬ ਰਿਹਾ ਕਿਉਂਕਿ ਬਹੁਤ ਸਾਰੀਆਂ ਜਥੇਬੰਦੀਆਂ ਨੇ ਇਕੱਠੇ ਹੋ ਕੇ ਕੰਮ ਕੀਤਾ।

ਕਾਨਫਰੰਸ ਤੋਂ ਬਾਦ ਲਾਹੌਰ ਦੇ ਜੰਮਪਲ ਕਈ ਸਿੱਖ ਚੌਧਰੀ ਹਾਮਦ ਅਲੀ ਖਾਨ ਨੂੰ ਜੱਫੀਆਂ ਪਾ ਪਾ ਕੇ ਮਿਲੇ, ਪਰਿਵਾਰਾਂ ਅਤੇ ਗਲੀ ਮੁਹੱਲਿਆਂ ਦੀ ਸੁਖ ਸਾਂਦ ਪੁੱਛੀ ਅਤੇ 63 ਸਾਲ ਪੁਰਾਣੀਆਂ ਲਾਹੌਰ ਦੀਆਂ ਯਾਦਾਂ ਨੂੰ ਮੁੜ ਤਾਜ਼ਾ ਕੀਤਾ। ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਅਮਰੀਕਾ ਦੇ ਪੱਛਮੀ ਕਿਨਾਰੇ 'ਤੇ ਕਰਾਈ ਗਈ ਇਹ ਪਹਿਲੀ ਕਾਨਫਰੰਸ ਸੀ ਜੋ ਕਿ ਬਹੁਤ ਹੀ ਕਾਮਯਾਬ ਰਹੀ। ਇਸ ਕਾਨਫਰੰਸ ਵਿਚ ਭਾਗ ਲੈਣ ਲਈ ਕੈਲੀਫੋਰਨੀਆ ਦੇ ਬਹੁਤ ਸਾਰੇ ਸ਼ਹਿਰਾਂ ਤੋਂ ਸੰਗਤਾਂ ਪੁੱਜੀਆਂ ਹੋਈਆਂ ਸਨ। ਸਟੇਜ ਦੀ ਸੇਵਾ ਭਾਈ ਰਾਜਿੰਦਰ ਸਿੰਘ ਮੰਘਰ ਨੇ ਨਿਭਾਈ।

## ਕੈਪਟਨ ਅਮਰਿੰਦਰ ਸਿੰਘ ਨੂੰ ਹਾਈ ਕੋਰਟ ਤੋਂ ਮਿਲੀ ਰਾਹਤ

**ਚੰਡੀਗੜ੍ਹ :** ਕੈਪਟਨ ਅਮਰਿੰਦਰ ਸਿੰਘ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਲੰਘੀ 10 ਨਵੰਬਰ ਨੂੰ ਸੂਬਾ ਸਰਕਾਰ ਨੂੰ ਆਦੇਸ਼ ਦਿਤਾ ਕਿ ਉਹ ਸਾਬਕਾ ਮੁੱਖ ਮੰਤਰੀ ਨੂੰ ਗਿਫਤਾਰ ਕਰਨ ਜਾਂ ਪੁਛਗਿਛ ਲਈ ਸੱਦਣ ਤੋਂ ਪਹਿਲਾਂ 7 ਦਿਨਾਂ ਦਾ ਅਗਾਊਂ ਨੋਟਿਸ ਜਾਰੀ ਕਰੇ।

ਅਦਾਲਤ ਨੇ ਇਹ ਰਾਹਤ ਕੈਪਟਨ ਅਮਰਿੰਦਰ ਸਿੰਘ ਦੇ ਮਾਰਚ 2002 ਤੋਂ ਫਰਵਰੀ 2007 ਤੱਕ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਨਾਲ ਸਬੰਧਤ ਮਾਮਲਿਆਂ ਬਾਰੇ ਹੀ ਦਿਤੀ ਹੈ। ਜਸਟਿਸ ਐਸ.ਡੀ. ਆਨੰਦ ਨੇ ਇਹ ਆਦੇਸ਼ ਕੈਪਟਨ ਅਮਰਿੰਦਰ ਸਿੰਘ ਵਲੋਂ ਜੁਲਾਈ 2007 ਵਿਚ ਦਾਖਲ ਅਰਜ਼ੀ 'ਤੇ ਸੁਣਵਾਈ ਕਰਦਿਆਂ ਦਿਤਾ। ਅਰਜ਼ੀ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਅਗਾਊਂ ਜ਼ਮਾਨਤ ਦੀ ਮੰਗ ਕਰਦਿਆਂ ਖ਼ਦਸ਼ਾ ਜ਼ਾਹਰ ਕੀਤਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵਲੋਂ ਉਨ੍ਹਾਂ ਨੂੰ ਝੂਠੇ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਕੇਸਾਂ ਵਿਚ ਫਸਾਇਆ ਜਾ ਸਕਦਾ ਹੈ।

ਕੈਪਟਨ ਅਮਰਿੰਦਰ ਸਿੰਘ ਵਲੋਂ ਪੇਸ਼ ਹੋਏ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਰਜਿੰਦਰ ਸਿੰਘ ਚੀਮਾ ਨੇ ਸੁਣਵਾਈ ਦੌਰਾਨ ਕਿਹਾ ਕਿ ਵਿਜੀਲੈਂਸ ਨੇ ਲੁਧਿਆਣਾ ਸਿਟੀ ਸੈਂਟਰ ਮਾਮਲੇ ਤੋਂ ਬਾਅਦ ਉਨ੍ਹਾਂ ਦੇ ਮੁਵੱਕਲ ਵਿਰੁਧ ਤਿੰਨ ਹੋਰ ਕੇਸ ਦਰਜ ਕੀਤੇ ਹਨ। ਜਿਨ੍ਹਾਂ ਵਿਚ ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੀ ਜ਼ਮੀਨ ਇਕ ਕਾਲੋਨਾਈਜ਼ਰ ਨੂੰ ਦੇਣ ਅਤੇ ਦੂਜਾ ਆਮਦਨ ਤੋਂ ਵਧੇਰੇ ਜਾਇਦਾਦ ਬਨਾਉਣ ਨਾਲ ਸਬੰਧਤ ਹੈ। ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਚੇਤਨ ਮਿੱਤਲ ਨੇ ਬਲੈਂਕਟ ਬੇਲ (ਖੁਲ੍ਹੀ ਜ਼ਮਾਨਤ) ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸਿਰਫ ਕਿਸੇ ਵਿਸ਼ੇਸ਼ ਮਾਮਲੇ ਵਿਚ ਹੀ ਦਿਤੀ ਜਾ ਸਕਦੀ ਹੈ। ਇਸ ਮਗਰੋਂ ਸੁਣਵਾਈ ਨੂੰ ਖ਼ਤਮ ਕਰਦੇ ਹੋਏ ਜਸਟਿਸ ਆਨੰਦ ਨੇ ਅਪਣਾ ਆਦੇਸ਼ ਸੁਣਾਇਆ।

### ਕੋਬਾਦ ਦੇ ਟੈਸਟ 'ਤੇ ਰੋਕ

**ਨਵੀਂ ਦਿੱਲੀ :** ਦਿੱਲੀ ਹਾਈ ਕੋਰਟ ਨੇ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਨੇਤਾ ਕੋਬਾਦ ਗਾਂਧੀ ਦੇ ਨਾਰਕੋ ਟੈਸਟ 'ਤੇ 14 ਦਸੰਬਰ ਤੱਕ ਰੋਕ ਲਾ ਦਿੱਤੀ ਹੈ।

ਜੱਜ ਇੰਦਰਜੀਤ ਕੌਰ ਨੇ ਸੁਣਵਾਈ ਕਰਦਿਆਂ ਕਿਹਾ ਕਿ ਮਾਮਲੇ ਦੀ ਅਗਲੀ ਸੁਣਵਾਈ 14 ਦਸੰਬਰ ਨੂੰ ਕੀਤੀ ਜਾਵੇਗੀ। ਇਸ ਸਬੰਧ ਵਿਚ ਕੋਬਾਦ ਗਾਂਧੀ ਨੇ ਆਪਣੇ ਨਾਰਕੋ ਟੈਸਟ ਦੇ ਸਬੰਧ ਵਿਚ ਹੇਠਲੀ ਅਦਾਲਤ ਦੇ 31 ਅਕਤੂਬਰ ਦੇ ਆਦੇਸ਼ ਨੂੰ ਚੁਣੌਤੀ ਦਿੰਦਿਆਂ ਪਟੀਸ਼ਨ ਦਾਇਰ ਕੀਤੀ ਸੀ। ਕੋਬਾਦ ਨੂੰ 21 ਸਤੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਉਹ ਨਿਆਂਇਕ ਹਿਰਾਸਤ ਵਿਚ ਹੈ।

## ਸੈਕਰਾਮੈਂਟੋ 'ਚ ਪੰਜਾਬ ਨਾਈਟ ਹੋਈ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇਥੇ ਲੂਥਰ ਬਰਬੈਂਕ ਹਾਈ ਸਕੂਲ ਦੇ ਆਡੀਟੋਰੀਅਮ ਵਿਚ ਲੰਘੇ ਸਨਿਚਰਵਾਰ ਕਰਵਾਈ ਗਈ ਇਕ ਪੰਜਾਬ ਨਾਈਟ ਵਿਚ ਜਿਥੇ ਵਿਦਿਆਰਥਿਆਂ ਦੀਆਂ ਟੀਮਾਂ ਨੇ ਜਾਗੋ ਕੱਢੀ, ਭੰਗੜਾ ਪਾਇਆ ਉਥੇ ਜਤਿੰਦਰ ਸਿੰਘ ਜਰਗੀਆਂ, ਦਿਲ ਨਿੱਝਰ, ਅਨੂਪ ਸਿੰਘ ਚੀਮਾ, ਅਮਰਜੀਤ ਦੁਲਈ ਅਤੇ ਹਰਦੀਪ ਦੁਆਬੀਆ ਨੇ ਪੰਜਾਬੀ ਵਿਰਸੇ ਨਾਲ ਜੁੜੇ ਗੀਤ ਗਾਏ। ਮੰਚ ਸੰਚਾਲਨ ਨਿਊਯਾਰਕ ਤੋਂ ਆਏ ਗੀਤਕਾਰ ਦੀਪ ਮੰਗਲੀ ਦੇ ਹੱਥ ਸੀ।



ਪੰਜਾਬ ਨਾਈਟ ਮੌਕੇ ਸ. ਸੁੱਚਾ ਸਿੰਘ ਲੰਗਾਹ ਸੰਬੋਧਨ ਕਰਦੇ ਹੋਏ

ਇਸ ਪ੍ਰੋਗਰਾਮ ਦੀ ਵਿਉਂਤ ਮਲਕੀਤ ਸਿੰਘ, ਦਿਲ ਨਿੱਝਰ, ਜੌਹਨ ਬੰਗਾ, ਵੀਰ ਸਿੱਧੂ ਅਤੇ ਅਟਾਰਨੀ ਜਸਪ੍ਰੀਤ ਸਿੰਘ ਨੇ ਬਣਾਈ ਸੀ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਸਨ, ਜਦੋਂਕਿ ਕੈਲੀਫੋਰਨੀਆ ਦੀ ਸੈਨੇਟ ਵਿਚ ਮੈਜੋਰਟੀ ਲੀਡਰ ਡੀਨ ਫਲੋਰੈਂਸ ਗੈਸਟ ਆਫ ਆਨਰਜ਼ ਸਨ ਜਿਨ੍ਹਾਂ ਨੇ ਇਨਾਮਾਂ ਦੀ ਵੀ ਵੰਡ ਕੀਤੀ।

ਇਸ ਮੌਕੇ ਬੋਲਦਿਆਂ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਅਟਾਰਨੀ ਜਸਪ੍ਰੀਤ ਸਿੰਘ ਦੀ ਗੁਰੂ ਮਾਨਿਓ ਗ੍ਰੰਥ ਫਿਲਮ ਬਣਾਉਣ ਲਈ ਉਚੇਚੀ ਤਾਰੀਫ ਕਰਦਿਆਂ ਕਿਹਾ ਕਿ ਇਸ ਪੰਥ ਦੀ ਵੱਡੀ ਸੇਵਾ ਹੈ। ਇਸ ਮੌਕੇ ਫਿਲਮ ਗੁਰੂ ਮਾਨਿਓ ਗ੍ਰੰਥ ਦੀ ਸੂਟਿੰਗ ਵੀ ਕੀਤੀ ਗਈ। ਸ੍ਰੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਫਿਲਮ ਦਾ ਮਿਊਜ਼ਿਕ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਵਲੋਂ ਕੀਤੇ ਜਾ ਰਹੇ ਇਕ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ. ਸੁੱਚਾ ਸਿੰਘ ਲੰਗਾਹ ਕਰਨਗੇ।

# ਨਵੰਬਰ 84 ਦੀ ਨਸਲਕੁਸ਼ੀ ਲਈ ਇਨਸਾਫ਼ ਲਹਿਰ ਦਾ ਕੈਪੀਟਲ ਹਿੱਲ ਤੋਂ ਆਗਾਜ਼

## ਦੇਸ਼ ਵਿਦੇਸ਼ ਤੋਂ ਆਈਆਂ ਹਜਾਰਾਂ ਸਿੱਖ ਸੰਗਤਾਂ ਨੇ ਲਿਆ ਪ੍ਰਣ

ਵਾਸ਼ਿੰਗਟਨ ਡੀ.ਸੀ (ਪੰਜਾਬ ਟਾਈਮਜ਼ ਬਿਊਰੋ): ਸਮੂਹ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਕੌਮ ਦੀ ਹਮਾਇਤ ਨਾਲ ਵਾਈਟ ਹਾਊਸ ਕੈਪੀਟਲ ਹਿੱਲ ਵਿਖੇ "ਸਿੱਖਸ ਫਾਰ ਜਸਟਿਸ" ਦੇ ਸੱਦੇ ਉਤੇ ਕੀਤੇ



ਗਏ ਇਨਸਾਫ ਮਾਰਚ ਅਤੇ ਕਾਨਫਰੰਸ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਆਈਆਂ ਸਿੱਖ ਸੰਗਤਾਂ ਨੇ ਭਾਗ ਲਿਆ। ਇਸ ਇਨਸਾਫ ਮਾਰਚ ਅਤੇ ਕਾਨਫਰੰਸ ਦਾ ਮਨੋਰਥ ਨਵੰਬਰ 1984 ਦੌਰਾਨ ਮਾਰੇ ਗਏ ਸਿੱਖਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ ਅਤੇ ਨਵੰਬਰ 84 ਦੇ ਸਿੱਖ ਕਤਲੇਆਮ ਨੂੰ "ਸਿੱਖ ਨਸਲਕੁਸ਼ੀ" ਪ੍ਰਮਾਣਿਤ ਕਰਾਉਣਾ ਸੀ ਜੋ ਕਿ ਸਿੱਖ ਨਸਲਕੁਸ਼ੀ ਦੀ 25ਵੇਂ ਸਾਲ 'ਤੇ "ਸਿੱਖਸ ਫਾਰ ਜਸਟਿਸ" ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪ੍ਰਧਾਨ, ਕਰਨੈਲ ਸਿੰਘ ਪੀਰਮੁਹੰਮਦ) ਵਲੋਂ ਚਲਾਈ ਗਈ "ਇਨਸਾਫ਼ ਲਹਿਰ" ਦਾ ਹਿੱਸਾ ਸੀ। ਇਸ ਇਨਸਾਫ ਲਹਿਰ ਦਾ ਆਗਾਜ਼ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਵਿਚ ਹੋਇਆ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ, ਮੁੱਖ ਬੁਲਾਰੇ ਅਤੇ ਸਟੇਜ ਸਕੱਤਰ ਅਵਤਾਰ ਸਿੰਘ ਪੰਨੂੰ ਨੇ ਇਨਸਾਫ਼ ਲਹਿਰ ਅਤੇ ਇਨਸਾਫ਼ ਲੈਣ ਵਾਸਤੇ ਅਗਲੀ ਰਣਨੀਤੀ ਦਾ ਖੁਲਾਸਾ ਕਰਦਿਆਂ ਆਖਿਆ ਕਿ ਸਿੱਖ ਕਤਲੇਆਮ ਦੇ ਜ਼ਿੰਮੇਵਾਰ ਲੋਕਾਂ ਨੂੰ ਅਦਾਲਤ ਦੇ ਕਟਹਿਰੇ ਵਿਚ ਖੜਾ ਕਰਨ ਅਤੇ ਇਨਸਾਫ ਮਿਲਣ ਤੱਕ ਸਿੱਖਸ ਫਾਰ ਜਸਟਿਸ ਦਾ ਇਹ ਸੰਘਰਸ਼ ਜਾਰੀ ਰਹੇਗਾ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਡਾ. ਬਖਸ਼ੀਸ਼ ਸਿੰਘ ਸੰਧੂ ਨੇ ਪਿਛਲੇ ਸਮੇਂ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੱਸਦਿਆਂ ਸਪੱਸ਼ਟ ਕੀਤਾ ਕਿ ਸਿੱਖਸ ਫਾਰ ਜਸਟਿਸ ਆਉਣ ਵਾਲੇ ਸਮੇਂ ਵਿਚ ਵੀ ਸਮੁੱਚੀ ਕੌਮ ਦੀ ਮਦਦ ਨਾਲ ਇਨਸਾਫ਼ ਲੈਣ ਤੱਕ ਜੱਦੋਜਹਿਦ ਜਾਰੀ ਰੱਖੇਗੀ। ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਚੇਅਰਮੈਨ ਸ. ਹਰਬੰਸ ਸਿੰਘ ਜੰਡਾਲੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਚਲਾਈ ਜਾ ਰਹੀ "ਇਨਸਾਫ਼ ਲਹਿਰ" ਨੂੰ ਨਵੰਬਰ 1984 ਦੀ ਨਸਲਕੁਸ਼ੀ ਦੇ ਜ਼ਿੰਮੇਵਾਰ ਕਾਤਲਾਂ ਨੂੰ ਸਜਾਵਾਂ ਦਿਵਾਉਣ ਵੱਲ ਇਕ ਅਹਿਮ ਕਦਮ ਦੱਸਦਿਆਂ ਕਿਹਾ ਕਿ ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਅਤੇ ਪੂਰੀ ਸਿੱਖ ਸੰਗਤ ਸਿੱਖਸ ਫਾਰ ਜਸਟਿਸ ਦੇ ਨਾਲ ਹੈ।

ਨਵੰਬਰ 84 ਦੇ ਸਿੱਖ ਕਤਲੇਆਮ ਤੋਂ ਪੀੜਿਤ ਬੀਬੀ ਇਕਬਾਲ ਕੌਰ ਤੋਂ ਕਾਨਪੁਰ ਵਿਚ ਹੋਏ ਸਿੱਖ ਕਤਲੇਆਮ ਦੀ ਗਾਥਾ ਸੁਣ ਕੇ ਸਿੱਖ ਸੰਗਤਾਂ ਦੇ ਹੰਝੂ ਵਹਿ ਤੁਰੇ। ਬੀਬੀ ਇਕਬਾਲ ਕੌਰ ਦੇ ਪਿਤਾ ਅਮਰੀਕਾ ਤੋਂ ਆਪਣੇ ਪੋਤਰੇ ਦੀ ਸ਼ਾਦੀ ਵਾਸਤੇ ਕਾਨਪੁਰ ਗਏ ਸਨ ਅਤੇ ਨਵੰਬਰ 1984 ਦੌਰਾਨ ਉਹ ਖੁਦ ਅਤੇ ਉਨ੍ਹਾਂ ਦਾ ਪੋਤਰਾ ਸਿੱਖ ਨਸਲਕੁਸ਼ੀ ਦੀ ਭੇਂਟ ਚੜ੍ਹ ਗਏ।

ਨਿਊ ਯਾਰਕ ਦੇ ਪ੍ਰਸਿੱਧ ਸਿੱਖ ਆਗੂ ਮਾਸਟਰ ਮਹਿੰਦਰ ਸਿੰਘ ਨੇ ਨਵੰਬਰ 84 ਦੀ ਸਿੱਖ ਨਸਲਕੁਸ਼ੀ ਨੂੰ ਹਿੰਦੁਸਤਾਨ ਸਰਕਾਰ ਵਲੋਂ 25 ਸਾਲ ਤੋਂ ਲਗਾਤਾਰ ਸਿੱਖ ਵਿਰੋਧੀ ਦੰਗੇ ਕਹਿ ਕੇ ਦਬਾਈ ਰੱਖਣ ਨੂੰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦੱਸਿਆ।

ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ ਨੇ ਹਿੰਦੁਸਤਾਨ ਸਰਕਾਰ ਵਲੋਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਲਗਾਤਾਰ ਸਿੱਖ ਕੌਮ ਦੀ ਕੀਤੀ ਜਾ ਰਹੀ ਨਸਲਕੁਸ਼ੀ ਨੂੰ ਇੱਕ ਸਾਜਿਸ਼ ਦੱਸਿਆ ਅਤੇ ਸਮੁੱਚੀ ਸਿੱਖ ਕੌਮ ਨੂੰ ਇਕਜੁੱਟ ਹੋ ਕੇ ਇਨਸਾਫ ਲਹਿਰ ਦਾ ਹਿੱਸਾ ਬਣਨ ਦੀ ਅਪੀਲ ਦੱਸਿਆ।

ਦਿੱਲੀ ਦੇ ਸਿੱਖ ਕਤਲੇਆਮ ਵਿਚ ਸਾਬਕਾ ਮੈਂਬਰ ਪਾਰਲੀਮੈਂਟ ਜਗਦੀਸ਼ ਟਾਈਟਲਰ ਦੇ ਖਿਲਾਫ ਮੁੱਖ ਚਸ਼ਮਦੀਦ ਗਵਾਹ ਜਸਬੀਰ ਸਿੰਘ ਨੇ ਉਸਨੂੰ ਸਜ਼ਾ ਦਿਵਾਉਣ ਲਈ ਪ੍ਰਣ ਦੁਹਰਾਇਆ। "ਇਨਸਾਫ਼ ਮਾਰਚ" ਵਿਚ ਸ਼ਾਮਿਲ ਦੇਸ਼ ਵਿਦੇਸ਼ ਤੋਂ ਆਈਆਂ ਹਜ਼ਾਰਾਂ ਸਿੱਖ ਸੰਗਤਾਂ ਨੇ 'ਵਾਈਟ ਹਾਊਸ' ਤੋਂ ਕੈਪੀਟਲ ਹਿੱਲ ਤੱਕ ਯੋਜਨਾਬੱਧ ਤਰੀਕੇ ਨਾਲ ਮਾਰਚ ਕੀਤਾ ਜਿਸ ਵਿਚ ਛੋਟੇ ਛੋਟੇ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਨੇ "ਇਨਸਾਫ਼ ਦੀ ਮੰਗ" ਕਰ ਰਹੇ ਨਾਅਰਿਆਂ ਵਾਲੀਆਂ ਤਖਤੀਆਂ ਫੜੀਆਂ ਹੋਈਆਂ ਸਨ।

ਕੈਪੀਟਲ ਹਿੱਲ ਉਤੇ "ਇਨਸਾਫ਼ ਕਾਨਫਰੰਸ" ਦਾ ਆਗਾਜ਼ ਕਰਦਿਆਂ ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਸ. ਬਰਜਿੰਦਰ ਸਿੰਘ ਬਰਾੜ ਨੇ ਆਖਿਆ ਕਿ ਸਿੱਖ ਕੌਮ "ਇਨਸਾਫ਼ ਲੈਣ" ਤੱਕ ਜੱਦੋਜਹਿਦ ਜਾਰੀ ਰੱਖੇਗੀ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਸੰਗਤਾਂ ਨੂੰ ਸੰਬੋਧਿਤ ਹੁੰਦੇ ਹੋਏ ਇਨਸਾਫ਼ ਲੈਣ ਵਾਸਤੇ ਲਾਮਬੰਦ ਹੋਣ ਦੀ ਅਪੀਲ ਕੀਤੀ।



ਨਵੰਬਰ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਦਾ ਅੱਖੀਂ ਦੇਖਿਆ ਹਾਲ ਦੱਸਦਿਆਂ ਸੀਨੀਅਰ ਪੱਤਰਕਾਰ ਰਾਹੁਲ ਬੇਦੀ ਨੇ ਕਿਹਾ ਕਿ ਨਵੰਬਰ 84 ਵਿਚਲਾ ਸਿੱਖਾਂ ਦਾ ਕਤਲੇਆਮ ਸਰਕਾਰ, ਪੁਲਿਸ ਅਤੇ ਪ੍ਰਸ਼ਾਸ਼ਨ ਦੀ ਮਿਲੀਭੁਗਤ ਨਾਲ ਇੱਕ ਸੋਚੀ ਸਮਝੀ ਯੋਜਨਾ ਅਧੀਨ ਕੀਤਾ ਗਿਆ।

ਸੁਪਰੀਮ ਕੋਰਟ ਦੇ ਐਡਵੋਕੇਟ ਕਾਮਨਾ ਵੋਹਰਾ, ਜੋ ਕਿ ਸਿੱਖ ਕਤਲੇਆਮ ਦੇ ਪੀੜਤਾਂ ਦੇ ਕੇਸ ਅਦਾਲਤਾਂ ਵਿਚ ਲੜ ਰਹੇ ਹਨ, ਨੇ ਵਿਸਥਾਰ ਨਾਲ ਪਿਛਲੇ ਸਮੇਂ ਵਿਚ ਸਰਕਾਰ ਦੀਆਂ ਬਣਾਈਆਂ ਕਮੇਟੀਆਂ ਅਤੇ ਕਮਿਸ਼ਨਾਂ ਵਿਚਲੀਆਂ ਕਮਜ਼ੋਰੀਆਂ ਨੂੰ ਬਿਆਨ ਕਰਦਿਆਂ ਕਿਹਾ ਕਿ ਇਹੋ ਵਜ੍ਹਾ ਹੈ ਕਿ ਸਿੱਖਾਂ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ।

ਇਨਸਾਫ਼ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਅਮਨੈਸਟੀ ਇੰਟਰਨੈਸ਼ਨਲ ਦੇ ਸਾਊਥ ਏਸ਼ੀਆ ਡਾਇਰੈਕਟਰ ਟੀ. ਕੁਮਾਰ ਨੇ ਕਿਹਾ ਕਿ ਅਸੀਂ ਸਿਰਫ਼ ਜਾਨਣਾ ਚਾਹੁੰਦੇ ਹਾਂ ਕਿ ਇਹੋ ਜਿਹਾ ਘਿਨਾਉਣਾ ਜ਼ੁਰਮ ਕਿਉਂ ਕੀਤਾ ਗਿਆ? ਅਤੇ ਇਹ ਪੁੱਛਣਾ ਚਾਹੁੰਦੇ ਹਾਂ ਕਿ ਇਸ ਵਾਸਤੇ ਜ਼ਿੰਮੇਵਾਰ ਅਪਰਾਧੀਆਂ ਨੂੰ ਸਜਾਵਾਂ ਦੇਣ ਵਿਚ ਇੰਨਾ ਸਮਾਂ ਕਿਉਂ ਲੱਗਾ ਹੈ? ਸਾਨੂੰ ਉਨ੍ਹਾਂ ਸਾਰੇ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਦੀ ਜ਼ਰੂਰਤ ਹੈ ਜਿਨ੍ਹਾਂ ਨੇ 1984 ਦਾ ਸੰਤਾਪ ਹੰਢਾਇਆ। ਸ੍ਰੀ ਪੀ. ਕੁਮਾਰ ਨੇ ਹਿੰਦੁਸਤਾਨ ਸਰਕਾਰ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀ ਸਰਕਾਰ ਹੋਣ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੇ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਖਤ ਸਜ਼ਾਵਾਂ ਦਿਵਾਉਣ ਦੀ ਅਪੀਲ ਕੀਤੀ।

ਬੀਬੀ ਇੰਦਰਾ ਪ੍ਰਹਾਸਿਤ ਜੋ ਕਿ "ਲੰਗਾਰਾ

(ਬਾਕੀ ਸਫਾ 20 ਉਤੇ)

## ਦੰਗੇ ਨਹੀਂ, ਸਿੱਖਾਂ ਦੀ ਨਸਲਕੁਸ਼ੀ ਸੀ-ਜਥੇਦਾਰ

**ਵਾਸ਼ਿੰਗਟਨ ਡੀ.ਸੀ. (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 ਵਿਚ ਹਜਾਰਾਂ ਬੇਗੁਨਾਹ ਸਿੱਖਾਂ ਦੀ ਕੀਤੀ ਗਈ ਕਤਲੋਗਾਰਤ ਸਿੱਖ ਵਿਰੋਧੀ ਦੰਗੇ ਨਹੀਂ ਸਗੋਂ ਸਿੱਖਾਂ ਦੀ ਨਸਲਕੁਸ਼ੀ ਸੀ। ਇਹ ਵਿਚਾਰ ਇਥੇ ਸਿੱਖਸ ਫਾਰ ਜਸਟਿਸ ਨਾਂ ਦੀ ਜਥੇਬੰਦੀ ਵਲੋਂ ਕੀਤੀ ਗਈ ਇਨਸਾਫ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪ੍ਰਗਟਾਏ।

ਉਨ੍ਹਾਂ ਕਿਹਾ ਕਿ ਨਵੰਬਰ 1984 ਵਿਚ ਗਿਣੀ ਮਿਥੀ ਸਾਜ਼ਿਸ਼ ਤਹਿਤ ਦਿੱਲੀ ਅਤੇ ਦੇਸ਼ ਦੇ 18 ਰਾਜਾਂ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਸਿੱਖ ਔਰਤਾਂ ਨਾਲ ਬਲਾਤਕਾਰ ਕੀਤੇ ਗਏ ਅਤੇ ਸੈਂਕੜੇ ਗੁਰਦੁਆਰੇ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਗਨਭੇਂਟ ਕੀਤੀਆਂ ਗਈਆਂ। ਹਜ਼ਾਰਾਂ ਸਿੱਖਾਂ ਦੀ ਕਤਲੋਗਾਰਤ ਨੂੰ ਦੰਗਿਆਂ ਦਾ ਨਾਮ ਦੇ ਕੇ 25 ਸਾਲ ਤੱਕ ਦੇਸ਼ ਦੀ ਸਰਕਾਰ ਨੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ, ਜਦੋਂਕਿ ਇਹ ਕਤਲੋਗਾਰਤ ਸਿੱਖ ਵਿਰੋਧੀ ਦੰਗੇ ਨਹੀਂ ਬਲਕਿ ਇੱਕ ਸੋਚੀ ਸਮਝੀ ਯੋਜਨਾ ਦੇ ਅਧੀਨ ਸਿੱਖਾਂ ਦੀ "ਨਸਲਕੁਸ਼ੀ" ਸੀ।


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ



# ਨਵੰਬਰ 84 ਦੇ ਸਿੱਖ ਕਤਲੇਆਮ ਪ੍ਰਤੀ ਰੋਸ ਮਾਰਚ

ਬੇਕਰਜ਼ਫੀਲਡ (ਮਨਦੀਪ ਮਾਨ): ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ 25 ਸਾਲ ਬੀਤ ਜਾਣ ਉਪਰੰਤ ਵੀ ਢੁਕਵੀਆਂ ਸਜ਼ਾਵਾਂ ਨਾ ਦਿੱਤੇ ਜਾਣ ਕਾਰਨ ਇਸ ਦੀ ਕਸਕ ਸਿੱਖ ਮਨਾਂ ਵਿਚ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ। ਇਸੇ ਕਰਕੇ ਵੱਖੋ ਵੱਖ ਸੰਸਥਾਵਾਂ ਵਲੋਂ 1984 ਦੇ ਸਿੱਖ ਕਤਲੇਆਮ ਦੀ 25ਵੀਂ ਵਰ੍ਹੇਗੰਢ 'ਤੇ ਉਸ ਮਹਾ ਹੱਤਿਆ ਕਾਂਡ ਦਾ ਸ਼ਿਕਾਰ ਹੋਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਹੀਦਾਂ ਨੂੰ ਚੇਤੇ ਕਰਨ ਲਈ ਹੀ ਜੈਕਾਰਾ ਮੂਵਮੈਂਟ ਨਾਂ ਦੀ ਸਿੱਖ ਜਥੇਬੰਦੀ ਵਲੋਂ 7 ਨਵੰਬਰ ਨੂੰ ਇਥੇ ਸਿਲਵਰ ਕਰੀਕ ਪਾਰਕ ਵਿਚ ਇਕ ਰੋਸ ਮਾਰਚ ਕੀਤਾ ਗਿਆ।

ਰੋਸ ਮਾਰਚ ਤੋਂ ਪਹਿਲਾਂ ਭਾਈ ਮਨਜੀਤ ਸਿੰਘ ਨੇ ਇਸ ਕਤਲੇਆਮ ਦਾ ਸ਼ਿਕਾਰ ਹੋਏ ਲੋਕਾਂ ਦੀ ਰੂਹ ਦੀ ਸ਼ਾਂਤੀ ਲਈ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ। ਉਨ੍ਹਾਂ ਇਸ ਸਿੱਖ ਕਤਲੇਆਮ ਦੇ ਪਿਛੋਕੜ ਬਾਰੇ ਦੱਸਿਆ ਅਤੇ ਕਿਹਾ ਕਿ ਇੰਨਾ ਸਮਾਂ ਬੀਤ ਜਾਣ ਪਿਛੋਂ ਵੀ ਦੋਸ਼ੀਆਂ ਨੂੰ ਅੱਜ ਤੱਕ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ। ਇਸ ਮੌਕੇ ਮੋਮਬੱਤੀਆਂ ਜਗਾ ਕੇ ਸ਼ਹੀਦਾਂ ਨੂੰ ਚੇਤੇ ਕੀਤਾ ਗਿਆ ਅਤੇ ਇਕ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਇਸ ਮੌਕੇ ਹਾਜ਼ਰ ਸ਼ਹਿਰ ਦੇ ਪਤਵੰਤੇ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਪਲਵਿੰਦਰ ਸਿੰਘ ਸ਼ੇਰਗਿੱਲ, ਦੀਪਾ ਢੇਸੀ, ਹਰਦਮ ਸਿੰਘ ਔਲਖ, ਸੱਤੀ ਸੰਘੇੜਾ, ਮੀਨਾ ਸੰਘੇੜਾ, ਕੁਲਵੰਤ ਮਾਨ, ਜਗਮੀਤ ਮਾਨ, ਰਾਜਿੰਦਰ ਸਿੰਘ ਢਿੱਲੋਂ, ਤੇਜੀ ਵੀਡੀਓ ਤੋਂ ਸਨੀ ਹਾਜ਼ਰ ਸਨ। ਇਸ ਮਾਰਚ ਦਾ ਪ੍ਰੋਗਰਾਮ ਜੈਕਾਰਾ ਮੂਵਮੈਂਟ ਦੇ ਵਾਲੰਟੀਅਰਾਂ ਸਿਮਰਨ ਕੌਰ, ਪਰਮਿੰਦਰ ਸਿੰਘ ਸੰਧੂ (ਅਟਾਰਨੀ ਐਟ ਲਾਅ), ਮੋਨਾ, ਰਮਨਪ੍ਰੀਤ ਕੌਰ ਅਤੇ ਦੀਪਾ ਨੇ ਉਲੀਕਿਆ।

## ਅਮਰੀਕੀ ਨਾਗਰਿਕ ਨੂੰ ਬਜਾਜ ਪੁਰਸਕਾਰ

**ਮੁੰਬਈ:** ਅਮਰੀਕੀ ਨਾਗਰਿਕ ਫਾਦਰ ਪੀਟਰ ਡੂਹਰਟੀ ਨੂੰ ਗਾਂਧੀਵਾਦੀ ਸਿਧਾਂਤਾਂ ਵਿਚਾਰਾਂ ਦਾ ਭਾਰਤ ਤੋਂ ਬਾਹਰ ਵਧੀਆ ਢੰਗ ਨਾਲ ਪ੍ਰਚਾਰ ਕਰਨ ਲਈ 32ਵੇਂ ਜਮਨਾ ਲਾਲ ਬਜਾਜ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਉਹ ਮਿਸ਼ੀਗਨ ਵਿਚ ਕੈਥੋਲਿਕ ਪਾਦਰੀ ਹਨ। ਉਹ ਸ਼ਾਂਤੀ ਦੇ ਪੁਜਾਰੀ ਹਨ ਤੇ ਹਮੇਸ਼ਾ ਅਹਿੰਸਾ ਵਿਚ ਵਿਸ਼ਵਾਸ ਰੱਖਦੇ ਰਹੇ ਹਨ।

ਇਹ ਪੁਰਸਕਾਰ ਉਨ੍ਹਾਂ ਨੂੰ ਇੱਥੇ ਵਾਈ.ਬੀ.ਚਵਾਨ ਕੇਂਦਰ ਵਿਚ ਜਮਨਾ ਲਾਲ ਬਜਾਜ ਫਾਊਂਡੇਸ਼ਨ ਵਲੋਂ ਦਿੱਤਾ ਗਿਆ।ਉਹ ਪਿਛਲੇ 33 ਸਾਲਾਂ ਤੋਂ ਪ੍ਰਮਾਣੂ ਹਥਿਆਰ ਖਤਮ ਕਰਨ ਲਈ ਮੁਹਿੰਮ ਚਲਾ ਰਹੇ ਹਨ। ਪੁਰਸਕਾਰ ਵਿਚ ਇਕ ਟਰਾਫੀ ਅਤੇ ਪੰਜ ਲੱਖ ਰੁਪਏ ਦਿੱਤੇ ਜਾਂਦੇ ਹਨ।

## ਟੈਕਸ ਕਰੈਡਿਟ ਦੀ ਮਿਆਦ ਵਧੀ

**ਜੱਸੀ ਗਿੱਲ**

ਪਹਿਲੀ ਵਾਰ ਘਰ ਖਰੀਦਣ ਤੇ ਮਿਲਣ ਵਾਲਾ 8000 ਡਾਲਰ ਦਾ ਟੈਕਸ ਕਰੈਡਿਟ 30 ਅਪਰੈਲ 2010 ਤਕ ਵਧਾ ਦਿਤਾ ਗਿਆ ਹੈ ਅਤੇ 9 ਨਵੰਬਰ 2009 ਤੋਂ 30 ਅਪਰੈਲ 2010 ਵਿਚਾਲੇ ਇਸ ਵੇਲੇ ਘਰ ਦੇ ਮਾਲਕ ਹੁੰਦਿਆਂ ਵੀ ਦੂਜਾ ਘਰ ਖਰੀਦਣ ਵਾਲੇ ਵਿਅਕਤੀਆਂ ਨੂੰ 6500 ਡਾਲਰ ਦਾ ਇਕ ਨਵਾਂ ਟੈਕਸ ਕਰੈਡਿਟ ਮਿਲ ਸਕੇਗਾ। ਇਸ ਤੋਂ ਪਹਿਲਾਂ 8000 ਦਾ ਟੈਕਸ ਕਰੈਡਿਟ ਸਿਰਫ ਉਨ੍ਹਾਂ ਖਰੀਦਦਾਰਾਂ ਨੂੰ ਹੀ ਮਿਲਦਾ ਸੀ ਜਿਨ੍ਹਾਂ ਨੇ ਪਿਛਲੇ ਤਿੰਨ ਸਾਲ ਵਿਚ ਕੋਈ ਘਰ ਨਹੀਂ ਸੀ ਖਰੀਦਿਆ। ਦੂਜਾ ਘਰ ਖਰੀਦਣ ਵਾਲਿਆਂ ਲਈ ਕੋਈ ਟੈਕਸ ਕਰੈਡਿਟ ਨਹੀਂ ਸੀ।



ਜੱਸੀ ਗਿੱਲ

ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਸਬੰਧੀ ਬਿਲ ਉਤੇ ਦਸਤਖਤ ਲੰਘੀ 6 ਨਵੰਬਰ ਨੂੰ ਕੀਤੇ। ਇਸ ਫੈਸਲੇ ਦਾ ਮਨੋਰਥ ਘਰਾਂ ਦੀ ਡਿਗੀ ਹੋਈ ਮਾਰਕਿਟ ਨੂੰ ਹੁਲਾਰਾ ਦੇਣਾ ਹੈ। ਇਸ ਕਾਨੂੰਨ ਨਾਲ ਹੁਣ ਘਰਾਂ ਦੇ ਉਹ ਖਰੀਦਦਾਰ ਵੀ ਟੈਕਸ ਕਰੈਡਿਟ ਦਾ ਲਾਭ ਲੈ ਸਕਣਗੇ ਜੋ ਕਿਸੇ ਕਾਰਨ ਖੁੰਝ ਗਏ ਸਨ।

ਰਾਸ਼ਟਰਪਤੀ ਵਲੋਂ ਪ੍ਰਵਾਨ ਕੀਤੇ ਗਏ ਨਵੇਂ ਬਿਲ ਵਿਚ ਮਕਾਨ ਦੀ ਕੀਮਤ ਦੀ ਹੱਦ 729, 750 ਡਾਲਰ ਹੀ ਰਖੀ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਅਮਰੀਕੀ ਆਰਥਕ ਸੰਕਟ ਅਤੇ ਘਰਾਂ ਦੀ ਮਾਰਕਿਟ ਵਿਚ ਆਮ ਮੰਦੇ ਕਾਰਨ ਘਰਾਂ ਦੀਆਂ ਕੀਮਤਾਂ ਪਿਛਲੇ ਤਿੰਨ ਸਾਲਾਂ ਵਿਚ ਲਾਗਾਤਾਰ ਹੇਠਾਂ ਡਿਗਦੀਆਂ ਗਈਆਂ ਹਨ। ਘਰਾਂ ਦੀਆਂ ਕੀਮਤਾਂ ਦੇ ਮੰਦੇ ਦਾ ਅਸਰ ਇੰਡੀਆਨਾ, ਨਿਊ ਮੈਕਸੀਕੋ ਅਤੇ ਕੈਲੀਫੋਰਨੀਆ ਦੀਆਂ ਸਟੇਟਾਂ ਵਿਚ ਕੁਝ ਜਿਆਦਾ ਹੀ ਨਜ਼ਰ ਆਇਆ ਸੀ। ਓਬਾਮਾ ਪ੍ਰਸ਼ਾਸਨ ਨੇ ਆਰਥਕ ਹੁਲਾਰੇ ਦੇ ਪੈਕਜ਼ ਵਜੋਂ 8000 ਡਾਲਰ ਦੇ ਟੈਕਸ ਕਰੈਡਿਟ ਦਾ ਐਲਾਨ ਕੀਤਾ ਸੀ।

ਕਾਂਗਰਸ ਵਲੋਂ ਹੋਮ ਬਾਇਰ ਟੈਕਸ ਕਰੈਡਿਟ ਦਾ ਸਮਾਂ ਵਧਾਏ ਜਾਣ ਅਤੇ ਇਸਨੂੰ ਹੋਰ ਸੁਧਾਰੇ ਜਾਣ ਦੇ ਨਤੀਜੇ ਵਜੋਂ ਮੌਜੂਦਾ ਘਰ ਦੇ ਹੁੰਦਿਆਂ ਹੋਰ ਘਰ ਖਰੀਦਣ ਉਤੇ ਵਿਆਹੇ ਜੋੜਿਆਂ ਨੂੰ 6500 ਡਾਲਰ ਦਾ ਟੈਕਸ ਕਰੈਡਿਟ ਮਿਲੇਗਾ। ਇਸ ਲਈ ਸ਼ਰਤ ਇਹ ਰਖੀ ਗਈ ਹੈ ਕਿ ਪਹਿਲਾਂ ਵਾਲੇ ਘਰ ਵਿਚ ਖਰੀਦਦਾਰ ਪਿਛਲੇ ਅਠ ਸਾਲਾਂ ਵਿਚੋਂ ਪੰਜ ਸਾਲ ਜਰੂਰ ਰਹਿੰਦਾ ਰਿਹਾ ਹੋਵੇ। ਇਹ ਕਰੈਡਿਟ ਵਿਆਹੇ ਜੋੜਿਆਂ ਨੂੰ ਵਖੋ ਵਖ ਟੈਕਸ ਫਾਈਲ ਕਰਨ ਤੇ 3200 ਡਾਲਰ ਮਿਲ ਸਕੇਗਾ।

ਹੋਰ ਜਾਣਕਾਰੀ ਲੈਣ ਲਈ ਤੁਸੀਂ ਫੋਨ 510-304-9292 ਤੇ ਸੰਪਰਕ ਕਰ ਸਕਦੇ ਹੋ।

# ਨਵੰਬਰ 84 ਦੀ ਨਸਲਕੁਸ਼ੀ ਲਈ ਇਨਸਾਫ਼ ਲਹਿਰ ਦਾ ਕੈਪੀਟਲ ਹਿੱਲ ਤੋਂ ਆਗਾਜ਼

ਕਾਲਜ" ਵੈਨਕੂਵਰ ਦੇ ਸੋਸ਼ਿਆਲੋਜੀ ਵਿਭਾਗ ਦੇ ਪ੍ਰੋਫੈਸਰ ਹਨ ਅਤੇ ਜਿਨ੍ਹਾਂ ਨੇ ਲੰਮੇ ਸਮੇਂ ਤੋਂ ਸਿੱਖ ਨਸਲਕੁਸ਼ੀ ਬਾਬਤ ਅਧਿਐਨ ਕੀਤਾ ਹੈ, ਨੇ ਸਿੱਖ ਸੰਗਤਾਂ ਨੂੰ ਦੱਸਿਆ ਕਿ ਨਵੰਬਰ 1984 ਦੀਆਂ ਘਟਨਾਵਾਂ ਨੂੰ ਸਿੱਖ ਵਿਰੋਧੀ ਦੰਗੇ ਕਹਿਣਾ ਬਿਲਕੁਲ ਗਲਤ ਹੈ ਬਲਕਿ ਇਹ "ਸਿੱਖ ਨਸਲਕੁਸ਼ੀ" ਸੀ। ਉਨ੍ਹਾਂ ਆਪਣੇ ਵਲੋਂ ਭਰੋਸਾ ਦਿਵਾਇਆ ਕਿ "ਸਿੱਖ ਨਸਲਕੁਸ਼ੀ" ਦਾ ਮੁੱਦਾ ਸਿੱਖਸ ਫਾਰ ਜਸਟਿਸ ਦੀ ਮਦਦ ਨਾਲ ਹਰ ਇੱਕ ਮੰਚ ਉਤੇ ਉਠਾਉਣਗੇ।



ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਦੁਰਦਸ਼ਾ 4 ਦਿਨਾਂ ਦੇ ਕਤਲੇਆਮ ਨਾਲ ਖਤਮ ਨਹੀਂ ਹੋਈ ਬਲਕਿ ਇਹ ਲਗਾਤਾਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ਼ ਤੋਂ ਵਾਂਝੇ ਰੱਖ ਕੇ ਅਜੇ ਤੱਕ ਜਾਰੀ ਹੈ।

ਐਡਵੋਕੇਟ ਨਵਕਿਰਨ ਸਿੰਘ, ਕਾਮਨਾ ਵੋਹਰਾ ਅਤੇ ਪੱਤਰਕਾਰ ਰਾਹੁਲ ਬੇਦੀ ਨੇ ਆਖਿਆ ਕਿ 25 ਸਾਲਾਂ ਵਿਚ ਦਸ ਕਮਿਸ਼ਨਾਂ ਅਤੇ ਅਨੇਕਾਂ ਕਮੇਟੀਆਂ ਪਿਛੋਂ ਵੀ ਹਿੰਦੁਸਤਾਨ ਸਰਕਾਰ ਨਾ ਸਿਰਫ ਕਿਸੇ ਇੱਕ ਵੀ ਮੁੱਖ ਸਰਗਣੇ ਨੂੰ ਸਿੱਖਾਂ ਦੇ ਕਤਲੇਆਮ ਦੇ ਜੁਰਮ ਵਿਚ ਸਜ਼ਾ ਦੇ ਸਕੀ ਹੈ ਬਲਕਿ ਇਸ ਦਿਸ਼ਾ ਵਿਚ ਨਿਆਇਕ ਜਾਂਚ ਦੀ ਮੰਗ ਕਰ ਰਹੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਸਭ ਕੋਸ਼ਿਸ਼ਾਂ ਨੂੰ ਦਰੜ ਕੇ ਰੱਖ ਦਿੱਤਾ ਗਿਆ। ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਕਮਲ ਨਾਥ ਵਰਗੇ ਕਾਂਗਰਸੀ ਨੇਤਾਵਾਂ, ਜਿਨ੍ਹਾਂ ਨੂੰ ਜਾਂਚ ਕਮਿਸ਼ਨਾਂ ਨੇ ਸਿੱਖ ਕਤਲੇਆਮ ਨੂੰ ਹੱਥ ਹੋਣ ਕਰਕੇ ਨਾਮਜ਼ਦ ਕੀਤਾ ਹੈ, ਹਾਲੇ ਵੀ ਦਨਦਨਾਉਂਦੇ ਫਿਰਦੇ ਹਨ।

"ਨਿਆਂ ਵਿਚ ਦੇਰੀ ਨਿਆਂ ਤੋਂ ਵਾਂਝੇ ਕਰਨਾ ਹੈ" ਬੋਲਦੇ ਹੋਏ ਭੀੜ ਨੇ ਵਾਈਟ ਹਾਊਸ ਦੇ ਸਾਹਮਣੇ ਲੈਫੇਟੇ ਪਾਰਕ ਤੋਂ ਯੂ.ਐਸ. ਕੈਪੀਟਲ ਹਿੱਲ ਵਲ ਮਾਰਚ ਕੀਤਾ ਜਿਥੇ ਉਨ੍ਹਾਂ ਨੇ ਉੱਘੇ ਭਾਰਤੀ ਪੱਤਰਕਾਰ ਰਾਹੁਲ ਬੇਦੀ, ਇੰਡੀਆ ਤੋਂ ਵਕੀਲ ਕਾਮਨਾ ਵੋਹਰਾ, ਕੈਨੇਡਾ ਤੋਂ ਪ੍ਰੋ. ਇੰਦਰਾ ਪ੍ਰਾਹਸਤ ਅਤੇ ਹੋਰਨਾਂ ਤੋਂ ਇਲਾਵਾ ਨਵਕਿਰਨ ਸਿੰਘ ਐਡਵੋਕੇਟ ਵਲੋਂ ਦਿੱਤੀਆਂ ਤਕਰੀਰਾਂ ਸੁਣੀਆਂ।

ਯੁਨਾਇਟਡ ਸਿੱਖ ਫਰੰਟ ਕੈਨੇਡਾ ਅਤੇ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਬੁਲਾਰੇ ਸੁਖਵਿੰਦਰ ਸਿੰਘ ਹੰਸਰਾ ਨੇ ਹਿੰਦੁਸਤਾਨ ਸਰਕਾਰ ਵਲੋਂ ਯੋਜਨਾਬਧ ਢੰਗ ਨਾਲ ਕੀਤੀ ਗਈ ਸਿੱਖ ਨਸਲਕੁਸ਼ੀ ਬਾਬਤ ਦੱਸਿਆ ਅਤੇ ਸਮੁੱਚੀ ਕੌਮ ਨੂੰ "ਇਨਸਾਫ ਲੈਣ" ਲਈ ਸਿੱਖਸ ਫਾਰ ਜਸਟਿਸ ਵਲੋਂ ਚਲਾਈ ਲਹਿਰ ਵਿਚ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ।

ਦਵਿੰਦਰ ਸਿੰਘ ਭਾਟੀਆ, ਜਿਨ੍ਹਾਂ ਦੇ ਦਾਦਾ ਜੀ ਅਤੇ ਭਰਾ ਨੂੰ ਨਵੰਬਰ 1984 ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਖੇ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ, ਨੇ ਦੱਸਿਆ ਕਿਵੇਂ ਇੱਕ ਸਿੱਖ ਫੌਜੀ ਦੇ 13 ਦਿਨਾਂ ਦੇ ਬੱਚੇ ਨੂੰ ਗੈਸ ਸਟੋਵ ਉਤੇ ਰੱਖ ਕੇ ਭੁੰਨਿਆ ਗਿਆ!

ਕੈਲੀਫੋਰਨੀਆ ਤੋਂ ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਸੁਖਵਿੰਦਰ ਸਿੰਘ ਸਿੱਧੂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਿੱਖ ਸੰਗਤਾਂ ਨੇ "ਇਨਸਾਫ਼ ਕਾਨਫਰੰਸ" ਅਤੇ ਇਨਸਾਫ਼ ਮਾਰਚ ਵਿਚ ਵੱਡੀ ਪੱਧਰ 'ਤੇ ਸ਼ਾਮਿਲ ਹੋ ਕੇ ਪੂਰੀ ਦੁਨੀਆਂ ਨੂੰ ਦਰਸਾ ਦਿੱਤਾ ਹੈ ਕਿ ਸਿੱਖਾਂ ਦੀ ਨਸਲਕੁਸ਼ੀ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ ਅਤੇ ਇਨਸਾਫ ਅਵੱਸ਼ ਲਿਆ ਜਾਵੇਗਾ।

ਨਿਊਜਰਸੀ ਤੋਂ ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਦਿਲਬਰ ਸਿੰਘ ਸੇਖੋਂ ਨੇ ਬੋਲਦਿਆਂ ਕਿਹਾ ਕਿ ਜਿਵੇਂ ਸਿੱਖਸ ਫਾਰ ਜਸਟਿਸ ਨੇ ਪਿਛਲੇ ਦੋ ਸਾਲਾਂ ਵਿਚ ਸਖਤ ਮਿਹਨਤ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰਮੁਹੰਮਦ) ਦੀ ਮਦਦ ਨਾਲ ਅੰਕੜੇ ਇਕੱਠੇ ਕੀਤੇ ਹਨ ਅਤੇ ਕੀਤੇ ਜਾ ਰਹੇ ਹਨ ਅਤੇ ਜਿਵੇਂ ਸਿੱਖ ਕੌਮ ਜਾਗ ਗਈ ਹੈ ਹੁਣ ਉਹ ਦਿਨ ਦੂਰ ਨਹੀਂ ਜਦੋਂ ਹਿੰਦੁਸਤਾਨ ਦੇ ਜਸਟਿਸ ਸਿਸਟਮ ਨੂੰ ਆਪਣੀ ਹਾਰ ਕਬੂਲ ਕਰਕੇ ਸਿੱਖ ਕੌਮ ਨੂੰ ਇਨਸਾਫ ਦੇਣਾ ਹੀ ਪਵੇਗਾ।

ਉਨ੍ਹਾਂ ਕਿਹਾ ਕਿ ਸਿੱਖਸ ਫਾਰ ਜਸਟਿਸ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰਮੁਹੰਮਦ) ਦੀ ਮਦਦ ਨਾਲ ਨਵੰਬਰ 1984 ਦੌਰਾਨ ਹਿੰਦੁਸਤਾਨ ਦੇ 18 ਰਾਜਾਂ ਅਤੇ 110 ਸ਼ਹਿਰਾਂ ਵਿਚ 30000 ਤੋਂ ਵਧ ਹੋਏ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਸਿੱਖ ਕਤਲੇਆਮ ਨੂੰ "ਸਿੱਖ ਨਸਲਕੁਸ਼ੀ" ਪ੍ਰਮਾਣਿਤ ਕਰਾਉਣ ਲਈ ਵਚਨਬੱਧ ਹੈ ਅਤੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਹੈ ਕਿ ਉਹ ਇਨਸਾਫ ਲਹਿਰ ਦਾ ਹਿੱਸਾ ਬਣਨ।

ਡਾ. ਬਖਸ਼ੀਸ਼ ਸਿੰਘ ਸੰਧੂ ਨੇ ਦੇਸ਼ ਵਿਦੇਸ਼ ਤੋਂ ਚੱਲ ਕੇ "ਇਨਸਾਫ਼ ਲਹਿਰ" ਵਿਚ ਆਈਆਂ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੁੱਚੀਆਂ ਪੰਥਕ ਜਥੇਬੰਦੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਕਾਨਫਰੰਸ ਨੂੰ ਅਤੇ ਮਾਰਚ ਨੂੰ ਸਫਲ ਬਣਾਇਆ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਇੱਕ ਅੰਤਰਰਾਸ਼ਟਰੀ "ਇਨਸਾਫ਼ ਚੇਤਨਾ ਲਹਿਰ" ਚਲਾਈ ਜਾਵੇਗੀ। ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਸਿੱਖਾਂ ਦੀ ਨਸਲਕੁਸ਼ੀ ਵੱਜੋਂ ਮਾਣਤਾ ਦਿਵਾਉਣ ਵਾਸਤੇ ਯੂ.ਐਸ. ਕਾਂਗਰਸ, ਕੈਨੇਡੀਅਨ ਪਾਰਲੀਮੈਂਟ, ਯੂਰਪੀਅਨ ਯੂਨੀਅਨ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਕੋਲ ਮਤੇ ਪੇਸ਼ ਕੀਤੇ ਜਾਣਗੇ। ਇਸ ਤੋਂ ਇਲਾਵਾ ਸਬੰਧਤ ਉੱਚ ਅਦਾਲਤਾਂ ਵਿਚ ਨਿਆਇਕ ਜਾਂਚ ਦੀ ਮੰਗ ਵਾਸਤੇ ਜਨਹਿਤ ਪਟੀਸ਼ਨਾਂ ਪਾਈਆਂ ਜਾਣਗੀਆਂ। ਕਤਲੇਆਮ ਬਾਰੇ ਸਹੀ ਜਾਣਕਾਰੀ ਇੱਕਠੀ ਕਰਨ ਵਾਸਤੇ ਅੰਤਰਰਾਸ਼ਟਰੀ ਪੱਧਰ 'ਤੇ ਸੈਮੀਨਾਰ ਅਤੇ ਦਸਤਖਤੀ ਮੁਹਿੰਮਾਂ ਚਲਾਈਆਂ ਜਾਣਗੀਆਂ।

ਅਟਾਰਨੀ ਪੰਨੂੰ ਨੇ ਦੋਸ਼ ਲਾਇਆ ਕਿ ਜਿਨ੍ਹਾਂ ਨੂੰ ਆਮ ਤੌਰ 'ਤੇ 'ਦਿੱਲੀ ਸਿੱਖ ਵਿਰੋਧੀ ਦੰਗੇ' ਕਿਹਾ ਜਾਂਦਾ ਹੈ ਵਿਚ ਹਿੰਦੁਸਤਾਨ ਦੇ 18 ਰਾਜਾਂ ਅਤੇ 100 ਤੋਂ ਵੱਧ ਸ਼ਹਿਰਾਂ ਵਿਚ 1 ਤੋਂ 4 ਨਵੰਬਰ 1984 ਦੌਰਾਨ ਬੜੇ ਯੋਜਨਾਬੱਧ, ਤਾਲਮੇਲ, ਤਰੀਕੇ ਅਤੇ ਇੱਕ ਪੱਕੇ ਨਿਸ਼ਾਨੇ ਵਾਲੇ ਅਪ੍ਰੇਸ਼ਨ ਵਿਚ 30000 ਤੋਂ ਵੱਧ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਸਿੱਖਾਂ ਦੇ ਇਸ ਕਤਲੇਆਮ, ਅਗਜ਼ਨੀ, ਬਲਾਤਕਾਰ ਅਤੇ ਲੁੱਟ-ਖਸੁੱਟ ਨੂੰ ਹਿੰਦੁਸਤਾਨ ਸਰਕਾਰ ਵਲੋਂ ਨਿਰੰਤਰ ਤੌਰ 'ਤੇ ਇੰਦਰਾ ਗਾਂਧੀ ਦੀ 31 ਅਕਤੂਬਰ, 1984 ਨੂੰ ਹੋਈ ਹੱਤਿਆ ਦਾ ਬਦਲਾ ਕਿਹਾ ਜਾਂਦਾ ਰਿਹਾ ਹੈ, ਕੋਈ ਹੋਰ ਨਹੀਂ ਪਰ ਖੁਦ ਰਾਜੀਵ ਗਾਂਧੀ ਜੋ ਕਿ ਇੰਦਰਾ ਗਾਂਧੀ ਦੀ ਮੌਤ ਦੀ ਖਬਰ ਤੋਂ ਬਾਅਦ ਯਕਦਮ ਪ੍ਰਧਾਨ ਮੰਤਰੀ ਬਣਿਆ ਨੂੰ ਸਿੱਖਾਂ ਦੇ ਕਤਲੇਆਮ ਉਤੇ ਕਹਿੰਦਾ ਸੁਣਿਆ ਗਿਆ, "ਜਦੋਂ ਵੀ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਉਸ ਨਾਲ ਧਰਤੀ ਤਾਂ ਕੰਬਦੀ ਹੀ ਹੈ।"

ਅਟਾਰਨੀ ਪੰਨੂੰ ਨੇ ਕਿਹਾ ਕਿ ਜਦੋਂ ਕਿ ਸੱਚ ਤਾਂ ਇਹ ਹੈ ਕਿ ਸਿੱਖਾਂ ਦਾ ਕਤਲੇਆਮ ਸੱਤਾਧਾਰੀ ਪਾਰਟੀ ਦੀ ਸ਼ਹਿ ਉਪਰ ਅਤੇ ਪੁਲਿਸ ਦੀ ਸਰਗਰਮ ਮਦਦ ਅਤੇ ਮਿਲੀਭੁਗਤ, ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਪ੍ਰਸ਼ਾਸਨਿਕ ਸੰਸਥਾਵਾਂ ਵਲੋਂ ਯੋਜਨਾਬੱਧ ਢੰਗ ਨਾਲ ਕੀਤਾ ਗਿਆ।

ਹੋਰ ਜਾਣਕਾਰੀ ਲਈ ਗੁਰਪਤਵੰਤ ਸਿੰਘ ਪੰਨੂੰ ਨਾਲ ਫੋਨ 718-938-7801 ਜਾਂ ਈਮੇਲ gpannun@pannunfirm.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



# ਮੁੰਬਈ ਹਮਲੇ 'ਚ ਮਦਦਗਾਰ ਸਨ ਹੈਡਲੀ ਤੇ ਰਾਣਾ

**ਨਵੀਂ ਦਿੱਲੀ :** ਭਾਰਤ ਅਤੇ ਡੈਨਮਾਰਕ ਵਿਚ ਅੱਤਵਾਦੀ ਹਮਲੇ ਦੀ ਸਾਜਿਸ਼ ਰਚਣ ਦੇ ਦੋਸ਼ ਵਿਚ ਅਮਰੀਕਾ ਵਿਚ ਗ੍ਰਿਫਤਾਰ ਡੇਵਿਡ ਕੋਲਮੈਨ ਹੈਡਲੀ ਅਤੇ ਉਸਦਾ ਸਹਿਯੋਗੀ ਤਹਿਬੁਰ ਹੁਸੈਨ ਰਾਣਾ 26/11 ਦੇ ਹਮਲੇ ਤੋਂ ਠੀਕ ਪਹਿਲਾਂ ਮੁੰਬਈ ਵਿਚ ਸੀ। ਇਸ ਖੁਲਾਸੇ ਨਾਲ ਮੁੰਬਈ ਹਮਲਾ ਕਰਨ ਵਾਲੇ ਲਸ਼ਕਰੇ ਤੋਇਬਾ ਦੇ ਅੱਤਵਾਦੀਆਂ ਨੂੰ ਸਥਾਨਕ ਮਦਦ ਮਿਲਣ ਨਾਲ ਸੰਭਾਵਨਾਵਾਂ ਨੂੰ ਤਾਕਤ ਮਿਲੀ ਹੈ।

ਐਫ.ਬੀ.ਆਈ ਦਾ ਦਾਅਵਾ ਹੈ ਕਿ ਮੁੰਬਈ ਵਿਚ ਰਹਿੰਦੇ ਹੋਏ ਉਹ ਦੋਵੇਂ ਲਸ਼ਕਰ ਦੇ ਸੀਨੀਅਰ ਅੱਤਵਾਦੀਆਂ ਦੇ ਸੰਪਰਕ ਵਿਚ ਸਨ। ਇਨ੍ਹਾਂ ਵਿਚ ਅਲਕਾਇਦਾ ਅਤੇ ਹੂਜੀ ਨਾਲ ਨਾਤਾ ਰਖਣ ਵਾਲੇ ਸੀਨੀਅਰ ਅੱਤਵਾਦੀ ਇਲਿਆਸ ਕਸ਼ਮੀਰੀ ਵੀ ਸ਼ਾਮਿਲ ਹਨ। ਇਸ ਤੋਂ ਪਹਿਲਾਂ ਜਾਂਚ ਏਜੰਸੀਆਂ ਨੇ ਮੁੰਬਈ ਹਮਲਿਆਂ ਵਿਚ ਅੱਤਵਾਦੀਆਂ ਨੂੰ ਕਿਸੇ ਸਥਾਨਕ ਸੰਪਰਕ ਨਾਲ ਮਦਦ ਮਿਲਣ ਦੀਆਂ ਸੰਭਾਵਨਾਵਾਂ ਨੂੰ ਨਕਾਰ ਦਿੱਤਾ ਸੀ। ਪਰ ਹੁਣ ਨਵੇਂ ਖੁਲਾਸੇ ਤੋਂ ਜਾਂਚ ਏਜੰਸੀਆਂ ਦੇ ਦਾਅਵਿਆਂ ਦੀ ਹਕੀਕਤ ਜਾਣਨ ਦੇ ਨਵੇਂ ਸਿਰੇ ਤੋਂ ਯਤਨ ਹੋ ਸਕਦੇ ਹਨ। ਇਸ ਰਹੱਸ ਤੋਂ ਹੁਣ ਤੱਕ ਪਰਦਾ ਨਹੀਂ ਉਠ ਸਕਿਆ ਹੈ ਕਿ ਆਖਿਰ ਲਸ਼ਕਰੇ ਤੋਇਬਾ ਦੇ ਅੱਤਵਾਦੀਆਂ ਨੇ ਸਮੁੰਦਰ ਦੇ ਰਸਤੇ ਤੋਂ ਮੁੰਬਈ ਤੇ ਇਨਾ ਵੱਡਾ ਹਮਲਾ ਕਿਵੇਂ ਕੀਤਾ ਅਤੇ ਉਹ ਵੀ ਕਿਸੇ ਸਥਾਨਕ ਸੰਪਰਕ ਦੀ ਮਦਦ ਦੇ ਬਿਨਾਂ। ਮੁੰਬਈ ਹਮਲਿਆਂ ਦੇ ਜਾਂਚ ਕਰਤਾਵਾਂ ਨੇ ਆਪਣੀ ਚਾਰਜਸ਼ੀਟ ਵਿਚ ਵੀ ਕਿਸੇ ਸਥਾਨਕ ਸੰਪਰਕ ਦਾ ਨਾਮ ਨਹੀਂ ਲਿਖਿਆ ਹੈ। ਸੁਰਖਿਆ ਮਾਮਲਿਆਂ ਨਾਲ ਜੁੜੇ ਅਧਿਕਾਰੀਆਂ ਦੇ ਹਵਾਲੇ ਤੋਂ ਹੋਏ ਇਸ ਤਾਜਾ ਖੁਲਾਸੇ ਤੋਂ ਮੁੰਬਈ ਹਮਲਿਆਂ ਦੀ ਜਾਂਚ ਵਿਚ ਨਵਾਂ ਮੋੜ ਵੀ ਆ ਸਕਦਾ ਹੈ। ਐਫ ਬੀ ਆਈ ਦੇ ਅਨੁਸਾਰ, ਹੈਡਲੀ ਜਿੱਥੇ ਨਵੰਬਰ 2006 ਤੋਂ ਜੁਲਾਈ 2008 ਤੱਕ ਮੁੰਬਈ ਦੇ ਤਾੜਦੇਵ ਇਲਾਕੇ ਵਿਚ ਵੀਜਾ ਏਜੰਸੀ ਚਲਾਇਆ ਕਰਦਾ ਸੀ, ਉਥੇ ਰਾਣਾ ਅੱਤਵਾਦੀ ਹਮਲਿਆਂ ਤੋਂ ਠੀਕ ਪਹਿਲੇ 10 ਦਿਨ ਤਕ ਮਾਇਆਨਗਰੀ ਵਿਚ ਰਿਹਾ।

ਹੈਡਲੀ ਦੀ ਫਰਮ ਇਮੀਗ੍ਰੇਸ਼ਨ ਲਾਅ ਸੈਂਟਰ ਮੁੰਬਈ ਦੇ ਤਾੜਦੇਵ ਇਲਾਕੇ ਵਿਚ ਸਥਿਤ ਸੀ। ਇਸਦੇ ਰਾਹੀ ਅਕੁਸ਼ਲ ਅਤੇ ਅਰਧਕੁਸ਼ਲ ਲੋਕਾਂ ਨੂੰ ਅਮਰੀਕਾ ਅਤੇ ਕੈਨੇਡਾ ਦਾ ਵੀਜ਼ਾ ਦੁਆਇਆ ਗਿਆ। 2006 ਤੋਂ 2008 ਤਕ ਦੇ ਦਰਮਿਆਨ ਹੈਡਲੀ ਕਈ ਵਾਰ ਭਾਰਤ ਆਇਆ, ਪਰ ਜਾਂਚ ਕਰਤਾਵਾਂ ਦੇ ਕੋਲ ਉਸਦੀਆਂ ਇਨ੍ਹਾਂ ਯਾਤਰਾਵਾਂ ਦਾ ਕੋਈ ਵੇਰਵਾ ਹੀ ਨਹੀਂ ਹੈ। ਐਫ ਬੀ ਆਈ ਦੇ ਅਨੁਸਾਰ, ਪਾਕਿਸਤਾਨ ਵਿਚ ਜੰਮੇ ਹੈਡਲੀ ਦਾ ਮੂਲ ਨਾਮ ਦਾਊਦ ਗਿਲਾਨੀ ਹੈ, ਪਰ ਸੰਭਾਵਨਾ ਹੈ ਉਹ ਅਮਰੀਕੀ ਨਾਮ ਬਦਲ ਕੇ ਇਥੇ ਆਇਆ ਅਤੇ ਰਿਹਾ। ਇਸੇ ਕਰਕੇ ਭਾਰਤੀ ਏਜੰਸੀਆਂ ਨੂੰ ਉਸ 'ਤੇ ਕੋਈ ਸ਼ੱਕ ਨਹੀਂ ਹੋਇਆ। ਉਧਰ, ਤਹਵਵੁਰ ਹੁਸੈਨ ਰਾਣਾ ਮੁੰਬਈ ਹਮਲੇ ਤੋਂ ਪੰਜ ਦਿਨ ਪਹਿਲਾਂ ਤਕ ਮਾਇਆਨਗਰੀ ਵਿਚ ਹੀ ਸੀ। ਉਪਲਬਧ ਜਾਣਕਾਰੀਆਂ ਦੇ ਅਨੁਸਾਰ, ਉਹ ਦੁਬਈ ਤੋਂ ਮੁੰਬਈ ਆਇਆ ਸੀ ਅਤੇ ਆਪਣਾ ਕੰਮ ਕਰਕੇ ਦੁਬਈ ਵਾਪਸ ਚਲਿਆ ਗਿਆ। ਇਸੇ ਦੌਰਾਨ ਐਫ ਬੀ ਆਈ ਦੇ ਅਨੁਸਾਰ ਹੈਡਲੀ ਅਤੇ ਰਾਣਾ ਭਾਰਤ ਵਿਚ ਜਿਸ ਅੱਤਵਾਦੀ ਇਲਿਆਸ ਕਸ਼ਮੀਰੀ ਨਾਲ ਸੰਪਰਕ ਵਿਚ ਸੀ, ਉਹ ਕਈ ਵਾਰਦਾਤਾਂ ਦਾ ਮਾਸਟਰਮਾਈਂਡ ਹੈ।

## ਟਾਈਟਲਰ ਨੂੰ ਬਰਤਾਨੀਆ 'ਚ ਨਾ ਵੜਨ ਦਿਤਾ

**ਚੰਡੀਗੜ੍ਹ :** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਦੂਜੀ ਤੋਂ ਕਾਮਨਵੈਲਥ ਖੇਡਾਂ ਦੀ ਮਸ਼ਾਲ ਲੈਣ ਗਏ ਵਫ਼ਦ ਵਿਚ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਦਾ ਨਾਂ ਵੀ ਸ਼ਾਮਲ ਸੀ ਪਰ ਐਨ ਆਖ਼ਰੀ ਮੌਕੇ 'ਤੇ ਉਨ੍ਹਾਂ ਨੂੰ ਨਹੀਂ ਲਿਜਾਇਆ ਗਿਆ ਕਿਉਂਕਿ ਉਥੋਂ ਦੀਆਂ ਸਿੱਖ ਜਥੇਬੰਦੀਆਂ ਨੇ ਸਕਾਟਲੈਂਡ ਯਾਰਡ ਪੁਲਿਸ ਤੋਂ 1984 ਦੇ ਕਤਲੇਆਮ ਵਿਚ ਭੂਮਿਕਾ ਲਈ ਸਾਬਕਾ ਕੇਂਦਰੀ ਮੰਤਰੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਸੀ।



ਬਰਤਾਨੀਆ ਦੇ ਸੰਸਦ ਮੈਂਬਰ ਅਤੇ ਸਿੱਖਾਂ ਬਾਰੇ ਸਰਬ ਪਾਰਟੀ ਸਮੂਹ ਦੇ ਮੁਖੀ ਰੌਬ ਮੌਰਿਸ ਨੇ ਦਸਿਆ ਕਿ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ 29 ਅਕਤੂਬਰ ਨੂੰ ਟਾਈਟਲਰ ਦੀ ਬਰਤਾਨੀਆ ਫੇਰੀ 'ਤੇ ਇਤਰਾਜ਼ ਜ਼ਾਹਰ ਕੀਤਾ ਸੀ। ਬਰਤਾਨੀਆ ਦੀਆਂ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਮੌਰਿਸ ਵਲੋਂ ਵਿਦੇਸ਼ ਮੰਤਰੀ ਡੇਵਿਡ ਮਿਲੀਬੈਂਡ ਨੂੰ ਪੱਤਰ ਲਿਖਣ ਤੋਂ ਕੁਝ ਸਮੇਂ ਬਾਅਦ ਹੀ ਟਾਈਟਲਰ ਨੂੰ ਵਫ਼ਦ ਤੋਂ ਬਾਹਰ ਕਰ ਦਿਤਾ ਗਿਆ। 'ਆਇਰਸ਼ ਸਨ' ਅਖ਼ਬਾਰ ਅਨੁਸਾਰ ਡੇਵਿਡ ਮਿਲੀਬੈਂਡ ਨੂੰ ਲਿਖੇ ਪੱਤਰ ਵਿਚ ਮੌਰਿਸ ਨੇ ਟਾਈਟਲਰ ਨੂੰ ਭਾਰਤ ਦਾ ਇਕ ਵਿਵਾਦਤ ਸਿਆਸਤਦਾਨ ਕਰਾਰ ਦਿਤਾ ਜੋ, 1984 ਵਿਚ ਹੋਏ ਸਿੱਖ ਕਤਲੇਆਮ ਵਿਚ ਸ਼ਾਮਲ ਸੀ। ਮੌਰਿਸ ਨੇ ਲਿਖਿਆ, ''ਅਜਿਹਾ ਘਿਨੌਣਾ ਜੁਰਮ ਕਰਨ ਵਾਲੇ ਨੂੰ ਬਰਤਾਨੀਆ ਵਿਚ ਦਾਖ਼ਲਾ ਦੇਣਾ ਸਿੱਖ ਬਰਦਾਸ਼ਤ ਨਹੀਂ ਕਰਨਗੇ।''


SINGH PINLESS COMMUNICATION
www.singhpinless.com
(ਇਸ ਸਾਈਟ ਤੇ ਤੁਸੀਂ ਆਪਣੇ ਆਪ ਵੀ ਫੋਨ ਚਾਰਜ ਕਰ ਸਕਦੇ ਹੋ)
ਜਾਂ ਸਾਡੇ ਬੈਂਕ ਖਾਤੇ ਵਿੱਚ ਡਾਲਰ ਜਮ੍ਹਾਂ ਕਰਵਾ ਸਕਦੇ ਹੋ।
ਇੰਡੀਆ ਵਿੱਚ ਵਸਦੇ ਆਪਣੇ ਭੈਣਾਂ, ਭਰਾਵਾਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਾਂ ਕਰਨ ਵਾਸਤੇ ਅਮਰੀਕਾ ਦੀ ਸਭ ਤੋਂ ਸਾਫ ਸੁਥਰੀ ਆਵਾਜ਼ ਵਾਲੀ ਅਤੇ ਸਭ ਤੋਂ ਸ਼ਰਤੀਆ ਸਸਤੀ ਫੋਨ ਕੰਪਨੀ
NO Hidden Charges
Connection Fee
Montly Fee
Other Charges
ਸੈਲ ਫੋਨ, ਘਰ ਦੇ ਫੋਨ ਅਤੇ ਘਰ ਦੇ ਕੰਮ ਤੋਂ ਵੀ ਕਾਲ ਕਰ ਸਕਦੇ ਹੋ ਅਤੇ ਤੁਸੀਂ ਪੰਜ ਫੋਨ ਤੱਕ ਵੀ ਐਡ ਕਰਵਾ ਸਕਦੇ ਹੋ
1.66¢ PER MIN.
$100 ਵਿੱਚ 100 ਘੰਟੇ
6000 ਮਿੰਟ
ਇੰਡੀਆ ਗੱਲ ਕਰੋ
ਕਾਲ ਕਰੋ 1.800.258.1927
661-889-1927





ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਥੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।





ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Quik Signs
Signs • Graphics • Wraps
ਅਸੀਂ ਹਰ ਸਾਈਜ਼ ਦੇ ਸਾਈਨ ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ







ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi




# ਵਿਦਿਅਕ ਖੇਤਰ 'ਚ ਵਧ ਰਿਹਾ ਫਿਰਕੂ ਦਖਲ ਔਝੜੇ ਰਾਹ ਪਾਏਗਾ

**-ਜਤਿੰਦਰ ਪਨੂੰ**

ਅਸੀਂ ਭਾਰਤੀ ਲੋਕ, ਤੇ ਖ਼ਾਸ ਕਰਕੇ ਪੰਜਾਬੀ, ਇਸ ਗੱਲੋਂ ਚਿੰਤਤ ਹਾਂ ਕਿ ਪਾਕਿਸਤਾਨ ਦੇ ਅੰਦਰੂਨੀ ਹਾਲਾਤ ਹੋਰ ਤੋਂ ਹੋਰ ਵਿਗੜਦੇ ਜਾ ਰਹੇ ਹਨ। ਫ਼ਿਕਰਮੰਦੀ ਤਾਂ ਇਸ ਬਾਰੇ ਅਮਰੀਕਾ, ਬਰਤਾਨੀਆ ਤੋਂ ਲੈ ਕੇ ਆਸਟਰੇਲੀਆ, ਜਪਾਨ ਤੱਕ ਨੂੰ ਵੀ ਹੈ, ਪਰ ਸਾਡੀ ਚਿੰਤਾ ਉਨ੍ਹਾਂ ਨਾਲੋਂ ਵੱਖਰੀ ਕਿਸਮ ਦੀ ਹੈ। ਉਹ ਦੂਰ ਬੈਠੇ ਹੋਏ ਹਨ, ਅਸੀਂ ਸਿਰਫ਼ ਇੱਕ ਲਕੀਰ ਜਿੰਨੇ ਫ਼ਾਸਲੇ ਉਤੇ ਹਾਂ। ਗਵਾਂਢੀ ਦੇ ਘਰ ਰੋਜ਼ ਕੁਪੱਤ ਹੁੰਦਾ ਹੋਵੇ ਤਾਂ ਉਨ੍ਹਾਂ ਦੇ ਆਪੋ ਵਿਚ ਇੱਕ ਦੂਜੇ ਵਲ ਸੁੱਟੇ ਛਿੱਤਰ ਕਦੇ-ਕਦਾਈਂ ਨਾਲ ਲਗਦੇ ਸ਼ਰੀਫ਼ ਬੰਦੇ ਦੇ ਘਰ ਵੀ ਆਣ ਡਿੱਗਦੇ ਹਨ। ਜੇ ਨਾ ਵੀ ਡਿੱਗਣ ਤਾਂ ਜਿਸ ਦਿਨ ਉਸ ਦੇ ਘਰ ਖ਼ੁਸ਼ੀ ਦਾ ਮੌਕਾ ਹੋਵੇ, ਕਲੇਸ਼ ਵਾਲਾ ਗਵਾਂਢੀ ਏਨੀ ਗੱਲ ਆਖਣੋਂ ਨਹੀਂ ਰਹਿੰਦਾ, "ਸਾਡੇ ਤਾਂ ਪਿੱਟਣੇ ਪਏ ਹੋਏ ਨੇ ਤੇ ਇਹਨਾਂ ਨੂੰ ਖ਼ੁਸ਼ੀਆ ਚੜ੍ਹੀਆਂ ਪਈਆਂ।" ਉਹ ਨਾਲ ਦੇ ਘਰ ਆਉਂਦੇ ਪ੍ਰਾਹੁਣਿਆਂ ਮਗਰ ਕੁੱਤਾ ਛੱਡਣ ਤੱਕ ਦੀ ਹਰਕਤ ਵੀ ਕਰ ਦੇਂਦਾ ਹੈ।

ਪਾਕਿਸਤਾਨ ਦੇ ਹਾਲਾਤ ਕਾਰਨ ਸਾਡੇ ਵਾਲੇ ਪਾਸੇ ਖ਼ਦਸ਼ੇ ਉਪਜਣੇ ਜਾਂ ਵਧਣੇ ਏਸੇ ਕਰ ਕੇ ਸੁਭਾਵਕ ਹਨ। ਜਦੋਂ ਗਵਾਂਢ ਵਿਚ ਏਦਾਂ ਦੀ ਹਾਲਤ ਹੋਵੇ, ਓਦੋਂ ਕਿਸੇ ਵੀ ਹੋਰ ਗੱਲ ਨਾਲੋਂ ਵਧ ਜ਼ਰੂਰਤ ਆਪਣਾ ਘਰ ਸਾਂਭਣ ਦੀ ਹੁੰਦੀ ਹੈ ਤੇ ਇਸ ਵਿਚ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ। ਕਿਸੇ ਦੂਜੇ ਦਾ ਹੱਥ ਸੜਿਆ ਵੇਖ ਕੇ ਹੀ ਅਕਲ ਸਿੱਖ ਲੈਣੀ ਚਾਹੀਦੀ ਹੈ, ਓਸੇ ਵਾਂਗ ਹੱਥ ਸੜਵਾ ਕੇ ਇਹੋ ਜਿਹਾ ਕੌੜਾ ਤਜਰਬਾ ਖ਼ੁਦ ਕਰਨਾ ਅਕਲਮੰਦੀ ਨਹੀਂ ਹੁੰਦੀ। ਉਨ੍ਹਾਂ ਕਾਰਨਾਂ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਗਵਾਂਢ ਦਾ ਝੁੱਗਾ ਚੌੜ ਕੀਤਾ ਹੈ ਤੇ ਇਹੋ ਕੰਮ ਹੈ, ਜੋ ਹੋਣਾ ਤਾਂ ਚਾਹੀਦਾ ਹੈ, ਪਰ ਸਾਡੇ ਵਾਲੇ ਪਾਸੇ ਨਹੀਂ ਹੋ ਰਿਹਾ। ਸਾਨੂੰ ਪਾਕਿਸਤਾਨ ਦੇ ਹੁਣ ਦੇ ਹਾਲਾਤ ਦਾ ਕਾਰਨ ਬਣਨ ਵਾਲੀ ਬਿਮਾਰੀ ਦੀ ਜੜ੍ਹ ਲੱਭਣੀ ਚਾਹੀਦੀ ਹੈ। ਇਹ ਕੋਈ ਔਖਾ ਕੰਮ ਨਹੀਂ, ਪਰ ਇਸ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਜਦੋਂ ਪਾਕਿਸਤਾਨ ਵੱਖਰਾ ਦੇਸ਼ ਬਣਿਆ ਤਾਂ ਇਹ ਇਸਲਾਮੀ ਦੇਸ਼ ਨਹੀਂ, ਮੁਸਲਮਾਨਾਂ ਦਾ ਦੇਸ਼ ਬਣਿਆ ਸੀ। ਜਿਵੇਂ ਯਹੂਦੀਆਂ ਨੇ ਆਪਣੇ ਧਰਮ ਦੇ ਪਸਾਰ ਬਾਰੇ ਸੋਚੇ ਬਿਨਾਂ ਇਹ ਧਾਰ ਕੇ ਇਸਰਾਈਲ ਸਿਰਜਿਆ ਸੀ ਕਿ ਦੁਨੀਆ ਭਰ ਵਿਚੋਂ ਤੰਗੀ ਮਹਿਸੂਸ ਕਰਦੇ ਇਸ ਧਰਮ ਵਾਲੇ ਏਥੇ ਆ ਕੇ ਵਸ ਸਕਦੇ ਹਨ, ਉਵੇਂ ਹੀ ਇਹ ਸੋਚ ਕੇ ਤੇ ਐਲਾਨ ਕਰ ਕੇ ਪਾਕਿਸਤਾਨ ਦੀ ਮੰਗ ਚੁੱਕੀ ਗਈ ਸੀ ਕਿ ਮੁਸਲਮਾਨ ਭਾਰਤ ਅੰਦਰ ਘੱਟ-ਗਿਣਤੀ ਹੋਣ ਕਰ ਕੇ ਬਹੁ-ਗਿਣਤੀ ਹਿੰਦੂਆਂ ਨਾਲ ਸੌਖੀ ਤਰ੍ਹਾਂ ਨਹੀਂ ਰਹਿ ਸਕਦੇ, ਇਹਨਾਂ ਨੂੰ ਮਰਜ਼ੀ ਨਾਲ ਜਿਊਣ ਲਈ ਵੱਖਰਾ ਮੁਲਕ ਚਾਹੀਦਾ ਹੈ। ਮੌਲਾਨਾ ਮੌਦੂਦੀ ਵਰਗੇ ਕਈ ਲੋਕ ਓਦੋਂ ਵੀ ਇਹ ਧਾਰਨਾ ਪੇਸ਼ ਕਰਦੇ ਸਨ ਕਿ ਵੱਖਰੇ ਮੁਲਕ ਦੀ ਬਜਾਏ ਇਸਲਾਮੀ ਅਕੀਦੇ ਉਤੇ ਪੱਕੇ ਰਹਿੰਦਿਆਂ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸੇ ਦੇਸ਼ ਵਿਚ ਬਹੁ-ਗਿਣਤੀ ਬਣਾ ਕੇ ਇਸ ਨੂੰ ਕੁਝ ਸਮੇਂ ਬਾਅਦ ਇਸਲਾਮੀ ਬਣਾ ਦਿੱਤਾ ਜਾਵੇ। ਗੱਲ ਮੁਹੰਮਦ ਅਲੀ ਜਿਨਾਹ ਦੀ ਮੰਨੀ ਗਈ ਸੀ, ਮੌਦੂਦੀ ਦੀ ਨਹੀਂ, ਪਰ ਜਿਹੜਾ ਪਾਕਿਸਤਾਨ ਓਦੋਂ ਦੀ ਭਾਰੂ ਲੀਡਰਸ਼ਿਪ ਨੇ ਸਿਰਜਿਆ, ਉਸ ਵਿਚ ਇਸਲਾਮੀਕਰਨ ਦੀ ਖੇਡ ਮੌਲਾਨਾ ਮੌਦੂਦੀ ਤੇ ਉਸ ਦੀ ਸੋਚ ਵਾਲਿਆਂ ਨੇ ਫਿਰ ਵੀ ਜਾਰੀ ਰੱਖੀ ਸੀ, ਜਿਸ ਦੇ ਸਿੱਟੇ ਹੁਣ ਤਾਲਿਬਾਨ ਦੇ ਜਹਾਦੀਆਂ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ। ਸਾਲਾਂ ਬੱਧੀ ਕਮਜ਼ੋਰ ਰਹੇ ਇਹ ਧੜੇ ਹੌਲੀ-ਹੌਲੀ ਇੱਕ ਵੱਡੀ ਤਾਕਤ ਬਣ ਗਏ ਤੇ ਤਾਕਤ ਵੀ ਏਡੀ ਵੱਡੀ ਕਿ ਹੁਣ ਉਨ੍ਹਾਂ ਨੇ ਆਪਣੇ ਮੁਲਕ ਦੇ ਹਾਕਮਾਂ ਨੂੰ ਅਮਰੀਕਾ ਦੀ ਮਦਦ ਦੇ ਮੁਥਾਜ ਕੀਤਾ ਪਿਆ ਹੈ।

ਇਹ ਨੌਬਤ ਕਿਉਂ ਆਈ? ਸਿਰਫ਼ ਇਸ ਲਈ ਨਹੀਂ ਕਿ ਰਾਜਸੀ ਲੀਡਰ ਇਕ ਦੂਜੇ ਨੂੰ ਠਿੱਬੀ ਲਾਉਣ ਲਈ ਇਹਨਾਂ ਦੀ ਪੈਦਾ ਕੀਤੀ ਇਸਲਾਮੀ ਜਨੂੰਨੀਆਂ ਦੀ ਧਾੜ ਨੂੰ ਵਰਤਦੇ ਸਨ। ਉਹ ਗੱਲ ਆਪਣੀ ਥਾਂ ਠੀਕ ਹੈ ਕਿ ਜਨਰਲ ਜ਼ਿਆ ਉਲ ਹੱਕ ਨੇ ਵੀ ਜਮਹੂਰੀਅਤ ਬਹਾਲੀ ਦੀ ਲਹਿਰ ਵਿਰੁਧ ਉਨ੍ਹਾਂ ਨੂੰ ਵਰਤਿਆ ਸੀ ਤੇ ਜਨਰਲ ਪਰਵੇਜ਼ ਮੁਸ਼ੱਰਫ ਨੇ ਵੀ, ਪਰ ਇਹ ਕਾਫ਼ੀ ਕਾਰਨ ਨਹੀਂ ਸੀ। ਵੱਡੀ ਗੱਲ ਅਸਰਦਾਰ ਇਹ ਹੋਈ ਕਿ ਲੋਕਾਂ ਨੂੰ ਵਿਦਿਆ ਦੇਣ ਦਾ ਜਿਹੜਾ ਕੰਮ ਅੰਗਰੇਜ਼ਾਂ ਨੇ ਮੌਲਵੀਆਂ, ਪੰਡਿਤਾਂ ਤੇ ਗੁਰਦੁਆਰੇ ਦੇ ਭਾਈਆਂ ਦੀ ਥਾਂ ਸਰਕਾਰੀ ਸਕੂਲਾਂ ਨੂੰ ਸੌਂਪਿਆ ਸੀ, ਉਸਨੂੰ ਪਿਛਲਖੁਰੀ ਮੋੜਾ ਪੈ ਗਿਆ। ਪਾਕਿਸਤਾਨ ਅੰਦਰ ਮਦਰੱਸਿਆਂ ਦੀ ਇਕ ਵਿਸ਼ੇਸ਼ ਲਹਿਰ ਚੱਲ ਪਈ ਤੇ ਪਿੰਡ-ਪਿੰਡ ਇਹਨਾਂ ਦਾ ਪਸਾਰਾ ਹੋਣ ਲੱਗ ਪਿਆ। ਬੇਨਜ਼ੀਰ ਭੁੱਟੋ ਦੀ ਦੂਜੀ ਵਾਰੀ ਦੀ ਸਰਕਾਰ ਨੇ ਇਸ ਪਸਾਰੇ ਦਾ ਨਤੀਜਿਆਂ ਨੂੰ ਮਹਿਸੂਸ ਕਰ ਕੇ ਸਾਂਝੇ ਵਿਦਿਆ ਪ੍ਰਬੰਧ ਲਈ ਮਦਰੱਸੇ ਰਜਿਸਟਰਡ ਕਰਨ ਦਾ ਅਮਲ ਆਰੰਭਣਾ ਚਾਹਿਆ ਤਾਂ ਉਨ੍ਹਾਂ ਨੇ ਅਗੋਂ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਿਆ ਤੇ ਹਜ਼ਾਰਾਂ ਦੀ ਗਿਣਤੀ ਵਿਚ ਮਦਰੱਸੇ ਆਪੋ ਆਪਣੀ ਮਰਜ਼ੀ ਦੇ ਸਿਲੇਬਸ ਦੀ ਪੜ੍ਹਾਈ ਆਪਣੇ ਆਪ ਹੀ ਕਰਵਾਉਂਦੇ ਰਹੇ। ਸਰਕਾਰ ਹਦਾਇਤਾਂ ਤਾਂ ਜਾਰੀ ਕਰਦੀ ਰਹੀ, ਪਰ ਮੰਨਿਆਂ ਨਾ ਜਾਣ ਉਤੇ ਕਾਰਵਾਈ ਕਦੇ ਨਹੀਂ ਸੀ ਕਰ ਸਕੀ।

ਪਾਕਿਸਤਾਨ ਦੇ ਬਹੁ-ਗਿਣਤੀ ਲੋਕ-ਮੁਸਲਮਾਨ ਜ਼ਰੂਰ ਸਨ, ਪਰ ਮੁਤੱਸਬੀ ਨਹੀਂ ਸਨ। ਹਾਲੇ ਪੰਦਰਾਂ ਸਾਲ ਪਹਿਲਾਂ ਤੱਕ ਜਨੂੰਨੀ ਇਸਲਾਮੀ ਸੋਚ ਵਾਲੀਆਂ ਧਿਰਾਂ ਤੇ ਧੜੇ ਜਦੋਂ ਵੀ ਕੋਈ ਚੋਣ ਲੜਦੇ, ਪੰਜ-ਛੇ ਫ਼ੀਸਦੀ ਵੋਟਰਾਂ ਦੀ ਹਮਾਇਤ ਤੱਕ ਸੀਮਤ ਰਹਿੰਦੇ ਹੁੰਦੇ ਸਨ ਤੇ ਲੋਕੀਂ ਉਨ੍ਹਾਂ ਦੀ ਹਮਾਇਤ ਲਈ ਵੱਡਾ ਹੁੰਗਾਰਾ ਨਹੀਂ ਸਨ ਭਰਦੇ ਹੁੰਦੇ। ਜਨਰਲ ਮੁਸ਼ੱਰਫ ਦੇ ਰਾਜ ਵਿਚ ਫ਼ੌਜੀ ਅਧਿਕਾਰੀਆਂ ਤੇ ਖ਼ੁਫ਼ੀਆ ਏਜੰਸੀਆਂ ਦੀ ਛਤਰ-ਛਾਇਆ ਹੇਠ ਪਹਿਲੀ ਵਾਰੀ ਉਹ ਜਮਹੂਰੀ ਪਾਰਟੀਆਂ ਨੂੰ ਗੁੱਠੇ ਲਾ ਕੇ ਇੱਕ ਰਾਜ ਵਿਚ ਸਰਕਾਰ ਬਣਾਉਣ ਤੇ ਇੱਕ ਹੋਰ ਰਾਜ ਵਿਚ ਸ਼ਾਮਲ ਹੋਣ ਦੇ ਨਾਲ-ਨਾਲ ਕੌਮੀ ਅਸੈਂਬਲੀ ਵਿਚ ਵੀ ਇੱਕ ਤਕੜੀ ਧਿਰ ਬਣ ਕੇ ਸਾਹਮਣੇ ਆਏ ਸਨ। ਹੁਣ ਉਹ ਏਡੀ ਮਜ਼ਬੂਤ ਧਿਰ ਹਨ ਕਿ ਪਾਕਿਸਤਾਨ ਦੀ ਕੋਈ ਵੀ ਸਰਕਾਰ ਉਨ੍ਹਾਂ ਨੂੰ ਅਣਗੌਲਿਆ ਨਹੀਂ ਕਰ ਸਕਦੀ, ਬਾਵਜੂਦ ਇਸ ਸੱਚ ਦੇ ਕਿ ਉਨ੍ਹਾਂ ਧੜਿਆਂ ਦਾ ਆਪੋ ਵਿਚ ਵੀ ਏਕਾ ਨਹੀਂ। ਉਨ੍ਹਾਂ ਵਿਚ ਹਰ ਕੋਈ ਖ਼ੁਦ ਨੂੰ ਪੱਕਾ ਇਸਲਾਮੀ ਮੰਨ ਕੇ ਬਾਕੀ ਸਭਨਾਂ ਨੂੰ ਭੰਡਦਾ ਹੈ।

ਜਨੂੰਨੀਆਂ ਨੂੰ ਮੁੱਢਲੇ ਦੌਰ ਵਿਚ ਪਾਕਿਸਤਾਨ ਅੰਦਰ ਹਿੰਦੂਆਂ ਜਾਂ ਸਿੱਖਾਂ ਵਿਰੁਧ ਨਹੀਂ ਸੀ ਵਰਤਿਆ ਗਿਆ, ਕਿਉਂਕਿ ਸਮਝਿਆ ਜਾਂਦਾ ਸੀ ਕਿ ਇਹ ਹੁਣ ਕੋਈ ਖ਼ਤਰਾ ਨਹੀਂ ਰਹਿ ਗਏ, ਸਗੋਂ ਸਭ ਤੋਂ ਪਹਿਲਾਂ ਕਾਦੀਆਨੀ ਮੁਸਲਮਾਨ ਨਿਸ਼ਾਨੇ ਉੱਤੇ ਰੱਖੇ ਗਏ ਸਨ। ਕਾਦੀਆਨੀਆਂ ਤੋਂ ਪਿੱਛੋਂ ਬਕਾਇਦਾ ਐਲਾਨ ਕੀਤੇ ਬਿਨਾਂ ਸ਼ੀਆ ਮੁਸਲਮਾਨਾਂ ਦੇ ਵਿਰੁਧ ਮੋਰਚਾ ਖੋਲ੍ਹ ਦਿੱਤਾ ਗਿਆ ਤੇ ਜਵਾਬ ਵਿਚ ਉਹ ਵੀ ਈਰਾਨ ਤੋਂ ਮਿਲਦੀ ਮਦਦ ਨਾਲ ਸਿੱਧੀ ਟੱਕਰ ਲੈਣ ਦੇ ਰਾਹੇ ਪੈ ਗਏ। ਇਹਨਾਂ ਕੰਮਾਂ ਲਈ ਕਿਸੇ ਸਰਕਾਰੀ ਸ਼ਕਤੀ ਦੀ ਬਜਾਏ ਇਹਨਾਂ ਮਦਰੱਸਿਆਂ ਦੇ ਵਿਦਿਆਰਥੀਆਂ ਦੀ ਵਰਤੋਂ ਕੀਤੇ ਜਾਣ ਨੇ ਇਹਨਾਂ ਨੂੰ ਪਾਕਿਸਤਾਨੀ ਫ਼ੌਜ ਦੇ ਅਧਿਕਾਰੀ ਵਰਗ ਦੇ ਅੰਦਰ ਆਪਣੇ ਸੰਪਰਕ ਪੈਦਾ ਕਰਨ ਦਾ ਮੌਕਾ ਦੇ ਦਿੱਤਾ। ਅਫ਼ਗਾਨਿਸਤਾਨ ਵਿਰੋਧੀ ਜੰਗ ਨੇ ਇਹ ਅਮਲ ਹੋਰ ਅੱਗੇ ਵਧਾ ਦਿੱਤਾ ਸੀ।

ਹੁਣ ਦੀ ਹਾਲਤ ਇਹ ਹੈ ਕਿ ਜਿਸ ਪਾਕਿਸਤਾਨ ਅੰਦਰ ਉਸ ਦੀ ਕਾਇਮੀ ਮੌਕੇ ਮਸਾਂ ਚਾਰ-ਪੰਜ ਸੌ ਮਦਰੱਸੇ ਹੁੰਦੇ ਸਨ, ਉਥੇ ਇਹਨਾਂ ਦੀ ਗਿਣਤੀ ਚਾਲੀ ਹਜ਼ਾਰ ਤੱਕ ਜਾ ਪੁੱਜੀ ਹੈ। ਕਈ ਖੇਤਰਾਂ ਵਿਚ ਸਰਕਾਰੀ ਗਰਾਂਟਾਂ ਨਾ ਪਹੁੰਚਣ ਕਰਕੇ ਸਰਕਾਰੀ ਸਕੂਲ ਬੰਦ ਹੁੰਦੇ ਗਏ ਤੇ ਇਹ ਮਦਰੱਸੇ ਫੈਲਦੇ ਗਏ, ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਦੋ-ਤਿੰਨ ਹਜ਼ਾਰ ਤੱਕ ਵੀ ਹੋ ਗਈ। ਖਾੜੀ ਦੇ ਦੇਸ਼ਾਂ ਤੋਂ ਮਿਲੇ ਪੈਸੇ ਨਾਲ ਕਾਇਮ ਹੋਈ ਇੰਟਰਨੈਸ਼ਨਲ ਇਸਲਾਮੀਆ ਯੂਨੀਵਰਸਿਟੀ ਇਹਨਾਂ ਮਦਰੱਸਿਆਂ ਦੇ ਜਨੂੰਨੀ ਪੜ੍ਹਾਕੂਆਂ ਦੀ ਅਗਲੀ ਪੜ੍ਹਾਈ ਦੇ ਕੰਮ ਆਉਣ ਲੱਗ ਪਈ। ਕਿਸੇ ਤੋਂ ਇਹ ਗੱਲ ਲੁਕੀ-ਛੁਪੀ ਨਹੀਂ ਕਿ ਇਹਨਾਂ ਮਦਰੱਸਿਆਂ ਵਿਚ ਵਿਗਿਆਨ ਦੀ ਪੜ੍ਹਾਈ ਨਾਲੋਂ ਜਿਹਾਦ ਜ਼ਿਆਦਾ ਪੜ੍ਹਾਇਆ ਜਾਂਦਾ ਹੈ। ਹਾਲੇ ਪੰਜ ਸਾਲ ਪਹਿਲਾਂ ਕਰਵਾਏ ਗਏ ਇੱਕ ਸਰਵੇਖਣ ਦੀਆਂ ਰਿਪੋਰਟਾਂ ਪਾਕਿਸਤਾਨੀ ਮੀਡੀਏ ਵਿਚ ਛਪੀਆਂ ਤਾਂ ਲੋਕੀਂ ਸਾਂਝੇ ਅੰਗਰੇਜ਼ੀ ਸਕੂਲਾਂ ਜਾਂ ਸਰਕਾਰੀ ਸਕੂਲਾਂ ਅਤੇ ਮਦਰੱਸਿਆਂ ਦੇ ਵਿਦਿਆਰਥੀਆਂ ਦੀ ਸੋਚ ਦਾ ਪਾੜਾ ਦੇਖ ਕੇ ਹੈਰਾਨ ਰਹਿ ਗਏ ਸਨ। ਮਿਸਾਲ ਵਜੋਂ ਇਹ ਪੁੱਛਿਆ ਗਿਆ ਸੀ ਕਿ ਕੀ ਪਾਕਿਸਤਾਨ ਨੂੰ ਭਾਰਤ ਨਾਲ ਜੰਗ ਕਰ ਕੇ ਕਸ਼ਮੀਰ ਉੱਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ? ਅੰਗਰੇਜ਼ੀ ਸਕੂਲਾਂ ਦੇ 64 ਫੀਸਦੀ ਤੇ ਸਰਕਾਰੀ ਉਰਦੂ ਸਕੂਲਾਂ ਦੇ 58 ਫ਼ੀਸਦੀ ਬੱਚਿਆਂ ਨੇ ਕਿਹਾ ਸੀ ਕਿ ਏਦਾਂ ਨਹੀਂ ਕਰਨਾ ਚਾਹੀਦਾ, ਪਰ ਮਦਰੱਸਿਆਂ ਦੇ 59 ਫੀਸਦੀ ਬੱਚਿਆਂ ਨੇ ਏਦਾਂ ਕਰਨ ਦੀ ਹਮਾਇਤ ਕੀਤੀ ਸੀ। ਇਕ ਹੋਰ ਸਵਾਲ ਅਹਿਮਦੀਆ ਮੁਸਲਮਾਨਾਂ ਵਲ ਕੰਮ ਕਰਨ ਦੀਆਂ ਥਾਂਵਾਂ ਉੱਤੇ ਸਹਿਣਸ਼ੀਲਤਾ ਬਾਰੇ ਸੀ, ਜਿਸ ਦੀ ਹਮਾਇਤ ਅੰਗਰੇਜ਼ੀ ਸਕੂਲਾਂ ਦੇ 65 ਫ਼ੀਸਦੀ ਬੱਚਿਆਂ ਨੇ ਕੀਤੀ, ਸਰਕਾਰੀ ਉਰਦੂ ਸਕੂਲਾਂ ਦੇ 46 ਫੀਸਦੀ ਬੱਚਿਆਂ ਨੇ ਸਹਿਮਤੀ ਦਿੱਤੀ ਤੇ 54 ਫ਼ੀਸਦੀ ਨੇ ਇਹੋ ਜਿਹੀ ਸਹਿਣਸ਼ੀਲਤਾ ਨੂੰ ਰੱਦ ਕੀਤਾ, ਪਰ ਮਦਰੱਸਿਆਂ ਵਿਚ ਪੜ੍ਹਦੇ 82 ਫੀਸਦੀ ਬੱਚਿਆਂ ਦਾ ਵਿਚਾਰ ਇਹ ਸਾਹਮਣੇ ਆਇਆ ਕਿ ਅਹਿਮਦੀਆਂ ਨੂੰ ਤਾਂ ਬਰਦਾਸ਼ਤ ਹੀ ਨਹੀਂ ਕੀਤਾ ਜਾਣਾ ਚਾਹੀਦਾ। ਕੀ ਏਨਾ ਇਹ ਜਾਣਨ ਲਈ ਕਾਫੀ ਨਹੀਂ ਕਿ ਇਹਨਾਂ ਮਦਰੱਸਿਆਂ ਰਾਹੀਂ ਬੱਚਿਆਂ ਦੀ ਮਾਨਸਿਕਤਾ ਨੂੰ ਕਿਸ ਤਰ੍ਹਾਂ ਦਾ ਮੋੜਾ ਦੇਣ ਦਾ ਯਤਨ ਕੀਤਾ ਜਾਂਦਾ ਹੈ।

ਪਾਕਿਸਤਾਨ ਵਿਚ ਜਮਹੂਰੀ ਸਿੱਖਿਆ ਦਾ ਉਜਾੜਾ ਇਸ ਮੁਲਕ ਲਈ ਘਾਤਕ ਸਿੱਧ ਹੋਇਆ ਹੈ। ਪਾਕਿਸਤਾਨ ਵਿਚ ਅੱਜ ਜੋ ਕੁਝ ਹੋ ਰਿਹਾ ਹੈ ਉਸ ਵਿਚ ਇਸ ਵਿਦਿਅਕ ਪ੍ਰਬੰਧ ਦੀ ਵੀ ਵੱਡੀ ਭੂਮਿਕਾ ਹੈ। ਭਾਰਤ ਨੂੰ ਪਾਕਿਸਤਾਨ ਦੀ ਇਸ ਹਾਲਤ ਤੋਂ ਸਬਕ ਵੀ ਸਿੱਖਣਾ ਚਾਹੀਦਾ ਹੈ ਤੇ ਸੁਚੇਤ ਵੀ ਰਹਿਣਾ ਚਾਹੀਦਾ ਹੈ।

## ਸਰਬ ਧਰਮ ਸਮਾਗਮ ਵਿਚ ਸਿੱਖ ਧਰਮ ਨੂੰ ਵੱਖਰੀ ਪਛਾਣ

**ਫ਼ਰੈਂਕਫ਼ਰਟ :** ਫ਼ਰੈਂਕਫ਼ਰਟ ਵਿਚ ਵੱਖ-ਵੱਖ ਧਰਮਾਂ ਈਸਾਈ, ਇਸਲਾਮ, ਬੁੱਧ, ਹਿੰਦੂ, ਅਹਿਮਦੀਆ ਜਮਾਤ, ਬਹਾਈ, ਸਿੱਖ ਧਰਮ ਤੇ ਈਸਾਈ (ਰੋਮਨ) ਦੀ ਸਾਂਝੀ ਸੰਸਥਾ 'ਅੰਤਰ-ਧਾਰਮਕ ਕੌਂਸਲ' ਦਾ ਗਠਨ ਕੀਤਾ ਗਿਆ। 23 ਮੈਂਬਰਾਂ ਦੀ ਚੁਣੀ ਗਈ ਕੌਂਸਲ ਵਿਚ ਸਿੱਖ ਧਰਮ ਵਲੋਂ ਸ. ਖ਼ੁਸ਼ਵੰਤ ਸਿੰਘ ਅਤੇ ਸ. ਨਰਿੰਦਰ ਸਿੰਘ ਨੂੰ ਕੌਂਸਲ ਮੈਂਬਰ ਲਿਆ ਗਿਆ। ਸਾਂਝੀ ਇਕੱਤਰਤਾ ਵਿਚ ਜਿਥੇ ਸਭ ਧਰਮਾਂ ਦੇ ਪੈਰੋਕਾਰਾਂ ਨੇ ਅਪਣੇ-ਅਪਣੇ ਤਰੀਕੇ ਨਾਲ ਅਕਾਲ ਪੁਰਖ ਦੀ ਸਿਫ਼ਤ ਕੀਤੀ, ਉਥੇ ਸਿੱਖਾਂ ਵਲੋਂ ਇੰਗਲੈਂਡ ਦੇ ਨੌਜਵਾਨ ਸ. ਰਵਿੰਦਰਪਾਲ ਸਿੰਘ ਅਤੇ ਜਰਮਨੀ ਤੋਂ ਸ. ਸਰਬਜੀਤ ਸਿੰਘ, ਮਨਪ੍ਰੀਤ ਕੌਰ ਅਤੇ ਰਾਜਬੀਰ ਕੌਰ ਨੇ ਗੁਰਬਾਣੀ ਦੇ ਕੀਰਤਨ ਰਾਹੀਂ ਅਕਾਲ ਪੁਰਖ ਨੂੰ ਯਾਦ ਕੀਤਾ।

ਸੰਸਥਾ ਦੇ ਨੁਮਾਇੰਦਿਆਂ ਨੇ ਸੰਸਾਰ ਦੀ ਵਾਹਿਗੁਰੂ ਦੇ ਇਕ ਬਾਗ਼ ਨਾਲ ਤੁਲਨਾ ਕੀਤੀ ਹੈ ਅਤੇ ਕਿਹਾ, "ਸਾਨੂੰ ਸਾਰਿਆ ਨੂੰ ਮਿਲ ਕੇ ਉਸ ਨੂੰ ਯਾਦ ਕਰਨਾ ਤੇ ਉਸ ਦੀ ਰਜ਼ਾ ਵਿਚ ਚਲਣਾ ਚਾਹੀਦਾ ਹੈ।" ਇਸ ਸੰਸਥਾ ਦੇ ਹੋਂਦ ਵਿਚ ਆਉਣ ਨਾਲ ਸਿੱਖੀ ਨੂੰ ਵੀ ਹੋਰਨਾਂ ਧਰਮਾਂ ਵਾਂਗ ਅਪਣੀ ਪਛਾਣ ਬਨਾਉਣ ਅਤੇ ਸਿੱਖਾਂ ਬਾਰੇ ਜੋ ਭੁਲੇਖੇ ਪਾਏ ਜਾਂਦੇ ਹਨ, ਉਨ੍ਹਾਂ ਨੂੰ ਦੂਰ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਹੈ। ਵੱਖ-ਵੱਖ ਧਰਮਾਂ ਦੇ ਬੁਲਾਰਿਆਂ ਨੇ ਅਪਣੇ ਧਰਮ ਬਾਰੇ ਜਿਹੜੇ ਵੀ ਵਿਚਾਰ ਰੱਖੇ, ਉਹ ਜਰਮਨ ਭਾਸ਼ਾ ਵਿਚ ਪਹਿਲਾਂ ਹੀ ਲੋਕਾਂ ਨੂੰ ਵੰਡ ਦਿਤੇ ਗਏ ਸਨ ਤਾਂ ਕਿ ਸਮਝਣ ਵਿਚ ਕੋਈ ਸਮੱਸਿਆ ਨਾ ਆਵੇ। ਸਿੱਖ ਧਰਮ ਬਾਰੇ 'ਸਾਜਨੜਾ ਮੇਰਾ ਸਾਜਨੜਾ' ਅਤੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਾਲਾ ਸ਼ਬਦ ਸਮੇਤ ਵਿਆਖਿਆ ਗਾਇਨ ਕੀਤਾ ਗਿਆ ਜਿਸ ਨੂੰ ਸਾਰੇ ਧਰਮਾਂ ਦੀਆਂ ਬੀਬੀਆਂ ਨੇ ਬਹੁਤ ਹੀ ਧਿਆਨ ਨਾਲ ਸੁਣਿਆ। ਆਰਗੇਨਾਈਜ਼ੇਸ਼ਨ, ਸ਼ਬਦ ਦੀ ਚੋਣ ਤੇ ਗੁਰਬਾਣੀ ਦਾ ਅਨੁਵਾਦ ਜਰਮਨੀ ਦੇ ਜੰਮਪਲ ਖ਼ੁਸ਼ਵੰਤ ਸਿੰਘ ਨੇ ਕੀਤੀ। ਖ਼ੁਸ਼ਵੰਤ ਸਿੰਘ ਜਰਮਨੀ ਵਿਚ ਪਹਿਲੇ ਅਜਿਹੇ ਸਿੱਖ ਨੌਜਵਾਨ ਹਨ ਜਿਨ੍ਹਾਂ ਨੇ ਜਰਮਨ ਸਰਕਾਰ ਲਈ ਕੰਮ ਕਰਨ ਦੇ ਨਾਲ-ਨਾਲ ਸਿੱਖੀ ਦੀ ਨਿਸ਼ਕਾਮ ਸੇਵਾ ਕੀਤੀ ਹੈ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ. ਗੁਰਚਰਨ ਸਿੰਘ, ਨੌਜਵਾਨ ਗੁਰਵਿੰਦਰ ਸਿੰਘ ਅਤੇ ਪਰਮਜੋਤ ਸਿੰਘ ਫ਼ਰੈਂਕਫ਼ਰਟ ਵੀ ਹਾਜ਼ਰ ਸਨ।

## ਸਿੱਖ ਬੱਚਿਆਂ ਦੇ ਧਾਰਮਿਕ ਚਿੰਨ੍ਹਾਂ 'ਤੇ ਲੱਗੇਗੀ ਪਾਬੰਦੀ

**ਰੋਮ :** ਫਰਾਂਸ 'ਚ ਸਿੱਖ ਬੱਚਿਆਂ ਨੂੰ ਆਪਣੇ ਧਾਰਮਿਕ ਚਿੰਨ੍ਹ ਪਾ ਕੇ ਸਕੂਲ ਜਾਣ ਦੀ ਮਨਾਹੀ ਵਿਰੁਧ ਸਿੱਖ ਜਥੇਬੰਦੀਆਂ ਦੀ ਜੱਦੋਜਹਿਦ ਅਜੇ ਜਾਰੀ ਹੈ। ਹੁਣ ਇਟਲੀ ਵਿਚ ਵਸਦੇ ਸਿੱਖਾਂ ਦੇ ਸਿਰ ਇਕ ਮੁਸੀਬਤ ਆ ਪਈ ਹੈ। ਇਟਲੀ ਦੇ ਸਕੂਲਾਂ ਵਿਚ ਸਿੱਖ ਬੱਚਿਆਂ ਦੇ ਧਾਰਮਿਕ ਚਿੰਨ੍ਹ ਪਾ ਕੇ ਆਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਬਾਰੇ ਬਿੱਲ ਜਲਦੀ ਪਾਸ ਹੋਣ ਜਾ ਰਿਹਾ ਹੈ, ਜਿਸ ਦੀ ਸਹਿਮਤੀ ਮੌਜੂਦਾ ਸਿਲਵੀਓ ਬੈਰਲਿਸਕੋਨੀ ਦੀ ਸਰਕਾਰ ਨੇ ਦੇ ਦਿੱਤੀ ਹੈ ਅਤੇ ਵਿਰੋਧੀ ਧਿਰ ਦੇ ਆਗੂਆਂ ਵਲੋਂ ਵੀ ਹਾਂ ਵਿਚ ਹਾਂ ਮਿਲਾਈ ਜਾ ਰਹੀ ਹੈ। ਇਹ ਸਾਰੀ ਕਾਰਵਾਈ ਇਟਲੀ ਦੀ ਸਰਕਾਰ ਨੇ ਯੂਰਪੀ ਯੂਨੀਅਨ ਦੀ ਸਰਬ-ਉੱਚ ਅਦਾਲਤ ਵਲੋਂ ਧਾਰਮਿਕ ਮੂਲਵਾਦ ਵਿਰੁਧ ਇਕ ਵਿਸ਼ੇਸ਼ ਪੈਨਲ ਵਲੋਂ ਦਿਤੇ ਇਕ ਅਹਿਮ ਫ਼ੈਸਲੇ ਤਹਿਤ ਕਰਨ ਲਈ ਕਿਹਾ ਹੈ ਤੇ ਜਲਦੀ ਹੀ ਯੂਰਪੀ ਯੂਨੀਅਨ ਦੇ 27 ਦੇਸ਼ਾਂ ਵਿਚ ਇਸ ਨੂੰ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਹੋ ਸਕਦੀਆਂ ਹਨ।

# ਭਾਰਤ ਤੇ ਯੂਰਪੀ ਸੰਘ ਦਰਮਿਆਨ ਪਰਮਾਣੂ ਸਮਝੌਤਾ

**ਨਵੀਂ ਦਿੱਲੀ :** ਭਾਰਤ ਤੇ 27 ਦੇਸ਼ਾਂ ਦੇ ਯੂਰਪੀ ਸੰਘ ਨੇ ਨਵੀਂ ਦਿੱਲੀ ਵਿਖੇ ਪਰਮਾਣੂ ਊਰਜਾ ਪ੍ਰੋਜੈਕਟ ਲਈ ਸਮਝੌਤੇ 'ਤੇ ਹਸਤਾਖ਼ਰ ਕੀਤੇ। ਇਸ ਦੇ ਨਾਲ ਹੀ ਇਨ੍ਹਾਂ ਦੋਹਾਂ ਧਿਰਾਂ ਨੇ ਮੁਕਤ ਵਪਾਰ ਸੰਧੀ ਕਰਨ ਦਾ ਫ਼ੈਸਲਾ ਵੀ ਲਿਆ ਹੈ। ਨਵੀਂ ਦਿੱਲੀ ਵਿਖੇ ਬੀਤੀ 7 ਨਵੰਬਰ ਨੂੰ ਭਾਰਤ ਤੇ ਯੂਰਪੀ ਸੰਘ ਦੇ ਦਸਵੇਂ ਸਿਖਰ ਸੰਮੇਲਨ 'ਚ ਦੋਹਾਂ ਧਿਰਾਂ ਨੇ ਯੂਰਪ ਦੀ ਮੁੱਖ ਅਪਰਾਧਿਕ ਖ਼ੁਫੀਆ ਏਜੰਸੀ ਯੂਰੋਪੋਲ ਤੇ ਭਾਰਤ ਦੀਆਂ ਸੁਰੱਖਿਆ ਏਜੰਸੀਆਂ ਦਰਮਿਆਨ ਸਮਝੌਤੇ ਕੀਤੇ ਜਾਣ ਦੀ ਪ੍ਰਕਿਰਿਆ ਨੂੰ ਤੇਜ਼ ਕਰਦਿਆਂ ਕੌਮਾਂਤਰੀ ਦਹਿਸ਼ਤਵਾਦ ਨਾਲ ਨਜਿੱਠਣ ਲਈ ਸਹਿਯੋਗ ਵਧਾਉਣ ਦਾ ਫ਼ੈਸਲਾ ਵੀ ਲਿਆ।

ਇਸ ਸੰਮੇਲਨ 'ਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਸਵੀਡਨ ਦੇ ਪ੍ਰਧਾਨ ਮੰਤਰੀ ਫੈਡਰਿਕ ਰੇਨਫੀਲਡ ਤੋਂ ਇਲਾਵਾ ਯੂਰਪੀ ਕਮਿਸ਼ਨ ਦੇ ਪ੍ਰਧਾਨ ਜੌਸ ਮੈਨੁਅਲ ਬੈਰੋਸੋ ਨੇ ਵੀ ਸ਼ਿਰਕਤ ਕੀਤੀ। ਇਨ੍ਹਾਂ ਆਗੂਆਂ ਨੇ ਕੌਮਾਂਤਰੀ ਆਰਥਿਕ ਮੰਦੇ, ਊਰਜਾ, ਸੁਰੱਖਿਆ, ਮੌਸਮੀ ਤਬਦੀਲੀਆਂ, ਵਪਾਰ ਤੇ ਦਹਿਸ਼ਤਵਾਦ ਸਮੇਤ ਵੱਖ-ਵੱਖ ਕੌਮਾਂਤਰੀ ਤੇ ਖੇਤਰੀ ਮੁੱਦਿਆਂ 'ਤੇ ਵਿਸਥਾਰ 'ਚ ਚਰਚਾ ਕੀਤੀ।

ਇਸੇ ਦੌਰਾਨ ਭਾਰਤ ਤੇ ਯੂਰਪੀ ਸੰਘ ਦਰਮਿਆਨ ਕੌਮਾਂਤਰੀ ਤਾਪ ਪਰਮਾਣੂ ਪ੍ਰਯੋਗਿਕ ਪਲਾਂਟ ਆਈ ਟੀ ਈ ਆਰ 'ਚ ਭਾਰਤ ਦੀ ਹਿੱਸੇਦਾਰੀ ਦੇ ਉਦੇਸ਼ ਨਾਲ ਗ਼ੈਰ ਫ਼ੌਜੀ ਪਰਮਾਣੂ ਊਰਜਾ ਸਮਝੌਤਾ ਹੋਇਆ ਹੈ। ਇਸ ਸਮਝੌਤੇ ਦਾ ਉਦੇਸ਼ ਸਾਂਝੇ ਤੌਰ 'ਤੇ ਫਿਊਜ਼ਨ ਖੋਜ ਦਾ ਸਵਰੂਪ ਅਤੇ ਰੂਪ ਰੇਖਾ ਵਿਕਸਤ ਕਰਨਾ ਹੈ। ਸਮਝੌਤੇ 'ਤੇ ਪਰਮਾਣੂ ਊਰਜਾ ਏਜੰਸੀ ਦੇ ਪ੍ਰਧਾਨ ਅਨਿਲ ਕਾਕੋਡਕਰ ਤੇ ਵਿਦੇਸ਼ ਸੰਬੰਧੀ ਮਾਮਲਿਆਂ ਦੇ ਯੂ ਈ ਕਮਿਸ਼ਨਰ ਬੇਨਿਤਾ ਫੇਰੇਰੋ ਵਾਲਡਨਰ ਨੇ ਸਮਝੌਤੇ 'ਤੇ ਦਸਤਖ਼ਤ ਕੀਤੇ। ਸ੍ਰੀ ਵਾਲਡਨਰ ਯੂਰਪੀ ਪਰਮਾਣੂ ਊਰਜਾ ਭਾਈਚਾਰੇ ਯੂਰਾਟੋਨ ਦੀ ਪ੍ਰਤੀਨਿਧਤਾ ਕਰਦੇ ਹਨ। ਸਿਖਰ ਸੰਮੇਲਨ 'ਚ ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਹਾਲਾਤ ਦੀ ਵੀ ਸਮੀਖਿਆ ਕੀਤੀ ਗਈ ਅਤੇ ਇਨ੍ਹਾਂ ਦੇਸ਼ਾਂ 'ਚ ਵਧ ਰਹੇ ਦਹਿਸ਼ਤਵਾਦ ਨਾਲ ਨਜਿੱਠਣ ਲਈ ਕੌਮਾਂਤਰੀ ਕਾਰਵਾਈ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨੇ ਸੰਮੇਲਨ ਤੋਂ ਬਾਅਦ ਇਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਭਾਰਤ ਤੇ ਯੂਰੋਪੋਲ ਦਰਮਿਆਨ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਦਿਸ਼ਾ 'ਚ ਕੰਮ ਕਰਨ 'ਤੇ ਸਹਿਮਤੀ ਕਾਇਮ ਕੀਤੀ ਹੈ। ਇਸ ਤੋਂ ਇਲਾਵਾ ਅਸੀਂ ਪੱਛਮੀ ਏਸ਼ੀਆ, ਇਰਾਨ, ਮਿਆਂਮਾਰ ਤੇ ਸ੍ਰੀਲੰਕਾ ਦੇ ਹਾਲਾਤ ਦੀ ਸਮੀਖਿਆ ਕਰਦਿਆਂ ਕਈ ਖੇਤਰੀ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਹੈ।



ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਸਵੀਡਨ ਦੇ ਪ੍ਰਧਾਨ ਮੰਤਰੀ ਫੈਡਰਿਕ ਰੇਨਫੀਲਡ

ਡਾ. ਸਿੰਘ ਨੇ ਕਿਹਾ ਕਿ ਪਾਕਿਸਤਾਨ 'ਚ ਜੋ ਵੀ ਹੋ ਰਿਹਾ ਹੈ, ਉਸ ਦਾ ਸਭ ਤੋਂ ਵਧ ਅਸਰ ਭਾਰਤ 'ਤੇ ਪੈ ਰਿਹਾ ਹੈ। ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਬੈਰੋਸੋ ਨੇ ਕਿਹਾ ਅਸੀਂ ਇਸ ਗੱਲ ਲਈ ਸਹਿਮਤ ਹਾਂ ਕਿ ਕੌਮਾਂਤਰੀ ਆਰਥਿਕ ਮੰਦੇ ਦੇ ਦੌਰ ਤੋਂ ਬਾਹਰ ਆਉਣ ਲਈ ਇਹ ਸਮਝੌਤਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦਰਮਿਆਨ ਵਪਾਰ ਨੂੰ ਵਧਾਉਣਾ ਵੀ ਬੇਹੱਦ ਮਹੱਤਵਪੂਰਨ ਹੈ।

ਯਾਦ ਰਹੇ ਲੰਘੀ 4 ਨਵੰਬਰ ਨੂੰ ਅਮਰੀਕਾ ਤੇ ਯੂਰਪੀ ਸੰਘ ਨੇ ਭਾਰਤ ਸਣੇ ਹੋਰਨਾਂ ਮੁਲਕਾਂ ਨੂੰ ਪ੍ਰਮਾਣੂ ਅਪਸਾਰ ਸੰਧੀ 'ਤੇ ਸਹੀ ਪਾਉਣ ਲਈ ਕਿਹਾ ਸੀ।

ਵਸ਼ਿੰਗਟਨ ਵਿਖੇ ਅਮਰੀਕਾ ਤੇ ਯੂਰਪੀ ਸੰਘ 2009 ਸਿਖਰ ਸੰਮੇਲਨ ਦੀ ਸਮਾਪਤੀ 'ਤੇ ਸਾਂਝੇ ਐਲਾਨਨਾਮੇ ਵਿਚ ਕਿਹਾ ਗਿਆ ਕਿ ਉਹ ਪ੍ਰਮਾਣੂ ਅਪਸਾਰ ਸੰਧੀ ਦਾ ਘੇਰਾ ਵਧਾਉਣ ਤੇ ਇਸ ਨੂੰ ਮਜ਼ਬੂਤ ਕਰਨ ਲਈ ਪ੍ਰਤੀਬੱਧ ਹਨ।

ਉਨ੍ਹਾਂ ਕਿਹਾ ਕਿ ਪ੍ਰਮਾਣੂ ਅਪਸਾਰ ਸੰਧੀ ਦੇ ਤਿੰਨ ਮੁੱਖ ਥੰਮ੍ਹ ਨਿਸ਼ਸਤਰੀਕਰਨ, ਪ੍ਰਮਾਣੂ ਊਰਜਾ ਦੀ ਸ਼ਾਂਤੀ ਕੰਮਾਂ ਲਈ ਵਰਤੋਂ ਤੇ ਦੁਨੀਆਂ 'ਚ ਸ਼ਾਂਤੀ, ਸੁਰਖਿਆ ਤੇ ਸਥਿਰਤਾ ਲਈ ਕੰਮ ਕਰਨਾ ਹਨ। ਅਮਰੀਕਾ ਤੇ ਯੂਰਪੀ ਸੰਘ ਨੇ ਪ੍ਰਮਾਣੂ ਅਪਸਾਰ ਸੰਧੀ 'ਤੇ ਦਸਤਖ਼ਤ ਨਾ ਕਰਨ ਵਾਲੇ ਮੁਲਕਾਂ, ਖਾਸ ਤੌਰ 'ਤੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੰਧੀ ਦੀ ਸਫਲਤਾ ਲਈ ਇਸ ਉਪਰ ਸਹੀ ਪਾਉਣ। ਭਾਰਤ ਨੇ ਇਸ ਸੰਧੀ 'ਤੇ ਸਹੀ ਪਾਉਣ 'ਤੋਂ ਇਨਕਾਰ ਕੀਤਾ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਇਹ ਸੰਧੀ ਪੱਖਪਾਤੀ ਹੈ।

## ਭਾਗਵਤ ਦੇ ਬਿਆਨ ਨਾਲ ਭਾਜਪਾ 'ਚ ਖਲਬਲੀ

**ਨਵੀਂ ਦਿੱਲੀ:** ਸੰਘ ਪ੍ਰਮੁੱਖ ਮੋਹਨ ਭਾਗਵਤ ਦੇ ਹਾਲ ਹੀ ਵਿਚ ਦਿੱਤੇ ਗਏ ਇਕ ਬਿਆਨ ਤੋਂ ਭਾਜਪਾ ਨੇਤਾਵਾਂ ਵਿਚ ਖਲਬਲੀ ਮੱਚ ਗਈ ਹੈ। ਇਕ ਮੀਟਿੰਗ ਵਿਚ ਭਾਗਵਤ ਨੇ ਕਿਹਾ ਸੀ ਕਿ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਦਾ ਉੱਤਰਾਧਿਕਾਰੀ ਦਿੱਲੀ ਦੇ ਬਾਹਰ ਦਾ ਹੋਵੇਗਾ। ਇਸ ਬਿਆਨ ਨੇ ਪਾਰਟੀ ਦੇ ਅੰਦਰੂਨੀ ਤਾਣੇ-ਬਾਣੇ ਨੂੰ ਗੜਬੜਾ ਦਿੱਤਾ ਹੈ ਅਤੇ ਨਵੇਂ ਰਾਜਨੀਤਕ ਸਮੀਕਰਨ ਪੈਦਾ ਕਰ ਦਿੱਤੇ ਹਨ। ਟਿੱਪਣੀ ਨੂੰ ਇਸ ਗੱਲ ਦਾ ਸਾਫ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਸੰਘ ਭਾਜਪਾ ਸੰਗਠਨ ਦੇ ਛੋਟੇ-ਛੋਟੇ ਮਾਮਲਿਆਂ ਤੇ ਪਕੜ ਬਨਾਉਣ ਅਤੇ ਨੀਤੀਗਤ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੀ ਇੱਛਾ ਰਖਦਾ ਹੈ। ਭਾਗਵਤ ਨੇ ਦਿੱਲੀ ਵਿਚ ਜੰਮੇ ਅਰੁਣ ਜੇਤਲੀ, ਸੁਸ਼ਮਾ ਸਵਰਾਜ, ਵੈਂਕਈਆ ਨਾਇਡੂ ਅਤੇ ਅਨੰਤ ਕੁਮਾਰ ਜਿਹੇ ਭਾਜਪਾ ਦੇ ਦੂਜੀ ਲਾਈਨ ਦੇ ਨੇਤਾਵਾਂ ਦੇ ਪਾਰਟੀ ਵਿਚ ਵਧਦੇ ਕੱਦ ਨੂੰ ਲੈ ਕੇ ਜਾਰੀ ਪ੍ਰਚਾਰ ਦੀ ਵੀ ਹਵਾ ਕੱਢ ਦਿੱਤੀ ਹੈ। ਭਾਜਪਾ ਦੇ ਇਕ ਵਿਸ਼ੇਸ਼ ਨੇਤਾ ਨੇ ਕਿਹਾ, 'ਭਾਗਵਤ ਦੇ ਬਿਆਨ ਨੇ ਪਾਰਟੀ ਦੇ ਦੂਜੀ ਪੀੜ੍ਹੀ ਦੇ ਨੇਤਾਵਾਂ ਦੀ ਰੀੜ੍ਹ ਤੋੜ ਦਿੱਤੀ ਹੈ, ਜਿਨ੍ਹਾਂ ਨੂੰ ਕਦੇ ਪਾਰਟੀ ਦਾ ਆਧਾਰ ਕਿਹਾ ਜਾਂਦਾ ਸੀ। ਹੁਣ ਸਾਡੇ ਵਿਰੋਧੀ ਸੰਘ ਪ੍ਰਮੁੱਖ ਦੇ ਬਿਆਨ ਦਾ ਸਹਾਰਾ ਲੈ ਕੇ ਇਨ੍ਹਾਂ ਨੇਤਾਵਾਂ ਅਤੇ ਪਾਰਟੀ ਦੀ ਆਲੋਚਨਾ ਕਰਨ ਤੋਂ ਬਾਜ ਨਹੀਂ ਆਉਣਗੇ।



# ਪੈਮਾਇਸ਼ਾਂ

**ਪ੍ਰਿੰਸੀਪਲ ਰਾਜ ਸਿੰਘ**



ਮੈਨੂੰ 1984 ਵਿਚ ਸਭ ਤੋਂ ਪਹਿਲਾਂ ਡੁਬਈ ਦੀ 14 ਦਿਨ ਦੀ ਸੈਰ ਕਰਨ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਵਖ-ਵਖ ਦੇਸ਼ਾਂ ਦੀਆਂ ਸੈਰਾਂ ਬਹੁਤ ਕੀਤੀਆਂ। ਹੁਣ ਅਮਰੀਕਾ ਵਿਚ ਆ ਕੇ ਪੱਕੇ ਤੌਰ 'ਤੇ ਰਹਿਣ ਦਾ ਸੁਭਾਗ ਪ੍ਰਾਪਤ ਹੋ ਗਿਆ। ਲੇਖਕ ਜਦੋਂ ਡੁਬਈ ਸੈਰ ਕਰਨ ਗਿਆ ਸੀ ਤਾਂ ਉਸ ਸਮੇਂ ਉਨ੍ਹਾਂ ਦੀ ਕਰੰਸੀ ਦੇ ਇਕ ਦਰਾਮ ਦੇ ਭਾਰਤ ਦੇ ਦਸ ਰੁਪਈਏ ਮਿਲ ਜਾਇਆ ਕਰਦੇ ਸਨ।

ਉਸ ਵੇਲੇ ਪੰਜਾਬ ਵਿਚ ਇਕ ਰੁਪਈਏ ਦਾ ਤਾਜ਼ੀ ਮਸੰਮੀ ਦੇ ਜੂਸ ਦਾ ਗਲਾਸ ਆ ਜਾਂਦਾ ਸੀ ਅਤੇ ਡੁਬਈ ਵਿਚ ਬਿਲਕੁਲ ਬਦਸ਼ਕਲ ਮੁਸੰਮੀਆਂ ਦੇ ਜੂਸ ਦਾ ਗਿਲਾਸ ਤਿਨ ਦਰਾਮ ਦਾ ਇਕ ਸੀ। ਮੈਂ ਹਰ ਰੋਜ਼ ਜੂਸ ਪੀਣ ਦਾ ਆਦੀ ਸੀ ਤੇ ਮੈਂ ਝਟ ਚਾਰ ਗਿਲਾਸਾਂ ਦਾ ਆਰਡਰ ਕਰ ਦਿਤਾ।

ਮੇਰੇ ਨਾਲ ਮੇਰੇ ਹੀ ਸਕੂਲ ਜਿਥੇ ਮੈਂ ਹੈਡਮਾਸਟਰ ਸੀ, ਦਾ ਇਕ ਹਿਸਾਬ ਮਾਸਟਰ ਭੁਪਿੰਦਰ ਸਿੰਘ ਜੋ ਸੈਰ ਕਰਨ ਲਈ ਨਾਲ ਆਇਆ ਹੋਇਆ ਸੀ, ਫੁਰਤੀ ਨਾਲ ਹਿਸਾਬ ਲਗਾ ਕੇ ਮੈਨੂੰ ਆਖਣ ਲੱਗਾ ਕਿ ਚਾਰ ਗਿਲਾਸ ਜੂਸ ਦੇ ਇਕ ਸੌ ਵੀਹ ਰੁਪਈਏ ਦੇ ਬਣਦੇ ਹਨ। ਇਸ ਲਈ ਆਖਣ ਲੱਗਾ ਛਡ ਜੂਸ ਪੀਣਾ, ਪੰਜਾਬ ਜਾ ਕੇ ਇਕ ਸੌ ਵੀਹ ਗਿਲਾਸ ਆ ਜਾਣੇ ਹਨ ਤੇ ਰਜ ਰਜ ਪੀਵਾਂਗੇ।

ਸੋ ਪੰਜਾਬੀ ਜਿਥੇ ਮਰਜੀ ਚਲੇ ਜਾਣ ਇਹ ਸਭ ਤੋਂ ਪਹਿਲਾਂ ਉਸ ਦੇਸ਼ ਦੀ ਕਰੰਸੀ ਦਾ ਮੁਕਾਬਲਾ ਆਪਣੇ ਦੇਸ਼ ਦੀ ਕਰੰਸੀ ਨਾਲ ਕਰਨ ਲਈ ਜਮ੍ਹਾਂ ਘਟਾਉ ਤੇ ਗੁਣਾਂ ਤਕਸੀਮ ਕਰਕੇ ਜ਼ਰੂਰ ਹਿਸਾਬ ਲਗਾਉਣਗੇ।

ਹੁਣ ਇਥੇ ਅਮਰੀਕਾ ਵਿਚ ਜਿਸ ਆਦਮੀ ਨੇ ਘਰ ਖਰੀਦਣਾ ਹੈ ਜਾਂ ਲਾਟ ਜਾਂ ਪਲਾਟ ਖਰੀਦਣਾ ਹੈ ਉਹ ਆਦਤ ਮੁਤਾਬਕ ਹਿਸਾਬ ਲਗਾਉਂਦਾ ਸ਼ਸ਼ੋਪੰਜ ਵਿਚ ਪੈ ਜਾਂਦਾ ਹੈ। ਉਸ ਨੂੰ ਹੁਣ ਇਹ ਪਤਾ ਨਹੀਂ ਲਗਦਾ ਕਿ ਖਰੀਦੀ ਜਾਣ ਵਾਲੀ ਥਾਂ ਕਿੰਨੇ ਮਰਲੇ, ਕਿੰਨੇ ਕਨਾਲ ਜਾਂ ਫਿਰ ਕਿੰਨੇ ਏਕੜ ਹਨ?

ਫਿਰ ਇਹ ਖਰੀਦੋਫਰੋਖ਼ਤ ਕਰਨ ਲਗੇ ਮੈਨੂੰ ਟੈਲੀਫੂਨ 'ਤੇ ਪੁਛਣਗੇ, ''ਰਾਜ 4356 ਵਰਗ ਫੁੱਟ ਦਾ ਘਰ ਖਰੀਦਣ ਲੱਗੇ ਹਾਂ ਤੇ ਹਿਸਾਬ ਲਾ ਕੇ ਦੱਸੀ ਇਸਦੇ ਕਿੰਨੇ ਕੁ ਮਰਲੇ ਜਾਂ ਫਿਰ ਕਿੰਨੇ ਕੁ ਕਨਾਲ ਬਣਦੇ ਹਨ।''

ਕਿਉਂਕਿ ਅਮਰੀਕਾ ਸਰਕਾਰ ਤਾਂ ਜ਼ਿਆਦਾ ਕਰਕੇ ਆਪਣਾ ਸਾਰਾ ਕੰਮ ਵਰਗ ਫੁੱਟਾਂ ਜਾਂ ਫਿਰ ਵਰਗ ਗਜ਼ਾਂ ਨਾਲ ਹੀ ਸਾਰੀ ਜਾਂਦੀ ਹੈ। ਜਾਂ ਫਿਰ ਇਸ ਤੋਂ ਅਗੇ ਕਿਊਬਿਕ ਫੁੱਟਾਂ ਜਾਂ ਫਿਰ ਕਿਊਬਿਕ ਗਜ਼ ਤਕ ਚਲੀ ਜਾਂਦੀ ਹੈ। ਪ੍ਰੰਤੂ ਮੈਂ ਤੁਹਾਨੂੰ ਇਨ੍ਹਾਂ ਕਿਊਬਿਕਾਂ ਵਿਚ ਪਾ ਕੇ ਉਲਝਣਾਂ ਵਿਚ ਪਾਉਣਾ ਪਸੰਦ ਨਹੀਂ ਕਰਦਾ ਸੋ ਮੈਂ ਤੁਹਾਨੂੰ ਵਰਗ ਫੁੱਟ, ਵਰਗ ਗਜ਼, ਮਰਲੇ, ਕਨਾਲਾਂ ਤੇ ਏਕੜਾਂ ਤੱਕ ਹੀ ਸੀਮਤ ਰਖਣ ਦੀ ਕੋਸ਼ਿਸ਼ ਕਰਾਂਗਾ।

ਪੈਮਾਇਸ਼ਾਂ ਦੇ ਫਾਰਮੂਲਿਆਂ ਨਾਲੋਂ ਮੈਂ ਤੁਹਾਨੂੰ ਉਦਾਹਰਣਾਂ ਦੇ ਦੇ ਕੇ ਜਾਣਕਾਰੀ ਦੇਣ ਦੀ ਵਧ ਕੋਸ਼ਿਸ਼ ਕਰਾਂਗਾ। ਸਭ ਤੋਂ ਪਹਿਲਾਂ ਤਾਂ ਮੋਟੇ ਤੌਰ 'ਕੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਵਿਚ ਨੌ ਸਰਸਾਹੀਆਂ ਦਾ ਇਕ ਮਰਲਾ ਹੁੰਦਾ ਹੈ। ਇਸੇ ਤਰ੍ਹਾਂ ਵੀਹ ਮਰਲੇ ਦੀ ਇਕ ਕਨਾਲ ਬਣਦੀ ਹੈ। ਅੱਠ ਕਨਾਲਾਂ ਦਾ ਇਕ ਏਕੜ ਬਣਦਾ ਹੈ। ਤੁਹਾਡੀ ਜਾਣਕਾਰੀ ਲਈ ਆਪਣਾ ਪੰਜਾਬ ਵਾਲਾ ਏਕੜ ਤੇ ਇਥੋਂ ਦਾ ਅਮਰੀਕਾ ਵਾਲਾ ਏਕੜ ਐਨ ਸੋਲਾਂ ਆਨੇ ਬਰਾਬਰ ਹੈ।

ਹੁਣ ਆਉਂਦੇ ਹਾਂ ਸਭ ਤੋਂ ਪਹਿਲਾਂ ਆਪਣੇ ਪੰਜਾਬ ਵਾਲੇ ਏਕੜ ਵਲ। ਪੰਜਾਬ ਦਾ ਏਕੜ 220 ਫੁਟ ਲੰਬਾ ਤੇ 198 ਫੁਟ ਚੌੜਾ ਹੁੰਦਾ ਹੈ। ਜਾਂ ਕਹਿ ਸਕਦੇ ਹਾਂ 40 ਕਰਮਾਂ ਲੰਬਾ ਤੇ 36 ਕਰਮਾਂ ਚੌੜਾ। ਹੁਣ 220 ਫੁੱਟਾਂ ਨੂੰ 198 ਫੁੱਟਾਂ ਨਾਲ ਗੁਣਾਂ ਕਰਕੇ ਦੇਖ ਲਉ ਜਾਂ ਫਿਰ ਅਮਰੀਕਨ ਵਿਦਿਆਰਥੀਆਂ ਵਾਂਗ ਚੱਕੋ ਕੈਲਕੂਲੇਟਰ ਤੇ ਦੱਬੋ 220×198 ਤਾਂ ਘੜੇ ਦਾ ਘੜਿਆ 43560 ਜੁਆਬ ਆ ਜਾਵੇਗਾ।

ਇਹ 43560 ਵਰਗ ਫੁਟ ਹਨ। ਅਮਰੀਕਾ ਦਾ ਏਕੜ ਵੀ 43560 ਵਰਗ ਫੁੱਟਾਂ ਦਾ ਹੀ ਹੁੰਦਾ ਹੈ। ਹੇਠਾਂ ਆਪਣੇ ਏਕੜ ਤੇ ਅਮਰੀਕਨ ਏਕੜ ਸ਼ਕਲ ਰਾਹੀਂ ਫੁੱਟਾਂ ਤੇ ਕਰਮਾਂ ਵਿਚ ਲਕੀਰ ਕੇ ਸਪੱਸ਼ਟ ਕੀਤਾ ਜਾਂਦਾ ਹੈ। ਇਕ ਕਰਮ ਵਿਚ ਸਾਢੇ ਪੰਜ ਫੁੱਟ ਹੁੰਦੇ ਹਨ ਸੋ ਜੇ ਤੁਸੀਂ ਸਾਢੇ ਪੰਜ ਫੁੱਟਾਂ ਨੂੰ 40 ਕਰਮਾਂ ਨਾਲ ਗੁਣਾ ਕਰੋਗੇ ਤਾਂ ਉਤਰ ਆ ਜਾਵੇਗਾ 220 ਫੁੱਟ। ਇਸ ਤਰ੍ਹਾਂ ਹੁਣ ਜੇ ਤੁਸੀਂ ਸਾਡੇ ਪੰਜ ਫੁੱਟਾਂ ਨੂੰ 36 ਕਰਮਾਂ ਨਾਲ ਗੁਣਾਂ ਕਰੋਗੇ ਤਾਂ ਉਤਰ ਮਿਲ ਜਾਵੇਗਾ 198 ਫੁੱਟ। ਸੋ ਇਕ ਸਟੈਂਡਰਡ ਏਕੜ ਵਿਚ 43560 ਵਰਗ ਫੁੱਟ ਹੁੰਦੇ ਹਨ। ਹਾਂ, ਇਸ ਰਕਮ ਨੂੰ ਅਗਰ 9 ਦੇ ਹਿੰਦਸੇ ਨਾਲ ਤਕਸੀਮ ਕਰੀਏ ਤਾਂ ਉਤਰ ਮਿਲ ਜਾਵੇਗਾ 4840 ਵਰਗ ਗਜ਼। ਇਕ ਵਰਗ ਗਜ਼ ਵਿਚ ਕਿਉਂਕਿ 9 ਵਰਗ ਫੁੱਟ ਹੁੰਦੇ ਹਨ ਸੋ ਇਕ ਏਕੜ ਵਿਚ 4840 ਵਰਗ ਗਜ਼ ਵੀ ਹੋ ਸਕਦੇ ਹਨ।

ਤੁਹਾਨੂੰ ਇਹ ਵੀ ਗਿਆਨ ਹੋ ਗਿਆ ਹੈ ਕਿ ਆਪਣੀ ਤੇ ਇਥੋਂ ਦੀ ਮਿਣਤੀ ਦਾ ਆਪਸ ਵਿਚ ਰੱਤੀ ਭਰ ਵੀ ਫਰਕ ਨਹੀਂ ਹੈ ਭਾਵੇਂ ਹੋਰ ਕਈ ਚੀਜ਼ਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਹੁਣ ਏਕੜ ਤੋਂ ਬਾਅਦ ਆਪਾਂ ਆਉਂਦੇ ਹਾਂ ਕਨਾਲਾਂ ਵਲ। ਇਕ ਏਕੜ ਵਿਚ ਅੱਠ ਕਨਾਲ ਜਾਂ 160 ਮਰਲੇ ਜਾਂ ਫਿਰ ਜਿਵੇਂ ਮੈਂ ਤੁਹਾਨੂੰ ਪਹਿਲਾਂ ਗਿਆਨ ਕਰਵਾ ਚੁੱਕਾ ਹਾਂ 4840 ਵਰਗ ਗਜ਼ ਜਾਂ ਫਿਰ 43560 ਵਰਗ ਫੁਟ ਹੁੰਦੇ ਹਨ। ਪਰ ਤੁਸੀਂ ਆਪਣੀ ਪੰਜਾਬੀ ਆਦਤ ਮੁਤਾਬਕ ਇਥੋ ਦੇ ਅਮਰੀਕਨ ਫੁੱਟਾਂ ਦਾ ਟਾਕਰਾ ਆਪਣੇ ਪੰਜਾਬ ਦੇ ਮਰਲਿਆਂ ਜਾਂ ਫਿਰ ਕਨਾਲਾਂ ਨਾਲ ਜ਼ਰੂਰ ਕਰਨਾ ਹੁੰਦਾ ਹੈ। ਇਕ ਕਨਾਲ ਵਿਚ ਵੀਹ ਮਰਲੇ ਹੁੰਦੇ ਹਨ ਤੇ ਇਕ ਮਰਲੇ ਵਿਚ 272.25 ਵਰਗ ਫੁੱਟ ਹੁੰਦੇ ਹਨ। ਹੁਣ ਬਣੋ ਹਿਸਾਬਦਾਨ ਜਾਂ ਫਿਰ ਫੜੋ ਕੈਲਕੂਲੇਟਰ ਤੇ ਦੱਬੋ 272.25×20 ਕਿਉਂਕਿ ਵੀਹ ਮਰਲਿਆਂ ਦਾ ਇਕ ਕਨਾਲ ਹੁੰਦਾ

## ਪਤੇ ਦੀ ਗੱਲ

ਹੈ ਤੇ ਉਤਰ ਮਿਲੇਗਾ 5445 ਵਰਗ ਫੁੱਟ ਭਾਵ ਪੰਜਾਬ ਵਾਲਾ ਇਕ ਕਨਾਲ।

ਤੁਹਾਡੀ ਸੌਖ ਲਈ ਇਕ ਕਨਾਲ ਰਕਬੇ ਨੂੰ ਜਾਂ ਫਿਰ ਇਕ ਕਨਾਲ ਦੇ ਲਾਟ ਪਲਾਟ ਜਾਂ ਘਰ ਨੂੰ ਸ਼ਕਲ ਬਣਾ ਕੇ ਤੁਹਾਡਾ ਕੰਮ ਬਿਲਕੁਲ ਅਸਾਨ ਤੇ ਸਰਲ ਕਰ ਰਿਹਾ ਹਾਂ।

ਮੰਨ ਲਉ ਇਕ ਘਰ ਜਾਂ ਲਾਟ ਦਾ ਪੂਰਾ ਏਰੀਆ ਜਾਂ ਰਕਬਾ 121 ਫੁੱਟ ਲੰਬਾ ਤੇ 45 ਫੁੱਟ ਚੌੜਾ ਜਾਂ ਆਪਾਂ ਕਹਿ ਸਕਦੇ ਹਾਂ ਇਹ ਰਕਬਾ 121 ਫੁੱਟ ਡੂੰਘਾ ਹੈ ਤੇ 45 ਫੁੱਟ ਮੱਥਾ ਸੜਕ ਨੂੰ ਜਾਂ ਰਸਤੇ ਨੂੰ ਲਗਦਾ ਹੈ। ਇਹ ਰਕਬਾ ਸਾਡੇ ਪੰਜਾਬ ਦੇ ਇਕ ਕਨਾਲ ਜਾਂ 20 ਮਰਲਿਆਂ ਦੇ ਬਰਾਬਰ ਹੋਵੇਗਾ। ਹੁਣ 5445 ਵਰਗ ਫੁੱਟਾਂ ਨੂੰ 272.25 ਨਾਲ ਤਕਸੀਮ ਕਰਕੇ ਵੇਖ ਲਵੋ ਜਾਂ ਜਾਂਚ ਲਵੋ ਤਾਂ ਉਤਰ ਆਵੇਗਾ 20 ਭਾਵ 20 ਮਰਲੇ।

ਹੁਣ ਤੁਹਾਨੂੰ ਚੰਗੀ ਤਰ੍ਹਾਂ ਗਿਆਨ ਹੋ ਗਿਆ ਹੈ ਕਿ ਇਕ ਮਰਲੇ ਵਿਚ 272.25 ਵਰਗ ਫੁੱਟ ਜਾਂ ਫਿਰ ਇਕ ਮਰਲੇ ਵਿਚ 30.25 ਵਰਗ ਗਜ਼ ਹੁੰਦੇ ਹਨ। ਹਾਂ ਇਕ ਗੱਲ ਹੋਰ ਹਮੇਸ਼ਾ ਯਾਦ ਰਖਿਓ ਜੇ ਆਪਾਂ ਸਾਧਾਰਨ ਫੁੱਟਾਂ ਦੇ ਗਜ਼ ਬਣਾਉਣੇ ਹਨ ਤਾਂ ਹਮੇਸ਼ਾ ਤਿੰਨ ਤੇ ਤਕਸੀਮ ਦਿਉ। ਮੰਨ ਲਉ ਆਪਾਂ 549 ਸਾਧਾਰਨ ਫੁੱਟਾਂ ਦੇ ਗਜ਼ ਬਣਾਉਣੇ ਹਨ ਤਾਂ ਇਸ 549 ਦੇ ਅੰਕ ਨੂੰ ਸਿਰਫ ਤਿੰਨ ਦੇ ਅੰਕ ਨਾਲ ਭਾਗ ਕਰਕੇ 183 ਗਜ਼ ਉਤਰ ਪ੍ਰਾਪਤ ਕਰ ਲਵਾਂਗੇ। ਪਰ ਆਪਾਂ ਨੂੰ ਜੇ ਕਿਧਰੇ 549 ਫੁੱਟਾਂ ਦੇ ਵਰਗ ਗਜ਼ ਬਣਾਉਣੇ ਪੈ ਜਾਣ ਤਾਂ ਆਪਾਂ ਤਿੰਨ ਦੀ ਬਜਾਏ 9 ਦੇ ਅੰਕ ਨਾਲ ਤਕਸੀਮ ਕਰਕੇ 61 ਵਰਗ ਗਜ਼ ਉੱਤਰ ਆਸਾਨੀ ਨਾਲ ਪ੍ਰਾਪਤ ਕਰ ਲਵਾਂਗੇ ਕਿਉਂਕਿ ਆਪਾਂ ਨੂੰ ਪਹਿਲਾਂ ਦੀ ਗਿਆਨ ਹੋ ਚੁੱਕਾ ਹੈ ਕਿ 9 ਵਰਗਫੁੱਟ ਦਾ ਇਕ ਵਰਗ ਗਜ਼ ਹੁੰਦਾ ਹੈ।

*(ਬਾਕੀ ਅਗਲੇ ਅੰਕ 'ਚ)*

# ਕਰੈਡਿਟ ਕਾਰਡ ਕਰਜ਼ਾ ਘਟਾਇਆ ਜਾ ਸਕਦਾ ਹੈ

**ਨਿਰਮਲ ਮਾਨ**

ਰਾਸ਼ਟਰਪਤੀ ਓਬਾਮਾ ਨੇ ਅੰਕੜੇ ਦੇਖੇ ਹਨ ਕਿ ਦਾਇਰ ਕੀਤੇ ਗਏ ਬੈਂਕਰਪਸੀ ਕੇਸਾਂ ਵਿਚੋਂ 90% ਸਿਰ ਚੜ੍ਹੇ ਕਰੈਡਿਟ ਕਾਰਡਾਂ ਦੇ ਬੇਹਿਸਾਬ ਕਰਜ਼ਿਆਂ ਦਾ ਨਤੀਜਾ ਹਨ। ਸਰਕਾਰ ਦੇ ਇਹ ਵੀ ਧਿਆਨ ਵਿਚ ਆਇਆ ਹੈ ਕਿ ਕਰੈਡਿਟ ਕਾਰਡ ਕੰਪਨੀਆਂ ਨੇ ਪਿਛਲੇ ਸਾਲ ਕਰੈਡਿਟ ਕਾਰਡ ਹੋਲਡਰਾਂ ਨੂੰ ਲਾਏ ਵਿਆਜ ਤੋਂ 17 ਬਿਲੀਅਨ ਡਾਲਰ ਕਮਾਏ ਹਨ। ਇਸ ਸਾਰੇ ਕੁਝ ਨੂੰ ਤੱਕ ਕੇ ਰਾਸ਼ਟਰਪਤੀ ਓਬਾਮਾ ਨੇ ਆਖਿਆ ਹੈ, 'ਬੱਸ ਹੋਰ ਨਹੀਂ।'

ਕਰੈਡਿਟ ਕਾਰਡ ਕੰਪਨੀਆਂ ਉੱਤੇ ਸ਼ਿਕੰਜਾ ਕੱਸਣ ਲਈ ਨਵੇਂ ਕਾਇਦੇ-ਕਾਨੂੰਨ ਬਣਾਏ ਜਾ ਰਹੇ ਹਨ। ਇਨ੍ਹਾਂ ਕਾਇਦੇ-ਕਾਨੂੰਨਾਂ ਵਿਚ ਲਏ ਜਾਣ ਵਾਲੇ ਵਿਆਜ ਦੀ ਦਰ ਦੀ ਹੱਦ ਮਿਥੀ ਜਾਏਗੀ ਅਤੇ ਉਸ ਛੁਪੀ ਹੋਈ ਫੀਸ ਨੂੰ ਵੀ ਰੋਕਿਆ ਜਾਏਗਾ ਜਿਹੜੀ ਅਕਸਰ ਕਰੈਡਿਟ ਕਾਰਡ ਕੰਪਨੀਆਂ ਕਰੈਡਿਟ ਕਾਰਡ ਹੋਲਡਰਾਂ ਤੋਂ ਵਸੂਲ ਕਰਦੀਆਂ ਹਨ। ਕਰੈਡਿਟ ਕਾਰਡ ਕੰਪਨੀਆਂ ਨੂੰ ਵੱਡਾ ਝੰਜੋੜਾ ਮਿਲਣ ਵਾਲਾ ਹੈ।

ਸਾਨੂੰ ਬਣਦੀ ਮਦਦ ਦੇਣ ਲਈ ਸਰਕਾਰ ਨੇ ਪਹਿਲਾਂ ਹੀ ਖਪਤਕਾਰ ਰੱਖਿਆ ਕਾਨੂੰਨਾਂ ਵਿਚ ਸੋਧ ਕਰ ਦਿੱਤੀ ਹੋਈ ਹੈ। ਹੁਣ ਤੁਸੀਂ ਬੈਂਕਰਪਸੀ ਦਾਇਰ ਕੀਤੇ ਬਿਨਾ ਹੀ ਆਪਣਾ ਕਰਜ਼ਾ ਘਟਾ ਕੇ ਅੱਧ 'ਤੇ ਲਿਆ ਸਕਦੇ ਹੋ। ਤੁਹਾਨੂੰ ਸਿਰਫ ਆਪਣੇ ਕਰੈਡਿਟ ਕਾਰਡਾਂ ਦੇ ਕਰਜ਼ੇ ਨੂੰ ਨਿਪਟਾਉਣ ਲਈ ਹੀ ਆਪਣਾ ਵਿਤੀ ਭਵਿੱਖ ਕੁਰਬਾਨ ਕਰਨ ਦੀ ਲੋੜ ਨਹੀਂ।

ਹੁਣ ਸਾਡੇ ਪਾਸ ਅਜਿਹੇ ਰਾਹ ਮੌਜੂਦ ਹਨ ਜਿਨ੍ਹਾਂ ਨਾਲ ਅਸੀਂ ਆਪਣਾ ਕਰੈਡਿਟ ਕਾਰਡਾਂ ਦਾ ਕਰਜ਼ਾ 50% ਤੱਕ ਘਟਾ ਸਕਦੇ ਹਾਂ। ਇਸ ਨਾਲ ਸੱਚਮੁੱਚ ਵਿਚ ਜ਼ਿੰਦਗੀ ਬਦਲ ਸਕਦੀ ਹੈ। ਇਸ ਨਾਲ ਲੋਕਾਂ ਨੂੰ ਮਾਲੀ ਸੁਰੱਖਿਆ ਦੇ ਰਾਹ ਨਵੇਂ ਸਿਰਿਓਂ ਪੈਣ ਦਾ ਮੌਕਾ ਮਿਲ ਸਕਦਾ ਹੈ। ਇਸ ਤਰੀਕੇ ਨਾਲ ਲੋਕ ਆਪਣਾ ਪੈਸਾ ਆਪਣੇ ਖਾਤਿਆਂ ਵਿਚ ਪਾ ਸਕਦੇ ਹਨ, ਜੋ ਕਿ ਵੈਸੇ ਕਰੈਡਿਟ ਕਾਰਡ ਕੰਪਨੀਆਂ ਨੂੰ ਜਾਣਾ ਸੀ। ਸਾਨੂੰ ਇਸ ਰਾਹ ਦੀ ਇੰਨੀ ਲੋੜ ਪਹਿਲਾਂ ਕਦੇ ਨਹੀਂ ਸੀ ਜਿੰਨੀ ਕਿ ਇਸ ਸਮੇਂ ਹੈ।

ਇਹ ਜਾਣਕਾਰੀ ਹਰ ਕਿਸੇ ਲਈ ਮੁਫਤ ਉਪਲਬਧ ਹੈ। ਤੁਸੀਂ ਇਹ ਪਤਾ ਲਾ ਸਕਦੇ ਹੋ ਕਿ ਤੁਹਾਡੇ ਕਰੈਡਿਟ ਕਾਰਡਾਂ ਦਾ ਕਿੰਨਾ ਕਰਜ਼ਾ ਬੜੀ ਤੇਜੀ ਨਾਲ ਅਤੇ ਬੜਾ ਸੌਖਿਆਂ ਹੀ ਖਤਮ ਕੀਤਾ ਜਾ ਸਕਦਾ ਹੈ। ਸਰਕਾਰ ਬਹੁਤ ਕੁਝ ਕਹਿ ਚੁਕੀ ਹੈ। ਹੁਣ ਸਾਡੀ ਵਾਰੀ ਹੈ। ਜਿੰਨਾ ਤੁਹਾਨੂੰ ਦੇਣਾ ਹੀ ਪੈਣਾ ਹੈ, ਉਸ ਤੋਂ ਇਕ ਧੇਲਾ ਵੀ ਵੱਧ ਨਾ ਦਿਓ।

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**
**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**
**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**
**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
**Global Multi Services**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

*Rajinder Singh*
Insurance Lic No. 0G73739
Financing Available For Buying Trucks
**Cell:(510) 557-6988, Ph:209-982-9996**

## ਦੁਖਦੀ ਰਗ

# ਇਹ ਕੇਹੀ ਜੰਗ ਹੋਵੇਗੀ, ਜੋ ਆਪਣਿਆਂ ਦੇ ਹੀ ਸੰਗ ਹੋਵੇਗੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਅੱਜ ਕੱਲ੍ਹ ਭਾਰਤ ਦੇ ਸਿਆਸੀ ਗਲਿਆਰਿਆਂ, ਮੀਡੀਆ ਤੇ ਖਾਸ ਕਰਕੇ ਖ਼ਬਰੀ ਚੈਨਲਾਂ ਦੀਆਂ ਬਹਿਸਾਂ ਅਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਭਾਰਤੀ ਕਾਰਕੁਨਾਂ 'ਚ ਜਿਸ ਇਕ ਮੁੱਦੇ ਦੀ ਚਰਚਾ ਹੈ ਉਹ ਹੈ ਮਾਓਵਾਦ, ਮਾਓਵਾਦੀਆਂ ਵਲੋਂ ਕੀਤੀ ਜਾ ਰਹੀ ਹਿੰਸਾ ਅਤੇ ਇਸ ਨਾਲ ਨਜਿੱਠਣ ਲਈ ਸਰਕਾਰ ਵਲੋਂ ਕੀਤੀ ਜਾ ਰਹੀ ਤਿਆਰੀ, ਜਿਸ ਨੂੰ ਸਰਕਾਰ ਨੇ 'ਉਪਰੇਸ਼ਨ ਗਰੀਨ ਹਾਂਟ' ਦਾ ਨਾਂ ਦਿੱਤਾ ਹੈ। ਉਪਰੋਕਤ ਮਾਹੌਲ 'ਚੋਂ ਇਕ ਗੱਲ ਸਾਫ ਹੈ ਕਿ ਆਉਣ ਵਾਲੇ ਕੁਝ ਮਹੀਨਿਆਂ 'ਚ ਸਰਕਾਰੀ ਸੁਰੱਖਿਆ ਫੋਰਸਾਂ ਅਤੇ ਮਾਓਵਾਦੀਆਂ ਵਿਚਾਲੇ ਗਹਿਗੱਚ ਜੰਗ ਹੋਣੀ ਲਗਭਗ ਤੈਅ ਹੈ ਅਤੇ ਛੱਤੀਸਗੜ੍ਹ, ਆਂਧਰਾ, ਉੜੀਸਾ, ਝਾਰਖੰਡ ਅਤੇ ਪੱਛਮੀ ਬੰਗਾਲ ਦੇ ਜੰਗਲੀ ਇਲਾਕੇ ਇਸ ਜੰਗ ਦਾ ਮੈਦਾਨ ਹੋਣਗੇ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਸਖ਼ਤ ਬਿਆਨਾਂ ਤੋਂ ਵੀ ਉਪਰੋਕਤ ਤੱਥਾਂ ਦੀ ਪੁਸ਼ਟੀ ਹੋਈ ਹੈ। ਦੂਜੇ ਪਾਸੇ ਸਰਕਾਰ ਨੂੰ ਮਾਓਵਾਦੀਆਂ ਦੀ ਵਧੀ ਹੋਈ ਸ਼ਕਤੀ ਦਾ ਵੀ ਅਹਿਸਾਸ ਹੈ। ਸੁਰੱਖਿਆ ਅਧਿਕਾਰੀਆਂ ਦੀ ਮੀਟਿੰਗ 'ਚ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਮਾਓਵਾਦੀ ਕਾਫੀ ਤਾਕਤਵਰ ਹੁੰਦੇ ਜਾ ਰਹੇ ਹਨ ਅਤੇ ਨਵੇਂ ਨਵੇਂ ਦਾਅ ਪੇਚ ਲਾਗੂ ਕਰ ਰਹੇ ਹਨ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਮਾਓਵਾਦੀ ਅੱਜ ਬੜੇ ਸੁਧਰੇ ਅਤੇ ਮੰਝੇ ਹੋਏ ਹਥਿਆਰਾਂ ਅਤੇ ਫੌਜੀ ਦਾਅ-ਪੇਚਾਂ ਨਾਲ ਲੈਸ ਹਨ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੇ ਕੁਲ 600 ਜ਼ਿਲ੍ਹਿਆਂ 'ਚੋਂ 223 ਜ਼ਿਲ੍ਹਿਆਂ 'ਚ ਮਾਓਵਾਦੀਆਂ ਦਾ ਪ੍ਰਭਾਵ ਹੈ। ਉਨ੍ਹਾਂ ਕੋਲ 20,000 ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਦੇ ਲੜਾਕੇ ਹਨ ਜੋ ਨਵੀਨਤਮ ਹਥਿਆਰਾਂ ਅਤੇ ਟਰੇਨਿੰਗ ਨਾਲ ਲੈਸ ਹਨ। ਇਹ ਸਭ ਕੁਝ ਜਾਣਦਿਆਂ ਹੀ ਸਰਕਾਰ ਨੇ ਮਾਓਵਾਦੀਆਂ ਨੂੰ ਹਥਿਆਰ ਸੁੱਟ ਕੇ ਗੱਲਬਾਤ ਦੀ ਮੇਜ਼ 'ਤੇ ਆਉਣ ਦੀ ਪੇਸ਼ਕਸ਼ ਕੀਤੀ ਸੀ ਜੋ ਉਨ੍ਹਾਂ ਮੁੱਢੋਂ-ਸੁੱਢੋਂ ਹੀ ਰੱਦ ਕਰ ਦਿੱਤੀ ਹੈ ਅਤੇ ਗੱਲਬਾਤ ਲਈ ਆਪਣੀ ਸ਼ਰਤ ਰੱਖ ਦਿੱਤੀ ਹੈ ਕਿ ਪਹਿਲਾਂ ਸਰਕਾਰ ਉਨ੍ਹਾਂ ਦੇ ਪ੍ਰਭਾਵ ਵਾਲੇ ਇਲਾਕਿਆਂ 'ਚੋਂ ਸੁਰਖਿਆ ਫੋਰਸ ਵਾਪਸ ਬੁਲਾਵੇ ਅਤੇ ਕਬਾਇਲੀ ਤੇ ਆਦਿਵਾਸੀ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰੇ, ਜੋ ਸਰਕਾਰ ਨੇ ਮਨਜ਼ੂਰ ਕਰ ਸਕਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਸੋ ਟਕਰਾ ਟਲਦਾ ਨਹੀਂ ਲਗਦਾ।

ਭਾਰਤ ਸਰਕਾਰ ਦੇ ਹੌਂਸਲੇ ਇਸ ਲਈ ਵੀ ਬੁਲੰਦ ਹਨ ਕਿ ਪਿਛਲੇ ਸਮੇਂ ਸਰਕਾਰੀ ਏਜੰਸੀਆਂ ਨੂੰ ਮਾਓਵਾਦੀਆਂ ਖਿਲਾਫ ਕੁਝ ਵੱਡੀਆਂ ਸਫਲਤਾਵਾਂ ਮਿਲੀਆਂ ਹਨ। ਪੋਲਿਟ ਬਿਊਰੋ ਦੇ ਸਭ ਤੋਂ ਅਹਿਮ ਮੈਂਬਰ ਅਤੇ ਸਿਧਾਂਤਘਾੜੇ ਕੋਬਾਦ ਗਾਂਧੀ, ਅਮਿਤਾਭ ਬਾਗਚੀ, ਛੱਤੀਸਗੜ੍ਹ ਅਤੇ ਬਿਹਾਰ ਏਰੀਆ ਦਾ ਇੰਚਾਰਜ ਅਸ਼ੋਕ ਸ਼ਰਮਾ ਅਤੇ ਔਰਤਾਂ ਦੇ ਵਿੰਗ ਦੀ ਇੰਚਾਰਜ ਉਸਦੀ ਪਤਨੀ ਅਨੁਰਾਧਾ ਉਰਫ ਰਜਿਥਾ ਅਤੇ ਪੀ. ਸੀ. ਪੀ. ਏ. ਦੇ ਨੇਤਾ ਛਤਰਾਧਰ ਮਹਾਤੋ ਸਰਕਾਰ ਦੇ ਹੱਥ ਆ ਗਏ ਹਨ ਜਿਸਨੂੰ ਸਰਕਾਰੀ ਏਜੰਸੀਆਂ ਵੱਡੀ ਕਾਮਯਾਬੀ ਮੰਨਦੀਆਂ ਹਨ। ਦੂਜੇ ਪਾਸੇ ਇਨ੍ਹਾਂ ਗ੍ਰਿਫਤਾਰੀਆਂ ਤੋਂ ਬਾਅਦ ਮਾਓਵਾਦੀਆਂ ਨੇ ਹਮਲੇ ਤੇਜ਼ ਕਰ ਦਿੱਤੇ ਹਨ। ਸਰਕਾਰ ਨੂੰ ਇਹ ਸੰਕੇਤ ਦੇਣ ਲਈ ਕਿ ਇਨ੍ਹਾਂ ਵੱਡੇ ਨੇਤਾਵਾਂ ਦੇ ਗ੍ਰਿਫਤਾਰ ਹੋ ਜਾਣ ਨਾਲ ਉਹ ਰਤਾ ਵੀ ਕਮਜ਼ੋਰ ਨਹੀਂ ਹੋਏ। ਮਹਾਰਾਸ਼ਟਰ 'ਚ 20 ਸੁਰਖਿਆ ਕਰਮੀਆਂ ਦਾ ਕਤਲ, ਐਕਸਪ੍ਰੈਸ ਰੇਲ ਗੱਡੀ ਨੂੰ ਸੱਤ ਘੰਟੇ ਅਗਵਾ ਕਰੀ ਰੱਖਣਾ ਤੇ ਹੋਰ ਪੁਲਿਸ ਕਰਮੀਆਂ ਅਤੇ ਸੀ.ਪੀ.ਐਮ. ਕਾਰਕੁਨਾਂ ਦੇ ਕਤਲ ਅਤੇ ਅਗਵਾ ਇਸੇ ਲੜੀ ਦਾ ਹਿੱਸਾ ਹਨ। ਉਪਰੋਕਤ ਕਾਰਨਾਂ ਕਰਕੇ ਸਰਕਾਰ ਮਾਓਵਾਦੀਆਂ ਖਿਲਾਫ ਓਪਰੇਸ਼ਨ ਦੀ ਅੰਦਰਖਾਤੇ ਪੂਰੀ ਤਿਆਰੀ ਕਰ ਰਹੀ ਹੈ। ਜੰਗਲਾਂ 'ਚ ਉਨ੍ਹਾਂ ਸਥਾਨਾਂ ਵਲ ਨੂੰ ਸੜਕਾਂ ਤੇ ਪੁਲ ਬਣਵਾ ਰਹੀ ਹੈ ਜਿਥੇ ਸੁਰੱਖਿਆ ਬਲਾਂ ਦੀ ਆਵਾਜਾਈ ਨੂੰ ਮੁਸ਼ਕਲ ਆਉਣ ਦੀ ਸੰਭਾਵਨਾ ਹੈ। ਸਰਕਾਰੀ ਸੁਰੱਖਿਆ ਬਲਾਂ ਨੂੰ ਜੰਗਲਾਂ 'ਚ ਲੜਨ ਅਤੇ ਮਾਓਵਾਦੀ ਗੁਰੀਲਿਆਂ ਨਾਲ ਮੜਿਕਣ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਮਾਓਵਾਦ ਤੋਂ ਪ੍ਰਭਾਵਤ 223 ਜ਼ਿਲ੍ਹਿਆਂ 'ਚੋਂ 40 ਖਾਸ ਤੌਰ 'ਤੇ ਪ੍ਰਭਾਵਤ ਜ਼ਿਲ੍ਹਿਆਂ ਦੀ ਪਹਿਚਾਣ ਕੀਤੀ ਗਈ ਹੈ ਤੇ ਅੱਗੇ ਇਨ੍ਹਾਂ 40 ਜ਼ਿਲ੍ਹਿਆਂ 'ਚੋਂ 11 ਬਹੁਤ ਹੀ ਸੰਵੇਦਨਸ਼ੀਲ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਸ ਲਈ 70 ਵਾਧੂ ਬਟਾਲੀਅਨਾਂ ਤਾਇਨਾਤ ਕੀਤੀਆਂ ਗਈਆਂ ਹਨ।

ਭਾਵੇਂ ਸਰਕਾਰ ਨੇ ਕਿਹਾ ਹੈ ਕਿ ਇਸ ਅਪ੍ਰੇਸ਼ਨ ਗਰੀਨ ਹਾਂਟ ਰਾਹੀਂ ਉਸਦਾ ਫੌਜ ਜਾਂ ਏਅਰਫੋਰਸ ਵਰਤਣ ਦਾ ਕੋਈ ਇਰਾਦਾ ਨਹੀਂ ਹੈ, ਪਰ ਉਸਨੇ ਇਸ ਵਿਕਲਪ ਨੂੰ ਪੂਰੀ ਤਰ੍ਹਾਂ ਠੰਡੇ ਬਸਤੇ 'ਚ ਵੀ ਨਹੀਂ ਪਾਇਆ ਹੈ।

ਦੂਜੇ ਪਾਸੇ ਸਰਕਾਰ ਵਲੋਂ ਤਿਆਰ ਕੀਤੀ ਗਈ ਸਿਵਲੀਅਨ ਫੋਰਸ ਸਲਵਾ ਜੂਡਮ ਨੂੰ ਖਦੇੜਨ ਪਿਛੋਂ ਅਤੇ ਕਬਾਈਲੀਆਂ ਅਤੇ ਆਦਿਵਾਸੀਆਂ 'ਚ ਕਾਫੀ ਆਧਾਰ ਵਧਣ ਕਾਰਨ ਮਾਓਵਾਦੀਆਂ ਨੂੰ ਇਸ ਜੰਗ 'ਚ ਆਪਣਾ ਕੁਝ ਵੀ ਗਵਾਚਦਾ ਨਹੀਂ ਲਗਦਾ। ਇਸ ਆਉਣ ਵਾਲੀ ਜੰਗ ਸਬੰਧੀ ਮਾਓਵਾਦੀਆਂ ਦੀ ਨੀਤੀ ਦਾ ਉਨ੍ਹਾਂ ਵਲੋਂ ਕਾਡਰ ਨੂੰ ਜਾਰੀ ਕੀਤੇ ਗਏ ਇਕ 20 ਸਫਿਆਂ ਦੇ ਸਰਕੂਲਰ ਤੋਂ ਪਤਾ ਲੱਗਦਾ ਹੈ ਜੋ ਅੰਗਰੇਜ਼ੀ ਰਸਾਲੇ ਫਰੰਟਲਾਈਨ ਅਤੇ ਬੀ.ਬੀ.ਸੀ. ਨੇ ਵੀ ਨਸ਼ਰ ਕੀਤਾ ਹੈ ਤੇ ਸਰਕਾਰੀ ਸੂਤਰਾਂ ਅਨੁਸਾਰ ਇਹ ਸਰਕੂਲਰ ਮਾਓਵਾਦੀਆਂ ਦੇ ਥਿੰਕ ਟੈਂਕ ਕੋਬਾਦ ਗਾਂਧੀ ਦਾ ਡਰਾਫਟ ਕੀਤਾ ਹੋਇਆ ਹੈ, ਜਿਸ ਵਿਚ ਕਬਾਇਲੀ ਲੋਕਾਂ ਨੂੰ ਇਸ ਜੰਗ 'ਚ ਸਰਗਰਮ ਹਿੱਸਾ ਲੈਣ ਲਈ ਕਿਹਾ ਗਿਆ ਹੈ। ਮਾਓਵਾਦੀ ਗੁਰੀਲਿਆਂ ਨੂੰ ਕਿਹਾ ਗਿਆ ਹੈ ਕਿ ਉਹ ਕਬਾਇਲੀ ਅਤੇ ਆਦਿਵਾਸੀ ਜਨਤਾ ਨੂੰ ਦੱਸਣ ਕਿ ਕਿਵੇਂ ਸਰਕਾਰ ਉਨ੍ਹਾਂ ਨੂੰ ਜ਼ਲੀਲ ਕਰਨ, ਉਨ੍ਹਾਂ ਦੇ ਸਭਿਆਚਾਰ ਨੂੰ ਤਬਾਹ ਕਰਨ ਅਤੇ ਉਨ੍ਹਾਂ ਦੇ ਕੁਦਰਤੀ ਸਾਧਨਾਂ ਨੂੰ ਲੁੱਟਣ 'ਤੇ ਤੁਲੀ ਹੋਈ ਹੈ ਅਤੇ ਉਹ ਇਹ ਵੀ ਦੱਸਣ ਕਿ ਆਉਣ ਵਾਲੀ ਜੰਗ ਭਾਰਤੀ ਲੋਕਾਂ ਵਲੋਂ ਭ੍ਰਿਸ਼ਟ ਸਾਮਰਾਜੀ ਤਾਕਤਾਂ ਨਾਲ ਲੜੀਆਂ ਗਈਆਂ ਜੰਗਾਂ ਨਾਲੋਂ ਲੰਬੀ ਅਤੇ ਭਿਆਨਕ ਹੋਵੇਗੀ। ਲੋਕਾਂ ਨੂੰ ਸਟੇਟ ਦੇ ਸ਼ਕਤੀ-ਚਿੰਨ੍ਹਾਂ ਜਿਵੇਂ ਪੁਲਿਸ ਜਾਂ ਫੌਜ 'ਤੇ ਹਮਲੇ ਕਰਕੇ ਆਪਣੇ ਨਿਰਭੈ ਹੋਣ ਦਾ ਸਬੂਤ ਦੇਣ ਲਈ ਵੀ ਕਿਹਾ ਗਿਆ ਹੈ। ਗੁਰੀਲਿਆਂ ਤੇ ਲੋਕਾਂ ਨੂੰ ਜੰਗੀ ਦਾਅ-ਪੇਚ ਵਰਤਦੇ ਹੋਏ, ਆਪਣੀ ਸੂਝਬੂਝ ਤੋਂ ਕੰਮ ਲੈਂਦੇ ਹੋਏ ਅਤੇ ਹਾਰਾਂ ਤੇ ਗਲਤੀਆਂ ਤੋਂ ਸਬਕ ਸਿੱਖਦੇ ਹੋਏ ਅੱਗੇ ਵਧਣ ਤੇ ਜਿੱਤ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।



*ਇਕ ਮਾਓਵਾਦੀ ਟਰੇਨਿੰਗ ਲੈਂਦਾ ਹੋਇਆ*

ਦੋਹਾਂ ਧਿਰਾਂ ਦੀਆਂ ਉਪਰੋਕਤ ਪੁਜ਼ੀਸ਼ਨਾਂ ਤੋਂ ਟਕਰਾ ਦੇ ਟਲਣ ਦੇ ਮੌਕੇ ਦਿਖਾਈ ਨਹੀਂ ਦਿੰਦੇ, ਪਰ ਫਿਰ ਵੀ ਇਕ ਤੀਜੀ ਧਿਰ ਵੀ ਹੈ ਜੋ ਇਸ ਖ਼ੂਨੀ ਟਕਰਾ ਨੂੰ ਟਾਲਣ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਹਨ ਮਨੁੱਖਤਾ ਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਉੱਘੀਆਂ ਭਾਰਤੀ ਹਸਤੀਆਂ ਅਤੇ ਜਥੇਬੰਦੀਆਂ। ਇਨ੍ਹਾਂ ਲੋਕਾਂ ਦਾ ਵਿਚਾਰ ਹੈ ਕਿ ਭਾਰਤ 'ਚ ਮਾਓਵਾਦ ਜਾਂ ਨਕਸਲਵਾਦ ਦਾ ਮੁੱਖ ਕਾਰਨ ਹੈ ਕਿ ਪਿਛਲੇ 60 ਸਾਲਾ ਤੋਂ ਹਰ ਕਿਸਮ ਦੀ ਸਰਕਾਰ ਤੇ ਪਾਰਟੀ ਵਲੋਂ ਗਰੀਬ ਅਤੇ ਮਿਹਨਤੀ ਕਬਾਇਲੀਆਂ ਅਤੇ ਆਦਿਵਾਸੀਆਂ ਨੂੰ ਇਕ ਜ਼ਲਾਲਤ ਤੇ ਥੁੜਾਂ ਮਾਰੀ ਜ਼ਿੰਦਗੀ ਜੀਣ ਲਈ ਮਜਬੂਰ ਕਰੀ ਰੱਖਿਆ ਹੈ। ਹੁਣ ਜਦੋਂ ਹਿੰਸਾ ਰਾਹੀਂ ਉਨ੍ਹਾਂ ਨੂੰ ਉਹ ਸਭ ਕੁਝ ਮਿਲਣ ਦੀ ਆਸ ਹੈ ਜਿਸ ਤੋਂ ਸਰਕਾਰਾਂ ਨੇ ਉਨ੍ਹਾਂ ਨੰ 60 ਸਾਲ ਵਿਰਵਾ ਰੱਖਿਆ ਹੈ ਤਾਂ ਉਨ੍ਹਾਂ ਨੂੰ ਮਰਨਾ ਜਾਂ ਮਾਰਨਾ ਕਿਉਂ ਨਾ ਚੰਗਾ ਲੱਗੇ। ਭਾਰਤ ਦੀ ਮਸ਼ਹੂਰ ਮਨੁੱਖੀ ਅਧਿਕਾਰ ਕਾਰਕੁਨ ਬੇਲਾ ਭਾਟੀਆ ਬਿਹਾਰ ਦੇ ਇੱਕ ਬੰਦੂਕਧਾਰੀ ਮਜ਼ਦੂਰ ਨੂੰ ਮਿਲੀ ਤੇ ਇਸ ਤੋਂ ਨਕਸਲਵਾਦ ਦੇ ਅਰਥ ਪੁੱਛੇ। ਉਸਦਾ ਸੰਖੇਪ ਜਵਾਬ ਸੀ ਕਿ ਮੈਨੂੰ ਹੋਰ ਤਾਂ ਕੁਝ ਪਤਾ ਨਹੀਂ ਪਰ ਹੁਣ ਹਰ ਰੋਜ਼ ਤਿੰਨ ਕਿਲੋ ਅਨਾਜ ਜ਼ਰੂਰ ਮਿਲ ਜਾਂਦਾ ਹੈ।

ਮਨੁੱਖੀ ਅਧਿਕਾਰਾਂ ਲਈ ਸਰਗਰਮ ਅਤੇ ਮਸ਼ਹੂਰ ਗਾਂਧੀਵਾਦੀ ਰਿਆਸੂ ਕੁਮਾਰ ਅੱਜ ਕੱਲ ਮਾਓਵਾਦੀਆਂ ਦੇ ਗੜ੍ਹ ਦਾਤੇਵਾੜਾ 'ਚ ਵਿਚਰ ਰਿਹਾ ਹੈ ਜਿਥੋਂ ਸਰਕਾਰ ਦਾ ਆਪ੍ਰੇਸ਼ਨ ਗਰੀਨ ਹਾਂਟ ਸ਼ੁਰੂ ਕਰਨ ਦਾ ਇਰਾਦਾ ਹੈ। ਉਸਨੇ ਕਿਹਾ ਹੈ, "ਕੋਈ ਸ਼ੱਕ ਨਹੀਂ ਕਿ ਨਕਸਲਵਾਦ ਗੰਭੀਰ ਸਮੱਸਿਆ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਵਿਚਾਰੇ ਗਰੀਬ ਤੇ ਸਿੱਧੇ-ਸਾਦੇ ਕਬਾਇਲੀ ਕਿਉਂ ਅਜਿਹੀ ਰਾਜਨੀਤੀ ਵਲ ਆਕ੍ਰਸ਼ਤ ਹੋਏ ਹਨ ਜਿਸਦਾ ਅੰਤ ਸਿਰਫ ਮੌਤ ਹੈ। ਕਿਧਰੇ ਅਸੀਂ ਅਜਿਹਾ ਭਿਆਨਕ ਸਿਸਟਮ ਤਾਂ ਨਹੀਂ ਉਸਾਰ ਲਿਆ ਜੋ ਇਨ੍ਹਾਂ ਨੂੰ ਜ਼ਲਾਲਤ ਤੇ ਥੁੜਾਂ ਬਿਨਾ ਕੁਝ ਵੀ ਨਹੀਂ ਦਿੰਦਾ ਅਤੇ ਜਿਸ ਨਾਲੋਂ ਇਨ੍ਹਾਂ ਨੂੰ ਮੌਤ ਜ਼ਿਆਦਾ ਚੰਗੀ ਲਗਦੀ ਹੈ।

ਇਸੇ ਤਰ੍ਹਾਂ ਮਨੁੱਖੀ ਅਧਿਕਾਰਾਂ ਲਈ ਸਰਗਰਮ ਕਾਰਕੁਨ ਤੁਸ਼ਾ ਮਿੱਤਲ ਹੁਣੇ ਹੁਣੇ ਲਾਲਗੜ੍ਹ ਖੇਤਰ ਦਾ ਦੌਰਾ ਕਰਕੇ ਆਈ ਹੈ ਜਿਥੇ ਅੱਜ ਕਲ੍ਹ '14 ਕੰਧਾਰੀ ਔਰਤਾਂ' ਦੀ ਕਹਾਣੀ ਕਾਫੀ ਚਰਚਾ 'ਚ ਹੈ। ਬੰਗਾਲ ਦੇ ਟੀ.ਵੀ. ਚੈਨਲਾਂ ਅਤੇ ਉਥੋਂ ਦੇ ਅਖਬਾਰਾਂ 'ਚ ਇਸ ਦੀ ਖੂਬ ਚਰਚਾ ਹੈ। ਉਸਦੇ ਦੱਸਣ ਅਨੁਸਾਰ ਸੁਰੱਖਿਆ ਫੋਰਸ ਦੇ ਨਾਕੇ 'ਤੇ ਇਕ ਲਾਲੂ ਟੁੱਡੂ ਨਾਂ ਦੇ ਮੁੰਡੇ ਨੂੰ ਮਾਓਵਾਦੀਆਂ ਬਾਰੇ ਪੁੱਛਿਆ ਗਿਆ ਤਾਂ ਉਸਨੇ ਕੁਝ ਵੀ ਪਤਾ ਨਾ ਹੋਣ ਬਾਰੇ ਦੱਸਿਆ। ਇਸ 'ਤੇ ਸੁਰੱਖਿਆ ਕਰਮੀਆਂ ਨੇ ਉਸਨੂੰ ਕੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ। ਇਕ ਔਰਤ ਉਸ ਦੇ ਬਚਾਅ ਲਈ ਆਈ ਤਾਂ ਉਸਨੂੰ ਵੀ ਉਨ੍ਹਾਂ ਕੁੱਟਣਾ ਸ਼ੁਰੂ ਕਰ ਦਿੱਤਾ। ਆਦਮੀ ਬਾਹਰ ਕੰਮਾਂ ਤੇ ਗਏ ਹੋਣ ਕਰਕੇ ਉਨ੍ਹਾਂ ਦੇ ਬਚਾਅ ਲਈ ਕਾਫੀ ਔਰਤਾਂ ਇਕੱਠੀਆਂ ਹੋ ਕੇ ਪੁਲਿਸ ਵਾਲਿਆਂ ਨਾਲ ਉਲਝ ਪਈਆਂ। ਇਸ ਕੁੱਟ-ਮਾਰ ਤੇ ਹੱਥੋ ਪਾਈ ਤੋਂ ਬਾਅਦ ਪੁਲਿਸ 14 ਔਰਤਾਂ, ਜਿਨ੍ਹਾਂ 'ਚ ਇਕ 70 ਸਾਲਾ ਸੁਧਾ ਰਾਣੀ ਬਾਸਕੇ ਵੀ ਸੀ, ਨੂੰ ਗ੍ਰਿਫਤਾਰ ਕਰਕੇ ਲੈ ਗਈ ਅਤੇ ਹਥਿਆਰਬੰਦ ਬਗਾਵਤ ਦਾ ਕੇਸ ਦਰਜ਼ ਕਰਕੇ ਮਿਦਨਾਪੁਰ ਜੇਲ੍ਹ 'ਚ ਸੁੱਟ ਦਿੱਤਾ। ਹੇਠਲੀ ਅਦਾਲਤ 'ਚੋਂ ਜ਼ਮਾਨਤ ਦੀ ਅਰਜ਼ੀ ਖਾਰਜ ਹੋ ਗਈ। ਅਗਲੇ ਦਿਨ ਮਾਓਵਾਦੀਆਂ ਨੇ ਇਕ ਥਾਣੇ ਤੇ ਹਮਲਾ ਕਰਕੇ ਦੋ ਨੂੰ ਮਾਰ ਦਿੱਤਾ ਤੇ ਥਾਣੇ ਦੇ ਮੁੱਖੀ ਨੂੰ ਅਗਵਾ ਕਰਕੇ ਲੈ ਗਏ। ਉਸ ਤੋਂ ਅਗਲੇ ਦਿਨ 14 ਔਰਤਾਂ ਨੂੰ ਛੱਡ ਦਿੱਤਾ ਗਿਆ ਹੈ। ਰਾਜ ਸਰਕਾਰ ਕਹਿ ਰਹੀ ਹੈ ਕਿ ਕੇਂਦਰ ਨੇ ਛੁਡਵਾਇਆ ਹੈ ਤੇ ਕੇਂਦਰ ਕਹਿ ਰਿਹਾ ਹੈ ਕਿ ਰਾਜ ਸਰਕਾਰ ਨੇ ਕੰਧਾਰ ਵਾਂਗ ਕੋਈ ਸੌਦੇਬਾਜ਼ੀ ਕੀਤੀ ਹੈ। ਇਸ ਤਰ੍ਹਾਂ ਦੀ ਬੇਇਨਸਾਫੀ ਤੇ ਇਨਸਾਫ ਦਾ ਸਿਲਸਿਲਾ ਚਲਦਾ ਹੈ ਕਬਾਇਲੀ ਖੇਤਰਾਂ 'ਚ ਜਿਸ ਕਰਕੇ ਮਾਓਵਾਦੀ ਹਰਮਨ ਪਿਆਰੇ ਹੋ ਰਹੇ ਹਨ।

ਬੀ.ਬੀ.ਸੀ. ਦੇ ਬੰਗਾਲੀ ਪੱਤਰਕਾਰ ਸੁਵੋਜੀਤ ਬਾਗਚੀ ਨਾਲ ਕੋਬਾਦ ਗਾਂਧੀ ਦੀ ਇੰਟਰਵਿਊ ਤੋਂ ਵੀ ਇਹੋ ਪਤਾ ਲਗਦਾ ਹੈ ਕਿ ਮਾਓਵਾਦੀਆਂ ਨੇ ਕਬਾਇਲੀਆਂ ਦੇ ਦੁੱਖ ਹਰਨ ਦੀ ਕੋਸ਼ਿਸ਼ ਕੀਤੀ ਹੈ ਜਦੋਂਕਿ ਸਰਕਾਰ ਨੇ ਉਨ੍ਹਾਂ ਦੇ ਦੁੱਖਾਂ ਦੀ ਕਦੇ ਵੀ ਕੋਈ ਦਵਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਪਰੋਕਤ ਇੰਟਰਵਿਊ 'ਚ ਕੋਬਾਦ ਗਾਂਧੀ ਨੇ ਬਾਗਚੀ ਨੂੰ ਦੱਸਿਆ ਹੈ ਕਿ ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਸਿਹਤ ਬਾਰੇ ਜਾਗਰੂਕ ਕੀਤਾ ਹੈ, ਜਿਵੇਂ ਪਾਣੀ ਉਬਾਲ ਕੇ ਪੀਣਾ, ਖਾਣ ਪੀਣ ਤੋਂ ਪਹਿਲਾਂ ਹੱਥ ਮੂੰਹ ਚੰਗੀ ਤਰ੍ਹਾਂ ਧੋਣਾ ਆਦਿ। ਉਸ ਦੱਸਿਆ ਕਿ ਲਗਾਤਾਰ ਸਿਹਤ-ਸਮਝ ਦੀ ਵਰਤੋਂ ਨਾਲ ਜੰਗਲਾਂ 'ਚ ਮੌਤ ਦਰ 'ਚ 50% ਕਮੀ ਆਈ ਹੈ। ਉਨ੍ਹਾਂ ਵਿਦਿਅਕ ਮਾਹਿਰਾਂ ਦੀ ਸਹਾਇਤਾ ਨਾਲ ਅਜਿਹੇ ਕੋਰਸ ਤਿਆਰ ਕੀਤੇ ਹਨ ਕਿ ਕਬਾਇਲੀ ਬੱਚੇ ਲੋੜੀਂਦਾ ਲਿਖਣਾ, ਪੜ੍ਹਨਾ ਅਤੇ ਹਿਸਾਬ ਬੜਾ ਜਲਦੀ ਸਿੱਖ ਜਾਂਦੇ ਹਨ। ਉਹ ਇਹ ਵਿਦਿਆ ਮੋਬਾਈਲ ਸਕੂਲਾਂ ਰਾਹੀਂ ਦਿੰਦੇ ਹਨ। ਮਾਓਵਾਦੀਆਂ ਤੋਂ ਪਹਿਲਾਂ ਬੀੜੀ ਮਜ਼ਦੂਰਾਂ ਦੀ ਦਿਹਾੜੀ 10 ਰੁਪਏ ਪ੍ਰਤੀ ਦਿਨ ਹੁੰਦੀ ਸੀ ਪਰ ਉਨ੍ਹਾਂ ਪ੍ਰੋਟੈਸਟਾਂ ਤੇ ਗੱਲਬਾਤ ਰਾਹੀਂ ਇਹ ਰਕਮ 40-50 ਰੁਪਏ ਪ੍ਰਤੀ ਦਿਨ ਤਕ ਪਹੁੰਚਾ ਦਿੱਤੀ ਹੈ।

ਸੋ ਸਾਡੇ ਬੁੱਧੀਜੀਵੀਆਂ ਅਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਕਾਰਕੁਨਾਂ ਦੀ ਰਾਏ ਹੈ ਕਿ ਕਬਾਇਲੀਆਂ ਦੇ ਹਿੰਸਾ ਦੀ ਰਾਜਨੀਤੀ ਵਲ ਝੁਕਾਅ ਲਈ ਜ਼ਿੰਮੇਵਾਰ ਅਸਲ ਵਿਚ ਦੇਸ਼ ਦਾ ਰਾਜਪ੍ਰਬੰਧ ਹੀ ਹੈ। 3 ਨਵੰਬਰ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਖੁਦ ਵੀ ਇਹ ਗੱਲ ਮੰਨੀ ਹੈ। ਝਾਰਖੰਡ ਦੇ ਇਕ ਸਾਬਕਾ ਚੀਫ ਮਨਿਸਟਰ ਦੀ ਉਦਾਹਰਣ ਸਾਡੇ ਸਾਹਮਣੇ ਹੈ। ਝਾਰਖੰਡ ਦੇ 70% ਗਰੀਬ ਰੋਜ਼ 20 ਰੁਪਏ ਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ, ਪਰ ਉਸਨੇ 706 ਦਿਨਾਂ ਦੇ ਆਪਣੇ ਰਾਜਭਾਗ ਦੌਰਾਨ 4000 ਕਰੋੜ ਰੁਪਏ ਹੜੱਪ ਲਏ, ਭਾਵ ਉਹ 5 ਕਰੋੜ 66 ਲੱਖ ਰੁਪਏ ਹਰ ਰੋਜ਼ ਆਪਣੀ ਤਿਜ਼ੋਰੀ 'ਚ ਭਰਦਾ ਰਿਹਾ ਹੈ। ਇਹ ਨਹੀਂ ਹੈ ਕਿ ਕੇਂਦਰ ਸਰਕਾਰ ਨੂੰ ਕੁਝ ਪਤਾ ਨਹੀਂ ਹੈ। 2006 'ਚ ਭਾਰਤ ਦੇ ਯੋਜਨਾ ਕਮਿਸ਼ਨ ਨੇ ਮਾਹਰਾਂ ਦੀ ਇਕ ਅੱਠ ਮੈਂਬਰੀ ਕਮੇਟੀ ਬਣਾਈ ਸੀ ਜਿਸਨੇ ਕਬਾਇਲੀ ਇਲਾਕਿਆਂ 'ਚ ਨਕਸਲਵਾਦ ਬਾਰੇ ਰਿਪੋਰਟ ਦੇਣੀ ਸੀ। 2008 'ਚ ਪੇਸ਼ ਕੀਤੀ ਇਸ ਰਿਪੋਰਟ 'ਚ ਕਮੇਟੀ ਨੇ ਲਿਖਿਆ ਹੈ ਕਿ ਸਾਡੇ ਗਰੀਬ ਕਬਾਇਲੀ ਅਤੇ ਆਦਿਵਾਸੀ ਜ਼ਲਾਲਤ ਤੇ ਦੁਖਾਂ ਭਰੀ ਜ਼ਿੰਦਗੀ ਜੀਅ ਰਹੇ ਹਨ। ਹੁਣ ਉਹ ਇਕ ਅਜਿਹਾ ਸਮੁੰਦਰ ਬਣ ਗਏ ਹਨ ਜਿਸ 'ਚ ਨਕਸਲਵਾੜੀ ਅਰਾਮ ਨਾਲ ਤਾਰੀਆਂ ਲਾ ਸਕਦੇ ਹਨ। ਇਸੇ ਤਰ੍ਹਾਂ ਦੀ ਰਿਪੋਰਟ 1982 'ਚ ਪੇਸ਼ ਕੀਤੀ ਗਈ ਸੀ ਜਦੋਂ ਮਨਮੋਹਨ ਸਿੰਘ ਯੋਜਨਾ ਕਮਿਸ਼ਨ ਦੇ ਮੈਂਬਰ ਸਨ ਤੇ 2002 'ਚ ਪ੍ਰਣਬ ਮੁਖਰਜ਼ੀ ਨੇ ਵੀ ਲਗਭਗ ਇਸੇ ਤਰ੍ਹਾਂ ਦੇ ਨਤੀਜੇ ਪੇਸ਼ ਕੀਤੇ ਸਨ।

ਮਰਹੂਮ ਇੰਦਰਾ ਗਾਂਧੀ ਦੇ ਸਾਬਕਾ ਆਰਥਿਕ ਸਲਾਹਕਾਰ ਅਰਜੁਨ ਸੈਨ ਗੁਪਤਾ ਨੇ ਵੀ ਲਿਖਿਆ ਹੈ, "ਨਕਸਲਵਾਦ ਅਜਿਹੀ ਦਰਦ ਭਰੀ ਚੀਕ ਹੈ ਜਿਸਨੂੰ ਸੁਣਿਆ ਜਾਣਾ ਬਹੁਤ ਲਾਜ਼ਮੀ ਹੈ।" ਹਿੰਮਾਸੂ ਕੁਮਾਰ, ਬੇਲਾ ਭਾਟੀਆ, ਤੁਸ਼ਾ ਮਿੱਤਲ, ਗੌਤਮ, ਅਪਰਨਾ ਸੈਨ ਆਦਿ ਵਰਗੇ ਲੋਕ ਸਰਕਾਰ ਨੂੰ ਕਹਿ ਰਹੇ ਹਨ ਕਿ ਮਾਓਵਾਦ ਜਾਂ ਨਕਸਲਵਾਦ ਦਾ ਇਲਾਜ ਫੌਜ ਜਾਂ ਬਾਰੂਦ ਬਿਲਕੁਲ ਨਹੀਂ ਸਗੋਂ ਵਿਕਾਸ ਅਤੇ ਇਨਸਾਫ ਹੈ। ਫਿਰ ਵੀ ਜੇਕਰ ਇਹ ਜੰਗ ਨਹੀਂ ਟਲਦੀ ਤਾਂ ਮਸ਼ਹੂਰ ਮਨੁੱਖ-ਵਿਗਿਆਨੀ ਅਤੇ ਇਤਿਹਾਸਕਾਰ ਰਾਮਗੂਹਾ ਨੇ ਇਸਨੂੰ ਇਕ ਅਜਿਹੇ ਤਿੰਨ ਕਮਰਿਆਂ ਵਾਲੇ ਘਰ ਨਾਲ ਤਸ਼ਬੀਹ ਦਿੱਤੀ ਹੈ ਜਿਸਦੇ ਇਕ ਕਮਰੇ ਨੂੰ ਅੱਗ ਲੱਗੀ ਹੋਈ ਹੈ। ਤੁਸੀਂ ਉਸ ਅੱਗ ਨੂੰ ਬੁਝਾਉਣ ਦਾ ਕੋਈ ਹੀਲਾ ਕਰਨ ਦੀ ਬਜਾਏ ਦੂਜੇ ਕਮਰੇ ਨੂੰ ਵੀ ਅੱਗ ਲਾ ਦਿੰਦੇ ਹੋ ਤੇ ਫਿਰ ਅੱਗ ਦਾ ਬਹਾਨਾ ਬਣਾ ਕੇ ਸਾਰੇ ਮਕਾਨ ਨੂੰ ਬੁਲਡੋਜ਼ਰ ਨਾਲ ਢਾਹ ਦਿੰਦੇ ਹੋ।

## ਸੰਪਾਦਕ ਦੀ ਡਾਕ

# ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ ਹਰ ਵਰ੍ਹੇ ਯੂਬਾ ਸਿਟੀ ਵਿਚ ਬੜੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਰ੍ਹੇ ਵੀ ਪਹਿਲੀ ਨਵੰਬਰ ਨੂੰ ਗੁਰਗੱਦੀ ਦਿਵਸ ਮਨਾਇਆ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਇਸ ਲਈ ਪ੍ਰਸ਼ੰਸਾ ਦੀ ਪਾਤਰ ਹੈ। ਇਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਗੱਲ ਇਹ ਹੈ ਕਿ ਕਮੇਟੀ ਨੇ ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਮਰੀਕਾ ਵਿਚ ਸਭ ਤੋਂ ਪਹਿਲਾਂ ਮਨਾਉਣਾ ਆਰੰਭ ਕੀਤਾ। ਸਾਨੂੰ ਆਪਣੇ ਗੁਰੂਆਂ ਅਤੇ ਸ਼ਹੀਦਾਂ ਦੇ ਦਿਨ ਮਨਾਉਣੇ ਚਾਹੀਦੇ ਹਨ ਪਰ ਇਨ੍ਹਾਂ ਦਿਨਾਂ ਨੂੰ ਐਵੇਂ ਰਸਮੀ ਤੌਰ 'ਤੇ ਨਹੀਂ ਮਨਾਉਣਾ ਚਾਹੀਦਾ। ਸਗੋਂ ਗੁਰੂਆਂ ਅਤੇ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ ਹੈ। ਗੁਰੂ ਸਾਹਿਬ ਨੇ ਸਾਨੂੰ ਇਕ ਮਹਾਨ ਧਾਰਮਿਕ ਗ੍ਰੰਥ ਦਿੱਤਾ। ਇਸਦੇ ਨਾਲ ਹੀ ਇਕ ਵਿਚਾਰਧਾਰਾ ਅਤੇ ਜੀਵਨ ਜਾਚ ਵੀ ਬਖਸ਼ੀ। ਗੁਰੂ ਸਾਹਿਬ ਨੇ ਸਾਨੂੰ ਚੰਗੇ ਇਨਸਾਨ ਬਣਨ, ਪਰਮਾਤਮਾ ਦਾ ਨਾਮ ਜਪਣ ਅਤੇ ਰੱਬ ਦੀ ਪ੍ਰਾਪਤੀ ਕਰਨ ਦਾ ਰਾਹ ਵੀ ਦਸਿਆ। ਅਜਿਹੇ ਸਮਾਜ ਦੀ ਸਿਰਜਣਾ ਦਾ ਰਾਹ ਵੀ ਦਸਿਆ, ਜਿਸ ਵਿਚ ਬਰਾਬਰੀ, ਸਾਂਝੀਵਾਲਤਾ, ਹੱਕ-ਸੱਚ, ਇਨਸਾਫ ਹਰ ਇਕ ਨੂੰ ਮਿਲੇ। ਹਰ ਇਨਸਾਨ ਨੂੰ ਕੁੱਲੀ, ਗੁੱਲੀ ਅਤੇ ਜੁੱਲੀ ਪ੍ਰਾਪਤ ਹੋਵੇ। ਕਿਰਤ ਕਰਨ ਵੰਡ ਛਕਣ ਦਾ ਉਪਦੇਸ਼ ਦਿੱਤਾ। ਮਨੁੱਖ ਨੂੰ ਹੰਕਾਰ ਦਾ ਤਿਆਗ ਕਰਨ ਦਾ ਸੁਨੇਹਾ ਵੀ ਗੁਰੂ ਸਾਹਿਬ ਨੇ ਦਿੱਤਾ। ਗੁਰੂ ਸਾਹਿਬ ਨੇ ਸਾਨੂੰ ਨਿਮਰਤਾ, ਸਹਿਣਸ਼ੀਲਤਾ, ਹਮਦਰਦੀ, ਦਯਾ, ਅਦਬ, ਪਿਆਰ ਸਤਿਕਾਰ ਤੇ



ਧਰਮੀ ਬਣਨ ਦੀ ਸਿੱਖਿਆ ਦਿੱਤੀ। ਪਰ ਸੁਆਲ ਉੱਠਦਾ ਹੈ ਕਿ ਕੀ ਅਸੀਂ ਦਿੱਤੀ ਹੋਈ ਸਿੱਖਿਆ 'ਤੇ ਅਮਲ ਕਰ ਰਹੇ ਹਾਂ? ਕੀ ਹੁਣ ਦਾ ਸਮਾਜ ਗੁਰੂ ਸਾਹਿਬਾਨ ਦੇ ਸੁਪਨੇ ਵਾਲਾ ਸਮਾਜ ਹੈ? ਕੀ ਅਸੀਂ ਗੁਰੂਆਂ ਦੇ ਦੱਸੇ ਹੋਏ ਮਾਰਗ ਉਤੇ ਤੁਰਨ ਦਾ ਯਤਨ ਕਰ ਰਹੇ ਹਾਂ? ਗੁਰੂ ਘਰਾਂ ਵਿਚ ਪਦਵੀਆਂ ਦੀ ਪ੍ਰਾਪਤੀ ਲਈ ਅਦਾਲਤਾਂ ਵਿਚ ਕੇਸ ਚਲਦੇ ਹਨ, ਕੀ ਇਹ ਗੁਰਮਤਿ ਹੈ? ਕੀ ਇਹ ਸਮਾਜ ਸੇਵਾ ਹੈ? ਜਦ ਤਕ ਗੁਰੂਆਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਨਹੀਂ ਸੰਵਾਰਦੇ ਉਸ ਸਮੇਂ ਤੱਕ ਚੰਗੇ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ। ਸਮਾਜ ਵਿਚ ਸ਼ਾਂਤੀ, ਖੁਸ਼ਹਾਲੀ ਨਹੀਂ ਆ ਸਕਦੀ।

ਗੁਰਪੁਰਬ ਸਮਾਗਮਾਂ ਵਿਚ ਕੀਰਤਨੀ ਜਥੇ ਬਹੁਤ ਹੁੰਦੇ ਹਨ ਪਰ ਕਥਾਵਾਚਕ ਅਤੇ ਢਾਡੀ ਜਥਿਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਇਨ੍ਹਾਂ ਸਮਾਗਮਾਂ ਵਿਚ ਢਾਡੀ ਜਥਿਆਂ ਨੂੰ ਸੱਦਣਾ ਚਾਹੀਦਾ ਹੈ। ਇਸ ਢਾਡੀ ਪਰੰਪਰਾ ਤੋਂ ਅਸੀਂ ਬਹੁਤ ਦੂਰ ਜਾ ਰਹੇ ਹਾਂ। ਪੁਰਾਣੀਆਂ ਪਰੰਪਰਾਵਾਂ ਤੋਂ ਸਿੱਖ ਸਮਾਜ ਬਹੁਤ ਦੂਰ ਚਲਾ ਗਿਆ ਹੈ। ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਅਲੋਪ ਹੋ ਰਹੇ ਹਨ। ਧਾਰਮਿਕ ਸਮਾਗਮਾਂ ਵਿਚ ਕਥਾ ਵਾਚਕਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਕਥਾ ਮਨੁੱਖ ਦੇ ਮਨ ਦੇ ਕਿਵਾੜ ਖੋਲ੍ਹਦੀ ਹੈ। ਉਹ ਮਨੁੱਖ ਨੂੰ ਦੱਸਦੀ ਹੈ ਕਿ ਐਂ ਮਨੁੱਖ ਜੋ ਤੂੰ ਕਰ ਰਿਹਾ ਹੈ ਉਹ ਠੀਕ ਨਹੀਂ ਹੈ, ਤੈਨੂੰ ਕੀ ਕਰਨਾ ਚਾਹੀਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਢਾਡੀ ਵਾਰਾਂ ਪੁਰਾਣੀ ਪਰੰਪਰਾ ਹੈ ਇਸਨੂੰ ਵੀ ਮੁੜ ਜੀਵਤ ਕੀਤਾ ਜਾਣਾ ਚਾਹੀਦਾ ਹੈ। ਗੁਰਪੁਰਬ ਮਨਾਉਣਾ, ਗੁਰੂਘਰ ਆਉਣਾ, ਗੁਰਬਾਣੀ ਪੜ੍ਹਨੀ ਕਾਫੀ ਨਹੀਂ ਸਗੋਂ ਤੁਹਾਡਾ ਅਮਲੀ ਜੀਵਨ ਕਿਰਦਾਰ ਉੱਚਾ ਸੁੱਚਾ ਹੋਣਾ ਚਾਹੀਦਾ ਹੈ।

*-ਮਾਸਟਰ ਨਿਰਮਲ ਸਿੰਘ ਲਾਲੀ*

# ਜੇ ਮੇਰਾ ਤਵਾ ਲਾਇਆ ਤਾਂ ਮੈਂ ਅਤਿਵਾਦ ਵਾਂਗ ਬੁਖਲਾ ਕੇ ਮਾੜਾ ਗਾਉਣ ਦੀ ਧਾਰ ਲਊਂ

## *ਕੰਧ ਤੇਰੀ ਟੱਪਦਾ ਪਛਾਣਿਆ ਗਿਆ, ਮਿੱਤਰਾਂ ‘ਤੇ ਬੋਲ ਗਈ ਪੰਚਾਇਤ ਗੋਰੀਏ*

**ਸਵਰਨ ਸਿੰਘ ਟਹਿਣਾ***

ਪੰਜਾਬ ‘ਚ ਕੁੜੀਆਂ ਦੇ ਪੈਦਾ ਹੋਣ ਦੀ ਗਿਣਤੀ ਬਹੁਤ ਘਟ ਗਈ ਹੈ, ਇਹ ਖ਼ਬਰਾਂ ਪਿਛਲੇ ਕਈ ਸਾਲਾਂ ਤੋਂ ਸੁਣਨ ਤੇ ਪੜ੍ਹਨ ਨੂੰ ਮਿਲ ਰਹੀਆਂ ਨੇ। ਸਮਾਜ ਦੇ ਕਿਸੇ ਇਕ ਵਰਗ ਨੂੰ ਇਸ ਸਭ ਕਾਸੇ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਸਾਰੇ ਇਸ ਵਿਚ ਬਰਾਬਰ ਦੇ ਦੋਸ਼ੀ ਨੇ। ਗੱਲ ਕਿਤੋਂ ਵੀ ਸ਼ੁਰੂ ਹੋਵੇ, ਕੁੜੀ ਵਿਚਲੇ ਨੁਕਸਾਂ ਨਾਲ ਸ਼ੁਰੂ ਹੁੰਦੀ ਹੈ ਤੇ ਕਿਤੇ ਵੀ ਖਤਮ ਹੋਵੇ, ਉਸੇ ਦੇ ਕਸੂਰਾਂ ਨਾਲ ਹੀ ਖਤਮ ਹੁੰਦੀ ਹੈ।

ਹੁਣ ਸਾਨੂੰ ਜਾਪਣ ਲੱਗੈ ਕਿ ਪੰਜਾਬ ਦੇ ਨਵੇਂ ਉੱਠਦੇ ਗਾਉਣ ਵਾਲਿਆਂ ਦੇ ਘਰਾਂ ‘ਚ ਕੁੜੀਆਂ-ਚਿੜੀਆਂ ਸਰਕਾਰੀ ਅੰਕੜਿਆਂ ਨਾਲੋਂ ਵੀ ਘਟ ਗਈਆਂ ਨੇ। ਸਰਕਾਰੀ ਅੰਕੜੇ ਇਕ ਹਜ਼ਾਰ ਮੁੰਡੇ ਪਿੱਛੇ ਪੌਣੇ ਨੌਂ ਸੌ ਕੁੜੀਆਂ ਹੋਣ ਦੀ ਗੱਲ ਕਰਦੇ ਨੇ, ਪਰ ਗਾਉਣ ਵਾਲਿਆਂ ਦੇ ਗੀਤ ਸੁਣ ਕੇ ਜਾਪਦੈ ਕਿ ਇਨ੍ਹਾਂ ਦੇ ਟੱਬਰਾਂ ਵਿਚ ਸਿਰਫ਼ ਮਰਦ ਹੀ ਵਸਦੇ ਨੇ, ਕੁੜੀਆਂ ਇਨ੍ਹਾਂ ਦੇ ਘਰਾਂ ਵਿਚ ਪੈਦਾ ਹੋਣ ਦੀ ਗੁਸਤਾਖੀ ਨਹੀਂ ਕਰਦੀਆਂ।

ਪੰਜਾਬੀ ਗਾਣਿਆਂ ਨੂੰ ਧਿਆਨ ਨਾਲ ਸੁਣੋ, ਇੰਜ ਜਾਪੇਗਾ ਜਿਵੇਂ ਗੀਤ ਗਾਉਣ ਵਾਲੇ ਦੇ ਘਰ ਨਾ ਧੀ ਹੋਵੇ ਤੇ ਨਾ ਹੀ ਭੈਣ। ਕੁੜੀਆਂ ਦੀ ਤੁਲਨਾ ਬੱਸਾਂ ਨਾਲ ਕਰਦੇ ਨੇ, ਉਨ੍ਹਾਂ ਨੂੰ ਗਿੱਧੇ ‘ਚੋਂ ਚੁੱਕ ਕੇ ਲਿਜਾ ਸਕਦੇ ਨੇ, ਉਨ੍ਹਾਂ ਨੂੰ ਧੱਕੇ ਨਾਲ ਵਿਆਉਣ ਦੀ ਧਮਕੀ ਦਿੰਦੇ ਨੇ ਅਤੇ ਖੁਦ ਨੂੰ ਵੈਲੀ, ਗੁੰਡੇ, ਬਦਮਾਸ਼ ਸਾਬਤ ਕਰਕੇ ਇੰਜ ਮਹਿਸੂਸ ਕਰਦੇ ਨੇ, ਜਿਵੇਂ ਉਨ੍ਹਾਂ ਨੂੰ ਇਨਸਾਨੀ ਰੂਪ ਹੀ ਇਨ੍ਹਾਂ ਕਾਰਨਾਮਿਆਂ ਲਈ ਮਿਲਿਆ ਹੋਵੇ, ਗਾਉਣਾ ਹੀ ਇਸ ਸਭ ਲਈ ਸ਼ੁਰੂ ਕੀਤਾ ਹੋਵੇ।

ਟੀ.ਵੀ. ਉੱਤੇ ਹੈਰੀ ਮਿਰਜ਼ਾ ਨਾਂ ਦੇ ਇੱਕ ਛੋਕਰੇ ਦਾ ਗੀਤ ਚੱਲਿਆ ਸੀ, ‘ਯਾਰੋ ਆਉਂਦੀਆਂ ਰਹਿਣੀਆਂ ਕੁੜੀਆਂ ਤੇ ਬੱਸਾਂ।’ ਇਸ ਗੀਤ ਕਰਕੇ ਉਸ ਦੀ ਵਾਹਵਾ ਬਦਨਾਮੀ ਹੋਈ ਸੀ। ਅਕਲ ਦੀ ਐਫ਼.ਡੀ. ਕਰਾ ਕੇ ਰੱਖਣ ਵਾਲਿਆਂ ਨੇ ਉਸ ਗੀਤ ‘ਤੇ ਵੀ ਭੰਗੜੇ ਪਾਏ ਸਨ ਤੇ ਜਿਨ੍ਹਾਂ ਨੂੰ ਸਮਝ ਆਈ ਕਿ ਇਹ ਬੇਵਕੂਫ਼ ਬੰਦਾ ਸਾਡੀਆਂ ਕੁੜੀਆਂ ਨੂੰ ਹੀ ਬੱਸਾਂ ਕਹਿ ਰਿਹਾ ਹੈ, ਉਨ੍ਹਾਂ ਨੇ ਉਸ ਨੂੰ ਗਾਲ੍ਹਾਂ ਦੇ ਗੱਫ਼ੇ ਵੀ ਦਿੱਤੇ ਸਨ। ਸਾਨੂੰ ਉਦੋਂ ਹੀ ਮਹਿਸੂਸ ਹੋ ਗਿਆ ਸੀ ਕਿ ਏਸ ਗਾਉਣ ਵਾਲੇ ਦੇ ਘਰ ਕੋਈ ‘ਬੱਸ’ ਨਹੀਂ ਹੋਣੀ, ਜਿਹੜਾ ਇਹ ਲੋਕਾਂ ਦੀਆਂ ਕੁੜੀਆਂ ਦੀ ਤੁਲਨਾ ਬੱਸਾਂ ਨਾਲ ਕਰ ਰਿਹਾ ਹੈ। ਹੁਣ ਉਸੇ ਗਾਉਣ ਵਾਲੇ ਦੀ ਨਵੀਂ ਕੈਸਿਟ ਆਈ ਹੈ, ‘ਆਈਲੈਟਸ।’ ਉਸ ਗਾਇਕ ਨੇ ਏਸ ਵਾਰ ਜਿਹੜੀ ਹਰਕਤ ਕਰ ਛੱਡੀ ਹੈ, ਉਸ ਤੋਂ ਬਾਅਦ ਤੁਹਾਨੂੰ ਵੀ ਬਿਲਕੁਲ ਨਹੀਂ ਜਾਪਣਾ ਕਿ ਉਸ ਦੇ ਘਰ ਧੀ-ਭੈਣ ਹੋ ਸਕਦੀ ਹੈ। ਇੱਕ ਵਾਰ ਕਿਸੇ ਬੁੱਧੀਜੀਵੀ ਨੇ ਕਿਹਾ ਸੀ ਕਿ ਗਾਉਣ ਵਾਲੇ ਦੇ ਗੀਤਾਂ ਜ਼ਰੀਏ ਅਤੇ ਲਿਖਣ ਵਾਲੇ ਦੀਆਂ ਲਿਖਤਾਂ ਜ਼ਰੀਏ ਉਸ ਦਾ ਪਤਾ ਲੱਗ ਜਾਂਦੈ। ਹੈਰੀ ਨੇ ਆਪਣੇ ਨਾਂ ਪਿੱਛੇ ਮਿਰਜ਼ਾ ਲਗਾਇਐ, ਮਿਰਜ਼ਾ ਆਪਣੇ ਮਾਮੇ ਦੀ ਕੁੜੀ ਨਾਲ ਹੀ ਇਸ਼ਕ ਲੜਾਉਣ ਬੈਠ ਗਿਆ ਸੀ ਤੇ ਹੈਰੀ ਨੇ ਰਾਤ ਨੂੰ ਕੁੜੀ ਦੇ ਘਰ ਦੀ ਕੰਧ ਟੱਪਣ ਵਾਲਾ ਮਾਅਰਕਾ ਮਾਰ ਕੇ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ:

ਦੇਖੀ ਕਿਤੇ ਹੋਜੀਂ ਨਾ ਤੂੰ ਭਾਈਆਂ ਵਲ ਦੀ,  
ਕੱਚੇ ਪੈਰੀਂ ਮਾਰ ਦਈਂ ਤੂੰ ਸਾਈਨ ਗੋਰੀਏ।  
ਕੰਧ ਤੇਰੀ ਟੱਪਦਾ ਪਛਾਣਿਆ ਗਿਆ,  
ਮਿੱਤਰਾਂ ‘ਤੇ ਬੋਲ ਗਈ ਪੰਚਾਇਤ ਗੋਰੀਏ।

ਪਿਛਲੇ ਸਾਲ ਉਸ ਨੂੰ ਕਿਸੇ ਨੇ ਰੋਕਣ-ਟੋਕਣ ਦੀ ਕੋਸ਼ਿਸ਼ ਨਾ ਕੀਤੀ, ਏਸੇ ਕਰਕੇ ਆਪਣੀ ਨਵੀਂ ਕੈਸਿਟ ਵਿਚ ਪਹਿਲਾਂ ਉਹ ‘ਕੰਧਾਂ ਟੱਪਣ’ ਦੀ ਗੱਲ ਕਰਦਾ ਰਿਹਾ ਤੇ ਨਵੇਂ ਗੀਤ ਵਿਚ ਉਹ ਕਹਿ ਰਿਹੈ, ‘ਕਿੱਥੇ ਯਾਦ ਕਰੇਂਗੀ ਫੇਰ ਤੂੰ ਯਾਰ ਮਲੰਗਾਂ ਨੂੰ।’ ਪੰਜਾਬ ਦੇ ਗਾਉਣ ਵਾਲਿਆਂ ਨੂੰ ਪਤਾ ਨਹੀਂ ਕਿਉਂ ਆਪਣੀ ਬੇਇੱਜ਼ਤੀ ਆਪੇ ਕਰਾ ਕੇ ਖੁਸ਼ੀ ਮਹਿਸੂਸ ਹੋਣ ਲੱਗੀ ਹੈ। ਟੀ.ਵੀ. ‘ਤੇ ਇੱਕ ਹੋਰ ਗਾਇਕ ਖੁਦ ਨੂੰ ‘ਵੈਲੀ ਬੁਆਏ’ ਆਖ ਰਿਹੈ। ਇੱਕ ਗਾਇਕ ਦੀ ਕੈਸਿਟ ਦਾ ਨਾਂ ‘ਨਲਾਇਕ’ ਹੈ ਤੇ ਇੱਕ ਦੀ ਦਾ ਨਾਂ ‘ਲੋਫ਼ਰ’।

ਖੈਰ, ਗੱਲ ਕਿਸੇ ਹੋਰ ਪਾਸੇ ਤੁਰ ਪਈ ਸੀ। ਜਦੋਂ ਹੈਰੀ ਮਿਰਜ਼ਾ ਨਾਲ ਉਸ ਦੀ ਬੇਹੂਦਾ ਗਾਇਕੀ ਬਾਰੇ ਫੋਨ ‘ਤੇ ਗੱਲਬਾਤ ਕੀਤੀ ਤਾਂ ਉਸ ਨੇ ਪਹਿਲਾਂ ਹੀ ਆਖ ਛੱਡਿਆ, ‘ਤੁਸੀਂ ਚੰਗਾ ਹੀ ਲਿਖਿਓ...ਕਿਤੇ ਮੇਰੀ ਛਿੱਲ ਨਾ ਲਾਹ ਦਿਓ।’

ਮੇਰਾ ਜਵਾਬ ਸੀ, ‘ਸਾਡੀ ਤੁਹਾਡੇ ਨਾਲ ਕੋਈ ਰੰਜਿਸ਼ ਨਹੀਂ...ਜਿਹੋ ਜਿਹਾ ਤੁਸੀਂ ਗਾਉਂਦੇ ਹੋ...ਅਸੀਂ ਉਹੋ ਜਿਹਾ ਹੀ ਲਿਖਾਂਗੇ।’

ਪਹਿਲਾ ਸਵਾਲ ਸੀ, ‘ਤੁਸੀਂ ਪਿਛਲੇ ਸਾਲ ‘ਯਾਰੋ ਆਉਂਦੀਆਂ ਰਹਿਣੀਆਂ...’ ਵਾਲਾ ਗੀਤ



ਗਾਇਆ ਸੀ, ਕੀ ਤੁਹਾਨੂੰ ਇਹ ਮਹਿਸੂਸ ਨਹੀਂ ਹੋਇਆ ਕਿ ਕਿਸੇ ਦੀ ਧੀ-ਭੈਣ ਦੀ ਤੁਲਨਾ ਬੱਸਾਂ...ਟਰੱਕਾਂ ਨਾਲ ਕਰਨੀ ਮਾੜੀ ਗੱਲ ਹੈ।’

ਜਵਾਬ ਮਿਲਿਆ, ‘ਮੈਂ ਕੁੜੀ ਦੀ ਬੇਇੱਜ਼ਤੀ ਨਹੀਂ ਕੀਤੀ...ਮੈਂ ਤਾਂ ਮੁੰਡਿਆਂ ਨੂੰ ਆਸ਼ਕੀ ਵਾਲੇ ਪਾਸਿਓਂ ਮੋੜਨ ਦੀ ਕੋਸ਼ਿਸ਼ ਕੀਤੀ ਸੀ ਕਿ ਕੁੜੀਆਂ ਪਿੱਛੇ ਵਕਤ ਨਾ ਗੁਆਓ, ਕੁੜੀਆਂ ਤੇ ਬੱਸਾਂ ਤਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਨੇ, ਇਕ ਗਈ ਤੇ ਦੂਜੀ ਆ ਗਈ...ਇਹਦੇ ਵਿਚ ਮਾੜੀ ਗੱਲ ਤਾਂ ਕੋਈ ਨਹੀਂ ਲੱਗਦੀ।’

? ‘ਚਲੋ ਜੇ ਨਹੀਂ ਮਾੜੀ ਤਾਂ ਤੁਸੀਂ ਦੱਸੋ ਕਿ ਜੇ ਤੁਹਾਡੀ ਕਿਸੇ ਪਰਿਵਾਰਕ ਮੈਂਬਰ ਬਾਰੇ ਕੋਈ ਇਹੋ ਜਿਹੀ ਗੱਲ ਆਖੇ ਤਾਂ ਕੀ ਮਹਿਸੂਸ ਕਰੋਗੇ?’

-ਜਿਹੜੇ ਲੋਕ ਮੇਰੇ ‘ਤੇ ਪੈਸਾ ਲਾਉਂਦੇ ਨੇ, ਉਹ ਮੈਨੂੰ ਕਹਿੰਦੇ ਨੇ ਕਿ ਤੂੰ ਇਹੋ ਜਿਹਾ ਹੀ ਗਾ। ਮੈਂ ਘਰੋਂ ਗ਼ਰੀਬ ਹਾਂ ਤੇ ਜੇ ਇਹੋ ਜਿਹਾ ਨਾ ਗਾਵਾਂਗਾ ਤਾਂ ਭੁੱਖਾ ਮਰ ਜਾਵਾਂਗਾ। ਮਸਾਂ ਤਾਂ ਮੇਰੀ ਰੋਟੀ ਤੁਰਨ ਲੱਗੀ ਹੈ। ਜੇ ਮੈਂ ਉਨ੍ਹਾਂ ਲੋਕਾਂ ਨੂੰ ਕਹਿੰਦਾ ਹਾਂ ਕਿ ਮੈਂ ਨਹੀਂ ਗਾਉਣਾ ਇਹੋ ਜਿਹਾ ਤਾਂ ਉਹ ਮੇਰੀ ਥਾਂ ਕਿਸੇ ਹੋਰ ‘ਤੇ ਪੈਸਾ ਲਗਾ ਦੇਣਗੇ।’

? ‘ਤੁਸੀਂ ਤਾਂ ਹਾਲੇ ਗਾਉਣਾ ਸ਼ੁਰੂ ਕੀਤੈ...ਤੇ ਤੁਹਾਡੀ ਇਮੇਜ਼ ਸ਼ੁਰੂਆਤ ‘ਚ ਹੀ ਗ਼ਲਤ ਬਣ ਗਈ ਐ। ਕੱਲ੍ਹ ਨੂੰ ਜੇ ਤੁਹਾਨੂੰ ਕੋਈ ਇਹ ਕਹੇ ਕਿ ਮੈਂ ਤੁਹਾਡੇ ‘ਤੇ ਵੀਹ ਲੱਖ ਰੁਪਿਆ ਲਗਾਉਂਦਾ ਹਾਂ ਤੂੰ ਲੁੱਚੇ ਗੀਤ ਗਾ...ਤਾਂ ਕੀ ਤੁਸੀਂ ਗਾ ਦੇਵੋਂਗੇ।

-ਦੇਖੋ ਜੀ, ਤੁਸੀਂ ਮੇਰੇ ਖਿਲਾਫ਼ ਲਿਖਣਾ ਹੋਊਗਾ...ਜੇ ਮੇਰੇ ਖਿਲਾਫ਼ ਲਿਖ ਦਿੱਤਾ ਤਾਂ ਵੀ ਮੇਰਾ ਕੀ ਜਾਣੈ, ਸਗੋਂ ਜੀਹਨੂੰ ਮੇਰੇ ਬਾਰੇ ਨਹੀਂ ਪਤਾ ਉਹਨੂੰ ਵੀ ਪਤਾ ਲੱਗ ਜਾਵੇਗਾ ਕਿ ਹੈਰੀ ਨਾਂ ਦਾ ਕੋਈ ਗਾਇਕ ਹੈ।

? ‘ਪਰ ਅਸੀਂ ਤੁਹਾਡੀ ਸ਼ੋਭਾ ‘ਚ ਤਾਂ ਨਹੀਂ ਲਿਖਣਾ ਕਿਉਂਕਿ ਤੁਹਾਡੇ ਗੀਤ ਸ਼ੋਭਾ ਵਧਾਉਣ ਵਾਲੇ ਨਹੀਂ। ਗੀਤ ਮੁਤਾਬਕ ਤੁਸੀਂ ਰਾਤ ਨੂੰ ਮੁਟਿਆਰ ਦੇ ਘਰ ਕੰਧ ਟੱਪ ਕੇ ਜਾਂਦੇ ਓ...ਤੁਹਾਨੂੰ ਪਰਿਵਾਰਕ ਮੈਂਬਰ ਫੜ ਲੈਂਦੇ ਨੇ...ਅਗਲੇ ਦਿਨ ਪੰਚਾਇਤ ਇਕੱਠੀ ਹੋਈ ਹੈ ਤੇ ਤੁਸੀਂ ਕੁੜੀ ਨੂੰ ਕਹਿ ਰਹੇ ਓ ਕਿ ਭਰਾਵਾਂ ਵੱਲ ਦੀ ਨਾ ਹੋ ਜਾਈਂ...ਕੱਲ੍ਹ ਨੂੰ ਤੂੰ ਸਾਰੇ ਟੱਬਰ ਦੀ ਪਿੱਠ ‘ਤੇ ਠੁੱਡ ਮਾਰ ਦੇਈਂ ਤੇ ਮੇਰੇ ਨਾਲ ਤੁਰ ਪਵੀਂ...ਮੰਨ ਲਓ ਜੇ ਸਾਡੇ ਘਰ ਰਾਤ ਨੂੰ ਕੋਈ ਆਵੇ...ਅਸੀਂ ਉਹਨੂੰ ਫੜ ਲਈਏ ਤੇ ਉਹ ਸਾਡੀ ਭੈਣ ਨੂੰ ਇਹੋ ਰਾਇ ਦੇਵੇ, ਅਸੀਂ ਕੀ ਮਹਿਸੂਸ ਕਰਾਂਗੇ।’

-ਤੁਸੀਂ ਮੇਰਾ ਤਵਾ ਲਾਉਣੈ...ਤੁਹਾਨੂੰ ਪਤਾ ਹੋਣਾ ਚਾਹੀਦੈ ਕਿ ਜਦੋਂ ਅਤਿਵਾਦ ਮੁੱਕਣ ਲੱਗਾ ਸੀ, ਉਦੋਂ ਲੋਕਾਂ ਨੇ ਬਿਨਾ ਵਜ੍ਹਾ ਮਾੜਾ ਕਹਿ-ਕਹਿ ਕੇ ਉਸ ਨੂੰ ਮੁੜ ਖੜ੍ਹਾ ਕਰ ਦਿੱਤਾ ਸੀ...ਮੈਂ ਹੁਣ ਚੰਗਾ ਗਾਇਆ ਕਰਾਂਗਾ ਪਰ ਜੇ ਮੇਰੇ ‘ਤੇ ਤਵਾ ਲੱਗ ਗਿਆ ਤਾਂ ਮੈਂ ਅਤਿਵਾਦ ਵਾਂਗ ਗੁੱਸੇ ‘ਚ ਫੇਰ ਅਜਿਹਾ ਗਾਊਂ...।’

?‘ਉਹ ਤਾਂ ਚਲੋ ਤੁਹਾਡੀ ਮਰਜ਼ੀ...ਪਰ ਜ਼ਰਾ ਸੋਚ ਕੇ ਦੇਖੋ ਤੁਸੀਂ ਸਹੀ ਗਾ ਰਹੇ ਓ ਜਾਂ ਗਲ਼ਤ...ਤੁਸੀਂ ਬੇਗਾਨੇ ਪੈਸੇ ਨਾਲ ਆਪਣੀ ਇਮੇਜ਼ ਖਰਾਬ ਕਰ ਰਹੇ ਓ...ਚੰਗੀ ਸੋਚ ਦਾ ਗ਼ਰੀਬੀ ਜਾਂ ਅਮੀਰੀ ਨਾਲ ਕੋਈ ਤਾਅਲੁਕ ਨਹੀਂ। ਜ਼ਰੂਰੀ ਨਹੀਂ ਕਰੋੜਪਤੀ ਬੰਦੇ ਦੀ ਸੋਚ ਵਧੀਆ ਹੋਵੇ...ਤੇ ਗ਼ਰੀਬ ਦੀ ਮਾੜੀ।’

-‘ਤੁਸੀਂ ਵੀ ਆਪਣੀ ਥਾਂ ਸਹੀ ਓ...ਪਰ ਐਤਕੀਂ ਨਾ ਲਿਖਿਓ...ਮੈਨੂੰ ਨਹੀਂ ਲੱਗਦਾ ਕਿ ਮੈਂ ਇਕੱਲੇ ਨੇ ਮਾੜਾ ਗਾਇਐ...ਬੱਬੂ ਮਾਨ ਨੇ ਵੀ ਤਾਂ ਇੱਕ ਗੀਤ ਵਿਚ ਕਿਹਾ ਸੀ ਕਿ ਸਹੇਲੀ ਨੂੰ ਮਿਲਣ ਲਈ ਕਮਾਦ ਵਰਗੀ ਸੇਫ਼ ਜਗ੍ਹਾ ਕੋਈ ਨਹੀਂ...ਫੇਰ ਮੇਰੇ ਦੁਆਲੇ ਹੀ ਕਿਉਂ ਹੋ ਗਏ?’

ਬੱਸ ਏਨੀਆਂ ਕੁ ਗੱਲਾਂ ਹੋਈਆਂ। ਅਸੀਂ ਉਸ ਨੂੰ ਇਹ ਵੀ ਕਿਹਾ ਕਿ ਜੇ ਸਾਨੂੰ ਕੱਲ੍ਹ ਨੂੰ ਕੋਈ ਇਹ ਆਖੇ ਤੈਨੂੰ ਦਸ ਹਜ਼ਾਰ ਰੁਪਿਆ ਦੇਵਾਂਗੇ...ਤੂੰ ਇੱਕ ਆਰਟੀਕਲ ਥੋੜ੍ਹੀ ਜਿਹੀ ਲੱਚਰਤਾ ਵਾਲਾ ਲਿਖ ਦੇ...ਤਾਂ ਅਸੀਂ ਬਿਲਕੁਲ ਨਹੀਂ ਮੰਨਾਂਗੇ...ਪਰ ਤੁਸੀਂ ਕਿਉਂ ਮਾੜਾ ਗਾਉਣ ਦੀ ਹਾਮੀ ਭਰਦੇ ਓ।

ਉਹਨੂੰ ਗੱਲ ਨਹੀਂ ਸੀ ਸੁੱਝ ਰਹੀ...ਬਸ ਏਨਾ ਹੀ ਕਹਿ ਰਿਹਾ ਸੀ, ‘ਛੱਡੋ ਜੀ, ਮੇਰੇ ‘ਕੱਲੇ ‘ਤੇ ਤਵਾ ਨਾ ਲਾਇਓ।’

ਪਿੱਛੇ ਜਿਹੇ ਪੰਜਾਬੀ ਗਾਇਕੀ ਨਾਲ ਸਬੰਧਤ ਸੈਂਸਰ ਬੋਰਡ ਬਣਾਉਣ ਦੀ ਗੱਲ ਛਿੜੀ ਸੀ, ਪਰ ਉਹ ਮਾਮਲਾ ਊਠ ਦੇ ਬੁੱਲ੍ਹ ਵਾਂਗ ਅੱਜ ਤੱਕ ਲਟਕ ਰਿਹੈ। ਟੀ.ਵੀ. ਚੈਨਲਾਂ ‘ਤੇ ਚੱਲਣ ਵਾਲੇ ਪੰਜਾਬੀ ਗੀਤਾਂ ਦੇ ਵੀਡੀਓਜ਼ ਪਰਖਣ ਲਈ ਵੀ ਇੱਕ ਬੋਰਡ ਬਣਿਆ ਹੋਇਆ, ਪਰ ਉਸ ਬੋਰਡ ਨਾਲ ਵਿੰਗੇ-ਟੇਢੇ ਢੰਗਾਂ ਨਾਲ ਜੁੜੇ ਲੋਕ ਨੀਲੇ ਰੰਗ ਦੇ ਕਾਗ਼ਜ਼ ਹੱਥ ‘ਚ ਲੈ ਕੇ ਬਿਨਾਂ ਵੀਡੀਓ ਦੇਖਿਆਂ ਪਾਸ ਕਰ ਦਿੰਦੇ ਨੇ ਤੇ ਕਪਤਾਨ ਦਾ ਲਾਡੀ ਦਾ ਵੀਡੀਓ ‘ਤੇਰੇ ਤਿੱਪ ਤਿੱਪ ਨੈਣਾਂ ‘ਚੋਂ ਸ਼ਰਾਬ ਡੁੱਲ੍ਹਦੀ’ ਏਸ ਗੱਲ ਦੀ ਉਦਾਹਰਣ ਆਪ ਸੀ।

*ਫੋਨ 98141-78883




# ਖੈਰ ! ਊਂ ਗੱਲ ਤਾਂ ਨਹੀਂ ਬਣਦੀ ਪਰ...

*ਲੰਕਾ ਕਦੇ ਨਾ ਉਜੜਦੀ ਜੇ ਭਵੀਸ਼ਣ ਦਾ ਦਿਮਾਗ ਦੂਜੇ ਪਾਸੇ ਨਾ ਲਗਦਾ। ਮੁਖਬਰਾਂ ਦੇ ਦਿਮਾਗ ਦੀ ਖੇਡ ਹੀ ਹੈ ਕਿ ਉਹ ਸੂਰਜ ਨੂੰ ਕੱਪੜੇ ਓਹਲੇ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੁੰਦੇ ਹਨ। ਕਈ ਨੱਚ ਨੱਚ ਕੇ ਅੱਡੀਆਂ ਤਾਂ ਦੁਖਣ ਲਾ ਲੈਂਦੇ ਨੇ ਪਰ ਝਾਂਜਰਾਂ ਛਣਕਾਉਣ ਲਈ ਦਿਮਾਗ ਨ੍ਹੀਂ ਹੁੰਦਾ। ਕਈਆਂ ਨੇ ਕੀਤਾ ਤਾਂ ਜਲੇਬੀ ਜੂੜਾ ਹੁੰਦਾ ਹੈ ਪਰ ਦਿਮਾਗ ਨਾ ਹੋਣ ਕਰਕੇ ਇਹ ਸਿਰ 'ਤੇ ਗੋਹੇ ਦਾ ਟੋਕਰਾ ਹੀ ਲੱਗ ਰਿਹਾ ਹੁੰਦਾ। ਰੱਬ ਨੇ ਦਿਮਾਗ 'ਕੱਲਾ ਬੰਦੇ ਨੂੰ ਹੀ ਨਹੀਂ ਪਸ਼ੂਆਂ-ਪੰਛੀਆਂ ਤੇ ਜਾਨਵਰਾਂ ਨੂੰ ਵੀ ਦਿੱਤਾ ਹੈ। ਕਿਆਸ ਕਰਕੇ ਵੇਖੋ ਜੇ ਦਿਮਾਗ ਨਾ ਹੁੰਦਾ ਤਾਂ ਚਿੜੀ ਨੇ ਕਾਂ ਨਾਲ ਤੇ ਕਬੂਤਰੀ ਨੇ ਚਿੜੇ ਨਾਲ ਪਿਆਰ ਪਾ ਲੈਣਾ ਸੀ। ਤੇ ਤੋਤੇ ਨੇ ਚੂਰੀ ਖਾਣ ਲਈ ਗੰਗਾਰਾਮ ਨ੍ਹੀਂ ਬਣਨਾ ਸੀ। ਉਨ੍ਹਾਂ 'ਤੇ ਤਾਂ ਤਰਸ ਆਉਂਦੈ ਜਿਨ੍ਹਾਂ ਨੂੰ ਜਨਮ ਤੋਂ ਦਿਮਾਗ ਦਾ ਅਧਰੰਗ ਮਿਲਿਆ ਹੈ। ਜਾਣੀ ਕਿ ਜਿਹੜੇ ਜਮਾਂਦਰੂ 'ਮੈਂਟਲੀ ਰਿਟਾਰਡਡ' ਨੇ। ਪਰ ਇਥੇ ਕਈਆਂ ਦਾ ਪੈਸੇ ਨੇ ਦਿਮਾਗ ਖਰਾਬ ਕੀਤਾ ਹੋਇਐ, ਕਈਆਂ ਦਾ ਕਾਮ ਨੇ ਤੇ ਕਈਆਂ ਦਾ ਦਿਮਾਗ ਹਕੂਮਤ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਜਬਰ ਤੇ ਜ਼ੁਲਮ ਦਾ ਡੰਡਾ ਖੜਕਾਈ ਜਾਂਦੈ। ਸ਼ੇਰ ਕੋਲ ਦਿਮਾਗ ਤੇ ਬਲ ਨਾ ਹੁੰਦਾ ਤਾਂ ਬਾਦਸ਼ਾਹ ਕਿਵੇਂ ਸਦਾਉਂਦਾ। ਜੰਗਲ ਵਿਚ ਸੱਪ ਤੇ ਸੱਪਣੀ ਕੋਲ ਦਿਲ ਤੇ ਦਿਮਾਗ ਨਾ ਹੁੰਦੇ ਤਾਂ ਪਿਆਰ ਦੀਆਂ ਪੀਂਘਾਂ ਝੂਟਦਿਆਂ ਨੂੰ ਵੇਖ ਕੇ ਉਪਰ ਚਿੱਟਾ ਕੱਪੜਾ ਸੁੱਟਣਾ ਸ਼ੁਭ ਸਗਨ ਨਹੀਂ ਮੰਨਿਆ ਜਾਣਾ ਸੀ। ਬੱਕਰੇ ਦੀ ਮਾਂ ਕੋਲ ਵੀ ਦਿਮਾਗ ਤਾਂ ਹੈ ਪਰ ਉਹ ਪੁੱਤ ਦੀਆਂ ਸੁੱਖਾਂ ਸੁਖਦੀ ਹੀ ਘੱਟ ਹੈ, ਕਿਉਂਕਿ ਉਹਨੂੰ ਪਤੈ ਕਿ ਮਨੁੱਖ ਦੀ ਜੀਭ ਦੇ ਸੁਆਦ ਲਈ ਝਟਕਈ ਨੇ ਉਹਦੀ ਸਾਹਰਗ 'ਤੇ ਛੁਰੀ ਨ੍ਹੀਂ ਰੱਖਣੋ ਹਟਣਾ। ਬਹੁਤੀਆਂ ਚਲਾਕੀਆਂ, ਹੁਸ਼ਿਆਰੀਆਂ, ਖੱਜਲ-ਖੁਆਰੀਆਂ ਦਿਮਾਗ ਦੇ ਇਸ਼ਾਰੇ 'ਤੇ ਕੰਮ ਕਰਦੀਆਂ ਹਨ। ਮੁਹੰਮਦ ਤੁਗਲਕ ਦਿਮਾਗ ਵਰਤ ਲੈਂਦਾ ਤਾਂ ਉਹਨੂੰ ਪੜ੍ਹਿਆ ਲਿਖਿਆ ਮੂਰਖ ਬਾਦਸ਼ਾਹ ਕਿਸ ਨੇ ਆਖਣਾ ਸੀ? ਅਕਲ ਦਿਮਾਗ ਦੀ ਰਖੇਲ ਹੁੰਦੀ ਐ। ਉਹ ਇਸਦੇ ਇਸ਼ਾਰੇ ਬਿਨਾ ਸਾਹ ਨ੍ਹੀਂ ਭਰਦੀ। ਸੂਝਵਾਨਾਂ, ਵਿਦਵਾਨਾਂ, ਖੋਜੀਆਂ ਵਿਗਿਆਨੀਆਂ, ਡਾਕਟਰਾਂ ਤੇ ਇੰਜੀਨੀਅਰਾਂ ਬਾਰੇ ਧਾਰਨਾ ਸਪਸ਼ਟ ਹੈ ਕਿ ਇਹ ਦਿਮਾਗ ਦੇ ਨਹੀਂ, ਦਿਮਾਗ ਇਨ੍ਹਾਂ ਦੇ ਕਬਜ਼ੇ ਹੇਠ ਹੁੰਦਾ ਹੈ। ਜਦੋਂ ਕੋਈ ਉਦਾਸ ਹੋ ਕੇ ਗਾਉਣ ਲੱਗ ਪਵੇ ਤਾਂ ਸਮਝ ਲਵੋ ਦਿਮਾਗ, ਦਿਲ ਨਾਲ ਰਲ ਕੇ ਪਿਆਰ ਦੀ ਕਹਾਣੀ ਸੁਣਾਉਣ ਲੱਗਾ ਹੈ। ਆਓ ਦੋ ਘੜੀਆਂ ਹੱਸਣ-ਹਸਾਉਣ ਲਈ ਦਿਮਾਗ ਦੀ ਨੇਰ੍ਹ ਕੋਠੜੀ 'ਚ ਦੀਵਾ ਲੈ ਕੇ ਵੜਦੇ ਹਾਂ...।*

## ਗੱਲੀਂ-ਬਾਤੀਂ




**ਐਸ. ਅਸ਼ੋਕ ਭੌਰਾ**

*ਫੋਨ: 925-752-8025*


ਬੰਦੇ ਦੇ ਦਿਮਾਗ ਨੇ ਕੰਪਿਊਟਰ ਬਣਾਇਆ ਹੈ, ਕੰਪਿਊਟਰ ਨੇ ਬੰਦੇ ਦਾ ਦਿਮਾਗ ਨਹੀਂ। ਸਾਰੇ ਦਾ ਸਾਰਾ ਕੰਪਿਊਟਰ ਮਨੁੱਖੀ ਦਿਮਾਗ 'ਤੇ ਆਧਾਰਿਤ ਹੈ। ਰੱਬ ਨੇ ਦਿਮਾਗ ਤਾਂ ਸਾਰਿਆਂ ਨੂੰ ਦਿੱਤਾ ਹੈ। ਵੱਖਰੀ ਗੱਲ ਹੈ ਕਿ ਕਈ ਇਸ ਨੂੰ ਵਰਤਣ ਤੋਂ ਏਨੇ ਕੰਜੂਸ ਹੋ ਗਏ ਕਿ ਉਹ ਜਦੋਂ ਵੀ ਕਦੇ ਰੱਬ ਨੂੰ ਮਿਲਣਗੇ ਤਾਂ ਭੁੜਕ ਕੇ ਬੋਲਣਗੇ 'ਲੈ ਚੁੱਕ ਲੈ ਜਿੱਦਾਂ ਦਾ ਦਿੱਤਾ ਸੀ, ਉਦਾਂ ਦਾ ਮੋੜ ਲਿਆਏ ਹਾਂ।' ਦਿਮਾਗ ਨਾਲ ਬੰਦਾ ਇੰਦਰਜਾਲ 'ਚੋਂ ਵੀ ਨਿਕਲ ਸਕਦਾ ਹੈ ਤੇ ਇਸ ਤੋਂ ਬਿਨਾ ਪਾਣੀ ਦੀ ਨਿੱਕੀ ਜਿਹੀ ਛਪੜੀ ਵਿਚ ਡੁੱਬ ਕੇ ਵੀ ਮਰ ਸਕਦਾ ਹੈ। ਦਿਮਾਗ ਦੀਆਂ ਪ੍ਰੇਸ਼ਾਨੀਆਂ ਵਿਚ ਉਲਝੇ ਲੋਕਾਂ ਬਾਰੇ ਹੈ ਕਿ:

ਕੀ ਲਿਆਇਆਂ ਤੇ ਕੀ ਗੁਆਇਆ ਏਥੇ
ਜਿਹੜਾ ਹਰ ਪਾਸੇ ਹੀ ਟੋਲਦਾ ਤੂੰ।
ਪਾਪ, ਕੁਫਰ ਦੀਆਂ ਫੜ ਕੇ ਚਾਬੀਆਂ ਨੂੰ
ਤਾਲੇ ਧਰਮ ਤੇ ਪੁੰਨ ਦੇ ਖੋਲ੍ਹਦਾ ਤੂੰ...

ਇਤਿਹਾਸ ਦਿਮਾਗ ਵਾਲੇ ਲੋਕਾਂ ਨੇ ਬਣਾਇਆ ਹੈ ਤੇ ਚੇਤੰਨ ਲੋਕਾਂ ਨੇ ਇਸਨੂੰ ਲਿਖਿਆ ਹੈ। ਚਾਲਬਾਜ਼ ਦਿਮਾਗ ਨੇ ਹੀ ਸਰਕਾਰਾਂ ਤੇ ਹਕੂਮਤਾਂ ਚਲਾਈਆਂ ਨੇ। ਜੇ ਔਰੰਗਜ਼ੇਬ ਦੇ ਦਿਮਾਗ ਵਿਚ ਪਾਪ ਦਾ ਬੀਜ ਨਾ ਹੁੰਦਾ ਤਾਂ ਉਹਦਾ ਨਾਸ਼ ਵੀ ਨਹੀਂ ਸੀ ਹੋਣਾ। ਏਸੇ ਦਿਮਾਗ ਦੇ ਅੱਗੇ ਸਿਰ ਨੀਵਾਂ ਕਰਨਾ ਹੀ ਪੈਂਦਾ ਹੈ ਜਦੋਂ ਅਨਪੜ੍ਹ ਮਾਲਕ ਹੁੰਦੇ ਨੇ ਤੇ ਪੜ੍ਹੇ ਲਿਖੇ ਨੌਕਰ। ਢਾਡੀ ਦਇਆ ਸਿੰਘ ਦਿਲਬਰ ਦੀਆਂ ਸਤਰਾਂ ਨੇ;

ਕੁਦਰਤ ਦੇ ਰੰਗ ਦੱਸਾਂ ਕੀ ਕੀ ਫਰੋਲ ਮੈਂ
ਪਾਇਆ ਨਹੀਂ ਅੰਤ
ਕਿੱਸੇ ਬਹੁਤ ਅਸੀਂ ਪੜ੍ਹੇ ਦੇਖੇ।
ਜਿਨ੍ਹਾਂ ਦਾ ਦਿਮਾਗ
ਅਸਮਾਨੀ ਉਡੇ ਖੰਭ ਲਾ ਕੇ
ਨਿੱਕੀ ਜਿਹੀ ਅੜਾਉਣੀ 'ਚ
ਗਿਆਨੀ ਅਸੀਂ ਅੜੇ ਵੇਖੇ।
ਰਾਜ ਦਰਬਾਰੀਂ ਹੁੰਦਾ ਮਾਣ
ਡਿੱਠਾ ਮੂਰਖਾਂ ਦਾ
ਅਕਲਾਂ ਦੇ ਧਨੀ ਕਈ
ਜੰਜੀਰਾਂ ਵਿਚ ਜੜੇ ਵੇਖੇ।
ਨਜ਼ਰਬੰਦ ਹੋਣਾ ਪਿਆ
ਜਿੰਦਾਂ ਜਿਹੀਆਂ ਰਾਣੀਆਂ ਨੂੰ
ਸਕਿਆਂ ਭਰਾਵਾਂ ਦੇ ਦੋ
ਦਿੱਲੀ ਵਿਚ ਧੜੇ ਵੇਖੇ।

ਵਕਤ ਦੀ ਤੋਰ ਨਾਲ ਪੈੜਾਂ ਤੇ ਰਾਹ ਬਦਲਦੇ ਰਹੇ ਨੇ। ਪਹਿਲਾਂ-ਪਹਿਲ ਜਦੋਂ ਬੰਦਾ ਹੱਥੋ-ਪਾਈ ਹੀ ਹੁੰਦਾ ਸੀ ਤਾਂ ਹਜ਼ਾਰਾਂ ਪਿੱਛੇ ਇਕ ਅੱਧਾ ਗੁੱਝੀਆਂ ਸੱਟਾਂ ਨਾਲ ਜ਼ਖਮੀ ਹੁੰਦਾ ਸੀ, ਫਿਰ ਹਸਪਤਾਲਾਂ ਵਿਚ ਐਮਰਜੈਂਸੀ ਸਹੂਲਤਾਂ ਦੀ ਲੋੜ ਹੀ ਨਹੀਂ ਸੀ। ਜਦੋਂ ਡਾਂਗਾ-ਸੋਟੇ ਨਿਕਲਣ ਲੱਗੇ ਤਾਂ ਸਿਰ ਪਾਟਣ ਦੀਆਂ ਖ਼ਬਰਾਂ ਆਉਣ ਲੱਗ ਪਈਆਂ, ਤਲਵਾਰਾਂ ਆਈਆਂ ਤਾਂ ਘੋੜਿਆਂ ਤੇ ਹਾਥੀਆਂ ਦੀ ਮਦਦ ਨਾਲ ਲੜਾਈਆਂ ਲੜੀਆਂ ਜਾਣ ਲੱਗੀਆਂ, ਗੋਲੀਆਂ ਤੇ ਤੋਪਾਂ ਦੇ ਵਜੂਦ ਨੇ ਦੱਸਿਆ ਕਿ ਬੰਦਿਆਂ ਨੂੰ ਦੂਰ ਖੜੋ ਕੇ ਵੀ ਮਾਰਿਆ ਜਾ ਸਕਦਾ ਹੈ ਤੇ ਜਦੋਂ ਅਮਰੀਕਾ ਨੇ ਹੀਰੋਸ਼ੀਮਾ ਤੇ ਨਾਗਾਸਾਕੀ 'ਚ ਬੰਬ ਸੁੱਟੇ ਤਾਂ ਸਿਆਣਿਆਂ ਬੰਦਿਆਂ ਦੀ ਜਾਗ ਖੁੱਲ੍ਹੀ ਤਾਂ ਪਤਾ ਲੱਗਾ ਕਿ ਇਕ ਬੰਬ ਨਾਲ ਲੱਖਾਂ ਲੋਕ ਵੀ ਮਾਰੇ ਜਾ ਸਕਦੇ ਹਨ। ਉਦੋਂ ਹੀ ਪਤਾ ਲੱਗਾ ਕਿ ਦਿਮਾਗ ਵਿਗਿਆਨ ਦੇ ਕੰਧਾੜੇ ਚੜ੍ਹ ਗਿਆ ਹੈ। ਖ਼ੈਰ! ਵਾਅਦੇ ਨਾਲ ਕਹਾਂਗਾ ਕਿ ਦਿਮਾਗ ਦੀ ਸਿਹਤ ਵਿਗਿਆਨ 'ਚ ਖੋਜ ਬਾਰੇ ਕਦੇ ਵਿਸਥਾਰ 'ਚ ਫਿਰ ਗੱਲ ਕਰਾਂਗਾ ਪਰ ਹਾਲ ਦੀ ਘੜੀ ਚੰਦ ਮਿੰਟ ਦਿਲ ਖੁਸ਼ ਕਰਨ ਲਈ ਉਨ੍ਹਾਂ ਸ਼ੈਤਾਨ ਦਿਮਾਗਾਂ ਦੀ ਗੱਲ ਕਰਦੇ ਹਾਂ ਜਿਨ੍ਹਾਂ ਨੇ ਇਹ ਅਲਜਬਰੇ ਦੇ ਸੁਆਲਾਂ ਵਾਂਗ ਸਿੱਧ ਕਰ ਦਿੱਤਾ ਕਿ ਦਿਮਾਗ+ਅਕਲ ਨੂੰ ਕੱਠਿਆਂ ਕਰਕੇ ਸ਼ੇਰ ਨੂੰ ਪਿੰਜਰੇ ਤੇ ਹਾਥੀ ਨੂੰ ਰੱਸੀ ਨਾਲ ਵੀ ਬੰਨ੍ਹਿਆ ਜਾ ਸਕਦਾ ਹੈ ਤੇ ਜੇ ਦਿਮਾਗ ਦਾ ਖਾਨਾ ਖਾਲੀ ਹੈ ਤਾਂ ਸਿਆਣਾ ਕਹਾਉਣ ਵਾਲਾ ਮੂਰਖਾਂ ਤੋਂ ਵੀ ਚੁਪੇੜਾਂ ਖਾ ਕੇ ਘਰ ਵੜਦਿਆਂ ਆਖੀ ਜਾਂਦਾ ਹੈ, 'ਐਵੇਂ ਸਾਲੇ ਭਲਮਾਣਸੀ ਦਾ ਫਾਇਦਾ ਲੈ ਗਏ।'

ਕਹਿੰਦੇ ਨੇ ਇਕ ਵਾਰ ਜੰਗਲ ਵਿਚ ਕਾਲ ਪੈ ਗਿਆ। ਜੰਗਲ ਦੇ ਹੁਕਮਰਾਨ ਸ਼ੇਰ ਨੇ ਇਕ ਇਕ ਕਰਕੇ ਸਾਰੇ ਜਾਨਵਰ ਨਿਗਲ ਲਏ। ਜੰਗਲ ਦੀ ਇਕ ਨੁਕਰੇ ਬਾਂਦਰ ਤੇ ਬਾਂਦਰੀ ਆਪਣੇ ਨਿੱਕੇ ਨਿੱਕੇ ਦੋ ਬੱਚਿਆਂ ਨਾਲ ਰਹਿੰਦੇ ਸਨ। ਬਾਂਦਰ ਨੇ ਆਪਣੀ ਵਾਰੀ ਟਾਲਣ ਦੀ ਜੁਗਤ ਨਾਲ ਬਾਂਦਰੀ ਨਾਲ ਸੁਲਾਹ ਮਾਰੀ ''ਕਿਉਂ ਨਾ ਆਪਾਂ ਸ਼ੇਰ ਨੂੰ ਕੁਝ ਖੁਰਾਕ ਦੇ ਆਈਏ?'

'ਕੀ ਆ ਤੇਰੇ ਕੋਲ...?' ਬਾਂਦਰੀ ਨੇ ਹੈਰਾਨੀ ਨਾਲ ਪੁੱਛਿਆ।

'ਖਿੱਲਾਂ ਦਾ ਟੋਕਰਾ ਐ। ਖੁਸ਼ ਹੋ ਕੇ ਸ਼ਾਇਦ ਸਾਡੀ ਮੌਤ ਦੇ ਵਾਰੰਟ ਜਾਰੀ ਨਾ ਹੀ ਕਰੇ।

'ਸ਼ੇਰ ਦੀ ਖੁਰਾਕ ਤਾਂ ਮਾਸ ਹੁੰਦੀ ਏ।'

'ਮਾਸ ਹੁਣ ਕਿਥੋਂ ਲਿਆਵਾਂ, ਰਿੱਛ ਹੀ ਆਪਣਾ ਮਿੱਤਰ ਸੀ ਉਹ ਕੁਰਬਾਨੀ ਦੇ ਗਿਆ ਵਿਚਾਰਾ ਪਰਸੋਂ।'

'ਕੀ ਪਤਾ ਸ਼ੇਰ ਨੂੰ ਆਪਣੇ ਬਾਰੇ ਪਤਾ ਹੈ ਜਾਂ ਨਹੀਂ?'

'ਕਿਸੇ ਰਾਜੇ ਨੇ ਹਾਲੇ ਤੀਕਰ ਪਰਜਾ ਦੇ ਪਤੇ ਗੁੰਮ ਨ੍ਹੀ ਕੀਤੇ।'

'ਚਲ ਜਿੱਦਾਂ ਤੂੰ ਕਹਿਨੈ ਉਵੇਂ ਕਰ ਲੈ।' ਅੰਦਰੋਂ ਡਰੀ ਬਾਂਦਰੀ ਨੇ ਹਾਂ ਦਾ ਹਰਾ ਬਟਨ ਦਬਾ ਦਿੱਤਾ।

ਤੇ ਮੌਤ ਤੋਂ ਹੱਡ ਛੁਡਾਉਣ ਵਾਲੇ ਬਾਂਦਰ ਨੇ ਚੁੱਕਿਆ ਸਿਰ 'ਤੇ ਖਿੱਲਾਂ ਦਾ ਟੋਕਰਾ ਤੇ ਉਦਾਸ ਬੈਠੇ ਸ਼ੇਰ ਕੋਲ ਜਾ ਬੋਲਿਆ 'ਮਹਾਰਾਜ ਕੀ ਜੈ ਹੋ।'

ਭੁੱਖੇ ਸ਼ੇਰ ਦੇ ਚਿਹਰੇ 'ਤੇ ਰੌਣਕ ਆ ਗਈ। ਬਾਂਦਰਾ ਤੂੰ ਹੈਗਾਂ ਜੰਗਲ 'ਚ ਮੈਂ ਤਾਂ ਸੋਚਿਆ ਸਭ ਮੁਕ ਗਏ ਜਾਨਵਰ?'

'ਮਹਾਰਾਜ ਮੈਂ ਤਾਂ ਤੁਹਾਡੇ ਲਈ ਖਿੱਲਾਂ ਲੈ ਕੇ ਆਇਐਂ।'

'ਮੈਂ ਸਿਰ 'ਚ ਮਾਰਨੀਆਂ। ਕੁੱਕੜਾਂ ਦੀ ਖੁਰਾਕ ਮੇਰੇ ਅੱਗੇ ਢੇਰੀ ਕਰੀ ਜਾਨੈਂ। ਤੂੰ ਆਜਾ ਉਰੇ। ਦੇ ਮੇਰੀ ਜੀਭ ਨੂੰ ਸੁਆਦ।'

'ਭੁੱਲ ਗਈ ਮੰਤਰ ਨੂੰ ਨਾਗ ਛੇੜ ਕੇ ਕਾਲਾ', ਬਾਂਦਰ ਨੂੰ ਕੁਝ ਨਾ ਅਹੁੜੇ। ਉਹ ਬਾਦਸ਼ਾਹ ਦੀ ਬਰਖੁਰਦਾਰੀ ਕਰਨ ਆਇਆ ਸੋਚੀਂ-ਖਿਆਲੀਂ ਡੁੱਬੀ ਜਾਏ ਕਿ ਇਹਨੂੰ ਤਾਂ ਕੁਝ ਪਤਾ ਈ ਨੀ ਸੀ ਸਾਡੇ ਬਾਰੇ ਐਵੇਂ ਬੋਕ ਦੇ ਸਿੰਗਾਂ ਨੂੰ ਹੱਥ ਲਾ ਕੇ ਪੁੱਠਾ ਈ ਪੰਗਾ ਲੈ ਲਿਆ।'

'ਮਹਾਰਾਜ ਹੱਥ ਬੰਨ੍ਹ ਕੇ ਬੇਨਤੀ ਐ। ਅੱਜ ਦੀ ਰਾਤ ਤਾਂ ਬੱਚਿਆਂ ਤੇ ਬਾਂਦਰੀ ਕੋਲ ਰਹਿਣ ਲਈ ਉਧਾਰੀ ਦੇ ਦਿਓ, ਤੜਕੇ ਆ ਜੂੰ ਮੂੰਹ ਨੇਰ੍ਹੇ।

'ਦੇਖ ਲੈ ਜੇ ਨਾ ਆਇਆ ਤਾਂ ਸਣੇ ਬੱਚੇ ਖਾ ਜੂੰ। ਜਾ ਨੱਠ ਜਾਹ।' ਤੇ ਮੌਤ ਨੂੰ ਕੁੱਛੜ ਚੁੱਕੀ ਬਾਂਦਰ ਧਾਹਾਂ ਮਾਰਦਾ ਆਵੇ।

ਬਾਂਦਰੀ ਦੇ ਗਲ ਲੱਗ ਕੇ ਰੋਵੇ 'ਆ ਜਾ ਕਰ ਲੈ ਅੱਜ ਦੀ ਰਾਤ ਪਿਆਰ।' ਕਦੇ ਬੱਚਿਆਂ ਨੂੰ ਦੋਹੀਂ ਪਾਸੀਂ ਬਿਠਾ ਕੇ ਆਖੇ, 'ਤੁਰ ਚੱਲਿਆ ਤੁਹਾਡਾ ਬਾਬਲ ਭੰਗ ਦੇ ਭਾੜੇ'।

'ਕੀ ਹੋ ਗਿਆ ਮੇਰੇ ਦਿਲਜਾਨੀਆ?' ਬਾਂਦਰੀ ਬੋਲੀ।

'ਖਾਣ ਤਾਂ ਅੰਬ ਗਿਆ ਸੀ ਆ ਗਿਆ ਅੰਬ ਦੇ ਦਰਖਤ ਹੇਠਾਂ।'

'ਮੇਰੇ ਦਿਲ ਦਿਆ ਮਹਿਰਮਾ ਤੈਨੂੰ ਰਾਹ ਅਣਜਾਣਾ ਦੱਸਿਆ ਸੀ ਤੂੰ ਰੁਕਿਆ ਨਾ ਮੈਂ ਰੋਕ ਹਟੀ?'

ਸਾਰੀ ਰਾਤ ਰੋਂਦਿਆਂ-ਕੁਰਲਾਉਂਦਿਆਂ ਦੀ ਲੰਘ ਗਈ। ਸਵੇਰੇ ਉਠ ਕੇ ਬਾਂਦਰ ਨਹਾ ਲਿਆ ਕਰੇ, ਫਿਰ ਲਿਬੜ ਜਾਇਆ ਕਰੇ। ਅਖੇ ਆਖਰੀ ਵਾਰੀ ਦਾ ਨਹਾਉਣਾ ਕਿਹੜਾ ਸੌਖੈ।

ਚਲੋ ਮਰਦਾ ਕੁਰਲਾਉਂਦਾ ਬਾਂਦਰ ਪਹਾੜੀ ਦੀ ਟੀਸੀ 'ਤੇ ਬੈਠੇ ਸ਼ੇਰ ਕੋਲ ਆਣ ਪਹੁੰਚਿਆ। ਪੂਰੇ ਤਿੰਨ ਘੰਟੇ ਲੇਟ।

ਸ਼ੇਰ ਗਰਜਿਆ 'ਤੇਰੀ ਹਿੰਮਤ ਕਿਵੇਂ ਪਈ ਲੇਟ ਹੋਣ ਦੀ।'

'ਮਹਾਰਾਜ ਆਖਰੀ ਘੜੀ ਤੋਂ ਸਾਰੇ ਡਰਦੇ ਨੇ।' ਤੇ ਹਿੰਮਤ ਹਾਰੀ ਬੈਠੇ ਬਾਂਦਰ ਦੇ ਦਿਮਾਗ ਨੇ ਇਕ ਹੁਲਾਰਾ ਦਿੱਤਾ 'ਮਹਾਰਾਜ ਇਕ ਬੇਨਤੀ ਕਰ ਸਕਦੈਂ?'

'ਬੋਲ'

'ਵੇਖੋ ਮੈਂ ਤਾਂ ਇਕਹਿਰੇ ਸਰੀਰ ਦਾ ਮਾੜਕੂ ਜਿਹਾ ਬੁੱਢਾ ਬਾਂਦਰ ਹਾਂ। ਮੈਨੂੰ ਖਾ ਕੇ ਤਾਂ ਤੁਹਾਡੀ ਦਾੜ ਵੀ ਗਿੱਲੀ ਨ੍ਹੀ ਹੋਣੀ। ਜੇ ਆਖੋ ਤਾਂ ਵੱਡਾ ਸ਼ਿਕਾਰ ਲੱਭ ਕੇ ਲਿਆਵਾਂ?

'ਚਲਾਕੀ ਨਾ ਕਰ ਜਾਹ ਕਰ ਲੈ ਇਕ ਵਾਰੀ ਟਰਾਈ।'

ਤੇ ਬਾਂਦਰ ਪਿਛਲਖੁਰੀਂ ਭੱਜਦਾ ਜੰਗਲ ਦੇ ਗੇੜੇ ਮਾਰਨ ਲੱਗਾ ਤਾਂ ਇਕ ਢਾਬ ਤੇ ਪਾਣੀ ਪੀਂਦੇ ਗਧੇ ਨੂੰ ਵੇਖ ਕੇ ਬਾਗੋ ਬਾਗ ਹੋ ਗਿਆ ਕਿ ਮੂਰਖ ਨੂੰ ਹੋਰ ਮੂਰਖ ਬਣਾਉਂਦੇ ਹਾਂ ਇਹ ਮਰੂ ਮੇਰੀ ਆਈ।

'ਓ ਗੱਧਿਆ ਹੈਥੇ ਕੀ ਕਰਦੈਂ।'

'ਪਾਣੀ ਪੀਂਦਾ ਦੀਹਦਾ ਨ੍ਹੀ।'

'ਲਾਟਰੀ ਨਿਕਲ ਆਈ ਤੇਰੀ। ਸ਼ੇਰ ਨੇ ਤੈਨੂੰ ਚੇਤੇ ਕੀਤੈ।'

'ਮੈਥੋਂ ਦਾਣੇ ਪਿਸਾਉਣੇ ਆਂ।'

'ਜੱਬ੍ਹਲੀਆਂ ਨਾ ਮਾਰ। ਜਿਵੇਂ ਆਪਣੇ ਮੁਲਕ ਵਿਚ ਪ੍ਰਧਾਨ ਮੰਤਰੀ, ਮੁੱਖ ਮੰਤਰੀ ਸਲਾਹਕਾਰ ਰੱਖਦੇ ਐ। ਤੈਨੂੰ ਸ਼ੇਰ ਨੇ ਉਹੀ ਆਪਣੇ ਰਾਜ 'ਚ ਪਦਵੀ ਦੇਣੀ ਆਂ।'

ਤੇ ਗਧਾ ਲੁੱਡੀਆਂ ਪਾਉਂਦਾ ਅਕਲੋਂ ਖਾਲੀ ਚਾਲ 'ਚ ਫਸ ਗਿਆ।

ਸ਼ੇਰ ਦੂਰੋਂ ਹੀ ਦੇਖ ਕੇ ਸੋਚੇ ਹੁਣ ਦੋ-ਚਾਰ ਦਿਨ ਲੰਘ ਜਾਣਗੇ ਤੇ ਉਹ ਮੋਇਆ ਵੀ ਉਠ ਕੇ ਗਧੇ ਨੂੰ ਪੈਣ ਲੱਗਾ ਤਾਂ ਗਧਾ ਡਰ ਕੇ ਨੱਠ ਗਿਆ।'

ਬਾਂਦਰ ਕਹਿਣ ਲੱਗਾ, 'ਵੱਡੇ ਮਹਾਰਾਜ ਮੈਂ ਏਡਾ ਸ਼ਿਕਾਰ ਲੱਭ ਕੇ ਲਿਆਇਆ ਸੀ ਤੁਸੀਂ ਕਾਹਲੇ ਪੈ ਗਏ।'

'ਤੇ ਹੁਣ?'

'ਇਕ ਮੌਕਾ ਹੋਰ ਦੇ ਦਿਓ।'

'ਜਾਹ ਛੇਤੀ ਆ ਮੁੜ ਕੇ।'

ਤੇ ਵਿਚਾਰਾ ਗਧਾ ਉਸੇ ਢਾਬ 'ਤੇ ਘਾਬਰਿਆ ਹੋਇਆ ਫਿਰ ਪਾਣੀ ਪੀਵੇ। ਬਾਂਦਰ ਨੇ ਫਿਰ ਬੁਰਕੀ ਸੁੱਟੀ, ਤੂੰ ਭੱਜ ਆਇਆਂ ਗਧਿਆ।'

'ਜਾਹ ਉਹ ਭਰਾਵਾ। ਮਰਾਉਣਾ ਮੈਨੂੰ। ਉਹ ਤਾਂ ਖਾਣ ਲੱਗਾ ਸੀ।'

'ਖਾਣ ਕਾਹਨੂੰ ਲੱਗਾ ਸੀ। ਸਲਾਹਕਾਰ ਬਣਨ ਤੋਂ ਪਹਿਲਾਂ ਸਹੁੰ ਨੀ ਚੁਕਾਉਂਦੇ ਹੁੰਦੇ, ਉਹ ਰਸਮ ਸੀ। ਤੇ ਚਲ ਹਾਲੇ ਕੁਝ ਨ੍ਹੀਂ ਬਿਗੜਿਆ ਡੁੱਲ੍ਹੇ ਬੇਰਾਂ ਦਾ।'

ਤੇ ਗਧਾ ਵਿਚਾਰਾ ਫਿਰ ਤੁਰ ਪਿਆ। ਉਧਰ ਬਾਂਦਰ ਨੇ ਸ਼ੇਰ ਨੂੰ ਆਖਿਆ ਹੋਇਆ ਸੀ ਕਿ ਐਤਕੀਂ ਸ਼ਿਕਾਰ ਖਾਲੀ ਨਾ ਜਾਵੇ।

ਜਿਉਂ ਹੀ ਦੋਵੇਂ ਸ਼ੇਰ ਕੋਲ ਪਹੁੰਚੇ ਬਾਂਦਰ ਨੇ ਗਧੇ ਦੇ ਕੰਨ 'ਚ ਕਿਹਾ, 'ਡਿੱਗ ਪੈ ਚਰਨੀ, ਕਹਿ ਮੁਆਫ ਕਰਦੇ ਭੁੱਲਾਂ-ਚੁਕਾਂ।'

ਤੇ ਸ਼ੇਰ ਨੇ ਮਾਰਿਆ ਵਿਚਾਰੇ ਦੇ ਮੂਧੇ ਹੋਏ ਦੇ ਸਿਰ 'ਚ ਖੂਨੀ ਪੰਜਾ ਤੇ ਬੁਲਾ ਤਾ ਪਾਰ ਮੂਰਖ ਗਧਾ।

ਸ਼ੇਰ ਬੋਲਿਆ, 'ਇਹਦਾ ਤਾਂ ਮੈਂ ਖੋਲ੍ਹ ਤਾ ਕਪਾਲ। ਦੇਖ ਦਿਮਾਗ ਕਿਵੇਂ ਟੱਪਦੈ। ਮੈਂ ਨਹਾ ਧੋ ਆਵਾਂ। ਤੂੰ ਬਾਂਦਰਾ ਰਾਖੀ ਕਰ। ਕੋਈ ਕਾਂ ਕੁੱਤਾ ਮੂੰਹ ਨਾ ਮਾਰ ਜਾਵੇ।' ਬਾਂਦਰ ਨੇ ਸੋਚਿਆ ਭੁੱਖਾ ਤਾਂ ਮੈਂ ਵੀ ਹਾਂ। ਹੋਰ ਤਾਂ ਕੁਝ ਖਾ ਨੀ ਹੋਣਾ। ਦਿਮਾਗ ਹੀ ਖਾ ਲਵੋ। ਤੇ ਉਹਨੇ ਝੱਟ ਦੇਣੀ ਟੱਪਦਾ ਦਿਮਾਗ ਹੀ ਨਿਗਲ ਲਿਆ। ਸ਼ੇਰ ਆਉਂਦਿਆਂ ਗਧੇ ਦੀ ਖਾਲੀ ਖੋਪਰੀ ਦੇਖ ਕੇ ਗੁੱਸੇ 'ਚ ਬੋਲਿਆ, 'ਓ ਸਾਲਿਆ ਬਾਂਦਰਾ, ਮੂੰਹ ਸੁਆਰਦਾ ਆਉਨੈਂ, ਇਹਦਾ ਦਿਮਾਗ ਤੂੰ ਖਾ ਲਿਐ?'

'ਮਹਾਰਾਜ ਮੂੰਹ ਤਾਂ ਮੈਂ ਤਾਂ ਸੁਆਰਦਾ ਸੀ ਪਾਣੀ ਨਾਲ ਭਰਿਆ ਪਿਆ ਸੀ। ਪਰ ਮੈਂ ਨ੍ਹੀਂ ਦਿਮਾਗ ਖਾਧਾ ਏਹਦਾ?'

'ਫਿਰ ਕਿਥੇ ਗਿਐ?'

'ਮਹਾਰਾਜ ਗਧੇ ਸਾਲੇ ਦਾ ਦਿਮਾਗ ਹੁੰਦਾ ਈ ਨ੍ਹੀ।'

'ਕਿਉਂ?'

'ਜੇ ਪਤੰਦਰ ਦਾ ਦਿਮਾਗ ਹੁੰਦਾ ਤਾਂ ਸਾਲਾ ਦੂਜੀ ਵਾਰੀ ਕਾਹਨੂੰ ਆਉਂਦਾ।'

ਤੇ ਭੁੱਖ ਨਾਲ ਤ੍ਰਿਹਾਏ ਸ਼ੇਰ ਦੇ ਜੁਬਾੜੇ 'ਚੋਂ ਹਾਸਾ ਛਲਕ ਪਿਆ। ਤੇ ਬਾਂਦਰ ਬਾਂਦਰੀ ਦੇ ਗਲ ਲੱਗ ਕੇ ਛੇ ਛੇ ਫੁੱਟ ਉੱਚੀਆਂ ਟਪੂਸੀਆਂ ਮਾਰੇ ਅਖੇ ਦਿਮਾਗ ਨਾਲ ਦਿਮਾਗ ਢਾਹ ਲਿਆ।

ਅੰਗਰੇਜ਼ਾਂ ਨੇ ਜਿਨ੍ਹਾਂ ਨੂੰ ਜਗੀਰਦਾਰੀਆਂ ਤੇ ਅਹੁਦੇਦਾਰੀਆਂ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ, ਬਾਕਾਇਦਾ ਉਨ੍ਹਾਂ ਦਾ ਨਾਂ 'ਮੁਖਬਰ' ਪੈ ਗਿਆ, ਜਿਨ੍ਹਾਂ ਨੂੰ ਦੂਜੀ ਭਾਸ਼ਾ ਵਿਚ 'ਟਾਊਟ' ਆਖਦੇ ਨੇ। ਅੰਗਰੇਜ਼ ਤਾਂ ਚਲੇ ਗਏ ਪਰ ਮੁਖਬਰ ਪਿੱਛੇ ਛੱਡ ਗਏ। ਇਨ੍ਹਾਂ ਦਾ ਕੰਮ ਪੁਲਿਸ ਨੂੰ ਸੂਹੀਆ ਖਬਰਾਂ ਦੇਣ ਦਾ ਹੁੰਦਾ ਸੀ। ਸਿੱਖ ਇਤਿਹਾਸ ਵਿਚ ਇਹੋ ਕੰਮ ਗੰਗੂ ਨੇ ਵੀ ਕੀਤਾ ਹੈ। ਅਮਰੀਕਾ ਦੀ ਐਫ.ਬੀ.ਆਈ. ਹਿੰਦੋਸਤਾਨ ਦੀ ਰਾਅ ਤੇ ਪਾਕਿਸਤਾਨ ਦੀ ਸੀ.ਆਈ.ਏ. ਦਾ ਜਿੰਨਾ ਰੌਲਾ ਪਈ ਜਾਵੇ, ਇਹ ਏਜੰਸੀਆਂ ਕਿੰਨੀਆਂ ਵੀ ਸੁਚੇਤ ਹੋਣ, ਮੁਖਬਰ ਇਨ੍ਹਾਂ ਤੋਂ ਵੀ ਸ਼ਾਤਿਰ ਦਿਮਾਗ ਵਾਲੇ ਹੁੰਦੇ ਨੇ। ਕਿਹਦੇ ਕੋਲ ਕਿੰਨੀ ਅਫੀਮ ਹੈ, ਕਿੰਨੀ ਭੁੱਕੀ ਹੈ, ਕਦੋਂ ਤੇ ਕਿਥੋਂ ਆਈ ਹੈ, ਸਭ ਪਤਾ ਹੁੰਦੈ। ਲਾਹਣ ਹਾਲੇ ਚੱਲਿਆ ਨ੍ਹੀ ਹੁੰਦਾ, ਵਿਚਾਰਾ ਬਾਲਣ 'ਕੱਠਾ ਕਰ ਰਿਹੈ ਹੁੰਦੈ। ਇਹ ਮੁਨਸ਼ੀ ਨੂੰ ਇਤਲਾਹ ਦੇ ਚੁੱਕੇ ਹੁੰਦੇ ਹਨ ਕਿ ਟਾਹਲੀ ਆਲੇ ਖੂਹ 'ਤੇ ਕਦੋਂ ਹਮੀਰੇ ਵਾਲੀ ਸ਼ਰਾਬ ਦੀ ਫੈਕਟਰੀ ਚੱਲਣੀ ਹੁੰਦੀ ਹੈ। ਤੇ ਹਾਲੇ ਪਹਿਲੇ ਤੋੜ ਦੀ ਬੋਤਲ ਭਰੀ ਵੀ ਨਹੀਂ ਹੁੰਦੀ ਕਿ ਪੁਲਿਸ ਸਣੇ ਚੂੜਾ ਸਾਲੂ ਸਾਰਾ ਸਮਾਨ ਚੁੱਕ ਲੈਂਦੀ ਹੈ। ਇਨ੍ਹਾਂ ਦੀ ਮਿਹਰਬਾਨੀ ਨਾਲ ਬੜੇ ਨਿੱਥੇ ਮਰੇ ਨੇ ਤੇ ਪਤਾ ਨ੍ਹੀਂ ਹਾਲੇ ਹੋਰ ਕਿੰਨਿਆਂ ਕੁ ਦੀ ਵਾਰੀ ਆਵੇਗੀ।

ਸਾਰੀ ਉਮਰ ਚਲਾਕ ਦਿਮਾਗ ਨਾਲ ਮੁਖਬਰੀ ਕਰਨ ਵਾਲੇ ਨਿਹਾਲ ਸਿਹੁੰ ਦੀ ਆਖਰੀ ਘੜੀ ਆ ਗਈ। ਮੌਤ ਕਲੋਲ ਕਰਨ ਲੱਗੀ ਤਾਂ ਉਸਨੇ ਆਪਣੇ ਪਿੰਡ ਦੇ ਲੰਬੜਦਾਰ ਸਾਧੂ ਰਾਮ, ਚੌਕੀਦਾਰ ਬਚਨੇ ਤੇ ਸਰਪੰਚ ਨੱਥਾ ਸਿਹੁੰ ਨੂੰ ਬੁਲਾ ਕੇ ਕਿਹਾ, 'ਵੇਖੋ ਸਾਰੀ ਉਮਰ ਮੈਂ ਦਿਮਾਗ ਨੂੰ ਗਲਤ ਪਾਸੇ ਲਾ ਕੇ ਰੱਖਿਐ, ਬੜਿਆਂ ਨੂੰ ਹੱਥਕੜੀਆਂ ਲੁਆ ਕੇ ਜੇਲ੍ਹੀਂ ਡੱਕਿਆ, ਬਹੁਤਿਆਂ ਦੀਆਂ ਪੱਗਾਂ ਲੁਹਾਈਆਂ, ਸ਼ਰੀਫਾਂ ਦੇ ਪਟੇ ਲੁਆਏ ਤੇ ਮੇਰੀ ਗੰਦੀ ਜੁਬਾਨ ਦਿਮਾਗ ਦੇ ਇਸ਼ਾਰੇ 'ਤੇ ਸ਼ੈਤਾਨੀ ਕਰਨੋਂ ਨ੍ਹੀਂ ਹਟੀ। ਰੱਬ ਦੇ ਵਾਸਤੇ ਮੇਰੀ ਇਕ ਅੰਤਿਮ ਇੱਛਾ ਜਰੂਰ ਪੂਰੀ ਕਰਿਓ।'

'ਬੋਲ ਕੀ ਐ ਤੇਰੀ ਇੱਛਾ?'

'ਜਦੋਂ ਮੈਂ ਮਰਾਂ ਤਾਂ ਮੇਰੇ ਸੰਘ 'ਚ ਕੀਲਾ ਠੋਕ ਦਿਓ। ਤਾਂਕਿ ਮੇਰੇ ਆਲਾ ਕੰਮ ਕੋਈ ਹੋਰ ਨਾ ਕਰੇ।'

ਉਪਰੋਂ ਤਾਂ ਸਾਰੇ ਕਹੀ ਜਾਣ 'ਚਲ ਬੰਦਾ ਗਲਤੀ ਦਾ ਪੁਤਲਾ ਹੁੰਦੈ।' ਪਰ ਅੰਦਰੋਂ ਕਹਿਣ 'ਸਾਲਿਆ ਮਰ ਤਾਂ ਸਹੀ ਦੋ ਠੋਕਾਂਗੇ।'

ਤੇ ਨਿਹਾਲ ਸਿਹੁੰ ਨੇ ਜਿੱਦਣ ਅੱਖਾਂ ਮੀਚੀਆਂ ਤਾਂ ਉਨ੍ਹਾਂ ਨੇ ਸਾਲ੍ਹੋ ਤਰਖਾਣ ਤੋਂ ਢਾਈ ਫੁੱਟੇ ਤੂਤ ਦੇ ਮੋਛੇ ਦਾ ਕਿੱਲਾ ਘੜਾ ਕੇ ਮਾਰ ਕੇ ਦੋ ਘਣ ਸਿੱਧਾ ਪਾੜ ਕੇ ਗਰਦਨ ਆਲੇ ਪਾਸੇ ਆਰ-ਪਾਰ ਕਰਤਾ।

ਚਿਖਾ ਚਿਣ ਹੋ ਗਈ। ਹਾਲੇ ਲਾਂਬੂ ਹੀ ਲੱਗਣ ਲੱਗਾ ਸੀ ਕਿ ਪੁਲਿਸ ਦੀਆਂ ਗੱਡੀਆਂ ਦੇ ਹੂਟਰ ਵੱਜਦੇ ਆਉਣ। ਥਾਣੇਦਾਰ ਨੇ ਗੱਡੀ 'ਚੋਂ ਉਤਰਦਿਆਂ ਕਿਹਾ ਇਹ ਸਾਡਾ ਬੰਦਾ ਸੀ ਅਸੀਂ ਇਹਦਾ ਮੂੰਹ ਵੇਖਣ ਆਏ ਹਾਂ। ਕਰੋ ਨੰਗਾ ਮੂੰਹ।

ਤੇ ਮੂੰਹ ਨੰਗਾ ਹੁੰਦਿਆਂ ਹੀ ਵੇਖ ਕੇ ਮੁਨਸ਼ੀ ਬੋਲਿਆ, 'ਵੇਖ ਲਓ ਜਨਾਬ ਗੱਲ ਸੱਚ ਈ ਹੋਈ ਨਾ। ਨਿਹਾਲ ਸਿਹੁੰ ਦੱਸ ਕੇ ਗਿਆ ਸੀ ਕਿ ਜਿੱਦਣ ਮੈਂ ਮਰਿਆ ਤਾਂ ਮੈਨੂੰ ਸਾਧੂ ਰਾਮ ਲੰਬੜਦਾਰ, ਬਚਨੇ ਚੌਂਕੀਦਾਰ ਤੇ ਸਰਪੰਚ ਨੱਥਾ ਸਿਹੁੰ ਨੇ ਗਲ 'ਚ ਗੂਠਾ ਨ੍ਹੀ ਕੀਲਾ ਠੋਕ ਕੇ ਮਾਰਨੈ।'

ਸਾਰਾ ਪਿੰਡ ਤਰਲੇ ਕਰੇ ਕਿ ਇਹ ਤਾਂ ਉਹਦੀ ਅੰਤਿਮ ਇੱਛਾ ਪੂਰੀ ਕੀਤੀ ਐ ਪਰ ਪੁਲਿਸ ਨੇ ਲਾਸ਼ ਕਬਜ਼ੇ 'ਚ ਲੈ ਕੇ ਸਾਧੂ, ਬਚਨੇ ਤੇ ਨੱਥਾ ਸਿਹੁੰ ਦੇ ਹੱਥਕੜੀਆਂ ਲਾਈਆਂ। ਸਾਰਾ ਪਿੰਡ ਨਿਹਾਲੇ ਦੇ ਦਿਮਾਗ ਦੇ ਬਲਿਹਾਰੇ ਜਾਈ ਜਾਂਦਾ ਸੀ ਕਿ ਜਿਉਂਦੇ ਜੀਅ ਤਾਂ ਪਤਾ ਨਹੀਂ ਕਿੰਨੇ ਕੁ ਸਾਧ ਦੇ ਭੁਲੇਖੇ ਚੋਰ ਕੁਟਾਏ ਪਰ ਪਤੰਦਰ ਜਾਂਦਾ ਜਾਂਦਾ ਵੀ ਤਿੰਨਾਂ ਨੂੰ ਅੰਦਰ ਕਰਾ ਗਿਆ।

ਇਹ ਸਾਰੀਆਂ ਦਿਮਾਗ ਦੀਆਂ ਚਾਲਾਂ ਦੀ ਸ਼ਤਰੰਜੀ ਖੇਡ ਸੀ।

ਐਤਕਾਂ! ਲਿਖਣ ਲਈ ਕੋਈ ਵਿਸ਼ਾ-ਵਸਤੂ ਨ੍ਹੀ ਲੱਭਦਾ ਸੀ ਇਸ ਲਈ ਸੋਚਦੈਂ ਖੈਰ! ਗੱਲ ਤਾਂ ਨ੍ਹੀਂ ਪਰ...।

## ਚੁਟਕਲੇ

ਪ੍ਰੇਮੀ-ਤੈਨੂੰ ਪਤੈ ਮੈਂ ਉੱਚ ਸਿਖਿਆ ਲਈ ਇੰਗਲੈਂਡ ਜਾ ਰਿਹਾ ਹਾਂ'

ਪ੍ਰੇਮਿਕਾ-ਬਾਈ ਗਾਡ!

ਪ੍ਰੇਮੀ-ਨਹੀਂ ਬਾਈ ਏਅਰ।

---

ਅੰਬਾਂ ਵਾਲਾ ਹੋਕਾ ਲਾ ਰਿਹਾ ਸੀ 'ਲੈ ਲਓ ਲੰਗੜੇ ਅੰਬ', ਇਕ ਔਰਤ- 'ਵੇ ਭਾਈ ਇਹ ਸੱਚਮੁੱਚ ਲੰਗੜੇ ਅੰਬ ਹਨ।'

ਅੰਬਾਂ ਵਾਲਾ-'ਹਾਂ ਜੀ ਇਸੇ ਕਰਕੇ ਤਾਂ ਇਨ੍ਹਾਂ ਨੂੰ ਟੋਕਰੇ ਵਿਚ ਪਾ ਕੇ ਸਿਰ 'ਤੇ ਚੁਕ ਕੇ ਵੇਚ ਰਿਹਾ ਹਾਂ।'

***-ਇੰਦਰਜੀਤ ਮੰਗਾ, ਪਿਟਸਬਰਗ***


DRIVERS
COMTRAK
LOGISTICS
LEASING: INTERMODAL OWNER OPERATORS
10% Incentive Pay On ALL Weekly Compensation for Zero Down Payment
• CARB Compliance Truck Program Available.
• Trade In for a Compliant Truck
• Zero Down Payment
• Easy & Affordable with No Credit Hassles!
• Excellent Rate & FSC
• Paid On LD & Empty Miles
• 75% Drop & Hook
• Fleet Fuel & Tire Discounts
• 1 Year Tractor Trailer Experience with Class A CDL Required
Call For Details Today
209-323-9806
BE HOME DAILY & MAKE $$$$
www.comtrakinc.com

# ਸ੍ਰੀ ਅਨੰਦਪੁਰ ਸਾਹਿਬ ਦਾ 1973 ਵਾਲਾ ਮਤਾ

***ਅਨੰਦਪੁਰ ਸਾਹਿਬ ਦਾ ਮਤਾ ਇਕ ਇਤਿਹਾਸਕ ਦਸਤਾਵੇਜ਼ ਹੈ। ਇਸ ਮਤੇ ਨੂੰ ਆਧਾਰ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਨੇ ਇਕ ਵੱਡਾ ਸੰਘਰਸ਼ ਲੜਿਆ ਹੈ। ਇਸ ਸੰਘਰਸ਼ ਵਿਚੋਂ ਅਕਾਲੀ ਦਲ ਨੇ ਕੀ ਖੱਟਿਆ ਕੀ ਗਵਾਇਆ? ਇਸ ਬਾਰੇ ਚਰਚਾ ਇਕ ਗੰਭੀਰ ਅਤੇ ਲੰਮਾ ਚੌੜਾ ਵਿਸ਼ਾ ਹੈ। ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਇਸ ਮਤੇ ਵਿਚ ਹੈ ਕੀ ਕੁਝ ਸੀ। ਇਸੇ ਮਕਸਦ ਲਈ ਅਸੀਂ ਇਥੇ 1973 ਅਤੇ 1978 ਵਾਲੇ, ਦੋਨੋਂ ਮਤਿਆਂ ਦੇ ਖਰੜੇ ਛਾਪ ਰਹੇ ਹਾਂ। -ਸੰਪਾਦਕ***

## ਖਾਲਸਾ ਪੰਥ

**ਸਿਰਦਾਰ ਕਪੂਰ ਸਿੰਘ**
**ਆਈ ਸੀ ਐਸ**



ਸ੍ਰੀ ਅਨੰਦਪੁਰ ਸਾਹਿਬ ਮਤਾ (ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤ) ਜੋ ਕਿ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਆਪਣੀ 16-17 ਅਕਤੂਬਰ 1973 ਦੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਇਕੱਤ੍ਰਤਾ ਵਿਚ ਪ੍ਰਵਾਨ ਕੀਤਾ;

(ੳ) ਸਿਧਾਂਤ

1. ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਮੁੱਚੀ ਮਰਜ਼ੀ ਦਾ ਇਕੋ ਇਕ ਪ੍ਰਗਟਾਓ ਹੈ ਤੇ ਪੰਥ ਦੀ ਪ੍ਰਤੀਨਿਧਤਾ ਕਰਨ ਲਈ ਪੂਰਾ ਅਧਿਕਾਰ ਰੱਖਦਾ ਹੈ। ਇਸ ਜਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸਬੰਧ, ਮਨੁੱਖੀ ਗਤੀ ਅਤੇ ਮਨੁੱਖ ਦੇ ਪਰਮ-ਤੱਤ ਨਾਲ ਸਬੰਧਾਂ ਉਤੇ ਰਖੀ ਗਈ ਹੈ।

2. ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ''ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੀਆਂ ਲੀਹਾਂ ਉਤੇ ਆਧਾਰਤ ਹਨ।

(ਅ) ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਲਈ ਸਚਾ ਤੱਤਪਰ ਰਹੇਗਾ।

1. ਗੁਰਮਤਿ ਤੇ ਰਹਿਤ ਮਰਯਾਦਾ ਦਾ ਪ੍ਰਚਾਰ ਅਤੇ ਨਾਸਤਕਤਾ ਤੇ ਮਨਮੱਤ ਦਾ ਪ੍ਰਹਾਰ।

2. ਸਿੰਘਾਂ ਵਿਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼-ਕਾਲ ਘੜਨਾ, ਜਿਸ ਵਿਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਓ ਪੂਰਨ ਤੌਰ 'ਤੇ ਮੂਰਤੀਮਾਨ ਤੇ ਪ੍ਰਜਵਲਤ ਹੋ ਸਕੇ।

3. ਕੰਗਾਲੀ, ਭੁਖ-ਨੰਗ ਤੇ ਥੁੜ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ-ਖਸੁੱਟ (ਐਕਸਪਲਾਇਟੇਸ਼ਨ) ਨੂੰ ਦੂਰ ਕਰਨਾ।

4. ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

5. ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਓ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸਕੇ।

ਅੰਕ ਪਹਿਲਾ

ਅਕਾਲੀ ਦਲ ਸਿੱਖਾਂ ਵਿਚ ਧਰਮ-ਭਾਵ ਪੈਦਾ ਕਰਨ ਤੇ ਉਹਦੇ ਵਿਚ ਸਿੱਖ ਹੋਣ ਉਤੇ ਫ਼ਖਰ ਪੈਦਾ ਕਰਨਾ ਆਪਣਾ ਮੁਖ ਮਨੋਰਥ ਸਮਝਦਾ ਹੈ, ਜਿਸ ਦੀ ਪੂਰਤੀ ਲਈ ਅਕਾਲੀ ਦਲ ਹੇਠ ਲਿਖਿਆ ਪ੍ਰੋਗਰਾਮ ਵਰਤੋਂ ਵਿਚ ਲਿਆਏਗਾ;

(ੳ) ਵਾਹਿਗੁਰੂ ਦੀ ਵਾਹਦ ਹਸਤੀ ਦਾ ਪ੍ਰਚਾਰ ਕਰਨਾ, ਨਾਮ ਸਿਮਰਨ ਤੇ ਗੁਰਬਾਣੀ ਦਾ ਪ੍ਰਵਾਹ ਚਲਾਉਣਾ, ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਦ੍ਰਿੜ੍ਹ ਨਿਸ਼ਚਾ ਕਰਾਉਣਾ ਤੇ ਉਨ੍ਹਾਂ ਉਪਦੇਸ਼ਾਂ ਦੀ ਵਾਕਫ਼ੀ ਤੇ ਉਨ੍ਹਾਂ ਉਤੇ ਅਮਲ ਕਰਾਉਣ ਲਈ ਯਤਨ ਕਰਨਾ।

(ਅ) ਗੁਰਮਤਿ, ਸਿੱਖ ਫ਼ਲਸਫਾ, ਰਹਿਤ ਮਰਯਾਦਾ ਤੇ ਕੀਰਤਨ ਆਦਿ ਦੇ ਪ੍ਰਚਾਰ ਨੂੰ ਕਾਮਯਾਬੀ ਨਾਲ ਚਲਾਉਣ ਲਈ ਸਿੱਖ ਮਿਸ਼ਨਰੀ ਕਾਲਜ ਵਿਚੋਂ ਪ੍ਰਚਾਰਕ ਤੇ ਚੰਗੇ ਰਾਗੀ, ਢਾਡੀ, ਕਵੀਸ਼ਰ ਪੈਦਾ ਕਰਨੇ, ਤਾਂ ਕਿ ਦੇਸ਼ ਤੇ ਪ੍ਰਦੇਸ਼ ਵਿਚ ਕਾਲਜਾਂ ਤੇ ਸਕੂਲਾਂ ਵਿਚ, ਪਿੰਡਾਂ ਤੇ ਸ਼ਹਿਰਾਂ ਵਿਚ, ਗੋਇਆ ਹਰ ਥਾਂ ਲਈ ਪ੍ਰਚਾਰ ਦੀ ਯੋਗਤਾ ਰੱਖਣ ਵਾਲੇ ਸੱਜਣ ਤਿਆਰ ਕੀਤੇ ਜਾ ਸਕਣ।

(ੲ) ਵੱਡੇ ਪੈਮਾਨੇ 'ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕਰਨਾ, ਕਾਲਜਾਂ ਤੇ ਸਕੂਲਾਂ ਵਿਖੇ ਇਸ ਸਬੰਧ ਵਿਚ ਪੂਰਾ ਤਾਣ ਲਾਉਣਾ ਅਤੇ ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਕਾਲਜਾਂ ਦੇ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਬਾਕਾਇਦਾ ਸਟੱਡੀ-ਸਰਕਲ ਲਾਉਣ ਦਾ ਪ੍ਰਬੰਧ ਕਰਨਾ।

(ਸ) ਸਿੰਘਾਂ ਵਿਚ ਦਸਵੰਧ ਦਾ ਪ੍ਰਬੰਧ ਕਰਨਾ।

(ਹ) ਸਿੱਖ ਧਰਮ ਤੇ ਇਤਿਹਾਸ ਦੇ ਵਿਦਵਾਨਾਂ, ਲਿਖਾਰੀਆਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਦਾ ਕੌਮ ਵਲੋਂ ਵਧ ਤੋਂ ਵੱਧ ਆਦਰ ਕਰਨ ਲਈ ਪ੍ਰਚਾਰ ਕਰਨਾ ਅਤੇ ਉਨ੍ਹਾਂ ਦੇ ਰੁਤਬੇ, ਸਿਖਲਾਈ ਅਤੇ ਰਹਿਣੀ ਦਾ ਮਿਆਰ ਉੱਚਾ ਕਰਨ ਲਈ ਯਤਨ ਕਰਨਾ।

(ਕ) ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਸੋਹਣਾ ਬਣਾਉਣ ਲਈ ਯਤਨ ਕਰਨਾ ਤੇ ਗੁਰਦੁਆਰਾ ਕਰਮਚਾਰੀਆਂ ਦੀ ਸਿਖਲਾਈ ਲਈ ਪ੍ਰਬੰਧ ਕਰਨਾ, ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਕਰਾਉਣਾ।

ਇਸ ਸਬੰਧ ਵਿਚ ਸਮੇਂ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਕਮੇਟੀਆਂ ਵਿਚ ਆਪਣੇ ਪ੍ਰਤੀਨਿਧਾਂ ਨੂੰ ਯੋਗ ਹਦਾਇਤਾਂ ਭੇਜਦੇ ਰਹਿਣਾ।

(ਖ) ਗੁਰਬਾਣੀ ਦੀ ਸ਼ੁਧ ਛਪਾਈ, ਪੁਰਾਣੇ ਤੇ ਨਵੀਨ ਸਿੱਖ ਇਤਿਹਾਸ ਦੀ ਖੋਜ ਅਤੇ ਸੰਭਾਲ ਤੇ ਪ੍ਰਕਾਸ਼ਨ, ਗੁਰਬਾਣੀ ਦਾ ਹੋਰ ਬੋਲੀਆਂ ਵਿਚ ਉਲਥਾ, ਸਿੱਖ ਸਿਧਾਂਤ ਬਾਰੇ ਵਧੀਆ ਸਾਹਿਤ ਤਿਆਰ ਕਰਨ ਲਈ ਪ੍ਰਬੰਧ ਕਰਨਾ।

(ਗ) ਇਕ ਨਵਾਂ ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਣਾਉਣ ਦੇ ਬਾਨ੍ਹਣੂ ਬੰਨ੍ਹਣਾ, ਜਿਸ ਨਾਲ ਕਿ ਦੇਸ਼ ਭਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਵਧੇਰੇ ਸੁਚੱਜਾ ਤੇ ਸ਼ੋਭਾਜਨਕ ਹੋ ਸਕੇ ਅਤੇ ਜਿਸ ਨਾਲ ਸਿੱਖ ਪੰਥ ਪ੍ਰਾਚੀਨ ਪ੍ਰਚਾਰ ਕਰਨ ਵਾਲੀਆਂ ਸੰਪ੍ਰਦਾਵਾਂ, ਜਿਹਾ ਕਿ ਉਦਾਸੀ, ਨਿਰਮਲੇ ਆਦਿ ਮੁੜ ਸਮੁੱਚੇ ਸਿੱਖ ਸਮਾਜ ਦਾ ਅਨਿੱਖੜਵਾਂ ਅੰਗ ਬਣ ਜਾਣ, ਪ੍ਰੰਤੂ ਉਨ੍ਹਾਂ ਡੇਰਿਆਂ ਦੀਆਂ ਜਾਇਦਾਦਾਂ ਇਨ੍ਹਾਂ ਸੰਪ੍ਰਦਾਵਾਂ ਦੇ ਹੱਥਾਂ ਵਿਚ ਹੀ ਸੁਰੱਖਿਅਤ ਰਹਿਣ।

(ਘ) ਸਾਰੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਇਕ ਲੜੀ ਵਿਚ ਪਰੋ ਕੇ ਸਾਰੇ ਖ਼ਾਲਸਾ ਪੰਥ ਦੇ ਧਰਮ ਅਸਥਾਨਾਂ ਦੀ ਰਹੁ-ਰੀਤ ਨੂੰ ਇਕਸਾਰ ਕਰਨ ਅਤੇ ਪ੍ਰਚਾਰ ਦੇ ਸਾਧਨਾਂ ਨੂੰ ਜੁੜਵਾਂ ਤੇ ਅਸਰ-ਭਰਪੂਰ ਬਣਾਉਣ ਦਾ ਪ੍ਰਬੰਧ ਕਰਨਾ।

(ਙ) ਸ੍ਰੀ ਨਨਕਾਣਾ ਸਾਹਿਬ ਅਤੇ ਉਨ੍ਹਾਂ ਹੋਰ ਸਮੂਹ ਗੁਰਦੁਆਰਿਆਂ ਤੇ ਗੁਰਧਾਮਾਂ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਪ੍ਰਬੰਧ ਸਮੂਹ ਸਿੱਖਾਂ ਲਈ ਹਾਸਲ ਕਰਨ ਦੇ ਯਤਨ ਕਰਨਾ।

ਰਾਜਸੀ ਨਿਸ਼ਾਨਾ

ਪੰਥਕ ਰਾਜਸੀ ਨਿਸ਼ਾਨਾ ਨਿਸ਼ਚਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ 'ਮਨ ਮੰਦਰ' ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ 'ਖ਼ਾਲਸਾ ਜੀ ਦੇ ਬੋਲ ਬਾਲੇ' ਹੈ।

ਖ਼ਾਲਸਾ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ, ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।

ਇਸ ਪ੍ਰਯੋਜਨ ਦੀ ਪੂਰਤੀ ਲਈ

1. ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕੇ ਨਾਲ ਯਤਨ ਤੇ ਜਦੋ-ਜਹਿਦ ਕਰੇਗਾ ਕਿ

(ੳ) ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣ ਬੁੱਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿਚੋਂ ਡਲਹੌਜੀ, ਅੰਬਾਲਾ ਜ਼ਿਲ੍ਹੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਤੇ ਹਿਸਾਰ ਜ਼ਿਲ੍ਹੇ ਦੀ ਟੋਹਾਣਾ ਸਬ-ਤਹਿਸੀਲਾਂ ਰੱਤੀਆ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਸਥਾਨ ਤੇ ਗੰਗਾਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ ਇਨ੍ਹਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇਕੋ ਇੰਤਜ਼ਾਮੀਆਂ ਇਕਾਈ ਬਣ ਜਾਣ, ਜਿਸ ਵਿਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।

(ਅ) ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਦੇਸ਼ ਦੀ ਡੀਫੈਂਸ, ਪ੍ਰਦੇਸ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਅਤੇ ਹੋਰ ਸੂਬਿਆਂ ਦੇ ਆਪਣੇ ਅਧਿਕਾਰ ਵਿਚ ਹੋਣ। ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਦੇ ਹੋਰ ਸੂਬਿਆਂ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।

ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫ਼ਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆਂ ਦੀ ਗਿਣਤੀ ਦੇ ਤਨਾਸਬ ਅਨੁਸਾਰ, ਖ਼ੁਦ ਆਪ ਹੀ ਅਦਾ ਕੀਤਾ ਕਰੇ।

(ੲ) ਪੰਜਾਬੋਂ ਬਾਹਰ ਵੱਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੇ ਮੁਅਸਰ ਤਹੱਫਜ਼ਾਤ (ਸੁਰਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।

2. ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫ਼ੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।

3. ਸ਼੍ਰੋਮਣੀ ਅਕਾਲੀ ਦਲ ਕਾਂਗਰਸੀ ਸਰਕਾਰ ਦੀ ਉਲੀਕੀ ਹੋਈ ਭਾਰਤ ਦੀ ਮੌਜੂਦਾ ਵਿਦੇਸ਼ ਪਾਲਿਸੀ ਨੂੰ ਸਖਤ ਨਖਿਧ, ਨਿਕੰਮੀ ਅਤੇ ਦੇਸ਼, ਕੌਮ ਤੇ ਇਨਸਾਨੀਅਤ ਲਈ ਹਾਨੀਕਾਰਕ ਸਮਝਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਅਜਿਹੀ ਵਿਦੇਸ਼ ਨੀਤੀ ਦੀ ਹਮਾਇਤ ਕਰੇਗਾ ਜੋ ਅਮਨਪਸੰਦੀ ਉਤੇ ਆਧਾਰਤ ਅਤੇ ਕੌਮੀ ਮੁਫ਼ਾਦ ਦੇ ਅਨੁਕੂਲ ਹੋਵੇ ਅਤੇ ਖ਼ਾਸ ਕਰਕੇ ਭਾਰਤ ਦੇ ਸਾਰੇ ਗਵਾਂਢੀ ਦੇਸ਼ਾਂ ਨਾਲ ਤੇ ਸਿੱਖ ਵਸੋਂ ਵਾਲੇ ਤੇ ਸਿੱਖ ਗੁਰਧਾਮਾਂ ਵਾਲੇ ਦੇਸ਼ਾਂ ਨਾਲ ਪ੍ਰੇਮ ਤੇ ਸਦ-ਭਾਵਨਾ ਵਾਲੀ ਹੋਵੇ।

ਸ਼੍ਰੋਮਣੀ ਅਕਾਲੀ ਦਲ ਦੀ ਇਹ ਨੀਤੀ ਹੈ ਕਿ ਸਾਡੀ ਵਿਦੇਸ਼ ਨੀਤੀ ਕਿਸੇ ਹੋਰ ਦੇਸ਼ ਦੀ ਨੀਤੀ ਨਾਲ ਗੱਲ ਜੋਟੀ ਹੋਈ ਨਾ ਹੋਵੇ।

4. ਕੇਂਦਰੀ ਤੇ ਸੂਬਾ ਸਰਕਾਰਾਂ ਦੇ ਸਾਰੇ ਸਿੱਖ ਤੇ ਹੋਰ ਮੁਲਾਜ਼ਮਾਂ ਨੂੰ ਹਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਕੋਈ ਧੱਕਾ ਜਾਂ ਬੇਇਨਸਾਫ਼ੀ ਹੋਵੇ ਉਸ ਵਿਰੁਧ ਪੁਰ-ਅਸਰ ਆਵਾਜ਼ ਉਠਾਉਣਾ ਅਤੇ ਜਦੋ-ਜਹਿਦ ਕਰਨਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇਕ ਖ਼ਾਸ ਅੰਗ ਹੈ। ਸ਼੍ਰੋਮਣੀ ਅਕਾਲੀ ਦਲ ਖ਼ਾਸ ਕਰਕੇ ਮਹਿਕਮਾ ਡੀਫ਼ੈਂਸ ਦੀ ਹਰ ਬਾਹੀ ਵਿਚ ਸਿੰਘਾਂ ਦੀਆਂ ਰਵਾਇਤੀ ਪੋਜ਼ੀਸ਼ਨਾਂ ਕਾਇਮ ਰਖਣ ਲਈ ਯਤਨ ਕਰੇਗਾ ਅਤੇ ਯਤਨ ਕਰੇਗਾ ਕਿ ਫ਼ੌਜੀ ਸਿੰਘਾਂ ਦੀਆਂ ਲੋੜਾਂ ਪੰਥ ਦੇ ਵਧ ਤੋਂ ਵਧ ਧਿਆਨ ਵਿਚ ਰਹਿਣ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ 'ਕ੍ਰਿਪਾਨ' ਸਿੱਖ ਫੌਜੀਆਂ ਦੀ ਵਰਦੀ ਦਾ ਇਕ ਹਿੱਸਾ ਬਣ ਜਾਵੇ।

5. ਮਹਿਕਮਾ ਡੀਫ਼ੈਂਸ ਦੇ ਸਾਬਕਾ ਕਰਮਚਾਰੀਆਂ ਲਈ ਸਿਵਲ ਜ਼ਿੰਦਗੀ ਵਿਚ ਮੁੜ ਸ਼ਾਮਲ ਹੋਣ ਵਾਸਤੇ ਬੇਹਤਰ ਹਾਲਾਤ ਪੈਦਾ ਕਰਨੇ ਤੇ ਮਾਕੂਲ ਰਿਆਇਤਾਂ ਅਤੇ ਮੁਨਾਸਬ ਤੁਹੱਫਜ਼ਾਤ ਦਿਵਾਉਣਾ ਅਤੇ ਉਨ੍ਹਾਂ ਦੇ ਹੱਕਾਂ, ਸਵੈ-ਸਤਿਕਾਰ ਅਤੇ ਸਵੈ-ਅਭਿਮਾਨ ਦੀ ਰਾਖੀ ਲਈ ਉਨ੍ਹਾਂ ਨੂੰ ਜਥੇਬੰਦ ਕਰਨਾ ਅਤੇ ਉਨ੍ਹਾਂ ਦੀ ਆਪਣੀ ਆਵਾਜ਼ ਨੂੰ ਪੁਰ-ਅਸਰ ਬਣਾਉਣ ਲਈ ਯਤਨ ਕਰਨਾ ਸ਼੍ਰੋਮਣੀ ਅਕਾਲੀ ਦਲ ਆਪਣਾ ਪਰਮ ਕਰਤੱਵ ਸਮਝਦਾ ਹੈ।

6. ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤ੍ਰੀ ਪੁਰਸ਼ ਲਈ, ਜਿਸਨੂੰ ਕਿਸੇ ਇਖ਼ਲਾਕੀ ਜੁਰਮ ਵਿਚ ਅਦਾਲਤ ਵਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ, ਛੋਟੇ ਸ਼ਸਤ੍ਰ, ਰਿਵਾਲਵਰ, ਬੰਦੂਕ ਅਤੇ ਪਿਸਤੌਲ, ਰਾਈਫ਼ਲ ਤੇ ਕਾਰਬਾਈਨ ਤੇ (ਸਮਾਲ ਆਰਮਜ਼) ਆਦਿ ਰੱਖਣ ਦੀ ਪੂਰੀ ਖੁਲ੍ਹ ਹੋਵੇ ਤੇ ਕੋਈ ਲਾਇਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟਰੇਸ਼ਨ ਕਾਫੀ ਸਮਝੀ ਜਾਵੇ।

7. ਸ਼੍ਰੋਮਣੀ ਅਕਾਲੀ ਦਲ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀ ਚਾਹੁੰਦਾ ਹੈ ਅਤੇ ਪਬਲਿਕ ਥਾਵਾਂ 'ਤੇ ਨਸ਼ਿਆਂ ਦੀ ਵਰਤੋਂ ਤੇ ਤਮਾਕੂ ਪੀਣ ਦੀ ਮਨਾਹੀ ਦਾ ਮੁੱਦਈ ਹੈ ਅਤੇ ਇਸ ਉਤੇ ਪਾਬੰਦੀ ਲਈ ਯਤਨ ਕਰੇਗਾ।

# ਸ੍ਰੀ ਅਨੰਦਪੁਰ ਸਾਹਿਬ ਮਤੇ ਦਾ 1978 ਵਾਲਾ ਬਦਲਿਆ ਹੋਇਆ ਰੂਪ

ਜੋ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ 28-29 ਅਕਤੂਬਰ 1978 ਨੂੰ ਲੁਧਿਆਣੇ ਵਿਖੇ 18ਵੀਂ ਸਰਬ ਭਾਰਤੀ ਅਕਾਲੀ ਕਾਨਫਰੰਸ ਦੇ ਖੁਲ੍ਹੇ ਸਮਾਗਮ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੇ 1973 ਦੇ ਰੂਪ ਦੀ ਪੁਨਰ-ਵਿਆਖਿਆ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਪੇਸ਼ ਕੀਤਾ ਅਤੇ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸਦੀ ਪੁਸ਼ਟੀ ਕੀਤੀ:

'ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਭਾਰਤ ਵੱਖ-ਵੱਖ ਬੋਲੀਆਂ ਧਰਮਾਂ ਅਤੇ ਸਭਿਆਚਾਰਾਂ ਦੀ ਇਕ ਸੰਘੀ ਅਤੇ ਲੋਕਰਾਜੀ ਭੂਗੋਲਿਕ ਇਕਾਈ ਹੈ। ਧਾਰਮਕ ਅਤੇ ਭਾਸ਼ਾਈ ਘਟ ਗਿਣਤੀਆਂ ਦੇ ਮੂਲ ਅਧਿਕਾਰਾਂ ਦੀ ਰਖਿਆ ਕਰਨ, ਲੋਕਰਾਜੀ ਰਵਾਇਤਾਂ ਦੀਆਂ ਉਮੰਗਾਂ ਪੂਰੀਆਂ ਕਰਨ ਅਤੇ ਆਰਥਿਕ ਤਰੱਕੀ ਲਈ ਰਾਹ ਤਿਆਰ ਕਰਨ ਵਾਸਤੇ ਇਹ ਜ਼ਰੂਰੀ ਹੋ ਗਿਆ ਹੈ ਕਿ ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ ਦੀ ਉਪਰ ਦਿਤੇ ਸਿਧਾਂਤਾਂ ਅਤੇ ਉਦੇਸ਼ਾਂ ਦੇ ਅਨੁਸਾਰ ਫ਼ੇਰ ਤੋਂ ਵਿਆਖਿਆ ਕਰਦਿਆਂ ਹੋਇਆਂ ਭਾਰਤ ਦੇ ਸੰਵਿਧਾਨਿਕ ਢਾਂਚੇ ਨੂੰ ਇਕ ਵਾਸਤਵਿਕ ਸੰਘੀ ਸ਼ਕਲ ਦਿੱਤੀ ਜਾਵੇ।

ਲੋਕ ਨਾਇਕ ਸ੍ਰੀ ਜੈ ਪ੍ਰਕਾਸ਼ ਨਰਾਇਣ ਵਲੋਂ ਦਿੱਤਾ ਗਿਆ ਪੂਰਨ ਇਨਕਲਾਬ ਦਾ ਸਿਧਾਂਤ ਵੀ ਅਧਿਕਾਰਾਂ ਦੇ ਅਗਾਂਹਵਧੂ ਅਕੇਂਦਰੀਕਰਨ ਉਤੇ ਆਧਾਰਤ ਹੈ। ਕਾਂਗਰਸ ਹਕੂਮਤ ਦੇ ਦੌਰਾਨ ਸੰਵਿਧਾਨ ਵਿਚ ਲਗਾਤਾਰ ਤਰਮੀਮਾਂ ਰਾਹੀਂ ਰਾਜਾਂ ਦੇ ਅਧਿਕਾਰਾਂ ਦੇ ਕੇਂਦਰੀਕਰਨ ਦੇ ਅਮਲ ਦੀ ਚਰਮਸੀਮਾ, ਦੇਸ਼ ਵਾਸੀਆਂ ਸਾਹਮਣੇ ਹੰਗਾਮੀ ਹਾਲਤ ਦੇ



**ਇਸ ਮਤੇ ਨੂੰ ਆਧਾਰ ਬਣਾ ਕੇ ਹੀ 'ਰਾਜੀਵ-ਲੌਂਗੋਵਾਲ ਸਮਝੌਤਾ' ਹੋਇਆ**



ਰੂਪ ਵਿਚ ਆਈ, ਜਦੋਂ ਸਭਨਾਂ ਨਾਗਰਿਕਾਂ ਦੇ ਸਾਰੇ ਮੂਲ ਅਧਿਕਾਰ ਖੋਹ ਲਏ ਗਏ ਸਨ। ਉਸੇ ਵਕਤ ਅਧਿਕਾਰਾਂ ਦੇ ਅਕੇਂਦਰੀਕਰਨ ਦੇ ਪ੍ਰੋਗਰਾਮ ਨੂੰ, ਜਿਸਦੀ ਵਕਾਲਤ ਸ਼੍ਰੋਮਣੀ ਅਕਾਲੀ ਦਲ ਨੇ ਵੀ ਕੀਤੀ ਸੀ, ਖੁਲ੍ਹੇ ਤੌਰ ਉਤੇ ਪ੍ਰਵਾਨ ਕੀਤਾ ਗਿਆ ਅਤੇ ਜਨਤਾ ਪਾਰਟੀ, ਸੀ.ਪੀ.ਆਈ. (ਐਮ), ਏ.ਡੀ.ਐਮ. ਕੇ. ਆਦਿ ਹੋਰ ਰਾਜਸੀ ਪਾਰਟੀਆਂ ਨੇ ਇਸ ਨੂੰ ਸਵੀਕਾਰ ਕੀਤਾ ਸੀ।

ਸ਼੍ਰੋਮਣੀ ਅਕਾਲੀ ਦਲ ਸਦਾ ਇਸ ਸਿਧਾਂਤ ਉਤੇ ਕਾਇਮ ਰਿਹਾ ਹੈ ਅਤੇ ਇਸੇ ਕਾਰਨ ਬੜੀ ਧਿਆਨਪੂਰਵਕ ਸੋਚ ਵਿਚਾਰ ਤੋਂ ਬਾਅਦ ਇਸ ਨੇ ਸਰਬਸੰਮਤੀ ਨਾਲ ਇਕ ਮਤਾ, ਪਹਿਲਾਂ ਬਟਾਲੇ ਵਿਚ ਇਕ ਸਰਬ ਭਾਰਤੀ ਅਕਾਲੀ ਕਾਨਫਰੰਸ ਵਿਚ ਅਤੇ ਫ਼ੇਰ ਅਨੰਦਪੁਰ ਸਾਹਿਬ ਵਿਚ ਪਾਸ ਕੀਤਾ। ਇਸ ਵਿਚ ਸੰਘੀ ਪ੍ਰਣਾਲੀ ਦੇ ਅਨੁਕੂਲ ਰਾਜਾਂ ਦੀ ਖੁਦਮੁਖ਼ਤਾਰੀ ਦੇ ਅਮਲ ਦੀ ਪੁਸ਼ਟੀ ਕੀਤੀ ਗਈ ਸੀ।

ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਜਨਤਾ ਸਰਕਾਰ ਨੂੰ ਦ੍ਰਿੜ੍ਹਤਾ ਨਾਲ ਇਹ ਅਪੀਲ ਕਰਦਾ ਹੈ ਕਿ ਉਹ ਵੱਖ-ਵੱਖ ਭਾਸ਼ਾਈ ਅਤੇ ਸਭਿਆਚਾਰਕ ਸ਼੍ਰੇਣੀਆਂ, ਧਾਰਮਕ ਘਟ ਗਿਣਤੀਆਂ ਅਤੇ ਕਰੋੜਾਂ ਲੋਕਾਂ ਦੀ ਆਵਾਜ਼ ਵਲ ਧਿਆਨ ਦੇਵੇ। ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਿਸੇ ਵੀ ਖ਼ਤਰੇ ਦੀ ਸੰਭਾਵਨਾ ਤੋਂ ਦੂਰ ਕਰਨ ਲਈ ਵਾਸਤਵਿਕ ਅਤੇ ਅਰਥਭਰਪੂਰ ਸਿਧਾਂਤਾਂ ਦੇ ਆਧਾਰ ਉਤੇ ਦੇਸ਼ ਦੇ ਸੰਵਿਧਾਨਕ ਢਾਂਚੇ ਦੀ ਮੁੜ ਉਸਾਰੀ ਕਰੇ ਤਾਂ ਜੋ ਰਾਜ ਆਪਣੇ ਅਧਿਕਾਰਾਂ ਦੀ ਅਰਥਭਰਪੂਰ ਵਰਤੋਂ ਕਰਕੇ ਆਪੋ ਆਪਣੇ ਇਲਾਕਿਆਂ ਵਿਚ ਭਾਰਤੀ ਲੋਕਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਲਾਹੇਬੰਦੀ ਭੂਮਿਕਾ ਨਿਭਾ ਸਕਣ।

**ਨੋਟ:** ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦਾ 1978 ਦਾ ਇਹ ਰੂਪ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਨੇ ਸਹੀ (ਔਥੈਂਟੀਕੇਟ) ਕਰਦੇ ਹੋਏ-ਦੋ ਚਾਰ ਲਫ਼ਜ਼ਾਂ ਦੇ ਅੰਤਰ ਨਾਲ-ਪੰਜਾਬ ਬਾਰੇ 'ਰਾਜੀਵ-ਲੌਂਗੋਵਾਲ ਅਵਾਰਡ' ਸੰਬੰਧੀ ਵਾਰਤਾਲਾਪ ਦੌਰਾਨ ਕੇਂਦਰ ਨੂੰ ਦਿਤਾ ਸੀ। ਏਹੋ ਰੂਪ ਭਾਰਤ ਸਰਕਾਰ ਵਲੋਂ ਛਪੇ ''ਪੰਜਾਬ ਅੰਦੋਲਨ ਬਾਰੇ ਵਾਈਟ ਪੇਪਰ'' ਦੇ ਸਫ਼ਾ 52 'ਤੇ ਅੰਕਤ ਹੈ। ਇਸ ਸੰਬੰਧੀ ਸੰਤ ਲੌਂਗੋਵਾਲ ਦੇ ਦਸਤਖ਼ਤਾਂ ਹੇਠ ਉਨ੍ਹਾਂ ਦਾ ਨੋਟ ਸਫ਼ਾ 49 'ਤੇ ਦਿਤਾ ਗਿਆ ਹੈ। 22 ਫਰਵਰੀ 1978 ਦੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਵਿਚ ਪੂਰੇ ਸਫ਼ੇ ਦੇ ਇਸ਼ਤਿਹਾਰ ਰਾਹੀਂ ਸੰਯੁਕਤ ਅਕਾਲੀ ਦਲ ਦੇ ਬੁਲਾਰੇ ਕੈਪਟਨ ਅਮਰਿੰਦਰ ਸਿੰਘ ਨੇ, 1973 ਦੇ ਰੂਪ ਨੂੰ ਛੱਡ ਕੇ, 1978 ਦੇ ਰੂਪ ਨੂੰ ਹੀ ਅਨੰਦਪੁਰ ਸਾਹਿਬ ਮਤੇ ਵਜੋਂ ਦੇਸ਼ ਅੱਗੇ ਰੱਖ ਕੇ ਸਿੱਖਾਂ ਉਤੇ ਵੱਖਵਾਦੀ ਹੋਣ ਦੇ ਇਲਜ਼ਾਮ ਦਾ ਖੰਡਨ ਕੀਤਾ ਸੀ)।

# ਅਨੰਦਪੁਰ ਸਾਹਿਬ ਦੇ ਦੋਹਾਂ ਮਤਿਆਂ ਦੇ ਜਨਮ ਦੀ ਸਾਚੀ ਸਾਖੀ

**ਡਾ. ਜਸਬੀਰ ਸਿੰਘ ਆਹਲੂਵਾਲੀਆ**

ਹੁਣ ਸਮਾਂ ਆ ਗਿਆ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜੇ ਮਤੇ (ਅਸਲ ਵਿਚ ਦੋ ਮਤਿਆਂ) ਸਬੰਧੀ ਸਾਚੀ ਸਾਖੀ ਲਿਖਤੀ ਰੂਪ ਵਿਚ ਇਤਿਹਾਸ ਨੂੰ ਸੌਂਪੀ ਜਾਵੇ।

ਜਿਨ੍ਹਾਂ ਪੱਛਮੀ ਫ਼ਲਸਫ਼ਾ ਪੜ੍ਹਿਆ ਹੈ ਉਹ ਜਾਣਦੇ ਹਨ ਕਿ ਆਧੁਨਿਕ ਵਿਚਾਰ-ਚੌਖਟੇ ਵਿਚ ਸਤਿ ਅਤੇ ਤੱਥ ਨੂੰ ਵੱਖ-ਵੱਖ ਤਸੱਵਰ ਕੀਤਾ ਜਾਂਦਾ ਹੈ। ਸਤਿ ਨੂੰ ਉਚੇਰਾ ਸਮਝਿਆ ਜਾਂਦਾ ਹੈ। ਸਤਿ ਦੇ ਅਰਥ-ਸੰਸਾਰ ਵਿਚ ਤੱਥ ਦਾ ਰਹੱਸ ਹੁੰਦਾ ਹੈ ਭਾਵੇਂ ਤੱਥ ਦੀ ਹੂ-ਬ-ਹੂ ਵਾਸਤਵਿਕਤਾ ਨਹੀਂ ਹੁੰਦੀ। ਸ. ਕਪੂਰ ਸਿੰਘ (ਸਾਬਕਾ ਆਈ.ਸੀ.ਐਸ.) ਦੀ ਪੁਸਤਕ ''ਸਾਚੀ ਸਾਖੀ'' ਇਨ੍ਹਾਂ ਅਰਥਾਂ ਵਿਚ ਸਤਿ ਸਰੂਪ ਹੈ ਤੇ ਹੇਠਲਾ ਬਿਆਨ ਵੀ ਇਨ੍ਹਾਂ ਅਰਥਾਂ ਵਿਚ ਹੀ ਸਤਿ-ਸਰੂਪ ਹੈ।

ਅਸਲ ਵਿਚ ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਸ਼੍ਰੋਮਣੀ ਅਕਾਲੀ ਦਲ ਦਾ ਇਕ ਮਤਾ ਨਹੀਂ ਸਗੋਂ ਦੋ ਬੁਨਿਆਦੀ ਤੌਰ 'ਤੇ ਵੱਖ-ਵੱਖ ਮਤੇ ਹਨ, ਇਨ੍ਹਾਂ ਦੇ ਮੂਲ ਤੌਰ 'ਤੇ ਵੱਖ ਵੱਖ ਨਿਸ਼ਾਨੇ ਹਨ। ਇਕ ਮਤਾ 16-17 ਅਕਤੂਬਰ 1973 ਨੂੰ ਹੋਈ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਾਸ ਕੀਤਾ। ਦੂਸਰਾ ਮਤਾ (ਜਿਸਨੂੰ ਸ੍ਰੀ ਅਨੰਦਪੁਰ ਵਾਲਾ ਮਤਾ ਹੀ ਦਰਸਾਇਆ ਗਿਆ ਹੈ) ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਅਕਾਲੀ ਦਲ ਦੇ 29 ਅਕਤੂਬਰ 1978 ਨੂੰ ਲੁਧਿਆਣਾ ਵਿਖੇ ਹੋਏ ਜਨਰਲ ਇਜਲਾਸ ਵਿਚ ਪੇਸ਼ ਕੀਤਾ ਤੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਪੋੜ੍ਹਤਾ ਕੀਤੀ। ਜਿਵੇਂ ਕਿ ਅਸੀਂ ਅੱਗੇ ਚਲ ਕੇ ਵੇਖਾਂਗੇ, ਦੋਵੇਂ ਮਤੇ ਇਕ ਦੂਸਰੇ ਤੋਂ ਮੂਲ ਤੌਰ 'ਤੇ ਵੱਖਰੇ ਹਨ। ਦੋਵੇਂ ਮਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਪ੍ਰਕਾਸ਼ਿਤ ਹੋਏ ਹਨ।

ਪਹਿਲਾਂ 1973 ਦੇ ਮਤੇ ਦੀ ''ਸਾਚੀ ਸਾਖੀ'' ਵੇਖੀਏ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 11.12.72 ਦੀ ਮੀਟਿੰਗ ਵਿਚ ਦਲ ਦੇ ਨੀਤੀ ਪ੍ਰੋਗਰਾਮ ਉਲੀਕਣ ਲਈ ਸ੍ਰੀ ਸੁਰਜੀਤ ਸਿੰਘ ਬਰਨਾਲਾ ਦੀ ਪ੍ਰਧਾਨਗੀ ਹੇਠ ਇਕ ਸਬ-ਕਮੇਟੀ ਬਣਾਈ, ਜਿਸ ਵਿਚ ਹੋਰਨਾਂ ਤੋਂ ਇਲਾਵਾ ਜਥੇਦਾਰ ਟੌਹੜਾ, ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਸ੍ਰੀ ਬਲਵੰਤ ਸਿੰਘ (ਸਵਰਗਵਾਸੀ ਖਜ਼ਾਨਾ ਮੰਤਰੀ) ਸ੍ਰੀ ਗਿਆਨ ਸਿੰਘ ਰਾੜੇਵਾਲਾ ਆਦਿ ਸ਼ਾਮਲ ਸਨ। ਸ੍ਰੀ ਬਾਦਲ ਇਸ ਸਬ ਕਮੇਟੀ ਵਿਚ ਸ਼ਾਮਲ ਨਹੀਂ ਸਨ। ਇਸ ਸਬ ਕਮੇਟੀ ਵਲੋਂ ਤਿਆਰ ਕੀਤੇ ਖਰੜੇ ਉਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਦੋ ਦਿਨ (16 ਤੇ 17 ਅਕਤੂਬਰ) ਵਿਚਾਰ ਹੁੰਦਾ ਰਿਹਾ।

ਇਸ ਤੋਂ ਅੱਗੇ ਸ. ਕਪੂਰ ਸਿੰਘ ਨੇ ਜੋ ''ਸਾਚੀ ਸਾਖੀ'' ਮੈਨੂੰ ਦੱਸੀ, ਇਸ ਪ੍ਰਕਾਰ ਹੈ;

ਸ. ਕਪੂਰ ਸਿੰਘ ਉਨ੍ਹਾਂ ਦਿਨਾਂ ਵਿਚ ਚੰਡੀਗੜ੍ਹ ਦੇ ਗਿਆਰਾਂ ਸੈਕਟਰ ਵਿਚ ਮੇਰੀ ਰਿਹਾਇਸ਼ ਦੇ ਬਹੁਤ ਨੇੜੇ ਰਹਿੰਦੇ ਸਨ ਤੇ ਅਕਸਰ ਸ਼ਾਮ ਨੂੰ ਅਸੀਂ ਇਕੱਠੇ ਹੁੰਦੇ ਸਾਂ। ਸ. ਕਪੂਰ ਸਿੰਘ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਰਕਿੰਗ ਕਮੇਟੀ ਦੌਰਾਨ ਉਨ੍ਹਾਂ ਨੂੰ ਵੀ ਸੱਦਿਆ ਗਿਆ ਤੇ ਵਿਚਾਰ ਵਟਾਂਦਰੇ ਦੇ ਪ੍ਰਸੰਗ ਵਿਚ ਮਤੇ ਦੇ ਖਰੜੇ ਨੂੰ ਅੰਤਮ ਰੂਪ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ। ਸ. ਕਪੂਰ ਸਿੰਘ ਨੇ 'ਅੰਤਮ ਰੂਪ'' ਦੂਜੇ ਦਿਨ ਦੀ ਬਹਿਸ ਤੋਂ ਬਾਅਦ ਸ਼ਾਮ ਨੂੰ ਹੀ ਤਿਆਰ ਕਰ ਲਿਆ। ਰਾਤ ਵੇਲੇ ਜਦੋਂ ਅਕਾਲੀ ਨੇਤਾ ਖਾਣਾ ਖਾ ਕੇ ਸੌਣ ਦੀ ਤਿਆਰੀ ਕਰ ਰਹੇ ਸਨ, ਤਾਂ ਸ. ਕਪੂਰ ਸਿੰਘ ਸ੍ਰੀ ਬਲਵੰਤ ਸਿੰਘ ਦੇ ਕਮਰੇ ਜਾ ਪਹੁੰਚੇ। ਕੁਝ ਇਸ ਤਰ੍ਹਾਂ ਗੱਲਬਾਤ ਹੋਈ- ''ਬਲਵੰਤ ਸਿੰਘ ਤੂੰ ਬਹੁਤ ਸਿਆਣਾ ਹੈਂ। ਗੁਰਦੁਆਰਾ ਸਾਹਿਬ ਦੀ ਹਦੂਦ ਤੋਂ ਬਾਹਰ (ਪਰ ਨਾਲ ਲਗਦੇ) ਟੂਰਿਸਟ ਕੰਪਲੈਕਸ ਵਿਚ ਕਮਰਾ ਬੁਕ ਕਰਾ ਲਿਆ ਹੈ ਤਾਂ ਕਿ ਛਕ ਛਕਾ ਸਕੇਂ, ਪੀ ਪਿਲਾ ਵੀ ਸਕੇਂ, ਤੇ ਮਰਯਾਦਾ ਵੀ ਭੰਗ ਨਾ ਹੋਵੇ।'' ਬਲਵੰਤ ਸਿੰਘ ਬੋਲੇ, ''ਸਰਦਾਰ ਸਾਹਿਬ, ਮੈਂ ਤਾਂ ਬਹੁਤ ਚਿਰ ਤੋਂ ਪੀਣੀ ਛੱਡ ਚੁੱਕਿਆ ਹਾਂ।'' ਤਾਂ ਫਿਰ ਜਿਹੜੀਆਂ ਚੰਡੀਗੜ੍ਹ ਸਕਾਚ ਦੀਆਂ ਪੇਟੀਆਂ ਹਨ, ਉਨ੍ਹਾਂ 'ਚੋਂ ਇਕ ਮੈਨੂੰ ਭਿਜਵਾ ਦੇ, ਮੈਂ ਪੀਣੀ ਨਹੀਂ ਛੱਡੀ।'' ਬਲਵੰਤ ਸਿੰਘ ਨੇ ਕਿਹਾ ''ਜ਼ਰੂਰ ਕੱਲ੍ਹ ਹੀ।'' ਸ. ਕਪੂਰ ਸਿੰਘ ਨੇ ਅੱਖਾਂ ਵਿਚ ਚਮਕ ਲਿਆਉਂਦੇ ਹੋਏ ਮੈਨੂੰ ਕਿਹਾ ''ਚਲੋ ਇਥੇ ਆ ਕੇ ਕੁਝ ਤਾਂ ਖੱਟਿਆ।'' ਫਿਰ ਸ. ਕਪੂਰ ਸਿੰਘ ਨੇ ਬਲਵੰਤ ਸਿੰਘ ਨੂੰ ਸੰਬੋਧਨ ਕੀਤਾ. ''ਬਲਵੰਤ ਸਿੰਹਾਂ, ਇਹ ਅਨਪੜ੍ਹ, ਅਕਾਲੀ ਲੀਡਰ ਜਿਹੜੇ ''ਅਟਾਨੋਮੀ'' ਨੂੰ ''ਟਾਨੋਮੀ'' ਕਹਿੰਦੇ ਹਨ, ਤੇਰੇ ਤੋਂ ਬਹੁਤ ਸੜਦੇ ਹਨ। ਕਹਿੰਦੇ ਹਨ ਇਹਦਾ ਕੱਦ ਤਾਂ ਪੰਜ ਫੁੱਟ ਹੈ ਪਰ ਪੰਦਰਾਂ ਫੁੱਟ ਦੀ ਕਾਰ ਲਈ ਫਿਰਦਾ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਬਲਵੰਤ ਸਿੰਘ ਦਾ ਕੱਦ ਨਾ ਵੇਖੋ, ਇਹਦਾ ਦਿਮਾਗ ਵੇਖੋ।'' ਇਸ ਤੋਂ ਬਾਅਦ ਸ. ਕਪੂਰ ਸਿੰਘ ਨੇ ਖੁਦ ਤਿਆਰ ਕੀਤੇ ''ਅੰਤਮ ਡਰਾਫਟ'' ਵਿਚਲੇ ਉਦਯੋਗ ਤੇ ਆਰਥਿਕ ਨੀਤੀ ਬਾਰੇ ਪੈਰਿਆਂ ਨੂੰ ਸ੍ਰੀ ਬਲਵੰਤ ਸਿੰਘ ਨੂੰ ਪੜ੍ਹਾ ਦਿੱਤਾ ਤੇ ਕਿਹਾ, ''ਬਲਵੰਤ ਸਿੰਘ ਜੇ ਸਾਰਾ ਡਰਾਫਟ ਪੜ੍ਹਨਾ ਹੈ ਪੜ੍ਹ ਲਓ, ਏਸੇ ਪ੍ਰਕਾਰ ਬਾਕੀ ਹਿੱਸਾ ਵੀ ਹੈ, ਮੇਰਾ ਕੰਮ ਤਾਂ ਅਰਜ਼ੀਨਵੀਸ ਵਾਲਾ ਹੈ, ਜਿਵੇਂ ਤੁਸਾਂ ਵਰਕਿੰਗ ਕਮੇਟੀ ਵਿਚ ਵਿਚਾਰ ਕੀਤਾ ਮੈਂ ਲਿੱਖ ਦਿੱਤਾ ਹੈ।'' ਬਲਵੰਤ ਸਿੰਘ (ਸ. ਕਪੂਰ ਸਿੰਘ ਅਨੁਸਾਰ) ਨੇ ਦਸਤਖ਼ਤ ਕਰ ਦਿੱਤੇ।

ਫਿਰ ਸ. ਕਪੂਰ ਸਿੰਘ ਟੌਹੜਾ ਸਾਹਿਬ ਦੇ ਕਮਰੇ ਵਿਚ ਜਾ ਵੜੇ ਤੇ ਕੁਝ ਇਸ ਤਰ੍ਹਾਂ ਕਿਹਾ ਸੁਣਿਆ- ''ਜਥੇਦਾਰ ਜੀ, ਤੁਸਾਂ ਦੋ ਦਿਨਾਂ ਵਿਚ ਬਹੁਤ ਇਤਿਹਾਸਕ ਕੰਮ ਕੀਤਾ ਹੈ। ਪਰ ਇਸ ਤੋਂ ਔਖਾ ਕੰਮ ਮੈਂ ਕਰ ਦਿੱਤਾ ਹੈ-ਏਸ ਬਲਵੰਤ ਸਿੰਘ ਨੇ ਢੁੱਚਰਾਂ ਡਾਹੁਣੀਆਂ ਸਨ। ਦਿੱਲੀ ਨੂੰ ਪੁੱਛੇ ਬਿਨਾ ਇਹਨੇ ਦਸਤਖ਼ਤ ਨਹੀਂ ਸੀ ਕਰਨੇ। ਪਰ ਮੈਂ ਕਰਵਾ ਲਿਆਇਆ ਹਾਂ। ਹੁਣ ਕੌਮ ਦੀ ਵਾਗਡੋਰ ਤੁਹਾਡੇ ਹੱਥ ਹੈ, ਲੈ ਜਾਓ ਸਾਰੀ ਕੌਮ ਨੂੰ ਖਾਲਸਾ ਜੀ ਦੇ ਬੋਲਬਾਲੇ ਵਲ। ਇਸ ਤੋਂ ਬਾਅਦ ਸ. ਕਪੂਰ ਸਿੰਘ ਨੇ ਰਾਜਸੀ ਮਨੋਰਥਾਂ ਦੇ ਨਿਸ਼ਾਨੇ ਸਬੰਧੀ ਪੈਰਿਆਂ 'ਚੋਂ ਕੁਝ ਅੰਸ਼ ਪੜ੍ਹ ਕੇ ਸੁਣਾਏ, ਤੇ ਟੌਹੜਾ ਜੀ ਤੋਂ ਦਸਤਖ਼ਤ ਕਰਵਾ ਲਏ। ਫਿਰ ਉਹ ਸ੍ਰੀ ਸੁਰਜੀਤ ਸਿੰਘ ਬਰਨਾਲਾ ਦੇ ਕਮਰੇ 'ਚ ਪਹੁੰਚੇ ਤੇ ਕਿਹਾ, ''ਸ. ਸੁਰਜੀਤ ਸਿੰਘ ਜੀ, ਜੇ ਕਿਧਰੇ ਤੁਸੀਂ ਪੰਡਿਤ ਨਹਿਰੂ ਦੀ ਨਜ਼ਰ ਚੜ੍ਹ ਜਾਂਦੇ ਤਾਂ ਭਾਰਤ ਦਾ ਸੰਵਿਧਾਨ ਘੜਨ ਦਾ ਕੰਮ ਉਨ੍ਹਾਂ ਅੰਬੇਦਕਰ ਦੀ ਥਾਂ ਤੁਹਾਨੂੰ ਸੌਂਪ ਦੇਣਾ ਸੀ।'' ਸ. ਕਪੂਰ ਸਿੰਘ ਅਨੁਸਾਰ ਬਰਨਾਲਾ ਸਾਹਿਬ ਨੇ ਕਿਹਾ ਕਿ ਉਹ ਸਾਰਾ ਡਰਾਫਟ ਪੜ੍ਹ ਕੇ ਸਵੇਰੇ ਦਸਤਖ਼ਤ ਕਰ ਦੇਣਗੇ। ਪਰ ਸ. ਕਪੂਰ ਸਿੰਘ ਹਰੇਕ ਨੇਤਾ ਦੇ ਪ੍ਰਤੀਕਰਮ ਦਾ ਕਿਆਸ ਕਰ ਸਕਦੇ ਸਨ। ਉਨ੍ਹਾਂ ਕਿਹਾ, ''ਵੇਖ ਲਓ, ਕੱਲ੍ਹ ਸਵੇਰ ਤਕ ਟੌਹੜਾ ਤੇ ਬਲਵੰਤ ਦੋਵੇਂ ਪਿੱਛੇ ਹਟ ਸਕਦੇ ਹਨ। ਉਹ ਨਹੀਂ ਚਾਹੁਣਗੇ ਕਿ ਇਸ ਇਤਿਹਾਸਕ ਨੀਤੀ ਨਿਰਣੇ ਨੂੰ ਘੜਨ ਦਾ ਸਿਹਰਾ 'ਬਰਨਾਲਾ ਸਬ ਕਮੇਟੀ' ਸਿਰ ਬੱਝੇ। ਕੁਝ ਵਰਕੇ ਪੜ੍ਹਨ ਤੋਂ ਬਾਅਦ ਬਰਨਾਲਾ ਸਾਹਿਬ ਨੇ ਵੀ ਦਸਤਖਤ ਕਰ ਦਿੱਤੇ। ਸ. ਕਪੂਰ ਸਿੰਘ ਨੇ ਕੁਝ ਹੋਰ ਮੈਂਬਰਾਂ ਦੇ ਦਸਤਖਤ ਕਰਵਾ ਕੇ ਰਾਤੋ ਰਾਤ ਚੰਡੀਗੜ੍ਹ ਵੱਲ ਕੂਚ ਕਰ ਦਿੱਤਾ ਤੇ ਦੂਜੇ ਦਿਨ ਸਵੇਰੇ ਹੀ ਅਖ਼ਬਾਰਾਂ ਦੇ ਨੁਮਾਇੰਦਿਆਂ ਨੂੰ ਸਾਰੰਸ਼ ਦਿੰਦੇ ਹੋਏ ਮੁਖ ਅਕਾਲੀ ਨੇਤਾਵਾਂ ਦੇ ਦਸਤਖ਼ਤਾਂ ਵਾਲਾ ਡਰਾਫਟ ਵੀ ਦਿਖਾ ਦਿੱਤਾ ਤਾਂ ਕਿ ਕੋਈ ਮੁਨਕਰ ਨਾ ਹੋ ਸਕੇ।

ਇਹ ਤਾਂ ਸ. ਕਪੂਰ ਸਿੰਘ ਹੀ ਜਾਣਦੇ ਹਨ ਕਿ ਉਨ੍ਹਾਂ ਜੋ ''ਸਾਚੀ ਸਾਖੀ'' ਮੈਨੂੰ ਦੱਸੀ ਉਹ ਕਿਸ ਹੱਦ ਤਕ ਸਹੀ ਹੈ ਜਾਂ ਮਨ-ਘੜਤ, ਅਰਥਾਤ ਤੱਥਾਤਮਕ ਹੈ ਜਾਂ ਸਤਿਆਤਮਕ। ਪਰ 1973 ਦੇ ਮਤੇ ਨੂੰ ਸ. ਕਪੂਰ ਸਿੰਘ ਦਾ ਲਿਖਿਆ ਹੀ ਤਸੱਵਰ ਕੀਤਾ ਜਾਂਦਾ ਹੈ, ਖ਼ਾਸ ਕਰ ਕੇ ਇਸ ਲਈ ਕਿ ਸੁਰਜੀਤ ਸਿੰਘ ਬਰਨਾਲਾ ਦੇ ਸ਼ੁਰੂ ਤੋਂ ਹੀ ਜੋ ਵਿਚਾਰ ਰਹੇ ਹਨ ਉਹ ਇਸ 1973 ਦੇ ਮਤੇ ਦੇ ਅਨੁਕੂਲ ਨਹੀਂ ਰਹੇ। ਇਸ ਮਤੇ ਵਿਚ ''ਪੰਥਕ ਆਜ਼ਾਦ ਹਸਤੀ'' ਲਈ ਲੋੜੀਂਦਾ ''ਦੇਸ਼ ਕਾਲ'' ਘੜਣਾ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਮਨੋਰਥ ਦਰਸਾਇਆ ਗਿਆ ਹੈ। (ਸਫ਼ਾ ਤਿੰਨ) 'ਅਜਿਹੇ ''ਦੇਸ਼-ਕਾਲ'' ਵਿਚ ''ਖਾਲਸਾ ਜੀ ਦੇ ਬੋਲ ਬਾਲੇ'' ਲਈ ''ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ'' ਦੇਣ ਦੀ ਮੰਗ ਕੀਤੀ ਗਈ ਹੈ। (ਸਫਾ 5-6) ਆਪਣਾ ਆਈਨ ਆਪ ਬਣਾਉਣ ਦਾ ਅਰਥ ਕਸ਼ਮੀਰ ਲਈ ਵੱਖਰੇ ਆਈਨ ਤੋਂ ਵੀ ਅਗਾਂਹ ਦੀ ਗੱਲ ਹੈ, ਕਿਉਂਕਿ ਕਸ਼ਮੀਰ ਦੇ ਵੱਖਰੇ ਆਇਨ ਦੀ ਵਿਵਸਥਾ ਭਾਰਤੀ ਸੰਵਿਧਾਨ ਦੀ ਧਾਰਾ 370 ਅਧੀਨ ਕੀਤੀ ਗਈ ਹੈ। ਜਦਕਿ ਪੰਜਾਬ ਲਈ ਆਪਣਾ ਆਇਨ ਆਪ ਬਣਾਉਣ ਦਾ ਸੈਭੰ (ਸਾਵਰਨ) ਅਧਿਕਾਰ ਮੰਗਿਆ ਗਿਆ ਹੈ।

1978 ਤਕ ਏਸ ਮਤੇ ਬਾਰੇ ਤਕਰੀਬਨ ਤਕਰੀਬਨ ਚੁੱਪ ਵਰਤੀ ਗਈ। ਸ਼ਾਇਦ ਉਦੋਂ ਤਕ ਇਸ ਦੀਆਂ ਬਾਰੀਕੀਆਂ ਦੀ ਸਮਝ ਅਕਾਲੀ ਨੇਤਾਵਾਂ ਨੂੰ ਆ ਗਈ ਸੀ। ਹੁਣ ਸਾਚੀ ਸਾਖੀ ਸ਼ੁਰੂ ਹੁੰਦੀ ਹੈ। 1978 ਦੇ ਮਤੇ ਦੀ ਡਰਾਫ਼ਟਿੰਗ ਵਿਚ ਇਕ ''ਲੇਖਕ'' ਨੇ ਯੋਗਦਾਨ ਪਾਇਆ ਸੀ, ਭਾਵੇਂ ਸੇਧ ਟੌਹੜਾ ਜੀ ਨੇ ਹੀ ਦਿੱਤੀ ਸੀ। ਸ੍ਰੀ ਟੌਹੜਾ 1978 ਵਿਚ ਲੁਧਿਆਣੇ ਹੋ ਰਹੇ ਜਨਰਲ ਇਜਲਾਸ ਲਈ ਨਿਰੰਕਾਰੀਆਂ ਸੰਬੰਧੀ ਮਤਾ ਪੇਸ਼ ਕਰਨਾ ਚਾਹੁੰਦੇ ਸਨ ਤੇ ਸਲਾਹ ਲਈ ਉਹ ਉਸ ਲੇਖਕ ਪਾਸ ਪਹੁੰਚੇ। ਉਸ ਲੇਖਕ ਨੇ ਸਲਾਹ ਦਿੱਤੀ ਕਿ ਨਿਰੰਕਾਰੀਆਂ ਦਾ ਮਸਲਾ ਤਾਂ ਵਕਤੀ ਮੁੱਦਾ ਹੈ ਹੁਣ ਗਰਮ ਹੈ, ਕੱਲ੍ਹ ਨੂੰ ਠੰਢਾ ਹੋ ਸਕਦਾ ਹੈ। ਤੁਸੀਂ ਰਾਜਸੀ ਮਤਾ ਪੇਸ਼ ਕਰੋ। ਇਸ ਵੇਲੇ ਦੇਸ਼ ਭਰ ਵਿਚ ਜੈ ਪ੍ਰਕਾਸ਼ ਨਰਾਇਣ ਦੀ ਪ੍ਰੇਰਣਾ ਹੇਠ ਲੋਕ ਲਹਿਰ ਚਲ ਰਹੀ ਹੈ। ਸਿੱਖ ਕੌਮ ਨੂੰ ਰਾਸ਼ਟਰੀ ਧਾਰਾ ਨਾਲ ਜੋੜੋ ਤੇ ਫ਼ੈਡਰਲ ਢਾਂਚੇ ਵਿਚ ਸੂਬਾਈ ਖੁਦ-ਮੁਖ਼ਤਿਆਰੀ ਦੀ ਮੰਗ ਉਠਾ ਕੇ ਸਾਰੀਆਂ ਰਾਸ਼ਟਰੀ ਸ਼ਕਤੀਆਂ ਦੀ ਸਰਦਾਰੀ ਸੰਭਾਲੋ। ਟੌਹੜਾ ਸਾਹਿਬ ਬਹੁਤ ਖੁਸ਼ ਹੋਏ ਤੇ ਉਸ ਲੇਖਕ ਨੇ ਮਤੇ ਦਾ ਡਰਾਫਟ ਤਿਆਰ ਕੀਤਾ। ਨਾਲ ਹੀ ਜਨਰਲ ਇਜਲਾਸ ਲਈ ਟੌਹੜਾ ਸਾਹਿਬ ਦਾ ਭਾਸ਼ਣ ਵੀ ਤਿਆਰ ਕੀਤਾ ਜਿਸਨੂੰ ਅੰਗਰੇਜ਼ੀ ਤੇ ਪੰਜਾਬੀ ਵਿਚ ਟੌਹੜਾ ਜੀ ਨੇ ਛਪਵਾ ਕੇ ਵੰਡਿਆ। ਸ੍ਰੀ ਟੌਹੜਾ ਨੇ ਮਤਾ ਪੜ੍ਹਨ ਤੋਂ ਬਾਅਦ ਉਹ ਸਾਰਾ ਭਾਸ਼ਣ ਵੀ ਪੜ੍ਹਿਆ। ਸ੍ਰੀ ਬਾਦਲ ਨੇ ਮਤੇ ਦੀ ਪ੍ਰੋੜ੍ਹਤਾ ਕੀਤੀ। ਇਸ ਦਾ ਪਾਠ ਇਉਂ ਹੈ;

''ਸ਼੍ਰੋਮਣੀ ਅਕਾਲੀ ਦਲ ਦਾ ਇਹ ਜਨਰਲ ਸਮਾਗਮ ਅਨੁਭਵ ਕਰਦਾ ਹੈ ਕਿ ਭਾਰਤ ਵਰਸ਼, ਵੱਖ-ਵੱਖ ਧਰਮਾਂ, ਭਾਸ਼ਾਵਾਂ ਤੇ ਸਭਿਆਚਾਰਾਂ ਦਾ ਇਕ ਸਮੂਹਕ ਸੰਗਠਨ ਤੇ ਗਣਰਾਜ ਹੈ। ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ ਦੇ ਹੱਕਾਂ ਨੂੰ ਮਹਿਫ਼ੂਜ਼ ਕਰਨ, ਲੋਕ ਰਾਜੀ ਨਜ਼ਾਮ ਦੇ ਤਕਾਜ਼ਿਆਂ ਨੂੰ ਪੂਰਾ ਕਰਨ ਅਤੇ ਦੇਸ਼ ਦੀ ਆਰਥਿਕ ਤਰੱਕੀ ਦੇ ਮਾਰਗ ਨੂੰ ਸਾਵਾਂ-ਪੱਧਰਾ ਬਣਾਉਣ ਲਈ, ਇਹ ਅਤਿਅੰਤ ਜ਼ਰੂਰੀ ਹੋ ਗਿਆ ਹੈ ਕਿ ਭਾਰਤੀ ਸੰਵਿਧਾਨ ਨੂੰ ਅਸਲੀ ਫ਼ੈਡਰਲ ਰੂਪ ਰੇਖਾ ਦਿੱਤੀ ਜਾਏ। ਜਿਸ ਵਿਚ ਕੇਂਦਰ ਤੇ ਰਾਜਾਂ ਦੇ ਆਪਸੀ ਸਬੰਧਾਂ ਅਤੇ ਅਧਿਕਾਰਾਂ ਨੂੰ ਉਪਰੋਕਤ ਅਸੂਲਾਂ ਤੇ ਆਦਰਸ਼ਾਂ ਅਨੁਸਾਰ ਨਵੇਂ ਸਿਰਿਓਂ ਢਾਲਿਆ ਜਾਵੇ।

''ਲੋਕ ਨਾਇਕ ਸ੍ਰੀ ਜੈ ਪ੍ਰਕਾਸ਼ ਨਰਾਇਣ ਨੇ ਵੀ ਦੇਸ਼ ਨੂੰ ਖ਼ਬਰਦਾਰ ਕਰਦਿਆਂ ਜੋ ਅਗਵਾਈ ਦਿੱਤੀ ਹੈ ਉਨ੍ਹਾਂ ਨੇ ਵੀ ਸਮੇਂ ਸਮੇਂ ਅਧਿਕਾਰਾਂ ਦੇ ਵਿਕੇਂਦਰੀਕਰਨ ਨੂੰ ਹੀ ਸੰਪੂਰਨ ਕਰਾਂਤੀ ਦਾ ਨਾਮ ਦਿੱਤਾ। ਕਾਂਗਰਸ ਰਾਜ ਸਮੇਂ ਜਿਵੇਂ ਵਿਧਾਨਕ ਤਰਮੀਮਾਂ ਰਾਹੀਂ ਸੂਬਿਆਂ ਦੇ ਅਧਿਕਾਰਾਂ ਨੂੰ ਕੇਂਦਰਤ ਕੀਤਾ ਗਿਆ, ਉਸ ਦਾ ਆਖਰੀ ਸਿੱਟਾ ਐਂਰਜੈਂਸੀ ਦੇ ਰੂਪ ਵਿਚ ਦੇਸ਼ ਦੇ ਸਾਹਮਣੇ ਆਇਆ, ਜਦ ਹਰ ਭਾਰਤੀ ਦੇ ਸਾਰੇ ਮੌਲਿਕ ਅਧਿਕਾਰਾਂ ਨੂੰ ਸਮਾਪਤ ਕਰ ਕੇ ਰੱਖ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਜੋ ਅਰੰਭ ਤੋਂ ਹੀ ਦੇਸ਼ ਦੇ ਵਿਧਾਨ ਨੂੰ ਸਹੀ ਫੈਡਰਲ ਰੂਪ ਰੇਖਾ ਦੇ ਢਾਂਚੇ ਵਿਚ ਢਾਲਣ ਵਾਸਤੇ ਸੰਗਰਾਮ ਕਰ ਰਿਹਾ ਹੈ, ਉਸਨੂੰ ਦੇਸ਼ ਦੀਆਂ ਹਰ ਅਗਾਂਹਵਧੂ ਪਾਰਟੀਆਂ ਨੇ ਵੀ ਆਪਣੇ ਪ੍ਰੋਗਰਾਮ ਦਾ ਜ਼ਰੂਰੀ ਹਿੱਸਾ ਬਣਾ ਲਿਆ, ਜਿਵੇਂ ਕਿ ਜਨਤਾ ਪਾਰਟੀ, ਸੀ.ਪੀ.ਆਈ. (ਐਮ.), ਅੰਨਾ ਡੀ.ਐਮ.ਕੇ. ਆਦਿ ਨੇ ਇਹ ਤੱਥ ਸਾਫ਼ ਤੌਰ 'ਤੇ ਮੰਨਿਆ ਤੇ ਸਭ ਨੇ ਕੇਂਦਰੀ ਅਧਿਕਾਰਾਂ ਦੇ ਵਿਕੇਂਦਰੀਕਰਨ ਦਾ ਮਹਾਨ ਅਸੂਲ ਪ੍ਰਵਾਨ ਕੀਤਾ ਸੀ।

''ਸ਼੍ਰੋਮਣੀ ਅਕਾਲੀ ਦਲ ਪਿਛਲੇ ਲੰਬੇ ਸਮੇਂ ਤੋਂ ਇਸ ਅਸੂਲ ਉਤੇ ਪੂਰੀ ਤਰ੍ਹਾਂ ਦ੍ਰਿੜ੍ਹ ਤੁਰਿਆ ਆ ਰਿਹਾ ਹੈ, ਇਸੇ ਲਈ ਬਹੁਤ ਦੀਰਘ ਵਿਚਾਰ ਉਪਰੰਤ ਪਹਿਲਾਂ ਸਰਬ ਹਿੰਦ ਅਕਾਲੀ ਕਾਨਫਰੰਸ ਬਟਾਲਾ ਕੀਤੀ ਗਈ ਤੇ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸਕ ਮਤਾ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚ ਸਟੇਟ ਅਟਾਨੋਮੀ (ਖੁਦਮੁਖ਼ਤਿਆਰੀ) ਫ਼ੈਡਰਲ ਢਾਂਚੇ ਅਨੁਸਾਰ ਪ੍ਰਵਾਨ ਕੀਤੀ ਗਈ ਹੈ।

''ਇਸ ਲਈ ਸ਼੍ਰੋਮਣੀ ਅਕਾਲੀ ਦਲ ਜਨਤਾ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਦੇਸ਼ ਵਿਚ ਵਸਣ ਵਾਲੇ ਵੱਖੋ ਵੱਖ ਭਾਸ਼ਾਈ ਤੇ ਸਭਿਆਚਾਰਕ ਖਿੱਤਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਅਤੇ ਕਰੋੜਾਂ ਲੋਕਾਂ ਵਲੋਂ ਉਠ ਰਹੀ ਆਵਾਜ਼ ਨੂੰ ਮੁੱਖ ਰੱਖ ਕੇ ਕੇਂਦਰ ਤੇ ਰਾਜਾਂ ਦੇ ਅਧਿਕਾਰਾਂ ਦਾ ਫ਼ੈਸਲਾ ਕਰਨ ਲਈ ਸੰਵਿਧਾਨ ਨੂੰ ਸੋਧ ਕੇ ਫ਼ੈਡਰਲ ਰੂਪ ਦੇਵੇ ਤਾਂ ਕਿ ਕੌਮੀ ਏਕਤਾ ਤੇ ਦੇਸ਼ ਦੀ ਅਖੰਡਤਾ ਨੂੰ ਕਿਸੇ ਸਮੇਂ ਵੀ ਕੋਈ ਖ਼ਤਰਾ ਉਤਪੰਨ ਨਾ ਹੋ ਸਕੇ ਅਤੇ ਸੂਬੇ ਆਪਣੇ ਸਹੀ ਅਧਿਕਾਰਾਂ ਦੀ ਵਰਤੋਂ ਨਾਲ ਭਾਰਤੀ ਗਰੀਬ ਜਨਤਾ ਦੀ ਆਪਣੇ ਆਪਣੇ ਰਾਜਾਂ ਵਿਚ ਉਨਤੀ ਤੇ ਖੁਸ਼ਹਾਲੀ ਲਿਆਉਣ ਵਿਚ ਸਫਲਤਾ ਸਹਿਤ ਭੂਮਿਕਾ ਨਿਭਾ ਸਕਣ।''

ਟੌਹੜਾ ਸਾਹਿਬ ਦੇ ਪੜ੍ਹੇ ਤੇ ਛਪੇ ਬਿਆਨ ਵਿਚ ਇਹ ਮੰਗ ਕੀਤੀ ਗਈ ਕਿ (ਪਹਿਲਾ ਨੁਕਤਾ) ਭਾਰਤੀ ਸੰਵਿਧਾਨ ਦੇ ਪ੍ਰੀਐਂਬਲ ਵਿਚ ਸੋਧ ਕਰ ਕੇ 'ਫ਼ੈਡਰਲ' ਸ਼ਬਦ ਦਾ ਵਾਧਾ ਕੀਤਾ ਜਾਵੇ। ਜੋ ਹੋਰ 14 ਨੁਕਤੇ ਇਸ ਪ੍ਰਕਾਸ਼ਤ ਭਾਸ਼ਨ ਵਿਚ ਪ੍ਰਸਤੁਤ ਕੀਤੇ ਗਏ, ਉਹ ਇਸ ਤਰ੍ਹਾਂ ਹਨ;

1. ਕਿਸੇ ਵੀ ਰਾਜ ਦੀ ਹੋਂਦ ਜਾਂ ਸਵੈ-ਪਛਾਣ ਨੂੰ ਉਕਾ ਹੀ ਖ਼ਤਮ ਕਰਨ ਦਾ ਕੇਂਦਰ ਦਾ ਮੌਜੂਦਾ ਅਧਿਕਾਰ ਖ਼ਤਮ ਹੋਣਾ ਚਾਹੀਦਾ ਹੈ।

2. ਐਮਰਜੈਂਸੀ ਨੂੰ ਵਿਸ਼ੇਸ਼ ਹਾਲਤ (ਜਿਵੇਂ ਕਿ ਬਾਹਰੋ ਹਮਲੇ ਦੀ ਸੂਰਤ) ਵਿਚ ਲਾਗੂ ਕਰਨ ਵੇਲੇ ਵੀ ਰਾਸ਼ਟਰ ਦੇ ਫ਼ੈਡਰਲ ਸਰੂਪ ਨੂੰ ਬਰਕਰਾਰ ਰੱਖਿਆ ਜਾਵੇ ਤਾਂ ਕਿ ਸੂਬਿਆਂ ਦੀ ਖੁਦਮੁਖਤਾਰੀ ਭੰਗ ਨਾ ਹੋਵੇ।

3. ਰਾਜ ਸਭਾ ਨੂੰ ਰਾਜਾਂ ਦੀ ਬਰਾਬਰੀ ਦੇ ਅਸੂਲ 'ਤੇ ਸੂਬਿਆਂ ਦੀ ਨੁਮਾਇੰਦਾ ਸੰਸਥਾ ਦਾ ਰੂਪ ਦਿੱਤਾ ਜਾਵੇ ਤੇ ਇਸ ਤਰ੍ਹਾਂ ਰਾਜ ਸਭਾ ਦੇ ਮੈਂਬਰ ਉਪਰੋਕਤ ਅਸੂਲ ਅਨੁਸਾਰ ਸਿੱਧੀ ਚੋਣ ਰਾਹੀਂ, ਚੁਣੇ ਜਾਣ, ਰਾਜ ਸਭਾ ਵਿਚ ਘੱਟ ਗਿਣਤੀ ਦੀਆਂ ਕੌਮਾਂ, ਕੌਮੀਅਤਾਂ ਨੂੰ ਵੀ ਯੋਗ ਨੁਮਾਇੰਦਗੀ ਦਿੱਤੀ ਜਾਵੇ।

4. ਕੇਂਦਰ ਤੇ ਰਾਜਾਂ ਵਿਚਕਾਰ ਫੈਡਰਲ ਅਸੂਲਾਂ ਅਨੁਸਾਰ ਅਧਿਕਾਰ ਵੰਡ ਕੀਤੀ ਜਾਵੇ ਤੇ ਨਵੀਂ ਕਾਰਜ-ਵੰਡ ਲਈ ਯੂਨੀਅਨ ਲਿਸਟ, ਸਟੇਟ ਲਿਸਟ ਤੇ ਸਾਂਝੀ (ਕਨਕੂੰਟ) ਲਿਸਟ ਨਵੇਂ ਸਿਰਿਓਂ ਉਲੀਕੀ ਜਾਵੇ ਜਿਵੇਂ ਕਿ ਅਨੰਦਪੁਰ ਸਾਹਿਬ ਵਿਖੇ ਪਾਸ ਕੀਤੇ ਮਤੇ ਵਿਚ ਮੰਗ ਕੀਤੀ ਗਈ ਹੈ।

5. ਸਟੇਟ ਲਿਸਟ ਵਿਚ ਸ਼ਾਮਲ ਵਿਸ਼ਿਆਂ ਬਾਰੇ ਕਾਨੂੰਨ ਬਣਾਉਣ ਦਾ ਨਿਰੋਲ ਅਧਿਕਾਰ ਰਾਜਾਂ ਪਾਸ ਹੀ ਹੋਵੇ। ਕਿਸੇ ਵੀ ਹਾਲਤ ਵਿਚ ਇਹ ਅਧਿਕਾਰ ਕੇਂਦਰ ਜ਼ਬਤ ਨਾ ਕਰ ਸਕੇ।

6. ਕਾਨੂੰਨਸਾਜ਼ੀ ਸਬੰਧੀ ਕੇਂਦਰੀ ਲਿਸਟ, ਸਾਂਝੀ ਲਿਸਟ ਤੇ ਸੂਬਾਈ ਲਿਸਟ ਉਲੀਕੀ ਜਾਣ ਉਪਰੰਤ ਬਚਦੇ ਅਧਿਕਾਰ ਰਾਜਾਂ ਪਾਸ ਹੋਣ।

7. ਸਾਂਝੀ ਲਿਸਟ ਹੇਠਾਂ ਕਾਨੂੰਨ ਭਾਵੇਂ ਕੇਂਦਰ ਵਲੋਂ ਬਣਾਇਆ ਜਾਵੇ ਜਾਂ ਰਾਜਾਂ ਵਲੋਂ, ਇਨ੍ਹਾਂ ਸਬੰਧੀ ਕਾਰਜਕਾਰੀ ਅਧਿਕਾਰ ਰਾਜਾਂ ਪਾਸ ਹੋਣੇ ਚਾਹੀਦੇ ਹਨ ਜਿਵੇਂ ਕਿ 1935 ਦੇ ਗਵਰਨਮੈਂਟ ਆਫ ਇੰਡੀਆ ਐਕਟ ਵਿਚ ਵਿਵਸਥਾ ਕੀਤੀ ਗਈ ਸੀ।

8. ਗਵਰਨਰ ਦੀ ਸੰਸਥਾ, ਉਸ ਦੇ ਅਧਿਕਾਰ, ਕਾਰਜ ਤੇ ਕਰਤੱਵ ਫ਼ੈਡਰਲ ਅਸੂਲਾਂ ਅਨੁਸਾਰ ਢਾਲੇ ਜਾਣ। ਗਵਰਨਰ ਕੇਂਦਰੀ ਸ਼ਾਸਨ ਦਾ ਕਾਰਜਕਾਰੀ ਏਜੰਟ ਹੋਣ ਦੀ ਥਾਂ ਰਿਆਸਤ ਦਾ ਸੰਵਿਧਾਨਕ ਹੈਡ ਹੋਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਰਾਸ਼ਟਰਪਤੀ ਵਾਂਗ ਗਵਰਨਰ ਵੀ (ਨਾਮਜ਼ਦ ਕੀਤੇ ਜਾਣ ਦੀ ਬਜਾਏ) ਚੁਣਿਆ ਜਾਵੇ।

9. ਕੇਂਦਰ ਵਲੋਂ ਸੂਬਾਈ ਸਰਕਾਰ ਵਿਧਾਨ ਸਭਾ ਤੋੜੇ ਜਾਣ, ਭੰਗ ਕੀਤੇ ਜਾਣ ਜਾਂ ਮੁਅੱਤਲ ਕੀਤੇ ਜਾਣ ਦੀ ਫੈਡਰਲ ਢਾਂਚੇ ਵਿਚ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਜੇ ਕਿਸੇ ਸੂਬੇ ਵਿਚ ਸੰਵਿਧਾਨਕ ਸੰਕਟ ਪੈਦਾ ਹੁੰਦਾ ਹੈ ਤਾਂ ਉਸ ਦਾ ਨਿਵਾਰਨ ਉਵੇਂ ਹੋਣਾ ਚਾਹੀਦਾ ਹੈ ਜਿਵੇਂ ਕੇਂਦਰ ਵਿਖੇ ਪੈਦਾ ਹੋਏ ਸੰਵਿਧਾਨਕ ਸੰਕਟ ਨੂੰ ਹੱਲ ਕੀਤਾ ਜਾਂਦਾ ਹੈ। ਜੇ ਕੇਂਦਰ ਵਿਖੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਕੋਈ ਵਿਵਸਥਾ ਨਹੀਂ ਤਾਂ ਫਿਰ ਰਾਜਾਂ ਦੀ ਹਾਲਤ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਕੋਈ ਉਚਿਤਤਾ ਨਹੀਂ।

10. ਰਾਜਾਂ ਦੀ ਮਾਲੀ ਖੁਦਮੁਖਤਾਰੀ ਨੂੰ ਹਕੀਕੀ ਤੇ ਪ੍ਰਭਾਵਕਾਰੀ ਬਣਾਇਆ ਜਾਵੇ। ਇਸ ਮਨੋਰਥ ਲਈ ਫੈਡਰਲ ਅਸੂਲਾਂ ਅਨੁਸਾਰ ਮਾਲੀ ਸਾਧਨਾਂ ਦੀ ਕੇਂਦਰ ਤੇ ਰਿਆਸਤਾਂ ਵਿਚਕਾਰ ਕਾਨੂੰਨੀ ਤੌਰ 'ਤੇ ਨਵੀਂ ਵੰਡ ਕੀਤੀ ਜਾਵੇ।

ਇਸ ਵੇਲੇ ਟੈਕਸਾਂ ਤੇ ਆਮਦਨ ਦੇ ਹੋਰ ਸੋਮਿਆਂ ਬਾਰੇ ਜੋ ਵਿਵਸਥਾ ਹੈ ਉਸ ਨਾਲ ਰਾਜ ਕੇਂਦਰ ਦੀ ਪੂਰਨ ਅਧੀਨਗੀ ਹੇਠ ਵਿਚਰ ਰਹੇ ਹਨ। ਇਸ ਵੇਲੇ ਕਈ ਅਜਿਹੇ ਕਰ ਹਨ ਜੋ ਕੇਂਦਰ ਵਲੋਂ ਲਗਾਏ ਜਾਂਦੇ ਹਨ ਪਰ ਰਾਜਾਂ ਵਲੋਂ ਉਨ੍ਹਾਂ ਨੂੰ ਵਸੂਲ ਕੀਤਾ ਜਾਂਦਾ ਹੈ ਤੇ ਆਪਣੇ ਪਾਸ ਹੀ ਰੱਖਿਆ ਜਾਂਦਾ ਹੈ। ਦੂਸਰੀ ਕਿਸਮ ਦੇ ਉਹ ਟੈਕਸ ਹਨ ਜੋ ਕੇਂਦਰ ਵਲੋਂ ਲਗਾਏ ਤੇ ਵਸੂਲੇ ਜਾਂਦੇ ਹਨ ਪਰ ਬਾਅਦ ਵਿਚ ਰਾਜਾਂ ਨੂੰ ਸੌਂਪੇ ਜਾਂਦੇ ਹਨ। ਤੀਜੇ ਉਹ ਟੈਕਸ ਹਨ ਜੋ ਕੇਂਦਰ ਵਲੋਂ ਲਗਾਏ ਤੇ ਵਸੂਲ ਕੀਤੇ ਜਾਂਦੇ ਹਨ ਤੇ ਕੇਂਦਰ ਇਨ੍ਹਾਂ ਨੂੰ ਆਪ ਹੀ ਰੱਖ ਲੈਂਦਾ ਹੈ। ਚੌਥੀ ਕਿਸਮ ਦੇ ਉਹ ਟੈਕਸ ਹਨ ਜੋ ਕੇਂਦਰ ਵਲੋਂ ਲਗਾਏ ਤੇ ਵਸੂਲ ਕੀਤੇ ਜਾਂਦੇ ਹਨ ਤੇ ਬਾਅਦ ਵਿਚ ਕੇਂਦਰ ਤੇ ਸੂਬਿਆਂ ਵਿਚਕਾਰ ਵੰਡੇ ਜਾਂਦੇ ਹਨ ਜਿਵੇਂ ਇਨਕਮ ਟੈਕਸ। ਫ਼ੈਡਰਲ ਢਾਂਚੇ ਦਾ ਤਕਾਜ਼ਾ ਹੈ ਕਿ ਟੈਕਸ ਲਗਾਉਣ ਦੇ ਅਧਿਕਾਰਾਂ ਦੀ ਕੇਂਦਰ ਤੇ ਰਾਜਾਂ, ਵਿਚਕਾਰ ਕਾਰਜ ਵੰਡ ਹੋਣੀ ਚਾਹੀਦੀ ਹੈ ਤਾਂ ਕਿ ਰਾਜਾਂ ਦੇ ਅਧਿਕਾਰ ਖੇਤਰ ਨੂੰ ਕੇਂਦਰ ਦੇ ਅਧਿਕਾਰ ਖੇਤਰ ਤੋਂ ਅੱਡ ਕੀਤਾ ਜਾ ਸਕੇ। ਆਪਣੇ ਅਧਿਕਾਰ ਖੇਤਰ 'ਚ ਆਉਂਦੇ ਟੈਕਸਾਂ ਨੂੰ ਲਗਾਉਣ ਤੇ ਉਗਰਾਹੁਣ ਅਤੇ ਆਪਣੇ ਪਾਸ ਰੱਖਣ ਦਾ ਪੂਰਨ ਅਧਿਕਾਰ ਰਾਜਾਂ ਨੂੰ ਹੋਵੇ। ਜੋ ਟੈਕਸ (ਜਿਵੇਂ ਕਿ ਇਨਕਮ ਟੈਕਸ) ਕੇਂਦਰ ਤੇ ਸੂਬਿਆਂ ਵਿਚਕਾਰ ਸਾਂਝੇ ਹਨ, ਉਨ੍ਹਾਂ ਨੂੰ ਲਗਾਉਣ ਦਾ ਅਧਿਕਾਰ

*(ਬਾਕੀ ਸਫਾ 34 ਉਤੇ)*



ਗੁਰਚਰਨ ਸਿੰਘ ਟੌਹੜਾ



ਸੁਰਜੀਤ ਸਿੰਘ ਬਰਨਾਲਾ



ਗਿਆਨ ਸਿੰਘ ਰਾੜੇ ਵਾਲਾ



ਕੈਪਟਨ ਅਮਰਿੰਦਰ ਸਿੰਘ

**ਸ੍ਰੀ ਅਨੰਦਪੁਰ ਸਾਹਿਬ ਦਾ 1973 ਅਤੇ ਫਿਰ 1978 ਵਾਲਾ ਮਤਾ ਸਿੱਖ ਰਾਜਨੀਤੀਵਾਨਾਂ ਤੇ ਸਿੱਖ ਸਮੂਹਾਂ ਲਈ ਤਕਰੀਬਨ 20 ਸਾਲ ਰਾਜਨੀਤਕ ਨਿਸ਼ਾਨਾ ਰਿਹਾ ਹੈ। ਜੂਨ 1984 ਵਿਚ ਹੋਏ 'ਬਲਿਊ ਸਟਾਰ ਆਪ੍ਰੇਸ਼ਨ' ਤਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਸਮੂਹ ਸਿੱਖ ਲੀਡਰਸ਼ਿਪ ਅਨੰਦਪੁਰ ਸਾਹਿਬ ਦੇ ਮਤੇ ਨੂੰ ਹੀ ਆਪਣਾ ਰਾਜਨੀਤਕ ਨਿਸ਼ਾਨਾ ਸਮਝਦੀ ਅਤੇ ਬਿਆਨਦੀ ਰਹੀ ਹੈ। 'ਬਲਿਊ ਸਟਾਰ' ਤੋਂ ਪਿਛੋਂ ਭਾਵੇਂ ਨਰਮ ਅਤੇ ਗਰਮ ਸਿਆਸੀ ਲੀਡਰਸ਼ਿਪ ਦੇ ਨਿਸ਼ਾਨੇ ਵੱਖ-ਵੱਖ ਹੋ ਗਏ ਪਰ ਫਿਰ ਵੀ ਅਨੰਦਪੁਰ ਸਾਹਿਬ ਦੇ ਮਤੇ ਦੀ ਇਤਿਹਾਸਕ ਮਹੱਤਤਾ ਅੱਜ ਵੀ ਘਟੀ ਨਹੀਂ ਹੈ। ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਸਿੱਖਾਂ ਲਈ ਅੰਮ੍ਰਿਤਸਰ ਐਲਾਨਨਾਮਾ ਅਤੇ ਖਾਲਿਸਤਾਨ ਜਿਹੇ ਰਾਜਨੀਤਕ ਸੰਕਲਪ ਵੀ ਸਿਰਜੇ ਗਏ। ਇਨ੍ਹਾਂ ਬਾਰੇ ਚਰਚਾ ਕਦੀ ਫਿਰ ਕਰਾਂਗੇ। ਅਨੰਦਪੁਰ ਸਾਹਿਬ ਦਾ ਮਤਾ ਹੋਂਦ ਵਿਚ ਕਿਵੇਂ ਆਇਆ, ਇਸ ਵਾਰ ਅਸੀਂ ਇਸ ਸੰਬੰਧ ਵਿਚ ਡਾ. ਜਸਵੀਰ ਸਿੰਘ ਆਹਲੂਵਾਲੀਆ ਦਾ ਲੇਖ ਛਾਪ ਰਹੇ ਹਾਂ। ਇਹ ਲੇਖ ਇਸ ਸਥਿਤੀ ਨੂੰ ਵੀ ਬਿਆਨ ਕਰਦਾ ਹੈ ਕਿ ਸਿੱਖ ਸਿਆਸੀ ਲੀਡਰਸ਼ਿਪ ਅੱਜ ਵੀ ਬੌਧਿਕ ਪੱਖੋਂ ਕਿੰਨੀ ਅਪ੍ਰਪੱਕ ਕਿਸਮ ਦੀ ਹੈ ਅਤੇ ਸਿੱਖ ਬੁੱਧੀਜੀਵੀਆਂ ਨੂੰ ਰਾਜਨੀਤਕ ਨਿਸ਼ਾਨਿਆਂ ਉਪਰ ਸਿੱਖ ਸਿਆਸਤਦਾਨਾਂ ਦੇ ਅੰਗੂਠੇ ਲਵਾਉਣ ਲਈ ਕੀ ਕੁਝ ਕਰਨਾ ਪੈਂਦਾ ਹੈ -ਸੰਪਾਦਕ**

# ਅਮਰਜੀਤ ਗਰੇਵਾਲ ਦੀ 'ਸੱਚ ਦੀ ਸਿਆਸਤ' ਤੇ ਸਿਆਸਤ ਦਾ ਸੱਚ

***ਸਾਲ ਕੁ ਪਹਿਲਾਂ ਅਸੀਂ ਅਮਰਜੀਤ ਸਿੰਘ ਗਰੇਵਾਲ ਦੀ ਕਿਤਾਬ 'ਸੱਚ ਦੀ ਸਿਆਸਤ' ਦੇ ਕੁਝ ਹਿੱਸੇ ਛਾਪੇ ਸਨ। ਇਹ ਕਿਤਾਬ ਉਦੋਂ ਹਾਲੇ ਛਪਣ ਦੇ ਅਮਲ ਵਿਚ ਸੀ। ਉਸ ਵਕਤ ਅਸੀਂ ਇਸ ਲਿਖਤ ਨਾਲ ਸੰਪਾਦਕੀ ਨੋਟ ਵਿਚ ਕਿਹਾ ਸੀ ਕਿ ਇਸ ਲਿਖਤ ਉਪਰ ਆਉਣ ਵਾਲੇ ਕਿਸੇ ਵੀ ਪ੍ਰਤੀਕਰਮ ਨੂੰ ਅਸੀਂ ਜੀ ਆਇਆਂ ਕਹਾਂਗੇ। ਇਹ ਕਿਤਾਬ ਹੁਣ ਛਪ ਕੇ ਮਾਰਕੀਟ ਵਿਚ ਆ ਗਈ ਹੈ। ਇਸ ਸੰਬੰਧੀ ਕੁਝ ਪ੍ਰਤੀਕਰਮ ਸਾਨੂੰ ਮਿਲੇ ਹਨ, ਜਿਨ੍ਹਾਂ ਨੂੰ ਅਸੀਂ ਇਥੇ ਛਾਪ ਰਹੇ ਹਾਂ - ਸੰਪਾਦਕ***

**ਹਰਵਿੰਦਰ ਭੰਡਾਲ**

'ਸੱਚ ਦੀ ਸਿਆਸਤ' ਰਾਹੀਂ ਅਮਰਜੀਤ ਗਰੇਵਾਲ ਨੇ ਉਤਰ ਆਧੁਨਿਕਤਾਵਾਦੀ ਬੌਧਿਕ ਭੰਬਲ਼ਭੂਸੇ ਦੀ ਉਦਾਹਰਣ ਪੇਸ਼ ਕੀਤੀ ਹੈ। 184 ਸਫਿਆਂ ਵਿਚ ਫੈਲੀ ਇਸ ਕਿਤਾਬ ਦਾ ਸਾਰ-ਤੱਤ ਇਹ ਹੈ :

ਇਤਿਹਾਸਕ ਵਾਸਤਵਿਕਤਾ ਨੂੰ ਜਾਣਿਆ ਜਾ ਸਕਣਾ ਅਸੰਭਵ ਹੋਣ ਕਾਰਨ ਅਸੀਂ ਕਿਸੇ ਵੀ ਘਟਨਾ ਨੂੰ ਟੈਕਸਟ ਵਜੋਂ ਹੀ ਪੜ੍ਹ ਸਕਦੇ ਹਾਂ। ਹਰੇਕ ਯੁੱਗ ਵਿਚ ਇਤਿਹਾਸਕਾਰ ਆਪਣੇ ਵਿਸ਼ੇਸ਼ ਮਨੋਰਥਾਂ ਨੂੰ ਮੁੱਖ ਰੱਖ ਕੇ ਆਪਣੀਆਂ ਮਨੋ-ਕਲਪਨਾਵਾਂ ਸਿਰਜਦੇ ਹਨ। ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਨੂੰ ਟੈਕਸਟ ਵਜੋਂ ਪੜ੍ਹਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਅਕਬਰ ਦੇ ਰਾਸ਼ਟਰਵਾਦੀ ਪ੍ਰਾਜੈਕਟ ਦੇ ਮੁਕਾਬਲੇ ਵਿਚ ਗੁਰੂ ਅਰਜੁਨ ਬਹੁਵਾਦੀ ਜਮਹੂਰੀ ਪਰੰਪਰਾਵਾਂ ਸਥਾਪਤ ਕਰ ਰਹੇ ਸਨ। ਇਸ ਲਈ ਅਜੋਕੇ ਗਲੋਬਲ ਪਹਿਚਾਣ ਦੇ ਯੁੱਗ ਵਿਚ ਸੱਭਿਆਚਾਰਕ "ਕੰਸਟਰਕਸ਼ਨ" (ਉਸਾਰੀ) ਦੇ ਮੁੱਦੇ ਨੂੰ ਸਮਝਣ ਅਤੇ ਇਸ ਨਾਲ਼ ਜੁੜੇ ਵਿਤਕਰਿਆਂ ਵਿਰੁਧ ਸੰਘਰਸ਼ ਦੀ ਲਹਿਰ ਨੂੰ "ਆਰਟੀਕੁਲੇਟ" (ਅਭਿਵਿਅਕਤ) ਕਰਨ ਲਈ ਕੇਵਲ ਅਤੇ ਕੇਵਲ ਸਿੱਖ ਲਹਿਰ ਤੋਂ ਹੀ ਸੇਧ ਪ੍ਰਾਪਤ ਹੋ ਸਕਦੀ ਹੈ।

ਆਪਣੀ ਇਸ ਵਿਚਾਰਧਾਰਕ ਪੁਜ਼ੀਸ਼ਨ ਦੇ ਆਲੇ-ਦੁਆਲੇ ਉਸ ਨੇ ਆਪਣੀਆਂ ਬ੍ਰਿਤਾਂਤਕ ਜੁਗਤਾਂ ਤੇ ਵਿਚਾਰਕ ਘੜਮੱਸ ਰਾਹੀਂ ਅਜਿਹੀ ਧੁੰਦ ਫੈਲਾਈ ਹੈ ਕਿ ਸਧਾਰਨ ਇਤਿਹਾਸਕ ਚੇਤਨਾ ਅਸਾਧਾਰਨ ਜਾਪਣ ਲੱਗ ਪੈਂਦੀ ਹੈ। ਵਾਸਤਵਿਕਤਾ ਇਹ ਹੈ ਕਿ ਇਸ ਸਭ ਨੂੰ ਪੇਸ਼ ਕਰਦਿਆਂ ਉਸ ਨੇ ਇਕ ਵੀ ਅਜਿਹਾ ਨਵਾਂ ਤੱਥ ਪੇਸ਼ ਨਹੀਂ ਕੀਤਾ ਜਿਸ ਬਾਰੇ ਪਹਿਲਾਂ ਜਾਣਕਾਰੀ ਨਾ ਹੋਵੇ। ਨਾ ਹੀ ਉਸ ਨੇ ਕੋਈ ਅਜਿਹਾ ਨਵਾਂ ਵਿਚਾਰ ਪ੍ਰਗਟਾਇਆ ਹੈ, ਜੋ ਪਹਿਲਾਂ ਕਦੇ ਪ੍ਰਗਟਾਇਆ ਨਹੀਂ ਸੀ ਗਿਆ। ਇਸ ਲਈ ਕਿਤਾਬ ਦੀ ਟੈਕਸਚੂਅਲ ਸਟਰੈਟੇਜੀ (ਪਾਠ ਰਣਨੀਤੀ) ਤੇ ਸਿਆਸਤ ਨੂੰ ਸਮਝਣ ਲਈ ਇਸ ਸਾਰ-ਤੱਤ ਤੋਂ ਅਗਾਂਹ ਜਾਣਾ ਪਏਗਾ।

ਯਾਤਰਾ ਇਸ ਟੈਕਸਟ ਦਾ ਮੁੱਖ ਚਿਹਨ ਹੈ। ਗਰੇਵਾਲ ਗੁਰੂ ਅਰਜੁਨ ਦੀ ਸ਼ਹੀਦੀ ਦਾ ਆਪਣਾ ਸੱਚ ਸਿਰਜਣ ਲਈ ਵਿਚਾਰਕ ਯਾਤਰਾ 'ਤੇ ਨਿਕਲਦਾ ਹੈ। ਇਕ ਹੋਰ ਯਾਤਰਾ ਉਹ ਹੇਮਕੁੰਟ ਪਰਬਤ ਦੀ ਕਰਦਾ ਹੈ। ਹੇਮਕੁੰਟ ਪਰਬਤ ਸਿੱਖੀ ਨਾਲ ਜੁੜਿਆ ਮਿੱਥਕ ਤੀਰਥ-ਅਸਥਾਨ ਹੈ। ਇਸ ਤਰ੍ਹਾਂ ਗਰੇਵਾਲ ਦੀ ਵਿਚਾਰਕ ਯਾਤਰਾ ਵੀ ਇਕ ਮਿੱਥ ਸਿਰਜਣ ਦਾ ਯਤਨ ਬਣ ਜਾਂਦੀ ਹੈ। ਗਰੇਵਾਲ ਨੇ ਆਪਣੀ ਬੌਧਿਕ ਮੁਸ਼ੱਕਤ ਨੂੰ ਬ੍ਰਿਤਾਂਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹ ਅਮਰਜੀਤ ਗਰੇਵਾਲ ਦਾ ਕੋਈ ਮੌਲਿਕ ਪ੍ਰਯੋਗ ਨਹੀਂ ਹੈ। ਮੁਲਖ ਰਾਜ ਅਨੰਦ ਨੇ ਆਪਣੀ ਕਿਤਾਬ Conversations in Bloomsbury ਵਿਚ ਵੀ ਇਹੋ ਜਿਹੀਆਂ ਜੁਗਤਾਂ ਦਾ ਇਸਤੇਮਾਲ ਕੀਤਾ ਸੀ। ਉਸ ਨੇ ਲੰਦਨ ਵਿਚਲੇ ਬਲੂਮਜ਼ਬਰੀ ਗਰੁੱਪ ਦੇ ਲੇਖਕਾਂ ਦਰਮਿਆਨ ਹੁੰਦੇ ਵਿਚਾਰ-ਵਟਾਂਦਰਿਆਂ ਨੂੰ ਬ੍ਰਿਤਾਂਤਕ ਸ਼ੈਲੀ ਵਿਚ ਪੇਸ਼ ਕੀਤਾ ਸੀ। ਅਨੰਦ ਦੀ ਕਿਤਾਬ ਵਿਚ ਈ ਐਮ ਫੌਸਟਰ, ਟੀ ਐਸ ਇਲੀਅਟ, ਅਲਡੂਅਸ ਹਕਸਲੇ, ਵਰਜੀਨੀਆ ਵੂਲਫ ਤੇ ਉਸ ਦੇ ਪਤੀ ਲਿਉਨਾਰਡ ਵੂਲਫ ਜਿਹੇ ਲੇਖਕ ਸਾਹਿਤਕ ਅਤੇ ਹੋਰ ਮੁੱਦਿਆਂ 'ਤੇ ਤਿੱਖਾ, ਕਾਟਵਾਂ ਬਹਿਸ-ਮੁਬਾਹਸਾ ਕਰਦੇ ਹਨ। ਇਸੇ ਤਰ੍ਹਾਂ ਗਰੇਵਾਲ ਦੇ ਬ੍ਰਿਤਾਂਤ ਵਿਚ ਪੰਜਾਬੀ ਸਾਹਿਤ ਅਤੇ ਚਿੰਤਨ ਦੇ ਖੇਤਰ ਦੇ ਜਾਣੇ-ਪਛਾਣੇ ਨਾਂ ਪਾਤਰਾਂ ਵਜੋਂ ਪ੍ਰਗਟ ਹੁੰਦੇ ਹਨ। ਇਹ ਨਾਂ ਸੁਰਜੀਤ ਪਾਤਰ, ਜਗਬੀਰ ਸਿੰਘ, ਸੁਤਿੰਦਰ ਨੂਰ, ਮਨਮੋਹਨ, ਸਵੀ, ਜ਼ਫਰ, ਰਜਿੰਦਰਪਾਲ ਸਿੰਘ, ਚਰਨਜੀਤ ਕੌਰ ਤੋਂ ਲੈ ਕੇ ਸਾਧੂ ਸਿੰਘ, ਸ਼ਮੀਲ ਅਤੇ ਸ਼ੁੱਭ ਪ੍ਰੇਮ ਆਦਿ ਤੱਕ ਹਨ।

ਗਰੇਵਾਲ ਦੀ ਆਪਣੀ ਵਿਚਾਰਧਾਰਕ ਪੁਜ਼ੀਸ਼ਨ ਅਨੁਸਾਰ ਵਾਪਰ ਚੁੱਕੇ ਇਤਿਹਾਸ ਨੂੰ ਜਾਣਿਆ ਨਹੀਂ ਜਾ ਸਕਦਾ। ਇਸ ਨੂੰ ਸਿਰਫ ਮਨੋ-ਕਲਪਨਾ ਰਾਹੀਂ ਸਿਰਜਿਆ ਹੀ ਜਾ ਸਕਦਾ ਹੈ। ਸੋ ਕਿਤਾਬ ਦੇ ਬ੍ਰਿਤਾਂਤ ਵਿਚ ਜੋ ਕੁਝ ਵੀ ਪੇਸ਼ ਹੋਇਆ ਹੈ ਉਹ ਗਰੇਵਾਲ ਦੀ ਮਨੋ-ਕਲਪਨਾ ਹੀ ਹੈ। ਇਸ ਵਿਚ ਪੇਸ਼ ਹੁੰਦੇ ਪਾਤਰ ਜੋ ਵੀ ਬੋਲਦੇ ਹਨ ਉਹ ਸਭ ਗਰੇਵਾਲ ਦੀ ਟੈਕਸਚੁਅਲ ਸਟਰੈਟਜੀ ਅਨੁਸਾਰ ਹੀ ਘੜਿਆ ਗਿਆ ਹੈ। ਇਸ ਸਟਰੈਟਜੀ (ਰਣਨੀਤੀ) ਪਿੱਛੇ ਇਕ ਵਿਸ਼ੇਸ਼ ਮਨੋਰਥ ਲੁਕਿਆ ਹੋਇਆ ਹੈ। ਗਰੇਵਾਲ ਨੇ ਆਪਣੀ ਪੁਜੀਸ਼ਨ ਪੇਸ਼ ਕਰਨ ਤੋਂ ਪਹਿਲਾਂ ਹੀ ਇਹ ਸਭ ਹਸਤੀਆਂ ਆਪਣੀ ਪੁਜ਼ੀਸ਼ਨ ਦੇ ਹੱਕ ਵਿਚ ਭੁਗਤਾ ਦਿੱਤੀਆਂ ਹਨ। ਟੈਕਸਟ ਦੀ ਭਾਸ਼ਾ ਨੂੰ ਨੇੜਿਓਂ ਵਾਚਣ ਤੇ ਸਪਸ਼ਟ ਹੁੰਦਾ ਹੈ ਕਿ ਚੀਜ਼ਾਂ ਦੀ ਗਰੇਵਾਲੀ ਸਕੀਮ ਵਿਚ ਪੇਸ਼ ਹੋ ਰਿਹਾ ਹਰੇਕ ਪਾਤਰ ਗਰੇਵਾਲ ਦੀ ਭਾਸ਼ਾ ਹੀ ਬੋਲਦਾ ਹੈ। ਪੂਰੀ ਕਿਤਾਬ ਵਿਚ ਵਿਚਾਰ-ਵਟਾਂਦਰਾ ਕਰ ਰਹੇ ਚਿੰਤਕ ਲਗਾਤਾਰ ਗਰੇਵਾਲ ਦੀ ਤੈਅ-ਸ਼ੁਦਾ ਵਿਚਾਰਧਾਰਕ ਪੁਜ਼ੀਸ਼ਨ ਵਲ ਵਧਦੇ ਜਾਂਦੇ ਹਨ। ਉਨ੍ਹਾਂ ਦਰਮਿਆਨ ਕਿਤੇ ਕੋਈ ਟਕਰਾਅ ਨਹੀਂ ਹੈ। ਜੇ ਕੋਈ ਟਕਰਾਅ ਆਉਂਦਾ ਹੈ ਤਾਂ ਉਹ ਸਿਰਫ ਡਾ. ਸਾਧੂ ਸਿੰਘ ਨਾਲ ਹੈ। ਡਾ. ਸਾਧੂ ਸਿੰਘ ਇਕੋ-ਇਕ ਪਾਤਰ ਹੈ ਜੋ ਸ਼ੁਰੂ ਵਿਚ ਗਰੇਵਾਲ ਦੀ ਇਤਿਹਾਸ-ਦ੍ਰਿਸ਼ਟੀ ਦੇ ਉਲਟ ਤਰਕ ਪੇਸ਼ ਕਰਦਾ ਹੈ। ਉਹ ਇਸ ਗੱਲ ਪ੍ਰਤੀ ਫਿਕਰਮੰਦ ਹੈ ਕਿ ਇਤਿਹਾਸ ਨੂੰ ਲਿਟਰੇਰੀ ਕੰਸਟਰਕਸ਼ਨ (ਸਾਹਿਤਕ ਉਸਾਰੀ) ਬਣਾ ਦੇਣ ਨਾਲ ਇਤਿਹਾਸ ਦਾ ਕੋਈ ਅਰਥ ਜਾਂ ਵਜੂਦ ਹੀ ਨਹੀਂ ਰਹਿ ਜਾਵੇਗਾ। ਪ੍ਰੰਤੂ ਗਰੇਵਾਲੀ ਬ੍ਰਿਤਾਂਤ ਵਿਚ ਉਹ ਵੀ ਹੌਲੀ-ਹੌਲੀ ਉਸੇ ਇਤਿਹਾਸਕ ਜਾਂ ਅਣਇਤਿਹਾਸਕ ਦ੍ਰਿਸ਼ਟੀ ਨਾਲ ਆਤਮਸਾਤ ਹੋ ਜਾਂਦਾ ਹੈ। ਉਸਦਾ ਪ੍ਰਤੀਰੋਧ/ਸੰਵਾਦ ਵੀ ਖਤਮ ਹੋ ਜਾਂਦਾ ਹੈ। ਪ੍ਰੰਤੂ ਬ੍ਰਿਤਾਂਤਕਾਰ ਏਨੇ ਨਾਲ਼ ਹੀ ਸਬਰ ਨਹੀਂ ਕਰਦਾ। ਉਹ ਉਸ ਨੂੰ ਉਪਹਾਸ ਦਾ ਪਾਤਰ ਵੀ ਬਣਾਉਂਦਾ ਹੈ। ਆਪਣੀ ਮੁਕਾਬਲੇਬਾਜ਼ੀ ਦੀ 'ਆਧੁਨਿਕ' ਪ੍ਰਵਿਰਤੀ ਦਾ ਸ਼ਿਕਾਰ ਹੋ ਕੇ ਸਾਧੂ ਸਿੰਘ ਹਮੇਸ਼ਾ ਦੂਸਰਿਆਂ ਤੋਂ ਪਹਿਲਾਂ ਮੰਜ਼ਿਲ 'ਤੇ ਪਹੁੰਚਣਾ ਚਾਹੁੰਦਾ ਹੈ ਤੇ ਮਾਅਰਕੇਬਾਜ਼ੀ ਦਾ ਸ਼ਿਕਾਰ ਹੋ ਕੇ ਅਖੀਰ ਬੀਮਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਉਸ ਦੀ ਆਧੁਨਿਕਤਾ (ਪੁਰਾਣੇ ਕਾਮਰੇਡ ਹੋਣ ਕਾਰਨ) ਵੀ ਉਤਰ-ਆਧੁਨਿਕ ਦ੍ਰਿਸ਼ਟੀ ਸਨਮੁਖ ਨਿਗੂਣੀ ਅਤੇ ਹਾਸੋਹੀਣੀ ਬਣ ਕੇ ਰਹਿ ਜਾਂਦੀ ਹੈ।

ਗਰੇਵਾਲ ਆਪਣੀ ਉਤਰ-ਆਧੁਨਿਕ ਦ੍ਰਿਸ਼ਟੀ ਦੇ ਬਹੁਲਤਾਵਾਦੀ ਅਤੇ ਜਮਹੂਰੀ ਹੋਣ ਦਾ ਦਾਅਵਾ ਕਰਦਾ ਹੈ ਪ੍ਰੰਤੂ ਪੂਰੀ ਟੈਕਸਟ ਵਿਚ ਉਹ ਕਿਤੇ ਵੀ ਉਲਟ ਦ੍ਰਿਸ਼ਟੀ ਨੂੰ ਸਵੀਕਾਰ ਕਰਨ ਲਈ ਤਿਆਰ ਨਜ਼ਰ ਨਹੀਂ ਆਉਂਦਾ। ਇਸੇ ਲਈ ਟੈਕਸਟ ਉਸ ਲਈ ਅੰਤਿਮ ਚੀਜ਼ ਹੈ, ਜਿਸ ਪ੍ਰਤੀ ਕੋਈ ਸ਼ੰਕਾ ਪ੍ਰਗਟ ਨਹੀਂ ਕੀਤੀ ਜਾ ਸਕਦੀ। ਸ਼ੰਕਾ ਆਧੁਨਿਕਤਾਵਾਦੀ ਜਾਂ ਮਾਰਕਸਵਾਦੀ ਚੀਜ਼ ਹੋਣ ਕਾਰਨ ਸਵੀਕਾਰਨਯੋਗ ਨਹੀਂ ਹੈ। ਗਰੇਵਾਲ ਦੀ ਟੈਕਸਟ ਉਸ ਦੀ ਮਨੋ-ਕਲਪਨਾ ਤੋਂ ਵਧ ਕੁਝ ਨਹੀਂ ਹੈ। ਮਨੋ-ਕਲਪਨਾ ਉੱਤੇ ਹੱਦੋਂ ਵਧ ਜ਼ੋਰ ਦੇਣ ਕਾਰਨ, ਬਾਹਰਮੁਖਤਾ ਦੀ ਬਜਾਏ ਅੰਤਰ-ਮੁਖਤਾ ਉਸ ਲਈ ਸੱਚ ਦੀ ਸਿਆਸਤ ਤੱਕ ਪਹੁੰਚਣ ਦਾ ਰਾਹ ਤਿਆਰ ਕਰਦੀ ਹੈ। ਇਤਿਹਾਸਕ ਤੱਥਾਂ/ਸਰੋਤਾਂ ਦੀ ਬਾਹਰਮੁਖੀ ਜਾਂਚ-ਪੜਤਾਲ ਦੀ ਬਜਾਏ ਉਹ ਆਪਣੀ ਅੰਤਰਮੁਖਤਾ ਉੱਤੇ ਟੇਕ ਰੱਖ ਕੇ ਮਨ-ਮਰਜ਼ੀ ਦੇ ਸਿੱਟੇ ਕੱਢੀ ਜਾਂਦਾ ਹੈ। ਆਪਣੇ ਨਿਰਣਿਆਂ ਨੂੰ ਪੇਸ਼ ਕਰਨ ਲਈ ਉਸ ਨੂੰ ਕਿਸੇ ਇਤਿਹਾਸਕ ਪ੍ਰਮਾਣ ਦੀ ਲੋੜ ਨਹੀਂ ਹੈ ਕਿਉਂ ਕਿ ਇਤਿਹਾਸਕ ਪ੍ਰਮਾਣਾਂ ਨੂੰ ਤਾਂ ਉਹ ਪਹਿਲਾਂ ਹੀ ਮਹਿਜ਼ ਟੈਕਸਟ ਆਖ ਕੇ ਰੱਦ ਕਰ ਚੁੱਕਾ ਹੈ। ਇਤਿਹਾਸ ਨੂੰ ਟੈਕਸਟ ਆਖ ਕੇ ਉਹ ਖੁਦ ਆਪਣੀ ਇਤਿਹਾਸਕ ਟੈਕਸਟ ਸਿਰਜਦਾ ਹੈ ਅਤੇ ਉਸ ਨੂੰ ਅੰਤਿਮ ਸੱਚ ਵਜੋਂ ਪਾਠਕਾਂ ਸਾਮਣੇ ਪਰੋਸ ਦਿੰਦਾ ਹੈ। ਇਤਿਹਾਸ ਦੀ ਨਿਰਾਰਥਕਤਾ ਟੈਕਸਟ ਦੀ ਸਾਰਥਕਤਾ ਵਿਚ ਬਦਲ ਜਾਂਦੀ ਹੈ। ਇਤਿਹਾਸ ਬੰਦੇ ਦੀ ਅੰਤਰਮੁਖਤਾ ਦੀ ਘਾੜਤ ਬਣ ਕੇ ਪੇਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਬੰਦੇ ਦੀ ਕਲਪਨਾ ਬਣ ਜਾਂਦਾ ਹੈ। ਗਰੇਵਾਲ ਆਪਣੀ ਕਲਪਨਾ ਦੀ ਚਰਮ ਸੀਮਾ ਤੇ ਪਹੁੰਚ ਕੇ ਸਭ ਕੁਝ ਨੂੰ ਅੰਤਰਮੁਖਤਾ ਤੱਕ ਘਟਾ ਦਿੰਦਾ ਹੈ। ਉਸ ਲਈ ਗੁਰੂ ਅਰਜੁਨ ਦੇਵ ਦੁਆਰਾ ਸਾਕਾਰ ਕੀਤੇ ਆਦਰਸ਼ ਬੰਦੇ ਦੇ ਮਨਾਂ ਤੱਕ ਹੀ ਸੀਮਤ ਹੋ ਜਾਂਦੇ ਹਨ;

"ਗੁਰੂ ਸਾਹਿਬ ਏਥੇ ਜਿਸ ਹਲੇਮੀ ਰਾਜ ਦੀ ਗੱਲ ਕਰਦੇ ਹਨ, ਉਹ ਮਾਝੇ ਦੀ ਧਰਤੀ ਉਪਰ ਸਥਾਪਤ ਹੋਣ ਵਾਲਾ ਕੋਈ ਦੁਨਿਆਵੀ ਰਾਜ ਨਹੀਂ, ਸਗੋਂ ਸਿੱਖ ਸੰਗਤ ਦੇ ਮਨਾਂ ਅੰਦਰ ਸਥਾਪਤ ਹੋਣ ਵਾਲਾ ਰਾਮ ਰਾਜ ਹੈ। ਰਾਮਦਾਸ ਪੁਰ ਵੀ ਸਾਧ ਸੰਗਤ ਦੇ ਹਿਰਦਿਆਂ ਅੰਦਰ ਹੀ ਵੱਸਦਾ ਹੈ।"

ਇਹ ਵੱਖਰੀ ਗੱਲ ਹੈ ਕਿ ਸਿੱਖ ਲਹਿਰ ਜਿਹੇ ਦੁਨਿਆਵੀ ਵਰਤਾਰੇ ਨੂੰ ਮਹਿਜ਼ ਅੰਤਰਮੁਖਤਾ ਦੇ ਆਸਰੇ ਦੂਰ ਤੱਕ ਲੈ ਕੇ ਜਾਣਾ ਗਰੇਵਾਲ ਲਈ ਸੰਭਵ ਨਹੀਂ ਹੋ ਸਕਦਾ। ਸੋ ਜਲਦੀ ਹੀ ਉਹ ਗੁਰੂ ਅਰਜੁਨ ਦੇ ਕੁਝ ਦੁਨਿਆਵੀ ਸਰੋਕਾਰਾਂ ਦੀ ਗੱਲ ਸ਼ੁਰੂ ਕਰ ਦਿੰਦਾ ਹੈ। ਉਹ ਦੱਸਦਾ ਹੈ ਕਿ ਗੁਰੂ ਜੀ ਨੇ ਛੇਹਰਟੇ ਵਿਚ ਵੱਡੇ ਵੱਡੇ ਖੂਹ ਪੁਟਵਾ ਕੇ ਜੱਟਾਂ ਨੂੰ ਆਰਥਕ ਸਰਪ੍ਰਸਤੀ ਦਿੱਤੀ ਅਤੇ ਜੱਟਾਂ ਨੂੰ ਬ੍ਰਾਹਮਣਾਂ ਦੇ ਬਰਾਬਰ ਜਾਂ ਉਨ੍ਹਾਂ ਤੋਂ ਵੀ ਉਪਰ ਪ੍ਰਚਾਰਕ ਅਤੇ ਮਸੰਦ ਥਾਪ ਕੇ ਸਮਾਜਕ ਅਤੇ ਸੱਭਿਆਚਾਰਕ ਪਹਿਚਾਣ ਦਿੱਤੀ। ਕਿਤਾਬ ਇਸ ਤਰ੍ਹਾਂ ਦੇ ਅੰਤਰ-ਵਿਰੋਧਾਂ ਨਾਲ ਭਰੀ ਪਈ ਹੈ।

ਕਿਤਾਬ ਦੇ ਚੈਪਟਰ 'ਕ੍ਰੀੜਾ' ਵਿਚ ਇਤਿਹਾਸਕ ਬ੍ਰਿਤਾਂਤ ਦੀ ਕੰਸਟਰਕਸ਼ਨ ਰਾਹੀਂ ਗੁਰੂ ਅਰਜੁਨ ਦੇਵ ਦੀ ਸ਼ਹੀਦੀ ਦੇ ਸੱਚ ਨੂੰ ਸਮਝੇ ਜਾ ਸਕਣ ਦੀ ਸੰਭਾਵਨਾ ਅਗੇ ਵੀ ਪ੍ਰਸ਼ਨ-ਚਿੰਨ ਲੱਗ ਜਾਂਦਾ ਹੈ ਅਤੇ ਪਾਠਕਾਂ ਦੇ ਮਨ ਵਿਚ ਇਕ ਨਵਾਂ ਭੰਬਲਭੂਸਾ ਖੜਾ ਹੋ ਜਾਂਦਾ ਹੈ। ਹੁਣ ਉਹ ਪਾਠਕਾਂ ਨੂੰ ਇਕ ਨਵੀਂ 'ਬਹੁ ਧਿਰੀ ਨਾਨ-ਜ਼ੀਰੋ-ਸਮ-ਗੇਮ' (ਬਹੁਧਿਰੀ ਸਿਫਰ ਰਹਿਤ ਜੋੜ-ਤੋੜ ਦੀ ਖੇਡ) ਨਾਲ ਮਿਲਵਾਉਂਦਾ ਹੈ। ਇਹ ਗੇਮ ਜਾਂ ਕ੍ਰੀੜਾ ਉਸ ਲਈ ਡਾਇਲੈਕਟਿਕਸ ਦਾ ਬਦਲ ਹੈ। ਗਰੇਵਾਲ ਜਾਣਕਾਰੀ ਦਿੰਦਾ ਹੈ ਕਿ ਇਹ ਗੇਮ ਥਿਊਰੀ 1944 ਵਿਚ ਜੌਹਨ ਨਿਊਮੈਨ ਨੇ ਸ਼ੁਰੂ ਕੀਤੀ ਸੀ ਤੇ ਹੁਣ ਤੱਕ ਇਸ ਨੂੰ ਅੱਠ ਨੋਬਲ ਇਨਾਮ ਮਿਲ ਚੁੱਕੇ ਹਨ। ਉਸ ਲਈ ਇਹ ਨੋਬਲ ਇਨਾਮ ਹੀ ਇਸ ਥਿਊਰੀ ਦੀ ਪ੍ਰਮਾਣਕਤਾ ਦਾ ਸਬੂਤ ਜਾਪਦੇ ਹਨ। ਉਹ ਇਹ ਗੱਲ ਯਾਦ ਹੀ ਨਹੀਂ ਰੱਖਣਾ ਚਾਹੁੰਦਾ ਕਿ ਨੋਬਲ ਇਨਾਮ ਦੀ ਕੀ ਸਿਆਸਤ ਹੁੰਦੀ ਹੈ। ਇਸ ਥਿਊਰੀ ਅਨੁਸਾਰ ਵੱਖ ਵੱਖ ਧਿਰਾਂ ਆਪਣੇ ਮਨੋ-ਵੇਗਾਂ ਅਨੁਸਾਰ ਹੀ ਇਤਿਹਾਸ ਵਿਚ ਆਪਣੇ ਹੁੰਗਾਰੇ ਸਿਰਜਦੀਆਂ ਹਨ। ਸਪਸ਼ਟ ਹੈ ਕਿ ਇਕ ਵਾਰ ਫਿਰ ਗਰੇਵਾਲ ਆਪਣੇ ਇਤਿਹਾਸ ਵਿਰੋਧੀ ਏਜੰਡੇ ਨੂੰ ਇਸ ਕ੍ਰੀੜਾ ਜੁਗਤ ਰਾਹੀਂ ਪਾਠਕਾਂ ਦੀ ਮਨੋ-ਚੇਤਨਾ ਵਿਚ ਉਤਾਰਨ ਦਾ ਯਤਨ ਕਰਦਾ ਹੈ।

ਉਹ ਗੁਰੂ ਨਾਨਕ ਦੇ ਸਮਿਆਂ ਬਾਰੇ ਅੰਦਾਜ਼ੇ ਲਾਉਣੇ ਸ਼ੁਰੂ ਕਰਦਾ ਹੈ। ਇਹ ਉਸਦੀ ਕਿਤਾਬ ਦਾ ਸਭ ਤੋਂ ਬਚਕਾਨਾ ਹਿੱਸਾ ਹੈ। ਉਨ੍ਹਾਂ ਸਮਿਆਂ ਦਾ ਚਿਤਰਣ ਉਹ ਕੁਝ ਉਹੋ ਜਿਹਾ ਹੀ ਕਰਦਾ ਹੈ ਜਿਸ ਤਰ੍ਹਾਂ ਦਾ ਅੱਠਵੀਂ-ਦਸਵੀਂ ਦੇ ਵਿਦਿਆਰਥੀਆਂ ਨੂੰ ਲਿਖਵਾਏ ਜਾਣ ਵਾਲੇ ਲੇਖਾਂ ਵਿਚ ਅਕਸਰ ਅਧਿਆਪਕਾਂ ਨੇ ਕੀਤਾ ਹੁੰਦਾ ਹੈ। ਕੁਝ ਉਦਾਹਰਣਾਂ ਵੇਖੋ;

"ਆਮ ਜਨਤਾ ਦਾ ਧਰਮ ਪਰਿਵਰਤਨ ਕਰਨ ਲਈ (ਮੁਸਲਮਾਨ ਸੁਲਤਾਨਾਂ ਨੇ) ਉਨ੍ਹਾਂ ਉਪਰ ਹਰ ਕਿਸਮ ਦਾ ਤਸ਼ੱਦਦ ਕੀਤਾ। ਨਤੀਜੇ ਵਜੋਂ, ਆਪਣੇ ਧਰਮ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਭਾਰਤੀ ਜਨਤਾ ਬਾਹਰੋਂ ਤਾਂ ਦੱਬ ਗਈ, ਪਰ ਅੰਦਰੋਂ ਉਨ੍ਹਾਂ ਵਿਚ ਇਕ ਅਜਿਹੀ ਘ੍ਰਿਣਾ ਪੈਦਾ ਹੋ ਗਈ ਜੋ ਕੇਵਲ ਮੁਸਲਮਾਨ ਹਾਕਮਾਂ ਤੱਕ ਹੀ ਮਹਿਦੂਦ ਨਾ ਰਹੀ। ਸੁਲਤਾਨਸ਼ਾਹੀ ਦੇ ਅੱਤਿਆਚਾਰਾਂ ਨਾਲ ਜਿਵੇਂ ਜਿਵੇਂ ਹਿੰਦੂ ਜਨਤਾ ਦਾ ਹੌਸਲਾ, ਹਿੰਮਤ ਅਤੇ ਸ਼ਕਤੀ ਘਟਦੇ ਗਏ, ਤਿਉਂ ਤਿਉਂ ਉਹ ਸੁੰਗੜਦੀ ਗਈ। ਇਸਲਾਮ ਵਿਰੁਧ ਹਿੰਦੂਆਂ ਦੀ ਘਿਰਣਾ ਇਸ ਹੱਦ ਤੱਕ ਵਧ ਗਈ ਕਿ ਹੁਣ ਕਿਸੇ ਮੁਸਲਮਾਨ ਦਾ ਛੂਹਿਆ ਹੋਇਆ ਪਾਣੀ ਪੀਣ ਨਾਲ ਵੀ ਧਰਮ ਭ੍ਰਿਸ਼ਟ ਹੋ ਜਾਂਦਾ ਸੀ।"

ਦਰਅਸਲ ਗਰੇਵਾਲ ਦਾ ਸਮੁੱਚਾ ਚਿੰਤਨ ਹੀ ਯੂਰੋਸੈਂਟਰਿਕ ਅਤੇ ਬਸਤੀਵਾਦੀ ਹੈ। ਉਹ ਸੱਚ ਦੀ ਸਿਆਸਤ ਤੱਕ ਪਹੁੰਚਣ ਲਈ ਯੂਰਪੀ ਉਤਰ-ਆਧੁਨਿਕ ਜੁਗਤਾਂ ਦਾ ਇਸਤੇਮਾਲ ਤਾਂ ਕਰਦਾ ਹੀ ਹੈ, ਨਾਲ ਹੀ ਭਾਰਤੀ ਇਤਿਹਾਸ ਨੂੰ ਵੀ ਨਿਪਟ ਬਸਤੀਵਾਦੀ ਪਹੁੰਚਾਂ ਵਿਚੋਂ ਹੀ ਵਾਚਦਾ ਹੈ। ਜੋ ਗਰੇਵਾਲ ਦੱਸ ਰਿਹਾ ਹੈ ਉਹ ਬਸਤੀਵਾਦੀ ਇਤਿਹਾਸ ਹੈ। ਬਸਤੀਵਾਦੀ ਇਤਿਹਾਸਕਾਰਾਂ ਨੇ ਭਾਰਤ ਦੇ ਇਤਿਹਾਸ ਨੂੰ ਧਰਮ ਦੇ ਆਧਾਰ 'ਤੇ ਹਿੰਦੂ ਕਾਲ ਅਤੇ ਮੁਸਲਿਮ ਕਾਲ ਵਿਚ ਵੰਡਿਆ। ਜਦੋਂ ਉਨ੍ਹਾਂ ਨਾਲ ਸੰਬੰਧਤ ਕਾਲ ਆਇਆ ਤਾਂ ਉਸ ਨੂੰ ਉਨ੍ਹਾਂ ਨੇ ਇਸਾਈ ਕਾਲ ਕਹਿਣ ਦੀ ਬਜਾਏ ਬ੍ਰਿਟਿਸ਼ ਕਾਲ ਦਾ ਨਾਂ ਦੇ ਦਿੱਤਾ। ਇਹ ਉਨ੍ਹਾਂ ਦੀ ਧਰਮ ਦੇ ਆਧਾਰ ਉੱਤੇ ਭਾਰਤੀ ਸਮਾਜ ਵਿਚ ਵੰਡੀਆਂ ਸਿੱਧ ਕਰਨ ਅਤੇ ਵੰਡੀਆਂ ਪਾਉਣ ਦੀ ਬਸਤੀਵਾਦੀ ਜੁਗਤ ਸੀ। ਉਂਜ ਗਰੇਵਾਲ ਅਨੁਸਾਰ ਕਦੇ ਵੀ ਚੀਜ਼ਾਂ ਨੂੰ ਦੋ ਵਿਰੋਧੀ ਜੁੱਟਾਂ ਵਿਚ ਵੰਡ ਕੇ ਨਹੀਂ ਦੇਖਿਆ ਜਾ ਸਕਦਾ ਪਰ ਏਥੇ ਉਹ ਖੁਦ ਕੁਝ ਐਸੇ ਹੀ ਵਿਰੋਧੀ ਜੁੱਟਾਂ ਦੀ ਸਿਰਜਣਾ ਕਰ ਲੈਂਦਾ ਹੈ। ਭਾਰਤ ਵਿਚ ਮੁਸਲਿਮ ਹਾਕਮਾਂ ਵਲੋਂ ਜਬਰੀ ਧਰਮ ਪਰਿਵਰਤਨ ਕਰਵਾਉਣ ਸੰਬੰਧੀ ਕਿਤੇ ਕੋਈ ਤੱਥ ਨਹੀਂ ਮਿਲਦਾ। ਇਥੇ ਜਾਂ ਤਾਂ ਨਿਚਲੀਆਂ ਜਾਤਾਂ ਦੇ ਉਨ੍ਹਾਂ ਲੋਕਾਂ ਨੇ ਇਸਲਾਮ ਧਰਮ ਗ੍ਰਹਿਣ ਕੀਤਾ ਜੋ ਬ੍ਰਾਹਮਣਵਾਦ ਦੇ ਸਤਾਏ ਹੋਏ ਸਨ ਤੇ ਜਾਂ ਹਾਕਮ ਜਮਾਤ ਦੇ ਉਸ ਹਿੱਸੇ ਨੇ, ਜੋ ਮੁਸਲਮਾਨ ਬਣ ਕੇ ਸੁਲਤਾਨਾਂ ਦੇ ਵਿਸ਼ਵਾਸਪਾਤਰ ਬਣਨਾ ਚਾਹੁੰਦੇ ਸਨ। ਸਗੋਂ ਇਸ ਗੱਲ ਦੇ ਇਤਿਹਾਸਕ ਪ੍ਰਮਾਣ ਮੌਜੂਦ ਹਨ ਕਿ ਔਰੰਗਜ਼ੇਬ ਜਿਹਾ ਕੱਟੜ ਮੰਨਿਆ ਜਾਂਦਾ ਮੁਗਲ ਬਾਦਸ਼ਾਹ ਵੀ ਮਸਜਿਦਾਂ ਦੇ ਨਾਲ ਨਾਲ ਹਿੰਦੂ ਮੰਦਰਾਂ ਨੂੰ ਗਰਾਂਟਾਂ ਦਿੰਦਾ ਸੀ। ਗਰੇਵਾਲ ਦੀਆਂ ਸਾਰੀਆਂ ਸੂਚਨਾਵਾਂ ਬਸਤੀਵਾਦੀ ਇਤਿਹਾਸਕਾਰਾਂ ਪਾਸੋਂ ਪ੍ਰਾਪਤ ਕੀਤੀਆਂ ਸੂਚਨਾਵਾਂ ਹਨ।

ਜਿਸ ਹਿੰਦੂ ਨਫਰਤ ਦੀ ਗੱਲ ਗਰੇਵਾਲ ਕਰਦਾ ਹੈ, ਉਹ ਹਿੰਦੂ ਦੀ ਮੁਸਲਮਾਨ ਪ੍ਰਤੀ ਨਹੀਂ, ਸਗੋਂ ਉੱਚ ਜਾਤੀਆਂ ਦੀ ਨੀਵੀਆਂ ਜਾਤੀਆਂ ਪ੍ਰਤੀ ਨਫਰਤ ਹੈ। ਨੀਵੀਆਂ ਜਾਤੀਆਂ ਮੁਸਲਮਾਨ ਹੋ ਕੇ ਬ੍ਰਾਹਮਣਵਾਦ ਤੋਂ ਮੁਕਤ ਹੋਣਾ ਚਾਹੁੰਦੀਆਂ ਸਨ, ਪ੍ਰੰਤੂ ਉਹ ਉੱਚ ਜਾਤੀਆਂ ਦੀ ਯਾਦ ਵਿਚੋਂ ਮਨਫੀ ਨਾ ਹੋ ਸਕੀਆਂ। ਇਸ ਲਈ ਉਹ ਜਾਤੀਆਂ ਧਰਮ ਪਰਿਵਰਤਨ ਤੋਂ ਬਾਅਦ ਵੀ ਅਛੂਤ ਹੀ ਰਹੀਆਂ। ਇਸ ਸਭ ਨੂੰ ਜਾਨਣ ਲਈ ਗੁਰੂ ਨਾਨਕ ਤੋਂ ਪਹਿਲਾਂ ਦੇ ਦੌਰ ਵਿਚ ਜਾਣਾ ਪੈਂਦਾ ਹੈ। ਪਰ ਕਿਤਾਬ ਦੀ ਟੈਕਸਟ ਤੋਂ ਜਾਪਦਾ ਹੈ ਕਿ ਗਰੇਵਾਲ ਲਈ ਵੀ ਪੰਜਾਬ ਦਾ ਇਤਿਹਾਸ ਗੁਰੂ ਨਾਨਕ ਦੇ ਜਨਮ ਨਾਲ ਹੀ ਸ਼ੁਰੂ ਹੁੰਦਾ ਹੈ। ਗਰੇਵਾਲ ਮਾਰਕਸਵਾਦ ਅਤੇ ਡਾਇਲੈਕਟਿਕਸ ਨੂੰ ਇਸ ਬਿਨਾ ਤੇ ਰੱਦ ਕਰਦਾ ਹੈ ਕਿ ਚੀਜ਼ਾਂ ਜਾਂ ਵਰਤਾਰਿਆਂ ਨੂੰ ਸਿਰਫ ਦੋ ਆਪੋ ਵਿਰੋਧੀ ਜਮਾਤਾਂ ਜਾਂ ਧਿਰਾਂ ਦੇ ਆਧਾਰ ਉਤੇ ਅਤੇ ਕਾਲੇ-ਚਿੱਟੇ ਰੰਗਾਂ ਵਜੋਂ ਨਹੀਂ ਸਮਝਿਆ ਜਾ ਸਕਦਾ। ਪਰ ਉਹ ਖੁਦ ਸਿੱਖ ਲਹਿਰ ਤੇ ਮੁਗਲ ਸਾਮਰਾਜ ਦੇ ਸੰਬੰਧਾਂ ਨੂੰ ਇਨ੍ਹਾਂ ਰੰਗਾਂ ਵਿਚ ਹੀ ਦੇਖਦਾ ਹੈ। ਏਥੋਂ ਤੱਕ ਕਿ ਉਸ ਨੂੰ ਅਕਬਰ ਦਾ "ਕੌਮੀ ਰਾਜ ਦਾ ਪ੍ਰਾਜੈਕਟ" ਵੀ "ਸਿੱਖ ਲਹਿਰ ਦੇ ਬਹੁਵਾਦੀ-ਜਮਹੂਰੀ-ਰਾਜਤੰਤਰ ਦੀਆਂ ਧਾਰਨਾਵਾਂ ਸਾਹਮਣੇ ਅਧੂਰਾ" ਜਾਪਦਾ ਹੈ। ਗਰੇਵਾਲ ਇਹ ਨਹੀਂ ਦੱਸਦਾ ਕਿ ਇਹ ਧਾਰਨਾਵਾਂ ਪੈਦਾ ਕਿੱਥੋਂ ਹੋ ਰਹੀਆਂ ਸਨ। ਧਾਰਨਾਵਾਂ ਸਿਰਫ ਵਿਅਕਤੀਆਂ ਦੇ ਦਿਮਾਗਾਂ ਵਿਚੋਂ ਹੀ ਪੈਦਾ ਨਹੀਂ ਹੋ ਰਹੀਆਂ ਹੁੰਦੀਆਂ। ਜਿਵੇਂ ਉਹ ਆਪ ਵੀ ਲਿਖਦਾ ਹੈ ਕਿ ਮੁਗਲਾਂ ਦੇ ਸਮੇਂ ਭਾਰਤ ਵਿਚ ਮੁਢਲੀ ਤਰਾਂ ਦੀ ਆਧੁਨਿਕਤਾ ਦੇ ਬੀਜ ਪੈਦਾ ਹੋਣੇ ਸ਼ੁਰੂ ਹੋ ਗਏ ਸਨ। ਮੁਗਲਾਂ ਦੇ ਸ਼ਾਸਨ ਦੌਰਾਨ ਅਰਥਚਾਰੇ ਨੂੰ ਮਿਲੇ ਹੁੰਗਾਰੇ ਕਾਰਨ ਹੀ ਉਹ ਦੌਰ ਗਤੀਸ਼ੀਲ ਬਣਦਾ ਹੈ। ਭਾਰਤ ਅੰਦਰਲਾ ਤੀਸਰਾ ਨਗਰੀਕਰਨ ਤੇਜ਼ ਹੁੰਦਾ ਹੈ ਤੇ ਨਵੇਂ ਵਿਚਾਰ ਪਨਪਣ ਲਗਦੇ ਹਨ। ਸਿੱਖ ਲਹਿਰ ਇਨ੍ਹਾਂ ਗਤੀਸ਼ੀਲ ਸਮਿਆਂ ਵਿਚ ਉਨ੍ਹਾਂ ਜਮਾਤਾਂ ਦੀ ਪ੍ਰਤੀਨਿਧ ਬਣੀ ਜੋ ਜਮਾਤਾਂ ਆਪਣੀ ਪਹਿਚਾਣ ਲੱਭਣ ਲਈ ਯਤਨਸ਼ੀਲ ਸਨ। ਮੁਗਲ ਅਰਥਚਾਰੇ ਦੇ ਡਿੱਗ ਜਾਣ ਪਿੱਛੋਂ ਹੀ ਇਹ ਹੋਇਆ ਕਿ

***(ਬਾਕੀ ਸਫਾ 34 ਉਤੇ)***



## ਅਮਰਜੀਤ ਸਿੰਘ ਗਰੇਵਾਲ ਦਾ ਕਮਾਲ

-ਅਮਰਜੀਤ ਗਰੇਵਾਲ ਦਾ ਕਮਾਲ ਇਹ ਹੈ ਕਿ ਉਹ ਸਿਆਸੀ ਚੇਤਨਾ ਦੀ ਧਾਰਾ ਨਾਲ ਗੁੱਥਮ-ਗੁੱਥਾ ਹੋਏ ਬਗ਼ੈਰ ਸਿਆਸੀ ਅਵਚੇਤਨ ਤੱਕ ਪੁੱਜਦਾ ਹੈ। ਉਹਦਾ ਸ਼ਬਦ-ਜਾਲ ਸੀਮਤ ਹੈ, ਪਰ ਵਿਚਾਰ ਜਾਲ ਅਸੀਮ। ਸੀਮ ਅਸੀਮ ਦੀ ਕਸ਼ਮਕਸ਼ 'ਚ ਪੰਦਰਾਂ ਸਫ਼ਿਆਂ ਦਾ ਅਧਿਅਨ ਡੇਢ ਸੌ ਪੰਨਿਆਂ ਤੱਕ ਪਹੁੰਚ ਜਾਂਦਾ ਹੈ। ਉਹਦੀ 'ਸੱਚ ਦੀ ਸਿਆਸਤ' ਅਜਿਹੀ ਕਿਤਾਬਕਾਰੀ ਦੀ ਮਿਸਾਲ ਹੈ।

-ਕਿਤਾਬ ਡਾਇਲਾਗਾਂ 'ਚ ਲਿਖੀ ਗਈ ਹੈ। ਗਲਪੀ ਅੰਸ਼ ਦੀ ਚੋਖੀ ਮਿਲਾਵਟ ਹੈ। ਇਸ ਵਿਧੀ ਰਾਹੀਂ ਅਗਾਂਹ ਪਿਛਾਂਹ ਦੇ ਵਿਚਾਰਾਂ ਨਾਲ ਝੂਲਿਆ ਜਾ ਸਕਦਾ ਹੈ। ਝੂਲਦਿਆਂ ਵਿਚਾਰਾਂ 'ਚ ਪੈਦਾ ਹੋਣ ਵਾਲੇ ਖੱਪੇ ਪੂਰ ਹੋਏ ਦਿਖਾਈ ਦਿੰਦੇ ਹਨ। ਲਿਖਣਕਾਰ ਇਕੋ ਲਮਹੇ 'ਚ ਖੜੋਤਾ ਅਤੇ ਗਤੀ 'ਚ ਦਿਖਾਈ ਦਿੰਦਾ ਹੈ।

-ਗੱਲ ਨੂੰ ਸਮਝਾਣ ਲਈ ਵਖੋ ਵੱਖ ਪਾਤਰਾਂ ਦੇ ਮੂੰਹਾਂ 'ਚ ਸ਼ਬਦ ਪਾਉਣ ਦਾ ਢੰਗ ਪਹਿਲੀ ਵੇਰ ਅਫਲਾਤੂਨ ਨੇ ਵਰਤਿਆ। ਪੁਸਤਕ 'ਰਿਪਬਲਿਕ' 'ਚ ਉਹ ਗਲਪੀ ਪਾਤਰਾਂ ਰਾਹੀਂ ਇਸ ਸੁਆਲ ਨਾਲ ਜੱਦੋ ਜਹਿਦ ਕਰਦਾ ਹੈ ਕਿ ਇਨਸਾਫ ਵਾਲਾ ਸਮਾਜ ਪੈਦਾ ਕਾਇਮ ਰੱਖਣ ਲਈ ਕਿਹੋ ਜਿਹਾ ਰਾਜ ਤੰਤਰ ਹੋਣਾ ਚਾਹੀਦਾ ਹੈ। ਸੱਚ ਦੀ ਸਿਆਸਤ 'ਚ ਗਰੇਵਾਲ ਦਾ ਇਰਾਦਾ ਗੁਰੂ ਅਰਜਨ ਦੇਵ ਦੀ ਸ਼ਹੀਦੀ ਬਾਰੇ 'ਉੱਤਰ ਆਧੁਨਿਕ ਐਕਸਪ੍ਰੈਸ' ਰਾਹੀਂ ਬੌਧਿਕ ਸਫ਼ਰ ਕਰਨ ਦਾ ਹੈ। ਹੱਥ 'ਚ ਸਮਾਰਟ ਬੌਧਿਕ ਪ੍ਰਵਰਗਾਂ ਨਾਲ ਭਰਿਆ ਬ੍ਰੀਫ-ਕੇਸ ਹੈ। ਉੱਤਰ ਆਧੁਨਿਕੀ ਬੌਧਿਕ ਪ੍ਰਵਰਗਾਂ ਦੀ ਖਾਸੀਅਤ ਹੈ ਕਿ ਸਰਲ ਗੱਲ ਜਟਿਲ ਬਣਾ ਕੇ ਪ੍ਰਸਤੁਤ ਕੀਤੀ ਜਾ ਸਕਦੀ ਹੈ ਤੇ ਜਟਿਲ ਗੱਲ ਸਰਲ।

-ਸਫ਼ਰ ਦੌਰਾਨ ਬੌਧਿਕ ਅਠਖੇਲੀਆਂ ਲਈ ਚੋਖੀ ਸਪੇਸ ਤਿਆਰ ਹੋਈ ਜਾਂਦੀ ਹੈ। ਸੂਤਰਧਾਰ ਗੱਲ ਜਿਧਰ ਚਾਹੇ ਲਿਜਾ ਸਕਦਾ ਹੈ, ਕੱਟ ਮਾਰ ਸਕਦਾ ਹੈ, ਟੀ.ਵੀ. ਐਂਕਰ ਵਾਂਗ 'ਥੋੜ੍ਹੀ ਸੀ ਬਰੇਕ' ਲੈ ਸਕਦਾ ਹੈ। ਬ੍ਰੇਕ ਬਾਦ ਗੱਲ ਜਿੱਥੋਂ ਚਾਹੋ ਸ਼ੁਰੂ ਹੋ ਸਕਦੀ ਹੈ। ਪਾਠਕ ਉਕਤਾਂਦਾ ਨਹੀਂ। ਰੌਣਕ ਮੇਲੇ ਦੇ ਮਾਹੌਲ 'ਚ ਗਿਆਨ ਗੋਸ਼ਟ ਜਾਰੀ ਰਹਿੰਦਾ ਹੈ। ਸਭ ਖੁਸ਼/ਦਰੁਸਤ ਦਿਖਾਈ ਦਿੰਦੇ ਹਨ। ਸਫਰ ਜਾਰੀ ਰਹਿੰਦਾ ਹੈ।

-ਕੁਝ ਇਕ ਵਿਅਕਤੀ ਐਕਸਪ੍ਰੈੱਸ 'ਚ ਰੌਣਕ ਮੇਲਾ ਵਧਾਉਣ ਲਈ ਸ਼ਾਮਲ ਹਨ। ਅਸਲ ਨਾਂ ਦੇ ਕੇ ਪ੍ਰਭਾਵ ਡਿਬੇਟ ਦੇ ਪ੍ਰਮਾਣਿਕ ਹੋਣ ਦਾ ਪੈਂਦਾ ਹੈ, ਪਰ ਇਹਦੇ ਬਾਰੇ ਸੰਦੇਹ ਵੀ ਪੈਦਾ ਹੋਈ ਜਾਂਦਾ ਹੈ। ਸਵੀ ਜਾਂ ਪਾਤਰ ਜਿਵੇਂ ਬੋਲਦੇ ਹਨ ਜਾਂ ਜੋ ਬੋਲਦੇ ਹਨ ਉਹ ਕਿਤੇ ਵਿਚਾਰਾਂ ਦਾ ਅਜਿਹਾ ਪ੍ਰਕਾਸ਼ ਮੁਹੱਈਆ ਕਰਦੇ ਦਿਖਾਈ ਨਹੀਂ ਦਿੱਤੇ। ਅੰਗਰੇਜ਼ੀ ਦੀ ਸ਼ਬਦਾਵਲੀ, ਜਿੱਥੇ ਲੋੜ ਨਹੀਂ, ਉੱਥੇ ਵੀ ਮੌਜੂਦ ਹੈ, ਵਿਸ਼ੇਸ਼ ਪ੍ਰਭਾਵ ਪਈ ਜਾਂਦਾ ਹੈ, ਜੋ ਕਈ ਵੇਰ 'ਬਾਜੀਗਰੀ' (gimmck) 'ਚ ਤਬਦੀਲ ਹੁੰਦਾ ਦਿਖਾਈ ਦਿੰਦਾ ਹੈ। ਜ਼ਾਹਿਰ ਹੈ, ਕਿਤਾਬਕਾਰ ਬੌਧਿਕ ਸਮਾਰਟਨੈੱਸ 'ਚ ਪ੍ਰਵੀਨ ਵਿਅਕਤੀ ਹੈ। ਪ੍ਰਵੀਨਤਾ ਦਾ ਦਿਖਾਵਾ ਮੂਲ 'ਪ੍ਰਾਜੈਕਟ' ਬਣ ਜਾਂਦਾ ਹੈ। 'ਦਿਖਾਵਾ' ਮਿਡਲ ਕਲਾਸੀ ਬੁੱਧੀਜੀਵੀ ਦਾ ਉੱਤਰ-ਆਧੁਨਿਕੀ ਪ੍ਰਵਚਨ ਹੈ। ਉੱਤਰ ਆਧੁਨਿਕੀ ਪ੍ਰਵਚਨ ਦੀ ਪਹਿਲੀ ਸ਼ਰਤ ਹੈ ਕਿ ਰਚਨਾ ਦਾ ਟਾਈਟਲ ਟਿਕਵਾਂ (ਸਟਰਕਿੰਗ) ਹੋਵੇ। ਸੱਚ ਦੀ ਸਿਆਸਤ ਇਹ ਸ਼ਰਤ ਬਾਖੂਬੀ ਪੂਰਾ ਕਰਦੀ ਹੈ। ਅਗਲਾ ਨੁਸਖਾ ਹੈ ਮਸਲਾਕਾਰ (problematic) ਨੂੰ ਵਿਚਾਰਾਂ ਦੀ ਉਸਾਰ-ਗਤੀ 'ਚ ਬੰਨ੍ਹਣ ਦੀ ਜਗ੍ਹਾ ਝੂਲਾਗਿਰੀ ਦੇ ਅਧੀਨ ਕਰ ਦਿਓ, ਇਵੇਂ ਸਮਾਨਾਂਤਰਤਾ ਦਾ ਪ੍ਰਭਾਵ ਪੈਦਾ ਹੁੰਦਾ ਹੈ। ਤੀਜਾ ਗੁਰ ਹੈ; ਗੱਲ ਕਿਤੇ ਅਪੜਦੀ ਨਾ ਦਿੱਸੇ ਤਾਂ ਇਹਨੂੰ ਹਾਈਬ੍ਰਿਡ ਬਣਾ ਦਿਓ, 'ਇਹ ਵੀ ਦਰੁੱਸਤ ਹੈ ਪਰ ਇਹਦੇ ਵਿਰੁਧ ਵਾਲਾ ਵਿਚਾਰ ਵੀ ਘਟ ਦਰੁੱਸਤ ਨਹੀਂ'। ਇਵੇਂ ਸੱਚ ਦੀ ਸਿਆਸਤ ਦੇ ਸਮਾਨਾਂਤਰ ਕਿਤਾਬਕਾਰ ਅਮਰਜੀਤ ਗਰੇਵਾਲ ਦੀ ਕਿਤਾਬਕਾਰੀ ਦੀ ਟੈਕਸਟ (writing as praxis) ਤਿਆਰ ਹੋਈ ਜਾਂਦੀ ਹੈ। ***-ਗੁਰਬਚਨ***

# ਸਾਡਾ ਮਾਰਕੋਨੀ

**ਇੰਨੀ ਕੁ ਬਾਤ**



ਬਲਜੀਤ ਬਾਸੀ

ਫੋਨ: 734-454-4958

ਸਾਡੇ ਪੁਰਾਣੇ ਘਰ ਦੇ ਦਲਾਨ ਦੀ ਇਕ ਕੰਧ ਨਾਲ ਕੰਧ ਜਿੱਡਾ ਹੀ ਇਕ ਸੰਦੂਕ ਲੱਗਾ ਹੁੰਦਾ ਸੀ। ਨਿੱਕੇ ਹੁੰਦਿਆਂ ਮੈਂ ਜਦ ਵੀ ਇਸ ਸੰਦੂਕ ਦਾ ਹੇਠਲਾ ਖਾਨਾ ਖੋਲ੍ਹਣਾ, ਸਾਹਮਣੇ ਟਰੰਕ ਦਾ ਟਰੰਕ ਇਕ ਲੱਕੜ ਦਾ ਬਕਸਾ ਪਿਆ ਦਿਸਦਾ ਸੀ। ਰਜਾਈਆਂ, ਤਲਾਈਆਂ, ਖੇਸਾਂ, ਸਰਹਾਣਿਆਂ ਦੀਆਂ ਬੇਅੰਤ ਤਹਿਆਂ ਦੀ ਗੁਦਗਦਾਹਟ ਉਪਰ ਝੂਲਦਾ ਇਹ ਬਕਸਾ ਰੇਡੀਓ ਅਖਵਾਉਂਦਾ ਸੀ। ਇਹ ਘਰ ਦੇ ਹੋਰ ਜੰਤਰਾਂ ਚਿਮਟੇ, ਭੂਕਨੇ ਆਦਿ ਨਾਲੋਂ ਭਿੰਨ ਸੀ ਕਿਉਂਕਿ ਇਸ ਵਿਚ ਕਿੰਨੇ ਸਾਰੇ ਡੂਡਣੇ ਜਹੇ, ਗੱਭੇ ਸ਼ੀਸ਼ਾ ਤੇ ਪਾਸੇ ਜਾਲੀ ਲੱਗੇ ਹੋਏ ਸਨ। ਇਹ ਸਭ ਕੁਝ ਇਸ ਨੂੰ ਅਦਭੁਤ ਤੇ ਵਚਿੱਤਰ ਆਭਾ ਬਖਸ਼ ਰਹੇ ਸਨ। ਮੈਂ ਦਾਅ ਲਗਦੇ ਇਕ ਢੈਂਚੇ ਜਿੱਡੇ ਡੂਡਣੇ ਨੂੰ ਦਵਾ ਸ਼ਟ ਗੇੜਾ ਦੇ ਦੇਣਾ ਜਿਸ ਨਾਲ ਇਸਦੇ ਸ਼ੀਸ਼ੇ ਵਿਚੋਂ ਝਾਕਦੀ ਸੂਈ ਏਧਰ ਉਧਰ ਲਰਜ਼ਣ ਲਗਦੀ ਸੀ। ਬਾਅਦ ਵਿਚ ਪਤਾ ਲੱਗਾ ਕਿ ਇਸ ਜੁਗਾੜ ਨਾਲ ਰੇਡੀਓ ਦੇ ਸਟੇਸ਼ਨ ਬਦਲੇ ਜਾਂਦੇ ਹਨ। ਇਹ ਛੇੜ ਛਾੜ ਕਰਕੇ ਮੇਰੇ ਅੰਦਰ ਅਜੀਬ ਸੁਖਦ ਤਰਬਾਂ ਛਿੜ ਜਾਂਦੀਆਂ ਜਿਸਦਾ ਸੁਭਾਗ ਪਿੰਡ ਵਿਚ ਸਿਰਫ਼ ਮੈਨੂੰ ਹੀ ਹਾਸਿਲ ਸੀ।

ਸਾਡੇ ਭਾਪਾ ਜੀ ਦੇਸ਼ ਦੀਆਂ ਕਈ ਕਪੜਾ ਮਿੱਲਾਂ ਵਿਚ ਵੀਵਿੰਗ ਮਾਸਟਰ ਰਹਿ ਚੁਕੇ ਸਨ। ਪਿਛਲੀ ਸਦੀ ਦੇ ਪੰਜਾਹਵਿਆਂ ਵਿਚ ਉਹ ਫਗਵਾੜੇ ਦੀ ਮਸ਼ਹੂਰ ਜਗਤਜੀਤ ਕਾਟਨ ਮਿੱਲ ਵਿਚ ਇਹੋ ਨੌਕਰੀ ਕਰਦੇ ਸਨ। ਸਾਡੇ ਭਾਪਾ ਜੀ ਬੜੀ ਸਾਫ਼ ਨੀਅਤ ਵਾਲੇ, ਕੰਮ 'ਚ ਨਿਪੁੰਨ ਪਰ ਗਰਮ ਸੁਭਾਅ ਦੇ ਸਨ। ਉਹ ਪ੍ਰੋਫੈਸਰ ਪੂਰਨ ਸਿੰਘ ਦੇ ਸੰਕਲਪਿਤ ਕਿਸੇ ਦੀ ਟੈਂ ਨਾ ਮੰਨਣ ਵਾਲੇ ਪੰਜਾਬੀ ਸਨ। ਉਨ੍ਹਾਂ ਇਸ ਪ੍ਰੋਫੈਸਰ ਦੀ ਕਥਨੀ 'ਤੇ ਖਰੇ ਉਤਰਨ ਲਈ ਕਈ ਵਾਰੀ ਰੋਟੀ ਰੋਜ਼ੀ ਨੂੰ ਲੱਤ ਮਾਰੀ। ਦਰਜਨ ਭਰ ਕੱਪੜਾ ਮਿੱਲਾਂ ਵਿਚੋਂ ਇਸੇ ਲਈ ਨੌਕਰੀ ਤੋਂ ਹੱਥ ਧੋਤੇ ਕਿਉਂਕਿ ਉਹ ਕਿਸੇ ਨਾ ਕਿਸੇ ਕਾਰਨ ਆਪਣੇ ਸੀਨੀਅਰ ਨਾਲ ਪੰਗਾ ਲੈ ਲੈਂਦੇ ਸਨ ਤੇ ਬੋਰੀਆ ਬਿਸਤਰਾ ਚੱਕ ਕੇ ਪਿੰਡ ਆ ਬਹਿੰਦੇ ਸਨ। ਫਗਵਾੜੇ ਦੀ ਮਿੱਲ ਵਿਚ ਅੰਗਰੇਜ਼ ਅਫਸਰ ਨਾਲ ਆਢਾ ਲਾ ਲਿਆ ਤੇ ਇਸ ਵਾਰੀ ਬੋਰੀਏ ਬਿਸਤਰੇ ਵਿਚ ਫਗਵਾੜਿਓਂ ਖਰੀਦਿਆ ਰੇਡੀਓ ਵੀ ਬੰਨ੍ਹ ਲਿਆਏ।

ਪਿੰਡ ਆ ਕੇ ਸਾਡੀ ਮਾਂ ਨੇ ਇਹ ਰੇਡੀਓ ਸੰਦੂਕ ਦੇ ਅੰਦਰ ਤਾੜ ਦਿੱਤਾ। ਮੈਨੂੰ ਖਿਝ ਚੜ੍ਹਨੀ ਕਿ ਇਹ ਚਾਪੜ ਜਿਹਾ ਬੋਲਦਾ ਨਹੀਂ ਭਾਵੇਂ ਪਤਾ ਲੱਗ ਗਿਆ ਸੀ ਕਿ ਇਸਦੀ ਬੋਲਤੀ ਬਿਜਲੀ ਨਾਲ ਹਰਕਤ ਵਿਚ ਆਉਂਦੀ ਹੈ ਤੇ ਬਿਜਲੀ ਤਾਂ ਪਿੰਡ ਵਿਚ ਆਈ ਹੀ ਨਹੀਂ ਸੀ। ਮੈਂ ਕਈ ਵਾਰੀ ਆਪਣੇ ਬੇਲੀਆਂ ਮੱਖਣ, ਠੇਲਾ, ਟਿੰਡਾ, ਬਾਗੀ ਵਰਗਿਆਂ 'ਤੇ ਟੌਅਰ ਜਮਾਉਣ ਲਈ ਉਨ੍ਹਾਂ ਨੂੰ ਘਰ ਚ ਲਿਆ ਕੇ ਇਸ ਬਾਬੇ ਦੇ ਦਰਸ਼ਨ ਕਰਾਉਣੇ ਤੇ ਦੱਸਣਾ ਕਿ ਇਸ ਵਿਚ ਬੰਦ ਕੀਤੇ ਬੰਦੇ ਬੋਲਦੇ ਹਨ; ਉਨ੍ਹਾਂ ਆਖਣਾ ਬੁਲਾ ਕੇ ਦਿਖਾ। ਜਦ ਉਨ੍ਹਾਂ ਨੂੰ ਬਿਜਲੀ ਵਾਲਾ ਭੇਤ ਦੱਸਣਾ ਤਾਂ ਉਨ੍ਹਾਂ ਨੂੰ ਬੜੀ ਨਮੋਸ਼ੀ ਹੋਣੀ। ਰੇਡੂਆ ਤਾਂ ਉਨ੍ਹਾਂ ਨੇ ਪਹਿਲਾਂ ਦੇਖਿਆ ਹੋਇਆ ਸੀ ਜੋ ਲਾਊਡਸਪੀਕਰ ਲਈ ਪ੍ਰਚਲਤ ਲਫਜ਼ ਸੀ। ਤਵਿਆਂ ਤੋਂ ਬਿਨਾ ਵੀ ਕੋਈ ਰੇਡੂਆ ਹੋ ਸਕਦਾ ਹੈ, ਇਹ ਉਨ੍ਹਾਂ ਲਈ ਨਵੀਂ ਗੱਲ ਸੀ। ਨਾਲੇ ਮੇਰੇ ਮੂੰਹੋਂ ਘਰੋੜ ਕੇ ਬੋਲਿਆ ਸਹੀ ਸ਼ਬਦ 'ਰੇਡੀਓ' ਸੁਣ ਕੇ ਉਨ੍ਹਾਂ ਦਾ ਮੂੰਹ ਲਮਕ ਜਾਂਦਾ ਸੀ।

ਸਾਡੀ ਮਾਂ ਨੇ ਕਈ ਵਾਰੀ ਜਦ ਕੋਈ ਰਜਾਈ ਜਾਂ ਖੇਸ ਵਗੈਰਾ ਕੱਢਣੇ ਹੁੰਦੇ ਤਾਂ ਇਸ ਰੇਡੀਓ ਨੂੰ ਚੁਕਵਾਉਣ ਲਈ ਮੈਂ ਵੀ ਹੱਥ ਪਵਾਉਣਾ। ਇਹ ਦੈਂਗੜਾ ਜਿਹਾ ਮਸੀਂ ਖਾਨੇ ਵਿਚੀਂ ਟੇਢਾ ਮੇਢਾ ਕਰਕੇ ਲੰਘਦਾ ਸੀ। ਮਾਂ ਕਪੜਿਆਂ ਦੀ ਖਾਣ ਪੁੱਟ ਰਹੀ ਹੁੰਦੀ ਤੇ ਮੈਂ ਮੌਕਾ ਲਗਦੇ ਹੀ ਰੇਡੀਓ ਨੂੰ ਪਿਛਿਓਂ ਖੋਲ੍ਹ ਕੇ ਇਸਦਾ ਅੰਦਰਲਾ ਤਾਣਾਪੇਟਾ ਦੇਖਣ ਲੱਗ ਪੈਣਾ। ਕਿੰਨੀਆਂ ਸਾਰੀਆਂ ਲਾਟੂਨੁਮਾ ਸ਼ੀਸ਼ੀਆਂ ਜਿਹੀਆਂ ਦੇਖ ਕੇ ਸੋਚਣਾ ਕਿ ਏਹੀ ਆਦਮੀ ਹੁੰਦੇ ਹੋਣਗੇ ਜੋ ਬਿਜਲੀ ਦੀ ਛੋਹ ਲਗਦੇ ਹੀ ਬੋਲਣ ਲੱਗ ਪੈਂਦੇ ਹੋਣਗੇ। ਮਾਂ ਨੇ ਝਿੜਕਣਾ ਕਿ ਜੇ ਇਸਨੂੰ ਸੱਟਫੇਟ ਲੱਗ ਗਈ ਜਾਂ ਕੋਈ ਨਾੜ ਹਿੱਲ ਗਈ ਤਾਂ ਇਹ ਆਦਮੀ ਬੋਲਣ ਜੋਗੇ ਨਹੀਂ ਰਹਿਣੇ।

ਫਿਰ ਜਦ ਸਾਡੇ ਪਿੰਡ ਬਿਜਲੀ ਆਈ ਤਾਂ ਸਾਡੇ ਪਿੰਡ ਸਭ ਤੋਂ ਪਹਿਲਾਂ ਜਿਨ੍ਹਾਂ ਨੂੰ ਆਕਾਸ਼ਬਾਣੀ ਹੋਈ ਉਹ ਵਡਭਾਗੇ ਅਸੀਂ ਸਾਂ। ਘਰ ਵਿਚ ਪਏ ਇਕ ਢਿਚਕੂੰ ਢਿਚਕੂੰ ਮੇਜ਼ ਉਤੇ ਚਾਦਰ ਵਿਛਾ ਕੇ ਤੇ ਰੇਡੀਓ ਨੂੰ ਸੰਦੂਕ ਦੀ ਕੈਦ 'ਚੋਂ ਕੱਢ ਕੇ ਇਸ ਉਤੇ ਸੁਸ਼ੋਭਤ ਕਰ ਦਿੱਤਾ ਗਿਆ। ਚਾਲੂ ਕਰਨ ਪਿਛੋਂ ਜਿਉਂ ਹੀ ਸਾਡਾ ਘਰ ਆਕਾਸ਼ਬਾਣੀ ਨਾਲ ਗੂੰਜਿਆ, ਸਾਡੇ ਘਰ ਦਾ ਦਲਾਨ, ਵਰਾਂਡਾ, ਵਿਹੜਾ, ਕੋਠਾ ਤੇ ਗਲੀ ਲੋਕਾਂ ਨਾਲ ਸੁਣ ਜਾ ਸੁਣ ਜਾ ਹੋ ਗਏ। ਪਿੰਡ ਵਿਚ ਸਾਡੀ ਚੜ੍ਹਤ ਮਚ ਗਈ। ਸਾਡਾ ਘਰ ਰੋਜ਼ ਲੋਕਾਂ ਨਾਲ ਭਰ ਜਾਣਾ ਖਾਸ ਤੌਰ 'ਤੇ ਸ਼ਾਮ ਨੂੰ ਖੂਬ ਰੌਣਕ ਹੋਣੀ। ਉਦੋਂ ਲੋਕ ਆਮ ਤੌਰ ਤੇ ਸ਼ਾਮ ਨੂੰ ਦਿਹਾਤੀ ਪ੍ਰੋਗਰਾਮ ਹੀ ਸੁਣਦੇ ਹੁੰਦੇ ਸਨ ਜਿਸ ਵਿਚ ਠੰਡੂ ਰਾਮ, ਕੰਮੇਦਾਨ ਤੇ ਮੁਨਸ਼ੀ ਜੀ ਦੇ ਟੋਟਕੇ ਸੁਣ ਸੁਣ ਕੇ ਲੋਕ ਖੁਸ਼ ਹੋ ਜਾਂਦੇ। ਜਾਂ ਫਿਰ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਗਾਣੇ ਆਉਂਦੇ। ਇਕ ਵਾਰੀ ਅਮਰਜੀਤ ਠੇਲੇ ਨਾਲ ਖੁੱਤੀ ਵਿਚ ਠੀਕਰੀਆਂ ਖੇਲਦਿਆਂ ਮੈਂ ਸਾਰੀਆਂ ਠੀਕਰੀਆਂ ਹਾਰ ਗਿਆ। ਕੀ ਨਿਕਾਰੀ ਚੀਜ਼ ਠੀਕਰੀਆਂ ਹੁੰਦੀਆਂ ਹਨ, ਟੁੱਟੇ ਭੱਜੇ ਮਿੱਟੀ ਦੇ ਭਾਂਡਿਆਂ ਦੇ ਟੁਕੜੇ ਪਰ ਉਨ੍ਹਾਂ ਦਿਨਾਂ ਵਿਚ ਉਹ ਵੀ ਦੁਰਲੱਭ ਹੀ ਸਨ। ਅਮਰਜੀਤ ਠੇਲੇ ਨੇ ਮੈਨੂੰ ਪੇਸ਼ਕਸ਼ ਕੀਤੀ ਕਿ ਜੇ ਮੈਂ ਉਸਨੂੰ ਆਪਣੇ ਰੇਡੀਓ ਤੋਂ "ਤੈਨੂੰ ਦੇਵਾਂਗੇ ਪੰਜ ਪਤਾਸੇ ਕਿ ਮੁਣਸ਼ੀ ਖਤ ਲਿਖਦੇ" ਗਾਣਾ ਸੁਣ ਲੈਣ ਦੇਵਾਂਗਾ ਤਾਂ ਉਹ ਮੈਨੂੰ ਸਾਰੀਆਂ ਜਿੱਤੀਆਂ ਹੋਈਆਂ ਠੀਕਰੀਆਂ ਵਾਪਿਸ ਕਰ ਦੇਵੇਗਾ। ਮੇਰੇ ਲਈ ਉਦੋਂ ਠੀਕਰੀਆਂ ਕਿਹੜੀਆਂ ਪਤਾਸਿਆਂ ਤੋਂ ਘਟ ਸਨ। ਲਭਣ ਲਈ ਹੋਰ ਰੂੜੀਆਂ ਢੇਰਾਂ ਦੀ ਫੋਲਾਫਾਲੀ ਕਰਨੀ ਪੈਣੀ ਸੀ। ਮੈਂ ਮੰਨ ਗਿਆ। ਉਸਨੇ ਮੈਨੂੰ ਸਾਰੀਆਂ ਜਿੱਤੀਆਂ ਠੀਕਰੀਆਂ ਮੋੜ ਦਿੱਤੀਆਂ। ਇਸ ਤਰਾਂ ਰੇਡੀਓ ਦਾ ਮੈਨੂੰ ਵਿਤੀ ਲਾਭ ਤਾਂ ਹੋਇਆ ਪਰ ਰੇਡੀਓ ਦੀ ਐਂਠ ਕਾਰਨ ਖੁੱਤੀ ਦੀ ਖੇਡ ਵਿਚ ਮੈਂ ਕਦੇ ਤਾਕ ਨਾ ਹੋ ਸਕਿਆ।

ਹੌਲੀ ਹੌਲੀ ਸਾਡੇ ਰੇਡੀਓ ਦੀ ਧਾਂਕ ਮੰਦੀ ਪੈਣ ਲੱਗ ਪਈ। ਘਰੋ ਘਰੀ ਰੇਡੀਓ ਆਉਣ ਲੱਗ ਪਏ ਸਨ। ਲੋਕ ਦੂਜਿਆਂ ਦੀ ਟੈਂ ਤੇ ਦੂਜੇ ਦੇ ਰੇਡੀਓ ਦੀ ਟੈਂ ਟੈਂ ਕਿੰਨਾ ਕੁ ਚਿਰ ਜਰ ਸਕਦੇ ਸਨ!

ਸਾਡਾ ਘਰ ਪਿੰਡ ਦੀ ਲੰਮੀ ਬੀਹੀ, ਜੋ ਅਖੀਰ ਦੋ ਹਿਸਿਆਂ 'ਚ ਪਾਟਦੀ ਸੀ, ਦੀ ਚੜ੍ਹਦੀ ਸ਼ਾਖਾ ਦੇ ਸਿਰੇ 'ਤੇ ਸੀ। ਦਰਅਸਲ ਇਹ ਇਕ ਵਿਚ ਦੋ ਘਰ ਸਨ। ਬਾਹਰਲਾ ਦਰਵਾਜ਼ਾ ਇਕ ਸੀ ਤੇ ਫਿਰ ਇਕ ਸਾਂਝਾ ਵਿਹੜਾ, ਇਕ ਸਾਂਝਾ ਵਰਾਂਡਾ, ਇਕ ਪੌੜੀ ਤੇ ਅੱਗੇ ਆਪੋ ਆਪਣੇ ਇਕ ਇਕ ਦਲਾਨ ਤੇ ਅੱਗੇ ਕੋਠੜੀਆਂ। ਇੱਕ ਘਰ ਸਾਡਾ ਤੇ ਇਕ ਸਾਡੇ ਥੋੜਾ ਦੂਰੋਂ ਲਗਦੇ ਚਾਚਾ ਜੀ ਦਾ ਸੀ। ਅਜੇਹੇ ਘਰ ਨੂੰ ਅਮਰੀਕਾ ਵਿਚ ਡੂਪਲੈਕਸ ਕਿਹਾ ਜਾਂਦਾ ਹੈ ਤੇ ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਸਾਡੀ ਸ਼ਾਨ ਅਮਰੀਕੀਆਂ ਨਾਲੋਂ ਘਟ ਤਾਂ ਨਹੀਂ ਸੀ। ਸਾਡੇ ਡੂਪਲੈਕਸ ਵਿਚ ਪਿੰਡ ਦੇ ਹੋਰ ਘਰਾਂ ਨਾਲੋਂ ਅਲੋਕਾਰ ਗੱਲ ਇਹ ਸੀ ਕਿ ਇਸ ਵਿਚ ਵਰਾਂਡੇ ਬਰਾਜਮਾਨ ਸਨ ਜਿਸ ਕਰਕੇ ਪਹਿਲੀਆਂ 'ਚ ਲੋਕ ਸਾਨੂੰ ਬਰਾਂਡਿਆਂ ਵਾਲੇ ਸੱਦਦੇ ਸਨ। ਸਾਡੇ ਚਾਚਾ ਜੀ ਸਕੂਲ ਵਿਚ ਪੀ ਟੀ ਮਾਸਟਰ ਤੇ ਮੇਰੇ ਭਾਪਾ ਜੀ ਮਿੱਲਾਂ ਵਿਚ ਵੀਵਿੰਗ ਮਾਸਟਰ ਲੱਗੇ ਹੋਣ ਕਾਰਨ ਫਿਰ ਸਾਨੂੰ ਮਾਸਟਰਾਂ ਵਾਲੇ ਕਿਹਾ ਜਾਣ ਲੱਗ ਪਿਆ। ਫਿਰ ਜਦ ਸਭ ਤੋਂ ਪਹਿਲਾਂ ਸਾਡੇ ਘਰ ਰੇਡੀਓ ਬੋਲਿਆ ਤਾਂ ਸਾਡੀ ਅੱਲ ਰੇਡੂਏ ਕੇ ਚੱਲ ਪਈ। ਸਪੱਸ਼ਟ ਹੈ ਕਿ ਸਾਡੇ ਖਾਨਦਾਨ ਨੇ ਖੇਤੀ ਨੂੰ ਨਖਿਧ ਤੇ ਚਾਕਰੀ ਨੂੰ ਉਤਮ ਕਿੱਤਾ ਮੰਨ ਲੈਣ ਦਾ ਬੀੜਾ ਚੁਕਿਆ ਸੀ ਤੇ ਲੋਕਾਂ ਨੇ ਇਸ ਪ੍ਰਾਪਤੀ ਨੂੰ ਸਾਡੀ ਹਮੇਸ਼ਾ ਬਦਲਦੀ ਅੱਲ ਨਾਲ ਤਸਲੀਮ ਕੀਤਾ ਸੀ। ਪਰ 'ਰੇਡੂਏ ਕੇ' ਸਾਡੀ ਅੱਲ ਬਹੁਤਾ ਚਿਰ ਨਾ ਚੱਲੀ ਕਿਉਂਕਿ ਸਾਡੇ ਦੋਨਾਂ ਪਰਿਵਾਰਾਂ ਦੀ ਅਗਲੀ ਪੁਸ਼ਤ ਨੇ ਤਾਂ ਜਿਵੇਂ ਮਾਸਟਰਾਂ ਦੀ ਝੋਲ ਹੀ ਸੁੱਟ ਦਿੱਤੀ; ਸਾਨੂੰ ਮੁੜ ਮਾਸਟਰਾਂ ਦੇ ਕਿਹਾ ਜਾਣ ਲੱਗਾ। ਪ੍ਰਾਇਮਰੀ ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਦਰਜਾ-ਬ-ਦਰਜਾ ਹਰ ਤਰ੍ਹਾਂ ਦੀ ਅਧਿਆਪਕੀ ਸਾਡੇ ਡੂਪਲੈਕਸ ਦੀ ਮਾਰ ਵਿਚ ਆ ਗਈ। ਸਾਡਾ ਨਾਨਾ ਜਿਸਨੇ ਆਪ ਜ਼ਿੰਦਗੀ ਭਰ ਡੱਕਾ ਨਹੀਂ ਤੋੜਿਆ, ਇਕ ਵਾਰ ਆਪਣੇ ਦੋਹਤਿਆਂ ਦੇ ਕੰਮ-ਕਾਰ ਬਾਰੇ ਕਿਸੇ ਨੂੰ ਦੱਸ ਰਿਹਾ ਸੀ, "ਬੜਾ ਬੜਿਆਂ ਦੀਆਂ ਨਲੀਆਂ ਪੂੰਝਦੈ, ਛੋਟਾ ਛੋਟਿਆਂ ਦੀਆਂ।"

ਆਪਣੇ ਖਾਨਦਾਨ ਦੀ ਮਿੱਟੀ ਫਰੋਲਣ 'ਤੇ ਪਤਾ ਲੱਗਾ ਕਿ ਜਦ ਸਾਡੀ ਦਾਦੀ ਵਿਆਹੀ ਹੋਈ ਆਈ ਤਾਂ ਉਸਨੂੰ ਸਾਡੇ ਘਰ ਦੇ ਹਰ ਖੱਲ ਖੂੰਜੇ ਵਿਚ ਤਮਾਖੂ ਦੀਆਂ ਪੋਟਲੀਆ ਹੀ ਦਿਸਣ ਨੂੰ ਮਿਲੀਆਂ। ਉਸ ਸਚਿਆਰੀ ਦਾਦੀ ਦੀ ਰਹਿੰਦੀ ਥੋੜੀ ਜਿਹੀ ਉਮਰ ਤਮਾਖੂ ਤੇ ਹੁੱਕੇ ਦੀ ਸੁਆਹ ਸੁੰਭਰਦੀ ਦੀ ਹੀ ਨਿਕਲ ਗਈ। ਮੈਂ ਡਰਦਾ ਚਚੇਰੇ ਟੱਬਰ ਦੀ ਦਫ਼ਾ ਨਹੀਂ ਪੱਟਣੀ ਚਾਹੁੰਦਾ ਪਰ ਉਨ੍ਹਾਂ ਦੇ ਤਾਂ ਅਫੀਮ ਡੋਡੇ ਵੀ...। ਅਜਿਹੇ ਦਲਿੱਦਰੀ ਖਾਨਦਾਨ ਵਿਚ ਖੇਤੀ ਪ੍ਰਤੀ ਉਦਾਸੀਨਤਾ ਪੈਦਾ ਨਾ ਹੁੰਦੀ ਤਾਂ ਕੁਦਰਤ ਦੇ ਰੰਗਾਂ ਦੀ ਸਿਫ਼ਤ ਫਿਰ ਕਿਸਨੇ ਕਰਨੀ ਸੀ।

ਸਾਡੇ ਦਲਾਨ ਦੇ ਐਨ ਦਰਮਿਆਨ ਇਕ ਪੀਲਪਾਵਾ ਹੁੰਦਾ ਸੀ ਜੋ ਪੂਰੇ ਦਲਾਨ ਨੂੰ ਚਾਰ ਹਿਸਿਆਂ ਵਿਚ ਵੰਡਦਾ ਸੀ। ਪੀਲਪਾਵੇ ਦੇ ਅਖਰੀ ਅਰਥ ਹੁੰਦੇ ਹਨ ਹਾਥੀ ਦਾ ਪੈਰ, ਪੀਲ=ਹਾਥੀ, ਪਾਵਾ=ਪੈਰ। ਪਰ ਦਰਅਸਲ ਇਹ ਹਾਥੀ ਦਾ ਪੈਰ ਨਾ ਹੋ ਕੇ ਪੂਰਾ ਹਾਥੀ ਦਾ ਹਾਥੀ ਸੀ, ਸੀਖਪਾ ਖੜਾ ਕੀਤਾ ਹਾਥੀ। ਇਸਨੇ ਘਟੋ ਘਟ ਮੰਜੇ ਜਿੰਨਾ ਥਾਂ ਮੱਲਿਆ ਹੋਇਆ ਸੀ। ਮੇਰਾ ਖਿਆਲ ਹੈ ਕਿ ਇਸ ਪੀਲਪਾਵੇ ਨੂੰ ਖੜੇ ਕਰਨ ਵਿਚ ਦਰਜਨ ਭਰ ਮਿੱਟੀ ਦੇ ਗੱਡੇ ਜ਼ਰੂਰ ਲੱਗੇ ਹੋਣਗੇ। ਉਸ ਜ਼ਮਾਨੇ ਦੀ ਕਿਰਸ ਦੀ ਕਮਾਲ ਸੀ ਕਿ ਜਦ ਘਰ ਬਿਜਲੀ ਲੁਆਈ ਤਾਂ ਇਸ ਦਲਾਨ ਵਿਚ ਇਕੋ ਪੱਚੀ ਦਾ ਬਲਬ ਸਰਿਆ, ਉਹ ਵੀ ਇਸਦੇ ਅਗਲੇ ਹਿੱਸੇ 'ਚ। ਫਲਸਰੂਪ ਦਰਵਾਜ਼ੇ ਦੇ ਸਿਰਫ਼ ਸਾਹਮਣਲੇ ਹਿੱਸੇ ਹੀ ਬਲਬ ਦੀ ਸਿਧੀ ਰੋਸ਼ਨੀ ਆਉਂਦੀ ਸੀ, ਬਾਕੀ ਭਾਗ ਤੇ ਪਿਛਲੀਆਂ ਕੋਠੜੀਆਂ ਵਿਚ ਰਾਹ-ਰੋਕੂ ਪੀਲਪਾਵੇ ਕਾਰਨ ਸਿਰਫ ਇਸ ਰੋਸ਼ਨੀ ਦੀ ਰੋਸ਼ਨੀ ਹੀ ਪੁੱਜਦੀ ਸੀ। ਪਿਛਲੇ ਪਾਸੇ ਛੱਤ ਤੇ ਇਕ ਮੋਘ ਰੱਖਿਆ ਗਿਆ ਸੀ, ਜੋ ਇਸ ਪਾਸੇ ਦੀ ਰੋਸ਼ਨੀ ਦੀ ਘਾਟ ਪੂਰੀ ਕਰਨ ਦੀ ਕੋਸਿਸ਼ ਕਰਦਾ ਸੀ। ਇਸ ਮੋਘ 'ਚੋਂ ਝਰਦੇ ਚਾਨਣ ਵਿਚ ਚਮਕਦੇ ਧੂੜ ਦੇ ਕਿਣਕੇ ਹਨੇਰੇ ਘਰ ਵਿਚ ਜ਼ਿੰਦਗੀ ਦੀ ਰਾਸ ਪੇਸ਼ ਕਰ ਜਾਂਦੇ।

ਕਈ ਵਾਰੀ ਸਾਡੇ ਰੇਡੀਓ ਦੇ ਸੰਘ 'ਚ ਖੰਘਾਰ ਫਸ ਜਾਣੀ ਤਾਂ ਅਸੀਂ ਇਸ ਨੂੰ ਹਿਲਾ



ਹਿਲਾ ਕੇ ਕਢ ਲੈਣੀ ਪਰ ਜਦ ਬਹੁਤਾ ਹੀ ਘਰੜ ਘਰੜ ਕਰਨ ਲੱਗਣਾ ਤਾਂ ਪਿੰਡ ਦੇ ਹਾਈ ਸਕੂਲ ਦੇ ਡਰਾਇੰਗ ਮਾਸਟਰ ਜਿਸ ਨੂੰ ਅਸੀਂ ਡਰੈਂਗਾ ਕਹਿੰਦੇ ਸਾਂ ਤੇ ਜੋ ਸਾਡੇ ਹੀ ਪਿੰਡ ਦਾ ਸੀ, ਨੂੰ ਸੱਦ ਲਿਆਉਣਾ। ਉਸਨੇ ਇਸ ਮੋਘ ਦੇ ਥੱਲੇ ਮੇਜ਼ ਡਾਹ ਕੇ ਰੇਡੀਓ ਖੋਲ੍ਹ ਲੈਣਾ। ਬੈਟਰੀ ਵਾਂਗ ਚਾਨਣ ਦੀ ਡਿਗਦੀ ਛੱਲੀ ਨਾਲ ਰੇਡੀਓ ਦਾ ਸਾਰਾ ਤਾਣਾ ਪੇਟਾ ਜਗਮਗ ਕਰ ਉਠਣਾ। ਜਦੋਂ ਵੀ ਘਰ ਬੁਹਾਰਿਆ ਜਾਂਦਾ, ਸਾਰੀ ਮਿੱਟੀ ਉੜ ਉੜ ਕੇ ਗਲੀਆਂ ਵਾਲੇ ਪਿਛਲੇ ਪਾਸਿਓਂ ਰੇਡੀਓ ਵਿਚ ਵੜ ਜਾਂਦੀ ਸੀ। ਇਕ ਵਾਰੀ ਜਦ ਡਰੈਂਗੇ ਨੇ ਰੇਡੀਓ ਖੋਲ੍ਹ ਕੇ ਇਸ ਵਿਚ ਪਏ ਮਿੱਟੀ ਦੇ ਅੰਬਾਰ ਦੇਖੇ ਤਾਂ ਕਹਿੰਦਾ, "ਮੇਰਾ ਜੀਅ ਕਰਦਾ ਹੈ ਇਸ ਵਿਚ ਕਹੀ ਲੈ ਕੇ ਵੜ ਜਾਵਾਂ।"

ਭਾਪਾ ਜੀ ਨੇ ਇਸ ਰੇਡੀਓ ਦੀਆਂ ਬੜੀਆਂ ਸਿਫਤਾਂ ਕਰਨੀਆਂ, ਇਹ ਬੜਾ ਮਹਿੰਗਾ ਖਰੀਦਿਆ ਹੈ, ਇਸਦੀ ਆਵਾਜ਼ ਗੜ੍ਹਕਵੀਂ ਹੈ ਤੇ ਜਿਸ ਬੰਦੇ ਜਾਣੀ ਮਾਰਕੋਨੀ ਨੇ ਰੇਡੀਓ ਦੀ ਕਾਢ ਕੱਢੀ ਸੀ, ਇਹ ਉਸੇ ਦੀ ਕੰਪਨੀ ਦਾ ਬਣਿਆ ਹੋਇਆ ਹੈ। ਸਾਨੂੰ ਤੇ ਹੋਰ ਲੋਕਾਂ ਨੂੰ ਇਹ ਗੱਲ ਇਸ ਤਰ੍ਹਾਂ ਸਮਝ ਆਉਣੀ ਜਿਵੇਂ ਇਹ ਸਾਡਾ ਰੇਡੀਓ ਮਾਰਕੋਨੀ ਨੇ ਆਪਣੇ ਹੱਥੀਂ ਬਣਾਇਆ ਹੋਵੇ। ਅਸੀਂ ਇਸ ਰੇਡੀਓ ਤੇ ਹੋਰ ਵੀ ਮਾਣ ਕਰਨ ਲੱਗਣਾ। ਅਸਲ ਵਿਚ ਇਸ ਦੇ ਉਪਰ ਲਿਖੇ ਸਟੇਸ਼ਨ ਵੀ ਯੂਰਪ ਦੇ ਹੀ ਸਨ ਜਿਵੇਂ ਪੈਰਿਸ, ਫ਼ਰੈਂਕਫ਼ਰਟ, ਬਰਲਿਨ, ਬੁਡਾਪੈਸਟ, ਸੋਫੀਆ, ਲੰਡਨ ਆਦਿ।

ਦਲਾਨ ਦੇ ਪਿਛਲੇ ਪਾਸੇ ਬਾਲਣ ਵਾਲੀ ਕੋਠੜੀ ਵਿਚ ਰਾਤਰੀਚਰ ਚੂਹਿਆਂ ਦਾ ਰੈਣਬਸੇਰਾ ਸੀ। ਪੂਰੀ ਰਾਤ ਇਨ੍ਹਾਂ ਦੀ ਟਰੈਫ਼ਿਕ ਚਲਦੀ ਸੀ। ਇਕ ਫ਼ਰੀਵੇ ਸਾਡੀਆਂ ਰਜਾਈਆਂ ਉਪਰੋਂ ਵੀ ਲੰਘਦਾ ਸੀ। ਅਸੀਂ ਚੂਹਿਆਂ ਦੇ ਟਰੈਫ਼ਿਕ ਵਿਚ ਰੁਕਾਵਟ ਪਾਉਣ ਤੋਂ ਡਰਦੇ ਮੂੰਹ ਬਾਹਰ ਨਹੀਂ ਸਾਂ ਕਢਦੇ। ਉਹ ਦੂਜੀ ਕੋਠੜੀ ਵਿਚੋਂ ਗੁੜ ਸ਼ੱਕਰ ਛਕ ਕੇ ਤੇ ਮੀਂਗਣਾਂ ਕਰਕੇ ਮਨੋਰੰਜਨ ਕਰਨ ਲਈ ਰੇਡੀਓ ਦਾ ਕਵਰ ਚੁਕ ਇਸਦੇ ਅੰਦਰ ਘੁਸ ਜਾਂਦੇ ਸਨ। ਜੇ ਖਬਰ ਮਾੜੀ ਹੋਣੀ ਜਾਂ ਗਾਣਾ ਬੇਸੁਰਾ ਹੋਣਾ ਤਾਂ ਗੁੱਸੇ ਵਿਚ ਆ ਕੇ ਅੰਦਰ ਖੜਦੁਲ ਪਾਉਂਦੇ, ਇਸ ਦੀਆਂ ਤਾਰਾਂ ਤੇ ਸਪੀਕਰ ਦੇ ਪਰਦੇ ਕੁਤਰ ਕੁਤਰ ਖਾ ਜਾਂਦੇ ਤੇ ਇਸਦੇ ਬੋਲਣਹਾਰੇ ਵਾਲਵ ਭੰਨ ਸੁੱਟਦੇ। ਇਸ ਤਰ੍ਹਾਂ ਡਰੈਂਗੇ ਦਾ ਸਾਡੇ ਘਰ ਆਉਣ-ਜਾਣ ਬਣਿਆ ਰਹਿੰਦਾ। ਪਰ ਸਕੂਲ ਮਾਸਟਰ ਦੀ ਘਰ ਵਿਚ ਨਿਰੰਤਰ ਮੌਜੂਦਗੀ ਵਿਦਿਆਰਥੀ ਉਤੇ ਘੋਰ ਤਸ਼ੱਦਦ ਹੈ। ਮਸੀਂ ਤਾਂ ਇਸ ਬਲਾ ਤੋਂ ਸਕੂਲੋਂ ਬਚੀਦਾ ਸੀ ਤੇ ਇਹ ਘਰ ਵੀ ਆ ਧਮਕਦਾ ਸੀ। ਸਗੁੱਚਦਿਆਂ ਹੋਇਆਂ ਮੈਂ ਕਦੇ ਉਸਨੂੰ ਕੜ੍ਹਿਆ ਹੋਇਆ ਦੁਧ ਪਿਲਾਉਣਾ, ਕਦੇ ਚਾਹ, ਕਦੇ ਸ਼ਕੰਜਵੀ। ਆਏ ਦਿਨ ਮਾਰਕੋਨੀ ਦਾ ਵਾਲਵ ਫਿਊਜ਼ ਹੀ ਰਹਿੰਦਾ। ਵੱਡੀ ਗੱਲ ਇਸ ਦੇ ਗਿੱਠ ਗਿਠ ਲੰਬੇ ਮੌਲਿਕ ਵਾਲਵਾਂ ਦੇ ਨਾਲ ਦੇ ਵਾਲਵ ਮਿਲਦੇ ਹੀ ਨਹੀਂ ਸਨ। ਹੌਲੀ ਹੌਲੀ ਦੇਸੀ ਕੰਪਨੀਆਂ ਦੇ ਇਸ ਤੋਂ ਅਧੇ ਸਾਈਜ਼ ਦੇ ਬੌਣੇ ਜਿਹੇ ਵਾਲਵਾਂ ਤੇ ਹੋਰ ਪੁਰਜਿਆਂ ਨਾਲ ਹੀ ਬੁੱਤਾ ਸਾਰਿਆ ਜਾਣ ਲੱਗਾ।

ਪਿੰਡ ਦੇ ਇਸ ਕੱਚੇ ਘਰ ਵਿਚ ਬਚਪਨ ਵਿਚ ਮੈਨੂੰ ਮਾਰਕੋਨੀ ਤੋਂ ਵਿਸ਼ਾਲ ਜਾਣਕਾਰੀ ਮਿਲੀ। ਵਿਵਿਧ ਭਾਰਤੀ ਸੁਣਦਿਆਂ ਦੇਸ਼ ਦੇ ਕਈ ਸ਼ਹਿਰਾਂ ਜਿਵੇਂ ਝੂਮਰੀ ਤਲੱਈਆ, ਰਤਲਾਮ, ਮਾਰਵਾ ਮੁੰਡਵਾ, ਨਇਆ ਜਾਲਨਾ, ਪੁਰਾਨਾ ਜਾਲਨਾ ਆਦਿ ਦਾ ਗਿਆਨ ਹੋਇਆ; ਪੰਜਾਬ ਦੀਆਂ ਮੰਡੀਆਂ-ਖੰਨਾ, ਕੋਟਕਪੂਰਾ, ਤਪਾ ਆਦਿ ਬਾਰੇ ਪਤਾ ਲੱਗਾ। ਜਦ ਚੀਨ ਨਾਲ ਭਾਰਤ ਦੀ ਲੜਾਈ ਦੀਆਂ ਖਬਰਾਂ ਸੁਣੀਆਂ ਤਾਂ ਪਤਾ ਲੱਗਾ ਕਿ ਚੀਨ ਦੇ ਲੋਕ ਫੀਨੇ ਤੇ ਠਿੰਗਣੇ ਹੁੰਦੇ ਹਨ। ਬਹਾਦਰ ਭਾਰਤੀ ਫੌਜੀ ਅਜਿਹੇ ਘਸਿਆਂ ਜਿਹਿਆਂ ਨੂੰ ਕੀ ਸਮਝਦੇ ਸਨ। ਪਰ ਔਖੀਆਂ ਘਾਟੀਆਂ ਵਿਚ ਲੜਨ ਦਾ ਤਜਰਬਾ ਨਾ ਹੋਣ ਕਾਰਨ ਉਨਾਂ ਨੂੰ ਸਾਰੀਆਂ ਚੌਕੀਆਂ ਮਜਬੂਰਨ ਛੱਡਣੀਆਂ ਪਈਆਂ। ਜਵਾਹਰ ਲਾਲ ਦੀ ਮੌਤ ਵੀ ਇਸ ਮਾਰਕੋਨੀ ਨੇ ਹੀ ਸੁਣਾਈ। ਬਿਨਾਕਾ ਗੀਤਮਾਲਾ ਦੇ ਅਮੀਨ ਸਾਈਨੀ ਨੇ ਸਾਨੂੰ ਦਾਤਣਾਂ ਛੁਡਾ ਕੇ ਬਿਨਾਕਾ ਟੂਥਪੇਸਟ ਕਰਨ ਲਾ ਦਿੱਤਾ। ਦੁਪਹਿਰ ਨੂੰ ਲਾਹੌਰ ਤੋਂ ਆਉਂਦੇ ਗਾਣਿਆਂ ਵਿਚ ਲਤਾ ਦੇ ਗਾਣੇ ਸੁਣ ਕੇ ਫਿਰ ਜਦ ਜਲੰਧਰ ਤੋਂ ਵੀ ਲਤਾ ਦੇ ਗਾਣੇ ਸੁਣਨੇ ਤਾਂ ਹੈਰਾਨ ਹੋਣਾ ਕਿ ਲਤਾ ਏਨੀ ਛੇਤੀ ਲਾਹੌਰ ਤੋਂ ਜਲੰਧਰ ਕਿਵੇਂ ਪਹੁੰਚ ਗਈ। ਗਰਜ ਨਾਲ ਛਿੱਟੇ ਪੈਣ ਵਾਲੀ ਗੱਲ ਰੋਜ਼ ਦੁਹਰਾਈ ਜਾਂਦੀ ਪਰ ਕਦੇ ਸੱਚੀ ਨਹੀਂ ਸੀ ਹੋਈ, ਹੋ ਵੀ ਨਹੀਂ ਸੀ ਸਕਦੀ ਕਿਉਂਕਿ ਮੁਹਾਵਰਾ ਕਹਿੰਦਾ ਹੈ 'ਜੋ ਗਰਜਦੇ ਹਨ ਉਹ ਵਰਸਦੇ ਨਹੀਂ'। ਗੁਆਚੇ ਹੋਏ ਬੰਦਿਆਂ ਦੀਆਂ ਸੂਚਨਾਵਾਂ ਤੇ ਹੁਲੀਏ ਕਈ ਵਾਰੀ ਨੋਟ ਕੀਤੇ ਪਰ ਕਦੇ ਕੋਈ ਨਾ ਲੱਭਾ, ਇਸ ਲਈ ਸਾਨੂੰ ਸਫਰ ਖਰਚ ਤੋਂ ਇਲਾਵਾ ਕਦੇ ਪੰਜ ਰੁਪਏ ਵੀ ਨਹੀਂ ਜੁੜੇ। ਉਹ ਹੋਰ ਹੀ ਜਿਣਸਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਗੁਆਚੀਆਂ ਚੀਜ਼ਾਂ ਲੱਭ ਪੈਂਦੀਆਂ ਹਨ, ਅਸੀਂ ਤਾਂ ਲਭੀਆਂ ਚੀਜ਼ਾਂ ਗੁਆਉਣ ਵਾਲੇ ਹਾਂ।

ਲੰਮੀ ਗਲੀ ਦੇ ਸ਼ੁਰੂ ਵਿਚ ਸਾਡੀ ਇਕ ਹਵੇਲੀ ਹੁੰਦੀ ਸੀ ਜਿਥੇ ਸਾਡੀ ਮੱਝ ਬੱਝਦੀ ਸੀ। ਚੀਨ ਦੀ ਲੜਾਈ ਖਤਮ ਹੁੰਦਿਆਂ ਹੀ ਅਸੀਂ ਹਵੇਲੀ ਢਾਹ ਕੇ ਇਕ ਤੀਲਾਂ ਦੀ ਡੱਬੀ ਜਿਹਾ ਤਿਆਸਵਾਂ ਘਰ ਛੱਤ ਲਿਆ ਜਿਸਦੀ ਵਿਚਕਾਰਲੀ ਮੰਜ਼ਿਲ ਤੇ ਵਸੋਂ ਕੀਤੀ। ਪੁਰਾਣਾ ਕੱਚਾ ਘਰ ਹੁਣ ਹਵੇਲੀ ਬਣ ਗਿਆ ਜਿਥੇ ਮੱਝ ਬੰਨ੍ਹਣੀ ਸ਼ੁਰੂ ਕਰ ਦਿੱਤੀ। ਅਸੀਂ ਕੱਟੜ ਮਾਨਵਵਾਦੀ, ਕਦੇ ਵੀ ਪਸ਼ੂਆਂ ਨੂੰ ਬੰਦਿਆਂ ਦੇ ਬਰਾਬਰ ਨਹੀਂ ਸਾਂ ਰਖਦੇ। ਅਸਲ ਵਿਚ ਮੇਰੇ ਵੱਡੇ ਭਰਾ-ਭੈਣ ਹੁਣ ਵਿਆਹੁਣਯੋਗ ਹੁੰਦੇ ਜਾਂਦੇ ਸਨ ਤੇ ਪੁਰਾਣੇ ਕੱਚੇ ਘਰ ਰਹਿੰਦਿਆਂ ਚੱਜ ਦੇ ਰਿਸ਼ਤੇ ਆਉਣ ਦੀ ਸੰਭਾਵਨਾ ਨਹੀਂ ਸੀ। ਅਸੀਂ ਜਦੋਂ ਨਵਾਂ ਘਰ ਛੱਤਣ ਲਈ ਹਵੇਲੀ ਕੋਲ ਇੱਟਾਂ ਸੁਟਾਈਆਂ ਤਾਂ ਮੇਰੇ ਭਰਾ ਨੂੰ ਕੋਈ ਦੇਖਣ ਆ ਗਏ। ਅਸੀਂ ਬੜੀ ਹੁਸ਼ਿਆਰੀ ਨਾਲ ਉਨ੍ਹਾਂ ਨੂੰ ਬਣਨ ਜਾ ਰਹੇ ਪੱਕੇ ਘਰ ਦੀਆ ਇਟਾਂ ਦਿਖਾਲ ਕੇ ਡੂਪਲੈਕਸ ਲਿਆਂਦਾ ਤੇ ਮਾਰਕੋਨੀ ਚਲਾ ਕੇ ਇਸਦੇ ਅੱਗੇ ਬਠਾਲਿਆ। ਮਾਰਕੋਨੀ ਨੇ ਬਥੇਰੇ ਰਾਗ ਪੇਸ਼ ਕੀਤੇ ਪਰ ਗੱਲ ਨਹੀਂ ਬਣੀ, ਸ਼ਾਇਦ ਇੱਟਾਂ ਥੋੜੀਆਂ ਸਨ ਤੇ ਕੁੜੀ ਵਾਲਿਆਂ ਨੂੰ ਸ਼ੱਕ ਪੈ ਗਿਆ ਕਿ ਇਹ ਦਿਖਾਉਣ ਲਈ ਹੀ ਹਨ। ਨਾਲੇ ਪੀਲਪਾਵੇ ਨੇ ਸਾਡੀ ਮੰਦਹਾਲੀ ਦੀ ਖੂਬ ਭਾਨੀ ਮਾਰੀ ਸੀ।

ਖੈਰ ਨਵੇਂ ਘਰ ਵਿਚ ਆਉਣ ਵੇਲੇ ਅਸੀਂ ਸਾਰੇ ਭੈਣ-ਭਰਾ ਜਵਾਨ ਹੋ ਗਏ ਸਾਂ, ਵੱਡਾ ਭਰਾ ਜੰਮੂ ਪ੍ਰੋਫੈਸਰ ਲੱਗ ਗਿਆ ਤੇ ਗਭਲਾ ਭਰਾ ਤੇ ਭੈਣ ਪਿੰਡ ਮਾਸਟਰ ਲੱਗ ਗਏ। ਪਰ ਮਾਰਕੋਨੀ ਬੁੱਢਾ ਹੋਣ ਲੱਗ ਪਿਆ। ਹੁਣ ਭਾਵੇਂ ਇਸਦੇ ਅਧੇ ਪੌਣੇ ਵਾਲਵ ਝੜ ਚੁਕੇ ਸਨ ਪਰ ਇਹ ਮਨੋਰੰਜਨ ਤੋਂ ਸਿਵਾ ਹੋਰ ਵੀ ਕੰਮ ਦੇਣ ਲੱਗ ਪਿਆ। ਇਸ ਦੇ ਅੰਦਰ ਕਾਫੀ ਜਗਹ ਖਾਲੀ ਪਈ ਸੀ, ਇਸਦੇ ਕਾਢੂ ਮਾਰਕੋਨੀ ਨੂੰ ਇਸ ਗੱਲ ਦੀ ਸਮਝ ਸੀ ਕਿ ਚੀਜ਼ਾਂ ਲੁਕੋਣ ਲਈ ਵੀ ਇਸ ਨੂੰ ਵਰਤਿਆ ਜਾਵੇਗਾ ਜਾਂ ਫਿਰ ਉਸ ਨੂੰ ਸ਼ੱਕ ਹੋਵੇਗਾ ਕਿ ਜੇ ਰੇਡੀਓ ਨਾਂ ਦੀ ਚੀਜ਼ ਕਾਮਯਾਬ ਨਾ ਹੋਈ ਤਾਂ ਇਸ ਤੋਂ ਹੋਰ ਕੰਮ ਲੈ ਲਏ ਜਾਣ। ਅਸੀਂ ਭਰਾਵਾਂ ਨੇ ਅਕਸਰ ਹੀ ਇਸਦੇ ਅੰਦਰ ਸ਼ਰਾਬ ਦੀ ਬੋਤਲ ਤੇ ਗਲਾਸੀ ਲੁਕੋ ਛੱਡਣੀ। ਕਦੇ ਕਦਾਈਂ ਗਲੀ ਦੀ ਬਿੱਲੀ ਨੇ ਵੀ ਗਾਣੇ ਸੁਣਦਿਆਂ ਇਸ ਵਿਚ ਠੌਂਕਾ ਲਾ ਲੈਣਾ।

ਭਾਪਾ ਜੀ ਤੇ ਬੀਬੀ ਜੀ ਕਈ ਵਾਰੀ ਬਹੁਤ ਉਚੀ ਉਚੀ ਲੜ ਪੈਂਦੇ ਸਨ। ਤਦ ਮੈਂ ਰੇਡੀਓ ਦੀ ਆਵਾਜ਼ ਚੁਕ ਦੇਣੀ, ਉਨ੍ਹਾਂ ਦੀ ਤੂੰ ਤੂੰ ਮੈਂ ਮੈਂ ਬੇਅਸਰ ਤੇ ਹਾਸੋਹੀਣੀ ਚੀਜ਼ ਬਣ ਕੇ ਰਹਿ ਜਾਂਦੀ ਸੀ। ਆਪ ਤਾਂ ਮੈਂ ਸਾਰਾ ਸਾਰਾ ਦਿਨ ਕਿਤਾਬ ਫੜ ਕੇ ਰੇਡੀਓ ਦੇ ਵਿਚ ਹੀ ਵੜੇ ਰਹਿਣਾ। ਪਿੰਡ ਵਾਲੇ ਭਰਾ ਦਾ ਵਿਆਹ ਹੋ ਗਿਆ ਤੇ ਮੈਂ ਅੱਗੇ ਪੜ੍ਹਨ ਚੰਡੀਗੜ੍ਹ ਚਲੇ ਗਿਆ। ਮੇਰੇ ਮਗਰੋਂ ਮਾਰਕੋਨੀ ਦੀ ਕਦਰ ਘਟਣੀ ਸ਼ੁਰੂ ਹੋ ਗਈ। ਇਕ ਵਾਰੀ ਜਦ ਮੈਂ ਪਿੰਡ ਆਇਆ ਤਾਂ ਪਤਾ ਲੱਗਾ ਕਿ ਇਸ ਦੀਆਂ ਸਾਰੀਆਂ ਟਿਊਬਾਂ, ਟਰਾਂਸਫਰਮਰ ਤੇ ਸਪੀਕਰ ਨਵੇਂ ਪੁਆਏ ਹਨ। ਮੇਰੇ ਭਤੀਜੇ ਨੇ ਦੱਸਿਆ ਕਿ ਹੁਣ ਤਾਂ ਮਾਰਕੋਨੀ ਅੰਦਰੋਂ ਖੋਖਲਾ ਹੋ ਚੁੱਕਾ ਹੈ। ਉਸਨੇ ਮੇਰੇ ਸਾਹਮਣੇ ਇਸ ਦੀ ਨਿੰਦਿਆ ਕੀਤੀ, ਇਸਨੂੰ ਖੋਖਾ ਤਕ ਕਹਿਣ ਦੀ ਜੁਰਅਤ ਵੀ ਕੀਤੀ। ਉਹ ਜ਼ਰਾ ਵੀ ਘਰੜ ਘਰੜ ਕਰਨ 'ਤੇ ਹੱਥ ਚੁਕ ਲੈਂਦਾ ਸੀ। ਉਸਨੇ ਇਸਨੂੰ ਢੀਠ ਬਣਾ ਦਿੱਤਾ ਤੇ ਕੁੱਟ ਖਾਣ 'ਤੇ ਲਾ ਦਿਤਾ ਸੀ।

ਤੇ ਜਿਸਦਾ ਮੈਨੂੰ ਡਰ ਸੀ ਉਹ ਵੀ ਹੋ ਕੇ ਰਿਹਾ। ਅਗਲੀ ਵਾਰ ਜਦ ਮੈਂ ਆਇਆ ਤਾਂ ਮੇਜ਼ 'ਤੇ ਹੋਰ ਹੀ ਇਕ ਗੱਲੇ ਕੁ ਜਿੱਡਾ ਰੇਡੀਓ ਪਿਆ ਦੇਖਿਆ। ਇਹ ਦੇਖਣ ਨੂੰ ਬੜਾ ਚੁਸਤ ਫੁਰਤ ਸੀ ਪਰ ਮਾਰਕੋਨੀ ਦੇ ਟਾਕਰੇ ਨਿਰਾ ਸ਼ੁਆਨ। ਭਤੀਜਾ ਕਹਿੰਦਾ ਮਾਰਕੋਨੀ ਨੂੰ ਅਲਮਾਰੀ ਵਿਚ ਸੰਤੋਖ ਦਿੱਤਾ ਹੈ, ਉਸਦੇ ਦਿਨ ਪੁੱਗ ਗਏ ਹਨ, ਜ਼ਮਾਨਾ ਛੋਟੀਆਂ ਚੀਜ਼ਾਂ ਦਾ ਆ ਗਿਆ ਹੈ। ਮੇਰੇ ਦੇਖਦੇ ਹੀ ਦੇਖਦੇ ਮੇਰਾ ਭਤੀਜਾ ਇੰਜਨੀਅਰੀ ਪੜ੍ਹਨ ਲੱਗ ਪਿਆ। ਇਕ ਹੋਰ ਵਾਰੀ ਜਦ ਮੈਂ ਆਪਣੇ ਪਿੰਡ ਅਇਆ ਤਾਂ ਉਸਨੇ ਮੈਨੂੰ ਇਕ ਬੂਟਾਂ ਦੇ ਡੱਬੇ ਜਿੱਡਾ ਰੇਡੀਓ ਦਿਖਾਇਆਂ ਜੋ ਉਸਨੇ ਆਪ ਬਣਾਇਆ ਸੀ। ਇਹ ਉਸਦੇ ਕਾਲਜ ਦਾ ਪ੍ਰਾਜੈਕਟ ਸੀ। ਉਸਨੇ ਦੱਸਿਆ ਕਿ ਉਸਨੇ ਮਾਰਕੋਨੀ ਦੇ ਸਾਰੇ ਚੰਗੇ ਚੰਗੇ ਪੁਰਜ਼ੇ ਕੱਢ ਕੇ ਇਸ ਵਿਚ ਪਾ ਲਏ ਹਨ। "ਇਸ ਕਰਕੇ ਮੈਂ ਤੈਨੂੰ ਹਿਸਾਬ ਦੇ ਸਵਾਲ ਸਮਝਾਂਉਂਦਾ ਰਿਹਾ ਕਿ ਤੂੰ ਇੰਜਨੀਅਰ ਬਣ ਕੇ ਇਕ ਦਿਨ ਮਾਰਕੋਨੀ ਹੀ ਚੁੱਕ ਦੇਵੇਂ?" ਮੈਂ ਉਸ ਤੇ ਬੇਹੱਦ ਖਫ਼ਾ ਹੋਇਆ।

ਪਰ ਜ਼ਮਾਨਾ ਤੇ ਭਰਾ ਦਾ ਘਰ ਮੇਰੇ ਨਾਲ ਨਹੀਂ ਸਨ। ਮਾਰਕੋਨੀ ਦੇ ਖੋਖੇ ਤੋਂ ਹੁਣ ਘਰ ਵਿਚ ਬਾਲਣ ਵਾਲੇ ਅੰਦਰੋਂ ਗੁੱਲ, ਟੋਕ, ਪਾਥੀਆਂ, ਛਿਟੀਆਂ ਆਦਿ ਲਿਆ ਕੇ ਚੁਲ੍ਹੇ ਮੂਹਰੇ ਰੱਖਣ

(ਬਾਕੀ ਸਫਾ 34 ਉਤੇ)

**ਕਹਾਣੀ**

# ਭੋਲਾ ਭਗਤ

**ਰਾਜੇਸ਼ਵਰ ਸਿੰਘ 'ਸੂਰਾਪੁਰੀ'**
ਫੋਨ:916-969-9337

"ਚਰਨ ਕੁਰੇ! ਭਗਤ ਜੀ ਚਲ ਵਸੇ।" ਗੁਆਂਢਣ ਮਾਈ ਨੇ ਮੇਰੀ ਮਾਂ ਨੂੰ ਅਵਾਜ਼ ਮਾਰਕੇ ਦੱਸਿਆ। "ਹੈਅ...! ਕੀ ਹੋਇਆ?" ਮਾਂ ਨੂੰ ਯਕੀਨ ਨਹੀਂ ਆ ਰਿਹਾ। ਚੰਗਾ-ਭਲਾ ਤਾਂ ਕੱਲ ਗਲੀ 'ਚੋਂ ਲੰਘਦਾ ਉਸ ਨੇ ਦੇਖਿਆ ਸੀ।

"ਬਸ...ਸੁੱਤਾ ਪਿਆ ਹੀ ਰਹਿ ਗਿਆ!" ਗੁਆਂਢਣ ਨੂੰ ਕਿਸੇ ਤੋਂ ਪੱਕੀ ਖਬਰ ਮਿਲੀ ਜਾਪਦੀ ਏ। ਸੁਣ ਕੇ ਮੇਰਾ ਆਪਣਾ ਮਨ ਵੀ ਬੜਾ ਉਦਾਸ ਹੋ ਗਿਐ। ਮੌਤਾਂ ਤਾਂ ਹੋਰ ਵੀ ਗਲੀ-ਮੁਹੱਲੇ 'ਚ ਬਜੁਰਗਾਂ ਦੀਆਂ ਹੋਈਆਂ ਸਨ, ਪਰ ਇਸ ਵਾਰੀ ਕੁਝ ਅਜੀਬ ਜਿਹਾ ਮਹਿਸੂਸ ਹੋ ਰਿਹੈ। ਮੇਰੀ ਜ਼ਿੰਦਗੀ ਦਾ ਮਾਰਗ ਦਰਸ਼ਕ ਰਿਹਾ ਇਹ ਟਿਮਟਿਮਾਉਂਦਾ ਦੀਵਾ, ਹਵਾ ਦੇ ਇਕ ਹੀ ਝੋਕੇ ਨਾਲ ਬੁਝ ਗਿਐ।

ਭਗਤ ਜੀ ਇਕ ਨਿਵੇਕਲੀ ਸ਼ਖਸੀਅਤ ਦੇ ਮਾਲਕ ਸਨ! ਉਨ੍ਹਾਂ ਦੀ ਸਾਦਗੀ ਤੇ ਸਵੱਛ ਦਿਖ ਦਾ ਮੇਰੇ 'ਤੇ ਡੂੰਘਾ ਪ੍ਰਭਾਵ ਰਿਹੈ। ਸਾਊ ਸੁਭਾ, ਮਿਠ ਬੋਲੜੇ ਤੇ ਨਿਮਰਤਾ ਦੇ ਪੁੰਜ ਸਨ ਉਹ। ਮੇਰੀਆਂ ਅੱਖਾਂ ਸਾਹਮਣੇ ਅੱਜ ਵੀ ਉਂਝ ਹੀ ਫਿਰ ਰਹੇ ਨੇ, ਜਿਵੇਂ ਕਿ ਅਕਸਰ ਗਲੀ 'ਚੋਂ ਲੰਘਿਆ ਕਰਦੇ ਸਨ। ਗਲ੍ਹ 'ਚ ਕੇਸਰੀ ਪਰਨਾ ਲਟਕਾਈ ਤੇ ਦੋਹਾਂ ਹੱਥਾਂ ਨਾਲ ਉਸ ਨੂੰ ਇੰਜ ਪਕੜੇ ਹੋਏ, ਜਾਣੋ ਧਰਤੀ ਮਾਂ ਨੂੰ ਨਿਮਸਕਾਰ ਕਰਦੇ ਜਾ ਰਹੇ ਹੋਣ। ਸੁਬ੍ਹਾ ਤੇ ਸ਼ਾਮ ਨੇਮ ਨਾਲ ਗੁਰਦਵਾਰੇ ਜਾਂਦੇ। ਬਾਣੀ ਸਰਵਣ ਕਰਦੇ, ਸੰਗਤਾਂ ਦੇ ਜੋੜੇ ਝਾੜਦੇ ਹੋਏ ਸਭ ਨੂੰ ਖਿੜੇ ਮੱਥੇ ਮਿਲਦੇ। ਵਿਸਾਖੀ ਵਾਲੇ ਦਿਨ ਉਹ ਘੰਟਿਆਂ ਬੱਧੀ ਨਲਕਾ ਗੇੜ ਕੇ ਸੰਗਤਾਂ ਨੂੰ ਠੰਡਾ ਜਲ ਛਕਾਉਂਦੇ ਰਹਿੰਦੇ।

ਸ਼ੋਰ-ਸ਼ਰਾਬਾ ਉਨ੍ਹਾਂ ਦੇ ਸੁਭਾ ਨਾਲ ਮੇਲ ਨਾ ਖਾਂਦਾ ਅਤੇ ਅਜਿਹੇ ਮਾਹੌਲ ਤੋਂ ਹਮੇਸ਼ਾ ਹੀ ਦੂਰ ਰਹਿੰਦੇ। ਕਿਸੇ ਮਜ਼ਲੂਮ ਦਾ ਦੁੱਖ ਵੰਡਾਉਣ ਅਤੇ ਕਿਸੇ ਬਿਮਾਰ ਦੀ ਖ਼ਬਰ-ਸਾਰ ਲੈਣ ਉਹ ਝੱਟ ਪਹੁੰਚ ਜਾਂਦੇ। ਡਾਕਟਰ ਦੀ ਦਵਾ ਤੇ ਉਨ੍ਹਾਂ ਦੀ ਵਾਹਿਗੁਰੂ ਅੱਗੇ ਕੀਤੀ ਦੁਆ ਨਾਲ ਮਰੀਜ਼ ਤੰਦਰੁਸਤ ਹੁੰਦਾ ਚਲੇ ਜਾਂਦਾ। ਉਨ੍ਹਾਂ ਦੀਆਂ ਅੱਖਾਂ ਵਿਚ ਹਮੇਸ਼ਾ ਭਗਤੀ ਦੇ ਸਰੂਰ ਅਤੇ ਆਤਮਿਕ ਨੂਰ ਦਾ ਸੁਮੇਲ ਦਿਖਾਈ ਦਿੰਦਾ ਸੀ। ਚਿਹਰੇ 'ਤੇ ਸੰਤੋਖ ਅਤੇ ਬੇ-ਫਿਕਰੀ ਦੀ ਆਭਾ ਛਾਈ ਰਹਿੰਦੀ। ਨਿਰਛੱਲ ਤੇ ਭੋਲ਼ੀ ਜਿਹੀ ਸ਼ਖਸੀਅਤ ਦੇ ਮਾਲਕ ਸਨ ਉਹ, ਜੋ ਹਮੇਸ਼ਾ ਹੀ ਸਭ ਦਾ ਭਲਾ ਲੋਚਦੇ। ਨਗਰ ਦੀਆਂ ਸੱਜ-ਵਿਆਹੀਆਂ ਬਹੂਆਂ ਤੋਂ ਜਦੋਂ ਭਗਤ ਜੀ ਦੇ ਪੈਰੀਂ ਹੱਥ ਲਗਵਾਇਆ ਜਾਂਦਾ, ਉਹ ਸਭ ਨੂੰ 'ਦੁੱਧੀਂ ਨਹਾਵੇਂ... ਪੁੱਤੀਂ ਫਲੇਂ' ਆਦਿ ਅਸੀਸਾਂ ਦਿੰਦੇ। ਉਨ੍ਹਾਂ ਦੇ ਅਤਿ ਨਿਮਰਤਾ ਵਾਲੇ ਸੁਭਾ ਕਾਰਨ ਹੀ ਸਾਰੇ ਲੋਕ ਉਨ੍ਹਾਂ ਨੂੰ 'ਭਗਤ ਜੀ' ਆਖ ਕੇ ਬੁਲਾਉਣ ਲੱਗ ਪਏ ਸਨ।

ਮਾਂ ਨੇ ਰੋਟੀ ਵਾਲੀ ਥਾਲ਼ੀ ਮੇਰੇ ਅੱਗੇ ਰੱਖਦਿਆਂ ਕਿਹਾ, "ਪੁੱਤ ਰੋਟੀ ਖਾ ਲੈ, ਪਤਾ ਨੀਂ ਕਿੰਨਾ ਟੈਮ ਓਥੇ ਲੱਗ ਜੇ। ਸਸਕਾਰ ਤਾਂ ਸ਼ੈਦ ਉਦੇ ਲੜਕੇ ਦੇ ਦਿੱਲੀ ਤੋਂ ਆਣ 'ਤੇ ਹੀ ਕਰਨਗੇ।" ਮਾਂ ਵੀ ਛੇਤੀ-ਛੇਤੀ ਰੋਟੀ ਖਾ ਕੇ ਅੰਦਰ ਕਪੜੇ ਬਦਲਣ ਚਲੇ ਗਈ ਹੈ।

ਭਗਤ ਜੀ ਦੇ ਘਰ ਅੱਗੇ ਲੋਕਾਂ ਦੀ ਭੀੜ ਜਮਾਂ ਹੋਣ ਲੱਗ ਪਈ ਹੈ। ਇਸ ਕੱਚੇ ਕੋਠੇ ਵਿਚ ਹੀ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਬਸਰ ਕਰ ਲਿਆ। ਦਰਵਾਜ਼ੇ ਦੀ ਚੁਗਾਠ ਸਿਓਂਕ ਨੇ ਖਾ ਲਈ ਜਾਪਦੀ ਐ। ਦੋਵੇਂ ਪੱਲੇ ਵੀ ਇਕ ਜਗ੍ਹਾ ਮਿਲਣ ਦੀ ਬਜਾਏ ਇਕ ਦੂਜੇ ਨੂੰ ਧੱਕਦੇ ਹੋਏ, ਉੱਚੇ ਨੀਵੇਂ ਹੋ ਕੇ ਹੀ ਭਿੜਦੇ ਹਨ। ਛੱਤ ਦੀਆਂ ਕੜੀਆਂ ਕਈ ਜਗ੍ਹਾ ਤੋਂ ਲਮਕੀਆਂ ਹੋਈਆਂ ਹਨ, ਜਿਨ੍ਹਾਂ 'ਤੇ ਚਿੜੀਆਂ ਨੇ ਆਪਣੇ ਆਲ੍ਹਣੇ ਬਣਾਏ ਹੋਏ ਹਨ। ਥੋੜ੍ਹੇ ਜਿਹੇ ਖੜਾਕ ਨਾਲ ਹੀ ਫੁਰਰਰ... ਕਰਕੇ ਉੜ ਜਾਣ ਵਾਲੀਆਂ ਚਿੜੀਆਂ, ਖ਼ਾਮੋਸ਼ ਆਉਂਦੇ ਜਾਂਦਿਆਂ ਵਲ ਤੱਕਦੀਆਂ ਸਿਰ ਸੁੱਟੀ ਬੈਠੀਆਂ ਹਨ। ਇਸ ਤਿੰਨ ਖਣ ਦੇ ਕਮਰੇ ਦੇ ਦੋਵੇਂ ਸ਼ਤੀਰ ਵੀ ਆਪਣੀ ਉਮਰ ਪੁਗਾ ਕੇ, ਆਪਣੇ ਮਾਲਕ ਪ੍ਰਤੀ ਵਫ਼ਾਦਾਰੀ ਹੀ ਨਿਭਾ ਰਹੇ ਜਾਪਦੇ ਨੇ। ਵਕਤ ਨੂੰ ਧੱਕਾ ਲਾ ਰਿਹਾ, ਆਲੇ ਦੁਆਲੇ ਦੇ ਪੱਕੇ ਮਕਾਨਾਂ 'ਚ ਘਿਰਿਆ ਇਹ ਕੱਚਾ ਕੋਠਾ, ਪੁਰਾਣੇ ਸੱਭਿਆਚਾਰ ਦੀ ਨਿਸ਼ਾਨੀ ਜਾਪਦੈ।

ਇਕ ਖੂੰਜੇ ਪੱਕੀਆਂ ਇੱਟਾਂ ਰੱਖ ਕੇ ਚੁੱਲ੍ਹਾ ਬਣਾਇਆ ਹੋਇਆ ਏ। ਉਸ ਦੇ ਕੋਲ ਇਕ ਚਾਹ-ਪੱਤੀ ਨਾਲ ਲਿਬੜੀ ਬਾਟੀ ਤੇ ਇਕ ਕੌਲੀ ਵਿਚ ਥੋੜ੍ਹੀ ਜਿਹੀ ਬਚੀ ਹੋਈ ਦਾਲ ਪਈ ਹੈ ਜਿਸ ਤੋਂ ਪਤਾ ਲੱਗਦਾ ਏ ਕਿ ਭਗਤ ਜੀ ਰਾਤੀਂ ਚੰਗੇ ਭਲੇ ਖਾ-ਪੀ ਕੇ ਸੁੱਤੇ ਨੇ। ਸਵੇਰੇ ਜਦੋਂ ਇਕ ਗਵਾਂਢਣ ਉਨ੍ਹਾਂ ਨੂੰ ਖੀਰ ਛਕਾਉਣ ਵਾਸਤੇ ਲੈਣ ਗਈ, ਤਾਂ ਉਸ ਨੇ ਦੇਖਿਆ ਕਿ ਭਗਤ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਇਸ ਦੁਨੀਆਂ ਤੋਂ ਵਿਦਾ ਹੋ ਗਏ ਹਨ। ਇਕ ਦਮ ਇਹ ਖਬਰ ਸਾਰੇ ਪਿੰਡ 'ਚ ਫੈਲ ਗਈ। ਭਗਤ ਜੀ ਦੇ ਲੜਕੇ ਨੂੰ ਦਿੱਲੀ ਫੋਨ ਕਰਨ ਲਈ ਦੋ ਗਵਾਂਢੀ ਮੁੰਡੇ ਸ਼ਹਿਰ ਨੂੰ ਦੌੜ ਗਏ...ਤੇ ਕੁਝ ਨੇੜੇ-ਤੇੜੇ ਦੇ ਰਿਸ਼ਤੇਦਾਰਾਂ ਨੂੰ ਖਬਰ ਦੇਣ ਚਲੇ ਗਏ ਹਨ।

ਨਾਲ ਵਾਲਾ ਘਰ ਉਨ੍ਹਾਂ ਦੇ ਛੋਟੇ ਭਰਾ ਬੰਤ ਸਿੰਘ ਦਾ ਹੈ। ਦੋਹਾਂ ਭਰਾਵਾਂ ਦਾ ਤਾਂ ਆਪਸੀ ਚੰਗਾ ਪਿਆਰ ਬਣਿਆ ਰਿਹਾ, ਪਰ ਜਦੋਂ ਦੀ ਬੰਤ ਸਿੰਘ ਦੇ ਲੜਕੇ 'ਬੰਸੀ' ਦੀ ਬਹੂ 'ਚਰਨੋ' ਵਿਆਹੀ ਆਈ ਸੀ, ਘਰ 'ਚ ਕਲ੍ਹਾ-ਕਲੇਸ਼ ਸ਼ੁਰੂ ਹੋ ਗਿਆ। ਭਗਤ ਜੀ ਦਾ ਵੀ ਚਰਨੋ ਨੇ ਕਦੀ ਹਾਲ-ਚਾਲ ਨਹੀਂ ਸੀ ਪੁੱਛਿਆ। ਉਸੇ ਘਰ ਦੇ ਵਿਹੜੇ ਵਿਚ ਧੁੱਪੇ ਦਰੀਆਂ ਵਿਛਾ ਦਿੱਤੀਆਂ ਗਈਆਂ। ਇਕ ਪਾਸੇ ਆਦਮੀ ਬੈਠੇ ਨੇ ਅਤੇ ਕੁਝ ਹਟਵੀਆਂ ਦਰੀਆਂ 'ਤੇ ਜ਼ਨਾਨੀਆਂ ਬੈਠੀਆਂ ਗੱਲਾਂ ਕਰ ਰਹੀਆਂ ਹਨ। ਵਿਚੋਂ ਹੀ ਕਦੀ-ਕਦੀ ਕਿਸੇ ਜ਼ਨਾਨੀ ਦੇ ਉੱਚੀ ਰੋਣ ਦੀ ਆਵਾਜ਼ ਸੁਣਾਈ ਦਿੰਦੀ ਹੈ।

"ਦੇਖ!...ਕਿੱਦਾਂ ਕੂਕਾਂ ਮਾਰਦੀ ਆ ਹੁਣ...ਜੀਊਂਦੇ ਜੀਅ ਪਾਣੀ ਦਾ ਘੁੱਟ ਨੀਂ ਪੁੱਛਿਆ।" ਬੰਤ ਸਿੰਘ ਕੋਲੋਂ ਬੋਲਣੋਂ ਰਿਹਾ ਨਾ ਗਿਆ।

"ਇਹ ਕੌਣ ਆਂ ਭਲਾ?" ਇਕ ਆਦਮੀ ਨੇ ਜਾਨਣਾ ਚਾਹਿਆ।

"ਬੰਸੀ ਦੀ ਵਹੁਟੀ, ਹੋਰ ਕੌਣ?" ਆਪਣੇ ਦੇਵਤੇ ਸਮਾਨ ਭਰਾ ਦੀ ਕੀਤੀ ਅਣਦੇਖੀ ਦਾ ਦੁੱਖ ਉਸ ਦੇ ਚਿਹਰੇ 'ਤੇ ਸਾਫ਼ ਝਲਕ ਰਿਹੈ।

"ਤਾਇਆ! ਕਿੰਨੀ ਕੁ ਉਮਰ ਹੋਊ ਭਗਤ ਜੀ ਦੀ?" ਮਾਸਟਰ ਬਖਸ਼ੀਸ਼ ਸਿੰਘ ਨੇ ਪੁੱਛਿਆ।

"ਜਾਣ ਪਈ ਜਦੋਂ ਪਾਕਿਸਤਾਨ ਬਣਿਆ ਉਸ ਵਕਤ ਮੇਰੀ ਉਮਰ ਕੋਈ ਵੀਹ ਕੁ ਸਾਲ ਦੀ ਸੀ... ਬਾਈ ਮੇਰੇ ਨਾਲੋਂ ਚਾਰ ਕੁ ਸਾਲ ਵੱਡਾ ਸੀ...ਹੁਣ ਤੂੰ ਆਪੇ ਸਾਭ ਲਾ ਲੈ।"

"ਕੋਈ ਅੱਸੀ-ਪਚਾਸੀ ਨੂੰ ਢੁੱਕਿਆ ਹੋਊ..." ਮਾਸਟਰ ਜੀ ਪੂਰਾ ਹਿਸਾਬ ਨਾ ਲਾ ਸਕੇ।

"ਬਾਈ ਮੇਰੇ ਨੇ ਸਾਰੀ ਉਮਰ ਨਸ਼ੇ ਦਾ ਸੁਆਦ ਨੀਂ ਦੇਖਿਆ... ਤਿੰਨ ਮਣ ਦੀ ਬੋਰੀ ਕੱਲਾ ਕਲ੍ਹਾਵਾ ਭਰ ਕੇ ਗੱਡੇ ਤੇ ਸੁੱਟ ਦਿੰਦਾ ਸੀ।" ਬੰਤ ਸਿੰਘ ਨੇ ਜਵਾਨੀ ਦੇ ਸਮੇਂ ਨੂੰ ਯਾਦ ਕਰਦਿਆਂ ਆਖਿਆ।

"ਆਹੋ ਭਾਈ! ਛੰਨਾ-ਛੰਨਾ ਘਿਓ ਦਾ ਵੀ ਤਾਂ ਪੀ ਜਾਂਦੇ ਸੀ ਅਸੀਂ।" ਭਗਤ ਜੀ ਦਾ ਇਕ ਹਾਣੀ ਬਜ਼ੁਰਗ ਮਾਣ ਨਾਲ ਕਹਿਣ ਲੱਗਾ।

"ਖੈਰ, ਭਲਾ ਪੁਰਸ਼ ਸੀ...ਹਰ ਵੇਲੇ ਖੁਸ਼ ਰੈਂਦਾ ਸੀ।" ਇਕ ਹੋਰ ਗਵਾਂਢੀ ਬੋਲਿਆ।

"ਆਹੋ ਜੀ! ਕੀ ਰੱਖਿਆ ਦੁਨੀਆਂ 'ਚ...ਜਿਤਨੀ ਘੜੀ ਹੱਸ-ਰਸ ਕੇ ਲੰਘ ਜੇ ਓਹੀ ਚੰਗੀ ਐ।" ਛੱਜੂ ਨਾਈ ਵੀ ਬਹੁਤ ਉਦਾਸ ਏ।

"ਚਲੋ-ਚਲੀ ਦਾ ਮੇਲੈ ਭਾਈ!...ਸਭ ਕੁਝ ਏਥੇ ਈ ਛੱਡ ਜਾਣਾ।" ਇਕ ਬਜ਼ੁਰਗ ਨੇ ਹਉਕਾ ਜਿਹਾ ਲੈ ਕੇ ਕਿਹਾ।

ਕਈ ਹੋਰ ਲੋਕ ਵੀ ਭਗਤ ਜੀ ਦੇ ਜੀਵਨ-ਕਾਲ ਸਬੰਧੀ ਆਪਣੇ-ਆਪਣੇ ਤਜ਼ਰਬੇ ਅਨੁਸਾਰ ਕਈ ਵਚਿੱਤਰ ਗੱਲਾਂ ਸੁਣਾ ਰਹੇ ਨੇ। ਲੋਕ ਬੰਤ ਸਿੰਘ ਕੋਲ ਅਫ਼ਸੋਸ ਕਰਨ ਲਈ ਆ-ਜਾ ਰਹੇ ਹਨ। "ਭਗਤ ਜੀ ਲਈ ਨਵੇਂ ਕਪੜੇ ਸੁਆ ਲਏ? ਲਕੜੀਆਂ, ਹਵਨ ਵਾਲੀ ਸਮਗਰੀ ਤੇ ਦੇਸੀ ਘਿਓ ਵੀ ਚਾਹੀਦਾ ਸਸਕਾਰ ਕਰਨ ਲਈ?" ਬੰਸੀ ਦੇ ਫੁੱਫੜ ਨੇ ਯਾਦ ਕਰਾਉਂਦਿਆਂ ਆਖਿਐ, "ਆਹੋ ਬਾਪੂ! ਮੈਂ ਕਰਦਾਂ ਇੰਤਜ਼ਾਮ...ਰੰਗ-ਬਰੰਗੀਆਂ ਝੰਡੀਆਂ ਤੇ ਗੁਬਾਰੇ ਵੀ ਲਿਆਣੇ ਆਂ ਅਰਥੀ ਸਜਾਣ ਲਈ।" ਕਹਿੰਦਾ ਹੋਇਆ ਬੰਸੀ ਉਠ ਕੇ ਚਲੇ ਜਾਂਦਾ ਹੈ।

ਜ਼ਮੀਨ ਦੀ ਵੰਡ ਹੁੰਦੇ-ਹੁੰਦੇ ਮਸਾਂ ਛੇ ਕਨਾਲਾਂ ਜ਼ਮੀਨ ਭਗਤ ਜੀ ਦੇ ਹਿੱਸੇ ਆਈ ਸੀ। ਜਿਵੇਂ-ਕਿਵੇਂ ਮਿਹਨਤ ਕਰਕੇ ਉਨ੍ਹਾਂ ਨੇ ਆਪਣੇ ਲੜਕੇ 'ਅਮਰੀਕ ਸਿੰਘ' ਨੂੰ ਪੜ੍ਹਾਉਣ ਦਾ ਪੂਰਾ ਯਤਨ ਕੀਤਾ। ਪਰ ਉਹ ਦਸਵੀਂ 'ਚੋਂ ਫੇਲ੍ਹ ਹੋ ਕੇ, ਕੰਮ ਦੀ ਭਾਲ 'ਚ ਦਿੱਲੀ ਆਪਣੇ ਮਾਮਾ ਜੀ ਕੋਲ ਚਲੇ ਗਿਆ। ਮਾਮਾ ਜੀ ਉਸ ਦੇ ਠੇਕੇਦਾਰ ਸਨ ਜੋ ਨਵੀਆਂ ਬਣਦੀਆਂ ਕੋਠੀਆਂ ਵਿਚ ਬਿਜਲੀ ਦੀ ਫਿਟਿੰਗ ਦਾ ਕੰਮ ਕਰਵਾਉਂਦੇ ਸਨ। ਦੋਵੇਂ ਮਾਮਾ-ਭਾਣਜਾ ਮਿਹਨਤ ਨਾਲ ਕੰਮ ਕਰਨ ਲੱਗੇ।

ਅਮਰੀਕ ਸਿੰਘ ਨੇ ਰਹਿਣ ਲਈ ਆਪਣਾ ਵੱਖਰਾ ਮਕਾਨ ਲੈ ਲਿਆ। ਉਸ ਦਾ ਵਿਆਹ ਦਿੱਲੀ ਰਹਿੰਦੇ ਇਕ ਪੰਜਾਬੀ ਪਰਿਵਾਰ ਦੀ ਲੜਕੀ ਨਾਲ ਹੋ ਗਿਆ। ਆਪਣੇ ਪਿਤਾ ਜੀ ਨੂੰ ਵੀ ਉਸ ਨੇ ਦਿੱਲੀ ਬੁਲਾ ਲਿਆ ਸੀ। ਭਗਤ ਜੀ ਦੀ ਬਹੂ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਇਤਨੀ ਦੇਖਭਾਲ ਦੇ ਬਾਵਜੂਦ ਵੀ ਦਿੱਲੀ ਦਾ ਅਸ਼ਾਂਤ ਮਹੌਲ ਭਗਤ ਜੀ ਨੂੰ ਰਾਸ ਨਾ ਆਇਆ। ਹਰ ਵਕਤ ਉਨ੍ਹਾਂ ਦੀਆ ਅੱਖਾਂ ਹਰੇ-ਭਰੇ ਖੇਤ ਦੇਖਣ ਤੇ ਖੁਲ੍ਹੇ ਅਸਮਾਨ ਹੇਠ ਤਾਰਿਆਂ ਨਾਲ ਗੱਲਾਂ ਕਰਨ ਨੂੰ ਤਰਸਦੀਆਂ ਰਹਿੰਦੀਆਂ। ਪਰ ਅਮਰੀਕ ਸਿੰਘ ਦਾ ਮੁੜ ਪਿੰਡ ਆ ਕੇ ਵਸਣ ਦਾ ਕੋਈ ਇਰਾਦਾ ਨਹੀਂ ਸੀ। ਮਾਯੂਸ ਹੋ ਕੇ ਇਕ ਦਿਨ ਭਗਤ ਜੀ ਕਹਿਣ ਲੱਗੇ, "ਮਖ਼ਾਂ ਅਮਰੀਕ ਸਿਆਂ...!"

"ਹਾਂ ਪਿਤਾ ਜੀ!"

"ਮੈਨੂੰ ਪਿੰਡ ਛੱਡ ਆ ਪੁੱਤ!... ਏਥੇ ਮੇਰਾ ਦਿਲ ਨੀਂ ਲੱਗਦਾ।"

"ਤੁਹਾਨੂੰ ਇੱਥੇ ਕੋਈ ਪ੍ਰੇਸ਼ਾਨੀ ਹੈ?"

"ਪ੍ਰੇਸ਼ਾਨੀ ਤਾਂ ਕੋਈ ਨੀਂ ਪਰ..."

"ਪਰ ਕੀ...ਦੱਸੋ ਨਾ?"

"ਐਤਕੀਂ ਬਰਸਾਤ ਬ੍ਹੌਤ ਹੋਈ ਆ... ਕੱਚੇ ਕੋਠਿਆਂ ਦੀ ਕਾਕਾ ਸਾਂਭ-ਸੰਭਾਲ ਨਾ ਰਹੇ ਤਾਂ ਡਿਗ ਪੈਂਦੇ ਆ... ਮੈਂ ਓਥੇ ਹੋਵਾਂਗਾ ਤਾਂ ਮਾੜੀ-ਮੋਟੀ ਲਿੱਪਾ-ਪੋਚੀ ਕਰਦਾ ਰਹਾਂਗਾ... ਆਖਿਰ ਆਪਣੇ ਪਿੰਡ 'ਚ ਵੀ ਤਾਂ ਕੋਈ ਟਿਕਾਣਾ ਹੋਣਾ ਚਾਹੀਦੈ ਕਿ ਨਾ?"

"ਪਿਤਾ ਜੀ ਹੁਣ ਤੁਸੀਂ ਪਿੰਡ ਵਾਲੇ ਕੋਠੇ ਦੀ ਗੱਲ ਛੱਡੋ... ਅਸੀਂ ਨਹੀਂ ਜਾਣਾ ਪਿੰਡ... ਢਹਿੰਦਾ ਹੈ ਤਾਂ ਢਹਿ ਜਾਏ... ਤੁਸੀਂ ਇੱਥੇ ਅਰਾਮ ਨਾਲ ਰਹੋ।"

"ਨਹੀਂ ਪੁੱਤ!... ਆਪਣੀ ਉਹ ਜੋ ਜ਼ਮੀਨ ਹੈ ਨਾ...ਉਸ ਦਾ ਵੀ ਕੁਝ ਕਰਨਾ ਹੈ... ਨਵੇਂ ਸਿਰਿਓਂ ਕਿਸੇ ਹੋਰ ਨੂੰ ਬਦਲ ਕੇ ਦੇਣੀ ਪੈਣੀ ਆਂ... ਪਹਿਲੇ ਭੋਲੀਦਾਰ ਦਾ ਮੁੰਡਾ ਜਰਮਨ ਚਲੇ ਗਿਆ... ਹੁਣ ਉਸ ਕੱਲੇ ਵਿਚਾਰੇ ਤੋਂ ਖੇਤੀ ਸਾਂਭੀ ਨੀਂ ਜਾਂਦੀ।" ਅਮਰੀਕ ਸਿੰਘ ਨੂੰ ਆਪਣੇ ਪਿਤਾ ਜੀ ਦੇ ਪਿੰਡ ਜਾਣ ਦੀ ਡਾਢੀ ਸਿੱਕ ਅੱਗੇ ਝੁਕਣਾ ਹੀ ਪਿਆ।

ਭਗਤ ਜੀ ਦਾ ਸਰੀਰ ਹੁਣ ਕਾਫੀ ਬਿਰਧ ਹੋ ਗਿਆ ਸੀ। ਉਹ ਅਕਸਰ ਹੀ ਖੱਦਰ ਦਾ ਪੁਰਾਣਾ ਜਿਹਾ ਕੁੜਤਾ ਪਜਾਮਾ ਪਹਿਨਦੇ, ਜਿਸ ਦਾ ਘਸਮੈਲਾ ਜਿਹਾ ਰੰਗ, ਚਿੱਟੀ ਕਲੀ ਕੀਤੀ ਕਿਸੇ ਪੁਰਾਣੀ ਕੰਧ ਵਰਗਾ ਜਾਪਦਾ ਸੀ। ਢਿਲਕੀ ਜਿਹੀ ਚਾਰ ਕੁ ਮੀਟਰ ਦੀ ਪੱਗ, ਗਲ 'ਚ ਕੇਸਰੀ ਰੰਗ ਦਾ ਪਰਨਾ, ਪੈਰਾਂ 'ਚ ਧੌੜੀ ਦੀ ਜੁੱਤੀ, ਘਸ ਕੇ ਜਿਸ ਵਿਚੋਂ ਦੋਨੋਂ ਪੈਰਾਂ ਦੀਆਂ ਦੋ-ਦੋ ਉਂਗਲੀਆਂ ਬਾਹਰ ਨਜ਼ਰ ਆਉਂਦੀਆਂ ਸਨ। ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਈ ਹੱਥ 'ਚ ਸੋਟਾ ਫੜੀ, ਉੱਚੀ-ਨੀਵੀਂ ਥਾਂ ਪੈਰ ਸਾਵਧਾਨੀ ਨਾਲ ਧਰਦੇ ਹੋਏ, ਮੇਰੇ ਘਰ ਦੀ ਡਿਓੜੀ 'ਚ ਆ ਕੇ ਆਵਾਜ਼ ਮਾਰਿਆ ਕਰਦੇ ਸਨ, "ਕਾਕਾ!...ਘਰੇ ਐਂ?"

"ਹਾਂ ਜੀ ਭਗਤ ਜੀ! ਲੰਘ ਆਵੋ।" ਬਾਹੋਂ ਫੜ ਕੇ ਮੈਂ ਉਨ੍ਹਾਂ ਨੂੰ ਮੰਜੇ 'ਤੇ ਬਿਠਾ ਦਿੰਦਾ ਸਾਂ।

ਕੁਝ ਦਾਣਾ-ਫੱਕਾ ਜ਼ਮੀਨ ਤੋਂ ਆ ਜਾਂਦਾ ਸੀ। ਖਰਚੇ ਲਈ ਬਾਕੀ ਪੈਸੇ ਅਮਰੀਕ ਸਿੰਘ ਦਿੱਲੀ ਤੋਂ ਭੇਜ ਦਿੰਦਾ। ਜੇ ਚਿੱਠੀ ਜਾਂ ਪੈਸੇ ਆਉਣ ਨੂੰ ਦੇਰ ਹੋ ਜਾਂਦੀ, ਤਾਂ ਭਗਤ ਜੀ ਹੱਥ 'ਚ ਪੋਸਟ-ਕਾਰਡ ਫੜੀ ਮੇਰੇ ਕੋਲ ਆ ਜਾਂਦੇ।...ਤੇ ਇਕ ਦਿਨ ਫੇਰ ਉਹ ਏਸੇ ਮਕਸਦ ਲਈ ਹੀ ਮੇਰੇ ਕੋਲ ਆਏ ਸਨ। ਮੈਂ ਆਪਣਾ ਪੈਨ ਲੈ ਕੇ ਜਾਣਦਿਆਂ ਹੋਇਆਂ ਵੀ ਪੁੱਛਦਾ ਹਾਂ, "ਭਗਤ ਜੀ ਕਿਵੇਂ ਆਉਣੇ ਹੋਏ?"

"ਪੁੱਤ ਖਤ ਲਿਖਾਣਾ ਸੀ ਅਮਰੀਕ ਸਿਓਂ ਨੂੰ।"

"ਦੱਸੋ ਕੀ ਲਿਖਾਣਾ?" ਮੈਂ ਪੋਸਟ-ਕਾਰਡ ਫੜਦੇ ਹੋਏ ਪੁੱਛਿਆ।

"ਲਿਖਦੇ... ਚਿੱਠੀ ਨਾ ਸਮਝਣਾ ਤਾਰ ਸਮਝਣਾ।"

"ਹੋਰ...?"

"ਤੁਹਾਡੇ ਪੈਸੇ ਨੀਂ ਮਿਲੇ?"

"ਹੋਰ ਕੀ ਲਿਖਾਂ?"

"ਪ੍ਰਸਿੰਨੀ ਦੀ ਕੁੜੀ ਦਾ ਬਿਆਹ ਆ ਗਿਆ... ਜੋੜਾ-ਜਾਮਾਂ ਲੈ ਕੇ ਜਾਣਾ... ਛਿੰਦੋ ਦੇ ਮੁੰਡੇ ਦੀ ਵੀ ਲੋਹੜੀ ਆ...ਚਾਰ ਛਿੱਲੜ ਓਥੇ ਵੀ ਦੇਣੇ ਆਂ।"

"ਹੋਰ ਕੁਝ?"

"ਗੋਡਿਆਂ 'ਚ ਦਰਦ ਰੈਂਦਾ... ਅਲਸੀ ਦੀਆਂ ਪਿੰਨੀਆਂ ਬਣਾਣੀਆਂ...ਕਾਕਾ ਪੁੱਛ ਲਾ ਜੇ ਉਨ੍ਹਾਂ ਨੂੰ ਵੀ ਚਾਈਦੀਆਂ... ਕਿਸੇ ਆਂਦੇ-ਜਾਂਦੇ ਕੋਲ ਭੇਜ ਦਿਆਂਗਾ।"

"ਹੋਰ ਲਿਖਾਓ ਕੀ ਲਿਖਾਣਾ...?"

"ਹੋਰ ਕੁਸ ਨੀਂ ...ਬਸ ਏਦਾਂ ਲਿਖਦੇ...ਇਹ ਚਿੱਠੀ ਪੈਲਾਂ ਮੇਰੀ ਬਹੂ ਨੂੰ ਮਿਲ ਕੇ... ਫੇਰ ਪੁੱਤ ਨੂੰ ਮਿਲੇ।"

"ਭਗਤ ਜੀ ਉਹ ਕਿਉਂ?" ਮੈਂ ਹੈਰਾਨ ਹੋ ਕੇ ਪੁਛਦਾ ਹਾਂ।

"ਬਹੂ ਮੇਰੀ ਸਿਆਣੀ ਆਂ ਪੁੱਤ!...ਚੰਗੇ ਘਰਾਣੇ ਦੀ ਐ...ਮੇਰੀ ਬ੍ਹੌਤ ਸੇਵਾ ਕੀਤੀ ਓਸ ਨੇ... ਅਮਰੀਕ ਸਿਓਂ ਨੂੰ ਕਹਿ ਕੇ ਛੇਤੀਂ ਪੈਸੇ ਭਜਾ ਦਏਗੀ।" ਮੈਂ ਖਤ ਲਿਖ ਕੇ ਉਨ੍ਹਾਂ ਨੂੰ ਫੜਾ ਦਿੰਦਾ ਹਾਂ।

ਕੁਝ ਦਿਨਾਂ ਬਾਅਦ ਉਹ ਮੇਰੇ ਕੋਲੋਂ ਪੁੱਛਣ ਲਈ ਫਿਰ ਆਏ ਸਨ, "ਕਾਕਾ ਚਿੱਠੀ ਦਾ ਮੋੜ ਨੀ ਆਇਆ...ਪੈਸੇ ਵੀ ਨੀਂ ਭੇਜੇ...ਤੂੰ ਏਦਾਂ ਲਿਖ ਦਿੱਤਾ ਸੀ... ਕਿ ਚਿੱਠੀ ਪੈਲਾਂ ਮੇਰੀ ਬਹੂ ਨੂੰ ਮਿਲੇ?"

"ਹਾਂ ਜੀ-ਭਗਤ ਜੀ!"

"ਹੱਛਾ...!" ਆਖ ਕੇ ਉਹ ਚਲੇ ਗਏ। ਉਨ੍ਹਾਂ ਦਾ ਚਿਹਰਾ ਕਾਫੀ ਉਦਾਸ ਸੀ। ਸਰੀਰ ਵੀ ਕਾਫੀ ਕਮਜ਼ੋਰ ਹੋ ਗਿਆ ਜਾਪਦਾ ਸੀ। ਬਸ, ਉਸ ਦਿਨ ਆਖਰੀ ਵਾਰ ਮਿਲੇ ਸਨ ਉਹ ਮੈਨੂੰ।

ਇਕ ਦਮ ਰੌਲਾ ਪੈ ਗਿਆ, "ਭਗਤ ਜੀ ਦਾ ਲੜਕਾ ਦਿੱਲੀ ਤੋਂ ਆ ਗਿਆ।" ਕੁਝ ਆਦਮੀ ਉਠ ਕੇ ਟੈਕਸੀ ਵਲ ਨੂੰ ਦੌੜੇ ਗਏ।

ਅਰਥੀ ਨੂੰ ਝੰਡੀਆਂ, ਗੁਬਾਰਿਆਂ ਤੇ ਫੁੱਲਾਂ ਨਾਲ ਸਜਾ ਦਿੱਤਾ ਗਿਆ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ, ਦੁੱਧ ਵਰਗਾ ਚਿੱਟਾ ਕੁੜਤਾ-ਪਜਾਮਾ ਪਹਿਨਾ ਕੇ ਉਪਰੋਂ ਦੀ ਗਾਤਰੇ ਵਾਲੀ ਕਿਰਪਾਨ ਪਾਈ ਹੋਈ ਐ। ਗਲ 'ਚ ਨਵਾਂ ਕੇਸਰੀ ਪਰਨਾ ਅਤੇ ਸਿਰ 'ਤੇ ਨਵੀਂ ਨਕੋਰ ਦਸਤਾਰ ਹੈ। ਦਾਹੜੀ ਦੇ ਵਾਲਾਂ ਨੂੰ ਕੰਘਾ ਕਰਕੇ ਸੰਵਾਰਿਆ ਹੋਇਆ ਹੈ। ਲੋਕੀ ਅੰਤਿਮ ਦਰਸ਼ਨ ਕਰਨ ਆ ਰਹੇ ਹਨ। ਚਰਨੋ ਪੈਰਾਂ 'ਤੇ ਸਿਰ ਧਰ ਕੇ ਰੋਈ ਜਾ ਰਹੀ ਏ। "ਬਸ ਕਰ ਕੁੜੇ! ਬਥੇਰੀ ਸੇਵਾ ਕਰ ਲਈ ਤੈਂ...!" ਇਕ ਬਜ਼ੁਰਗ ਔਰਤ ਨੇ ਉਸ ਦੀ ਲਾਜ ਵੀ ਰਖ ਲਈ 'ਤੇ ਟਕੋਰ ਵੀ ਲਾ ਦਿੱਤੀ।

ਭਗਤ ਜੀ ਦੀ ਅੰਤਮ ਯਾਤਰਾ ਸਮੇਂ ਭਾਰੀ ਇਕੱਠ ਜਮ੍ਹਾਂ ਹੋ ਗਿਆ ਏ। ਗੁਰਦੁਆਰੇ ਦੇ ਭਾਈ ਜੀ ਅੱਗੇ-ਅੱਗੇ ਸ਼ਬਦ ਪੜ੍ਹਦੇ ਜਾ ਰਹੇ ਹਨ। ਮਗਰਲੇ ਪਾਸੇ ਕੁਝ ਲੋਕ ਗੱਲਾਂ 'ਚ ਰੁੱਝੇ ਹੋਏ ਨੇ:

"ਬਈ ਧਰਮੀ ਬੰਦਾ ਸੀ...ਹਰ ਵੇਲੇ ਨਾਮ ਜਪਣ ਵਾਲਾ!"

"ਬੜਾ ਈ ਨੇਕ ਸੁਭਾ ਸੀ... ਭਗਤ ਜੀ ਹੋਰਾਂ ਦਾ।"

"ਹਲੀਮੀ ਬ੍ਹੌਤ ਸੀ ਬਈ...ਕਦੀ ਕਿਸੇ ਨੂੰ ਉੱਚਾ-ਨੀਵਾਂ ਬੋਲਦਾ ਨੀਂ ਸੀ ਸੁਣਿਆ।"

"ਮੈਨੂੰ ਅਮੈਦ ਨੀ... ਜੇ ਕਿਸੇ ਪਸੂ ਦੇ ਡੰਡਾ ਵੀ ਮਾਰਿਆ ਹੋਵੇ ਓਸ?"

"ਹੈਂ'ਅ!...ਹੈ'ਅ!!...ਰੱਬ-ਰੱਬ ਕਰ...ਉਹ ਤਾਂ ਪਹਿਲਾਂ ਕਾਵਾਂ ਕੁੱਤਿਆਂ ਨੂੰ ਰੋਟੀ ਪਾ ਕੇ... ਤਾਂ ਆਪ ਖਾਂਦਾ ਹੁੰਦਾ ਸੀ।"

"ਆਹ ਦੇਖ ਲਓ!...ਕਿਵੇਂ ਦੁਨੀਆਂ ਉਦੀ ਅਰਥੀ ਮਗਰ ਕੱਠੀ ਹੋਈ ਵੀ ਆ।"

"ਕਿਸੇ ਨੇ ਚੁਲ੍ਹੇ ਅੱਗ ਨੀਂ ਬਾਲੀ ਅੱਜ!"

"ਉਦੇ ਅਰਗਾ ਕਿਨ ਹੋ ਲੈਣਾ?...ਸਾਧੂ ਸੁਭਾ ਸੀ ਓਸਦਾ...ਜਰੂਰ ਉਦੀ ਰੂਹ ਸਿੱਧੀ ਸੁਰਗਾਂ ਨੂੰ ਗਈ ਹੋਊ।"

ਮੈਨੂੰ ਪਹਿਲਾਂ ਵੀ ਕੁੱਝ ਅੰਤਮ ਯਾਤਰਾਵਾਂ 'ਚ ਜਾਣਾ ਪਿਆ ਹੈ। ਕਈ ਵੱਡੇ ਲੋਕਾਂ ਦੀਆਂ ਅਰਥੀਆਂ ਮਗਰ ਇਸ ਤੋਂ ਵੀ ਕਈ ਗੁਣਾ ਜ਼ਿਆਦਾ ਭੀੜ ਇਕੱਠੀ ਹੁੰਦੀ ਦੇਖੀ ਆ। ਪਰ ਪਿੱਠ ਪਿੱਛੇ ਸਿਫਤਾਂ ਨਹੀਂ... ਕੁਝ ਹੋਰ ਹੀ ਗੱਲਾਂ ਕਰਦੇ ਸੁਣੀ ਦੇ ਹਨ ਲੋਕ।

ਭਗਤ ਜੀ ਦੇ ਸਸਕਾਰ ਦੀ ਤਿਆਰੀ ਹੋ ਗਈ। "ਬਜ਼ੁਰਗ ਦਾ ਨਾਂ ਕੀ ਏ?" ਭਾਈ ਜੀ ਅਰਦਾਸ ਕਰਨ ਲਈ ਪੁੱਛਦੇ ਹਨ। ਸਾਰੇ ਇਕ ਦੂਜੇ ਵਲ ਦੇਖਣ ਲੱਗ ਪਏ। ਚੁੱਪ ਨੂੰ ਤੋੜਦਿਆਂ ਇਕ ਸੱਜਣ ਕਹਿ ਰਿਹੈ, "ਬੰਤ ਸਿਓਂ ਨੂੰ ਪੁੱਛ ਲਓ ਜਾਂ ਬੰਸੀ ਨੂੰ ਪਤਾ ਹੋਊ... ਅਸੀਂ ਤਾਂ ਸਾਰੇ ਭਗਤ ਜੀ ਆਖ ਕੇ ਹੀ ਬਲੌਂਦੇ ਸਾਂ...ਤੁਰ ਗਿਆ ਅੱਜ...ਵਿਚਾਰਾ...ਭੋਲਾ ਭਗਤ।"

---

## ਪੰਜਾਬੀ ਬੋਲੀ

ਮੈਂ ਹਾਂ ਲਿਖਾਂ ਜਾਂ ਨਾਂਹ ਲਿਖਾਂ,
ਮੈਂ ਜਿੱਥੇ ਬੈਠ ਕੇ ਜਾਂ ਲਿਖਾਂ।
ਮੈਂ ਲਿਖਾਂ ਪੰਜਾਬੀ ਵਿਚ ਪਹਿਲਾਂ,
ਫਿਰ ਮੈਂ ਕੁਲ ਜਹਾਂ ਲਿਖਾਂ।

ਮੈਨੂੰ ਪਿਆਰ ਆਪਣੀ ਬੋਲੀ ਨਾਲ,
ਮੇਰੀ ਹਮਸਰਫ਼ਰ ਹਮਜੋਲੀ ਨਾਲ।
ਮੈਂ ਸਭ ਤੋਂ ਪਹਿਲਾਂ ਇਹ ਲਿਖਾਂ,
ਪੰਜਾਬੀ ਵਿਚ ਆਪਣਾ ਨਾਮ ਲਿਖਾਂ॥

ਇਹਦੇ ਬੋਲਾਂ ਵਿਚ ਖੁਮਾਰੀ ਏ,
ਇਹ ਬੋਲੀ ਸਭ ਤੋਂ ਪਿਆਰੀ ਏ।
ਲੋਕੀਂ ਕਹਿਣਗੇ ਮੈਂ ਪੰਜਾਬੀ ਹਾਂ,
ਮੈਂ ਇਹ ਤਰੀਫ ਹੀ ਤਾਂ ਲਿਖਾਂ?

ਇਹ ਦੇਸ਼ ਪੰਜਾਬ ਪਿਆਰਾ ਏ,
ਗੁਰੂਆਂ ਦਾ ਬਸ ਸਹਾਰਾ ਹੈ।
ਇਥੇ ਵੱਸਦੇ ਦਿਲ-ਦਰਿਆ ਲੋਕੀਂ,
ਮੈਂ ਇਨ੍ਹਾਂ ਦੀ ਹੀ ਜ਼ੁਬਾਂ ਲਿਖਾਂ।

ਇਹਦੇ ਸ਼ਿਵ ਜਿਹੇ ਚਮਕਦੇ ਹੀਰੇ ਨੇ,
ਗੁਰਦਾਸ ਤੇ ਹੰਸ ਜਿਹੇ ਵੀਰੇ ਨੇ।
ਇਹਦੇ ਯਮਲੇ ਵਰਗੇ ਬਾਬਿਆਂ ਨੂੰ,
ਸੰਗੀਤ ਦਾ ਇਕ ਕਸੋਮਾਂ ਲਿਖਾਂ।

ਇਥੇ ਮਾਵਾਂ ਨੂੰ ਪੁੱਤ ਪਿਆਰੇ ਨੇ,
ਪਰ ਦੇਸ਼ ਤੋਂ ਉਨ੍ਹਾਂ ਨੇ ਵਾਰੇ ਨੇ।
'ਜੋ ਧਰਮ ਦੇ ਲਈ ਸ਼ਹੀਦ ਹੋਏ,
ਮੈਂ ਉਨ੍ਹਾਂ ਨੂੰ ਸਭ ਲਈ ਸ਼ਮਾਂ ਲਿਖਾਂ।

ਮੈਨੂੰ ਮੋਹ ਹੈ ਆਪਣੇ ਵਤਨ ਦੇ ਨਾਲ,
ਮੈਨੂੰ ਸਹੁੰ ਹੈ ਆਪਣੇ ਵਤਨ ਦੇ ਨਾਂ।
ਜੇ ਲਿਖਾਂ ਤਾਂ ਇਹਦੀ ਸ਼ਾਨ ਦੇ ਵਿਚ,
ਨਹੀਂ ਤਾਂ ਇਹਤੋਂ ਚੰਗਾ ਨਾ ਲਿਖਾਂ।

ਭੁੱਲ ਗਏ ਨੇ ਕਈ, ਕਈ ਜਾਣਗੇ ਭੁੱਲ,
ਰੁੱਲ ਗਏ 'ਸੁਖਵਿੰਦਰਾ' ਜਾਣਗੇ ਰੁੱਲ।
ਮੈਂ ਉਨ੍ਹਾਂ ਦੀ ਇਸ ਅਣਗਹਿਲੀ ਨੂੰ,
ਮਜ਼ਬੂਰੀ ਕਹਾਂ, ਨਹੀਂ ਤਮ੍ਹਾਂ ਲਿਖਾਂ।

## ਕਾਵਿ-ਮੰਚ

**ਸੁਖਵਿੰਦਰ ਬੋਦਲਾਂਵਾਲਾ**
**ਵੈਨਕੋਵਰ, ਵਾਸ਼ਿੰਗਟਨ**

## ਕਲਮਾਂ ਵਾਲਿਓ

ਕਿਉਂ ਗੀਤਾਂ ਦੇ ਬੋਲਾਂ 'ਚ ਸੱਚ ਨਾ ਰਿਹਾ,
ਕਿਉਂ ਸ਼ਾਇਰਾਂ ਦੀਆਂ ਕਲਮਾਂ
ਹਨ ਅੱਜ ਚੁਪ-ਚੁਪ।
ਓ ਨੂਰਪੁਰੀ, ਸ਼ਿਵ ਦੇ ਸੁਣੋ ਵਾਰਸੋ,
ਅੱਜ ਲਗਦੈ ਹਨੇਰਾ
ਹੈ ਫਿਰ ਘੁੱਪ-ਘੁੱਪ।
ਕਿਉਂ ਸ਼ਾਇਰਾਂ ਦੀਆਂ ਕਲਮਾਂ
ਹਨ ਅੱਜ ਚੁਪ-ਚੁਪ।

ਅੱਜ ਬੋਲਾਂ ਨੂੰ ਲਗਦੈ ਘੁਣ ਖਾਅ ਗਿਆ,
ਇਹ ਨਮੇ ਗੀਤ ਲੈ ਕੇ ਕੋਈ ਆ ਗਿਆ।
ਓ ਬੋਲਾਂ ਦਾ ਕਤਲ ਕਰਨ ਵਾਲਿਓ,
ਉਨ੍ਹਾਂ ਰਾਹਵਾਂ ਤੋਂ ਕਾਹਤੋਂ ਗਏ ਤੁਸੀਂ ਉੱਕ।

ਓ ਗਾਇਕਾਂ ਦੀ ਟੋਲੀ ਕਿੱਥੇ ਖੋ ਗਈ,
ਜੱਟ ਯਮਲੇ ਦੀ ਇੱਜ਼ਤ ਨੀਲਾਮ ਹੋ ਰਹੀ।
ਓ ਪੈਸੇ ਦੇ ਪਿੱਛੇ ਮਰਨ ਵਾਲਿਓ,
ਏਹ ਵੇਚੇਗੀ ਸੱਭਿਅਤਾ
ਤੁਹਾਡੀ ਹਾਏ! ਭੁੱਖ।

ਕਈ ਮਾਵਾਂ ਦੇ ਪੁੱਤਾਂ ਦੀਆਂ ਲਾਸ਼ਾਂ ਦੇ ਢੇਰ,
ਏਹ ਅਜ਼ਾਦ ਹੈ ਮੁਲਕ
ਪਰ ਨਾ ਆਈ ਸਵੇਰ।
ਓ ਭਗਤ ਸਿੰਘ, ਸਰਾਭੇ ਦੇ ਸੁਣੋ ਵਾਰਸੋ,
ਕਰੋ ਫਿਰ ਤੋਂ ਹਰੇ ਰੁੱਖ
ਗਏ ਨੇ ਜੋ ਸੁੱਕ॥

ਹੁਣ ਕਲਮਾਂ 'ਚ ਲੈ ਕੇ ਅੱਗ ਉੱਠ ਖੜੋ,
ਹੁਣ ਢਿੱਡ ਲਈ ਵਤਨ ਨੂੰ ਨਾ ਗਿਰਵੀ ਧਰੋ।
ਓ ਉੱਠੋ! ਓ ਜਾਗੋ ਵਤਨ ਵਾਸੀਓ,
ਨਹੀਂ ਤਾਂ ਲੈ ਜਾਊਗਾ
ਫਿਰ ਤੋਂ ਕੋਈ ਲੁੱਟ-ਲੁੱਟ।
ਅੱਜ ਲਗਦੇ ਹਨੇਰਾ ਹੈ ਫਿਰ ਘੁੱਪ-ਘੁੱਪ।

# ਜ਼ਖ਼ਮੀ ਦਰਿਆ

**ਲੜੀਵਾਰ ਨਾਵਲ**

**ਕਰਮਜੀਤ ਸਿੰਘ ਕੁੱਸਾ**

**ਭਾਗ - 1**

"ਹਾਂਅ, ਹੁਣ ਵੀ ਇਹ ਗੱਲ ਮੰਨਦਾ ਆਂ!" ਬਹਾਦਰ ਨੇ ਸਿਰ ਅਤੇ ਅੱਖਾਂ ਝਪਕਦਿਆਂ ਠਰ੍ਹੰਮੇ ਨਾਲ ਆਖਿਆ।

"ਕੁਸ਼ ਵੀ ਹੋਵੇ, ਲੋਕ ਧੜਾ ਧੜ ਉਨ੍ਹਾਂ ਦੇ ਮਗਰ ਲੱਗੀ ਜਾਂਦੇ ਐ। ਪਹਿਲੀ ਗੱਲ ਤਾਂ ਯਾਰ ਉਥੇ ਜਾ ਕੇ ਬੰਦੇ ਦੀ ਰੂਹ ਈ ਹੋਰ ਹੋ ਜਾਂਦੀ ਐ।" ਨਿਰਵੈਰ ਉਹਨੂੰ ਇਸ ਤਰ੍ਹਾਂ ਬਦਲੇ ਵਜੂਦ ਵਿਚ ਵੇਖ ਕੇ ਭਵੰਤਰਿਆ ਜਿਹਾ ਗਿਆ।

"ਤੇ ਇਨਕਲਾਬ ਦਾ ਕੀ ਬਣੂੰਗਾ?"

"ਬਾਬੇ ਵੀ ਤਾਂ ਇਨਕਲਾਬ ਈ ਲਿਆਉਂਦੇ ਐ?"

"ਇਹ ਕਿਧਰਲਾ ਇਨਕਲਾਬ ਐ?" ਨਿਰਵੈਰ ਦੀ ਆਵਾਜ਼ ਇਕਦਮ ਭੜਕਵੀਂ ਹੋ ਗਈ, "ਨਹੱਥੇ ਬੰਦੇ ਮਾਰ ਦੇਣੇ, ਸ਼ਰੇਆਮ ਬਜ਼ਾਰਾਂ 'ਚ ਗੋਲੀਆਂ ਚਲਾ ਦੇਣੀਆਂ! ਇਹਨੂੰ ਵੀ ਤੂੰ ਇਨਕਲਾਬ ਕਹੇਂਗਾ?"

"ਇਹਦਾ ਕੀ ਸਬੂਤ ਐ ਬਈ ਇਹ ਸਾਰਾ ਕੰਮ ਖਾੜਕੂ ਈ ਕਰਦੇ ਐ? ਸਰਕਾਰ ਵੀ ਉਨ੍ਹਾਂ ਨੂੰ ਭੰਡਣ ਲਈ ਕਰਵਾ ਸਕਦੀ ਐ।"

"ਤੇ ਜਦੋਂ ਬਾਬੇ ਆਖਦੇ ਐ, ਕੱਲੇ ਕੱਲੇ ਨੂੰ ਪੈਂਤੀ ਪੈਂਤੀ ਆਉਂਦੇ ਐ! ਇਹ ਵੀ ਸਰਕਾਰ ਈ ਅਖਵਾਉਂਦੀ ਹੋਊ।"

ਗੱਲਾਂ ਕਰਦੇ-ਕਰਾਉਂਦੇ ਘਰ ਕੋਲ ਆ ਗਏ। ਨਿਰਵੈਰ ਦੀ ਬੇਬੇ ਸਾਹਮਣੇ ਵਾਲੇ ਕਮਰੇ ਵਿਚੋਂ ਨਿਕਲ ਕੇ ਉਨ੍ਹਾਂ ਵਲ ਝਾਕੀ। ਬਹਾਦਰ ਨੇ ਦੋਵੇਂ ਹੱਥ ਜੋੜ ਕੇ ਫਤਹਿ ਬੁਲਾਈ। ਮਾਈ ਦਾ ਢਿੱਲਾ ਜੇਹਾ ਹੁੰਗਾਰਾ ਸੁਣ ਕੇ ਬਹਾਦਰ ਬੋਲਿਆ, "ਮਾਸੀ, ਮੈਨੂੰ ਪਛਾਣਿਆ ਨ੍ਹੀਂ?"

ਉਹ ਦੁਬਾਰਾ ਉਸ ਵਲ ਝਾਕੀ। ਬਹਾਦਰ ਦੇ ਚਿਹਰੇ ਉੱਤੇ ਨਿਤਰੀ ਹੋਈ ਮੁਸਕਾਨ ਮਚਲ ਰਹੀ ਸੀ। ਮਾਈ ਨੇ ਮੱਥੇ 'ਤੇ ਹੱਥ ਮਾਰਿਆ। ਨਿਰਵੈਰ ਨੇ ਰੜਕਵੀਂ ਪਰ ਮੱਧਮ ਆਵਾਜ਼ ਵਿਚ ਕਿਹਾ, "ਬੇਬੇ, ਇਹ ਅੰਬਰਸਰ ਤਲਾਅ 'ਚ ਨਾਹ ਕੇ ਬੱਗਾ ਬਣ ਗਿਆ!"

ਮਾਈ ਨੇ ਬਹਾਦਰ ਦਾ ਸਿਰ ਪਲੋਸਦਿਆਂ ਨਿੱਘੇ ਬੋਲ ਨਾਲ ਆਖਿਆ, "ਬਹਾਦਰਾ, ਭਾਈ ਤੂੰ ਤਾਂ ਹੋਰ ਈ ਕੁਸ਼ ਬਣਿਐਂ ਫਿਰਦਾ ਐਂ!"

"ਬੇਬੇ, ਇਹ ਭਿੰਡਰਾਂਆਲੇ ਦਾ ਚੇਲਾ ਬਣ ਗਿਆ।"

"ਹੈਂ!" ਮਾਈ ਨੇ ਅਚੰਭੇ ਭਰੀ ਆਵਾਜ਼ ਵਿਚ ਆਖਿਆ, ਉਦੋਂ ਹੀ ਪਰਿਉਂ ਬਲਜੀਤ ਆ ਗਈ, ਬਹਾਦਰ ਨੇ ਉਸ ਦੇ ਸਿਰ 'ਤੇ ਹੱਥ ਰੱਖਿਆ। ਬੇਬੇ ਹੈਰਾਨੀ ਨਾਲ ਉਸ ਵਲ ਵੇਖਦਿਆਂ ਬੋਲੀ, "ਭਿੰਡਰਾਂਆਲੇ ਦਾ ਚੇਲਾ ਬਣ ਗਿਆ।"

"ਨਹੀਂ ਮਾਸੀ ਮਖੌਲ ਨ੍ਹੀਂ।"

"ਸੱਚੀਂ!"

"ਹਾਂਅ।"

ਦੋਵੇਂ ਜਨਾਨੀਆਂ ਸੁਖ ਸਾਂਦ ਪੁੱਛਣੀ ਭੁੱਲ ਗਈਆਂ, ਉਨ੍ਹਾਂ ਨੂੰ ਮਹਿਸੂਸ ਹੋਇਆ, ਜਿਵੇਂ ਇਹ ਕੋਈ ਅਨਹੋਣੀ ਵਾਪਰ ਗਈ ਸੀ।

"ਇਹ ਕੀ ਕੀਤਾ ਤੂੰ ਬਹਾਦਰ ਸਿਆਂ, ਉਹ ਤਾਂ ਭਾਈ ਨਹੱਥਿਆਂ ਨੂੰ ਮਾਰਦੇ ਐ!"

"ਮਾਸੀ, ਸੁਣੀ-ਸੁਣਾਈ ਗੱਲ ਹੋਰ ਹੁੰਦੀ ਐ, ਅਸਲ ਮਾਮਲਾ ਵਿਚ ਜਾ ਕੇ ਪਤਾ ਲੱਗਦੈ।"

ਉਨ੍ਹਾਂ ਨੂੰ ਇਸ ਤਰ੍ਹਾਂ ਭਵੰਤਰੇ ਵੇਖ ਕੇ, ਬਹਾਦਰ ਨੇ ਨਿੰਕਾ ਜਿਹਾ ਹੱਸਦਿਆਂ ਆਖਿਆ, "ਤੁਸੀਂ ਇਉਂ ਕਿਉਂ ਝਾਕਣ ਲੱਗ ਪੇ, ਮੈਨੂੰ ਚਾਹ ਪਾਣੀ ਤਾਂ ਪੁੱਛ ਲੋ।"

"ਚਾਹ ਪੀ, ਰੋਟੀ ਖਾ! ਪਰ ਆਹ ਗੱਲ...ਭਾਈ ਮੈਨੂੰ ਤੇਰੀ ਚੰਗੀ ਨ੍ਹੀਂ ਲੱਗੀ।"

"ਐਵੇਂ ਮਾਸੀ ਥੋਨੂੰ ਲੱਗਦਾ, ਜੁਲਮ ਦੇ ਖਲਾਫ ਈ ਬਾਬੇ ਲੜਦੇ ਐ।"

ਨਿਰਵੈਰ ਨੇ ਫਿਰ ਰੜਕ ਨਾਲ ਪੁੱਛਿਆ, "ਨਹੁੰਆਂ ਨਾਲੋਂ ਮਾਸ ਤੋੜਨ ਨੂੰ ਜੁਲਮ ਦੇ ਖਲਾਫ ਲੜਾਈ ਆਂਹਦੇ ਐ! ਮੈਂ ਤਾਂ ਯਾਰ ਤੇਰੇ 'ਤੇ ਹੈਰਾਨ ਆਂ, ਤੂੰ ਸਾਰਾ ਕੁਝ ਈ ਲਾਹ ਸਿੱਟਿਆ। ਕਿੱਥੇ ਤੂੰ ਕਹਿੰਦਾ ਹੁੰਦਾ ਸੀ, ਸੰਸਾਰ ਇਨਕਲਾਬ ਆਊਗਾ, ਕਿੱਥੇ ਤੂੰ ਉਨ੍ਹਾਂ ਦੀ ਹਮਾਇਤ ਕਰਨ ਲੱਗ ਪਿਆ, ਜਿਹੜੇ ਮੱਧ ਯੁਗੀ ਜਿੱਲ੍ਹਣ 'ਚ ਫਸੇ ਹੋਏ ਐ।"

ਬਲਜੀਤ ਨੇ ਰੋਟੀ ਵਾਲਾ ਥਾਲ ਲਿਆ ਧਰਿਆ। ਬਹਾਦਰ ਨੇ ਪਹਿਲਾਂ ਹੱਥ ਧੋਣ ਲਈ ਆਖਿਆ, ਪਹਿਲਾਂ ਉਹ ਰੋਟੀ ਖਾਣ ਵੇਲੇ ਕਹਿ ਦਿੰਦਾ ਸੀ, ਕਾਮੇ ਦੇ ਹੱਥਾਂ ਨੂੰ ਮਿੱਟੀ ਈ ਲੱਗੀ ਹੁੰਦੀ ਐ। ਰੋਟੀ ਖਾਂਦੇ ਬਹਾਦਰ ਵਲ ਨਿਰਵੈਰ ਹੀ ਨਹੀਂ ਬਾਕੀ ਜਣੇ ਵੀ ਖੜਵੀਂ-ਨਜ਼ਰ ਵੇਖ ਰਹੇ ਸਨ। ਪਰ ਉਹ ਸ਼ਾਂਤ ਚਿੱਤ ਰੋਟੀ ਖਾ ਰਿਹਾ ਸੀ, ਨਿਰਵੈਰ ਨੂੰ ਟੇਕ ਨਹੀਂ ਸੀ, ਮੰਜੇ ਉੱਪਰ ਬੈਠਿਆਂ ਹੀ, ਉਸ ਐਵੇਂ ਇਕ ਦੋ ਕਸਮੇੜੇ ਜਿਹੇ ਲਏ, ਰੋਟੀ ਦੀਆਂ ਆਖਰੀ ਬੁਰਕੀਆਂ ਰਹਿੰਦੀਆਂ ਵੇਖ ਕੇ ਨਿਰਵੈਰ ਫੇਰ ਬੋਲਿਆ, "ਤੇਰੇ ਇਸ ਐਕਸ਼ਨ ਬਾਰੇ ਪਾਰਟੀ ਨੂੰ ਖ਼ਬਰ ਐ!"

"ਨਹੀਂ।" ਬਿਨਾ ਉਹਦੇ ਵਲ ਵੇਖਿਆਂ ਬਹਾਦਰ ਨੇ ਚੌਂਕੜੀ ਖੋਹਲਦਿਆਂ ਹੱਥ ਸੁਰਧਾ ਨਾਲ ਆਪਸ ਵਿਚ ਝਾੜੇ ਤੇ ਲੱਸੀ ਦਾ ਗਲਾਸ ਚੁੱਕਦਿਆਂ ਬੋਲਿਆ, "ਨਾ ਈ ਕੋਈ ਲੋੜ ਐ!"

"ਕਿਉਂ ਲੋੜ ਕਿਉਂ ਨਹੀਂ?"

ਗਲਾਸ ਮੂੰਹ ਲਾ ਕੇ ਉਸ ਲਗਾਤਾਰ ਲੱਸੀ ਪੀਂਦਿਆਂ ਹੱਥ ਦੇ ਇਸ਼ਾਰੇ ਨਾਲ ਨਿਰਵੈਰ ਨੂੰ ਰਤਾ ਰੁਕਣ ਲਈ ਆਖਿਆ, ਗਲਾਸ ਥੱਲੇ ਰੱਖ ਕੇ ਉਸ ਮੁੱਛਾਂ ਸੰਵਾਰੀਆਂ ਨਿੰਕਾ ਜਿਹਾ ਘੰਗੂਰਾ ਮਾਰ ਕੇ ਬੋਲਿਆ, "ਇਹੋ ਜਿਹੀ ਪਾਰਟੀ ਨੂੰ ਖ਼ਬਰ ਕਰਨ ਦੀ ਲੋੜ ਇਉਂ ਨ੍ਹੀਂ, ਤੂੰ ਆਪ ਦੇਖ, ਪਾਰਟੀ ਨੇ ਹੁਣ ਤੱਕ ਲੋਕਾਂ ਨੂੰ ਖੱਟ ਕੇ ਕੀ ਦਿੱਤਾ ਐ? ਪੱਕੇ ਵਰਕਰਾਂ ਤੋਂ ਬਿਨਾ ਤੀਜਾ ਬੰਦਾ ਮਗਰ ਲਾ ਨਹੀਂ ਸਕੇ। ਮੂਲ ਮਕਸਦ ਤਾਂ ਸਾਡਾ ਇਹੀ ਸੀ, ਅਸੀਂ ਲੋਕਾਂ ਨੂੰ ਨਜ਼ਾਮ ਦੇ ਗਲ ਪਾਉਣਾ ਐ। ਪੁਲਸ ਤੋਂ ਕਾਮਰੇਡਾਂ ਨੇ ਸਾਰੀ ਉਮਰ ਜੁੱਤੀਆਂ ਖਾਂਦਿਆਂ ਕੱਢ-ਤੀ। ਲੋਕ ਵੀ ਬਾਈ ਜੀ, ਉਸੇ ਨੂੰ ਸਲਾਮ ਕਰਦੇ ਐ, ਜਿਹੜੇ ਉਨ੍ਹਾਂ ਲਈ ਕੁਝ ਕਰਕੇ ਵਿਖਾਉਂਦੇ ਆ!-ਸੁੱਕੇ ਨਾਹਰੇ ਮਾਰੀ ਜਾਣੇ, ਲੋਕਾਂ ਨੂੰ ਕੀ ਧਰਵਾਸ ਐ। ਸਾਡੇ ਮੁਰਦਾਬਾਦ ਦਾ! ਹਾਕਮ ਜਮਾਤ ਮੁਰਦਾਬਾਦ ਤੋਂ ਨ੍ਹੀਂ ਡਰਦੀ। ਉਹ ਖੂਨ ਖਰਾਬੇ ਤੋਂ ਡਰਦੀ ਐ।"

"ਖੂਨ ਖਰਾਬੇ ਕਰਨ ਵਾਲਿਆਂ ਨੂੰ ਤੂੰ ਇਨਕਲਾਬੀ ਸਮਝਦਾ ਐਂ।"

"ਇਨਕਲਾਬ ਆਉਂਦਾ ਈ ਖੂਨ ਖਰਾਬੇ ਮਗਰੋਂ ਐ!"

"ਮਾਰਕਸ ਦੀ ਉਸ ਟੂਕ ਦਾ ਕੀ ਬਣਾਏਂਗਾ ਕਿ ਧਰਮ ਫੀਮ ਐ!"

ਇਸ ਬਾਰੇ ਬਹਾਦਰ ਰਤਾ ਕੁ ਤਲਖ਼ੀ ਨਾਲ ਬੋਲਿਆ, "ਅਸੀਂ ਆਪਣੇ ਆਪ ਨੂੰ ਮਾਰਕਸੀ ਕਹਾਉਂਦੇ ਆਂ, ਉਸਦੀ ਲਾਈਨ ਦੇ ਅਰਥ ਆਪਣੇ ਉਲਟ ਈ ਕੱਢੇ ਜਾਂਦੇ ਆਂ! ਭਾਈ ਸਾਹਬ, ਮਾਰਕਸ ਨੇ ਸਿਰਫ ਦੋ ਹਰਫੀ ਈ ਗੱਲ ਨਹੀਂ ਕੀਤੀ! ਉਹਨੇ ਧਰਮ ਬਾਰੇ ਹੋਰ ਵੀ ਬਹੁਤ ਦੱਸਿਆ। ਉਹ ਆਪਣੇ ਕਾਮਰੇਡ ਲੋਕ ਵੀ ਨ੍ਹੀਂ ਜਾਣਦੇ! ਆਮ ਲੋਕਾਂ ਦੇ ਕੀ ਵੱਸ ਐ। ਉਹਨੇ ਇਹ ਵੀ ਆਖਿਆ, ਜਦੋਂ ਧਰਮ ਪੈਦਾ ਹੋਇਆ, ਉਦੋਂ ਉਸ ਸਮੇਂ ਦੇ ਲੋਕਾਂ ਲਈ ਵੀ ਇਨਕਲਾਬ ਹੀ ਸੀ! ਧਰਮ ਦਾ ਆਸਰਾ ਲੋਕ ਐਵੇਂ ਈ ਨਹੀਂ ਲੈਂਦੇ, ਇਹ ਨਿਓਟਿਆਂ ਦੀ ਓਟ ਐ! ਨਿਮਾਣਿਆਂ ਦਾ ਮਾਣ!"

"ਫੇਰ ਇਨਕਲਾਬ ਲਿਆਉਣ ਦੀ ਕੀ ਲੋੜ ਐ? ਨਿਓਟਿਆਂ ਦੀ ਓਟ, ਲੋਕ ਲੰਗਰਾਂ 'ਚ ਜਾ ਕੇ ਪਰਸ਼ਾਦੇ ਛਕਣ।" ਨਿਰਵੈਰ ਦੀ ਗੱਲ ਸੁਣ ਕੇ ਉਸਦੀ ਬੇਬੇ ਅਤੇ ਘਰ ਵਾਲੀ ਨਿੰਕਾ ਜਿਹਾ ਹੱਸੀਆਂ, ਪਰ ਉਹ ਦੋਵੇਂ ਗੰਭੀਰ ਸੁਰ ਵਿਚ ਬੈਠੇ ਸਨ। ਨਿਰਵੈਰ ਦੇ ਚਿਹਰੇ 'ਤੇ ਤਲਖੀ ਚਮਕ ਰਹੀ ਸੀ।

"ਜੁਲਮ ਦੇ ਖਿਲਾਫ ਧਰਮ ਰਾਹੀਂ ਲੋਕ ਲੜਾਏ ਜਾ ਸਕਦੇ ਐ। ਮੂਲ ਮਕਸਦ ਤਾਂ ਆਪਣਾ ਸਰਮਾਏਦਾਰੀ ਨੂੰ ਢਾਹੁਣਾ ਈ ਐ।"

"ਸਰਮਾਏਦਾਰੀ ਨੂੰ ਢਾਹ ਕੇ ਪਿਛਲਖੁਰੀ ਜਗੀਰੂ ਢਾਂਚੇ ਨੂੰ ਲਾਗੂ ਕਰਨ ਨੂੰ ਈ ਤੂੰ ਇਨਕਲਾਬ ਸਮਝੀ ਬੈਠੈਂ...ਮੈਂ ਤੇਰੇ 'ਤੇ ਹੈਰਾਨ ਆਂ, ਤੂੰ ਢਾਈ ਤਿੰਨ ਮਹੀਨਿਆਂ 'ਚ ਕੀ ਤੋਂ ਕੀ ਹੋ ਗਿਆਂ?"

"ਬਾਈ ਸਿਆਂ! ਹੈਰਾਨ ਹੋਣ ਦੀ ਲੋੜ ਨਹੀਂ।" ਬਹਾਦਰ ਨੇ ਠਰ੍ਹੰਮੇ ਨਾਲ ਆਖਿਆ, "ਗੱਲ ਮੇਰੇ ਬਦਲਣ ਦੀ ਨਹੀਂ, ਮੈਂ ਤਾਂ ਇਹ ਵੀ ਆਖਦਾ ਆਂ, ਰਿਜਡ ਹੋਣਾ ਵੀ ਜੜ੍ਹ ਹੋਣਾ ਈ ਐ! ਕੁਦਰਤ ਦੇ ਅਸੂਲ ਮੁਤਾਬਕ ਬਦਲਣਾ ਈ ਕੋਈ ਗੱਲ ਐ! ਜੇ ਅਸੀਂ ਐਸ ਰਾਹ ਨਹੀਂ ਕਾਮਯਾਬ ਹੋਏ, ਦੂਜੇ ਰਾਹ ਪੈਣਾ ਕੋਈ ਮਾੜੀ ਗੱਲ ਨਹੀਂ।"

ਨਿਰਵੈਰ ਨੇ 'ਹੂੰਹ' ਆਖਦਿਆਂ ਉਸ ਵਲ ਘੂਰ ਕੇ ਵੇਖਿਆ, ਪਰ ਉਸ ਮਿੰਨ੍ਹਾ ਜਿਹਾ ਮੁਸਕਰਾਉਂਦਿਆਂ ਅੱਖਾਂ ਦੀਆਂ ਪਲਕਾਂ ਚੁੱਕ ਕੇ ਉਸ ਦੇ ਲਾਲ ਸੁਰਖ ਹੋਏ ਚਿਹਰੇ ਵਲ ਵੇਖਿਆ, ਸਾਰਾ ਘਰ ਸੁੰਨ-ਸਰਾਂਅ 'ਚ ਵੱਟਿਆ ਹੋਇਆ ਸੀ, "ਫੇਰ ਤੇਰਾ ਖਾਲਿਸਤਾਨ ਬਾਰੇ ਕੀ ਵਿਚਾਰ ਐ!" ਨਿਰਵੈਰ ਨੇ ਫੇਰ ਆਪਣੇ ਲੰਬੂਤਰੇ ਮੂੰਹ 'ਤੇ ਖੜਵੀਆਂ ਅੱਖਾਂ ਉਗਾਸੀਆਂ।

"ਖਾਲਸਤਾਨ ਦਾ ਮਤਲਬ ਤਾਂ ਖਾਲਸ ਸ਼ੁੱਧ ਤੋਂ ਐ!" ਬਹਾਦਰ ਅਜੇ ਉਸੇ ਅਵਸਥਾ ਵਿਚ ਬੈਠਾ ਸੀ, "ਜ਼ਰੂਰੀ ਨਹੀਂ ਸਾਰੇ ਦੇਸ਼ ਵਿਚ ਇਕੱਠਾ ਈ ਇਨਕਲਾਬ ਆ ਜੁਗਾ।"

"ਇਹ ਧਾਰਮਿਕ ਕੱਟੜ ਸਟੇਟ ਨਹੀਂ ਹੋਊਗੀ! ਪਾਕਿਸਤਾਨ 'ਚ ਇਸਲਾਮ ਜਬਰੀ ਠੋਸਿਆ ਜਾਂਦਾ ਐ। ਉਥੇ ਲੋਕ ਚੂੰ ਤੱਕ ਨ੍ਹੀਂ ਕਰਦੇ। ਲੋਕਾਂ ਦੇ ਸ਼ਰ੍ਹੇਆਮ ਕੋੜੇ ਮਾਰੇ ਜਾਂਦੇ ਐ!"

"ਇਹ ਵੀ ਥੋਨੂੰ ਭੁਲੇਖਾ ਈ ਐ ਬਈ ਉਥੇ ਧਰਮ ਰਾਜ ਕਰਦੈ।" ਬਹਾਦਰ ਨੇ ਜ਼ੋਰ ਦੇ ਕੇ ਆਖਿਆ, "ਉਥੇ ਸਗੋਂ ਮੋਟੀ ਜ਼ਿਮੀਦਾਰੀ ਹੁਕਮ ਚਲਾਉਂਦੀ ਐ, ਧਰਮ ਉਨ੍ਹਾਂ ਦਾ ਦਰਸ਼ਨ ਜ਼ਰੂਰ ਐ। ਰਹੀ ਗੱਲ ਆਜ਼ਾਦੀ ਦੀ। ਕਹਿਣ ਨੂੰ ਤਾਂ ਭਾਰਤ ਸਾਰੇ ਸੰਸਾਰ ਵਿਚ ਆਪਣੇ ਜਮਹੂਰੀ ਹੋਣ ਦਾ ਢਿੰਡੋਰਾ ਪਿੱਟਦਾ ਨਹੀਂ ਥੱਕਦਾ।"

"ਵੇ ਭਾਈ ਤੁਸੀਂ ਜਾਭ੍ਹਾਂ ਦਾ ਭੇੜ ਕਰਦੇ ਹੰਭ ਜੋਗੇ। ਲਉ, ਫੜੋ ਚਾਹ ਪੀ-ਲੋ।" ਮਾਈ ਨੇ ਚਾਹ ਦੇ ਗਲਾਸ ਉਨ੍ਹਾਂ ਨੂੰ ਲਿਆ ਕੇ ਫੜਾਉਂਦਿਆਂ ਕਿਹਾ, "ਕਿਥੇ ਦਾਦਣੇ ਭਿੰਡਰਾਂਵਾਲੇ ਨੇ ਲੋਕਾਂ ਨੂੰ ਵਖ਼ਤ ਪਾਇਐ!"

"ਬਹਾਦਰ ਸਿੰਘ ਜੀ!" ਨਿਰਵੈਰ ਨੇ ਤੱਤਾ ਗਲਾਸ ਦੂਜੇ ਹੱਥ ਕਰਦਿਆਂ, ਸੇਕ ਨੂੰ ਹੱਥ ਘੁੱਟਦਿਆਂ ਵਿਅੰਗ ਨਾਲ ਆਖਿਆ, "ਆਮ ਲੋਕ ਤਾਂ ਬਾਬਿਆਂ ਦੇ ਪਖੰਡ ਨੂੰ ਨਾ ਸਮਝ ਸਕਣ, ਜਦੋਂ ਤੇਰੇ ਵਰਗੇ ਵੀ ਸਮਝਣੋਂ ਆਰੀ ਐ ਕਿ ਇਹ



ਸਰਕਾਰੂ ਸ਼ੋਸ਼ਾ ਐ, ਜਿਹੜਾ ਉਹਨੇ ਲੋਕ-ਲਹਿਰਾਂ ਨੂੰ ਗੁੰਠੇ ਲਾਉਣ ਲਈ ਹੱਥ-ਕੰਡਾ ਵਰਤਿਐ।"

"ਤੇਰੀ ਗੱਲ ਦਰੁਸਤ ਐ! ਪਰ ਕੋਈ ਜ਼ਰੂਰੀ ਨਹੀਂ, ਸਰਕਾਰ ਦੀ ਹਰ ਨਰਦ ਥਾਂ ਸਿਰ ਬੈਠੇ! ਜਿਹੜਾ ਬੰਦਾ ਕਿਸੇ ਘਰ ਸੀਖ ਲਾਊਗਾ, ਉਹੀ ਅੱਗ ਉਹਦਾ ਘਰ ਨੂੰ ਵੀ ਸਾੜ ਸਕਦੀ ਐ।"

"ਵਿਚੋਂ ਕੀ ਨਿਕਲੂ?"

"ਬਥੇਰਾ ਕੁਸ਼ ਨਿਕਲ ਆਊ। ਲੋਕ ਲੜਦੇ ਲੜਦੇ ਸਹੀ ਰਾਹ ਕੱਢ ਲੈਂਦੇ ਹੁੰਦੇ ਐ।"

"ਰਾਹ ਸੁਆਹ ਨਿਕਲਣੈ। ਜਨੂੰਨੀ ਬੰਦੇ ਮੂਹਰੇ ਹੋਏ ਫਿਰਦੇ ਐ।"

"ਜੇ ਕਾਮਰੇਡ ਅੰਦਰੀਂ ਵੜੇ ਰਹਿਣਗੇ, ਲੋਕ ਉਨ੍ਹਾਂ ਨੂੰ ਘਰੀਂ ਆ ਕੇ ਨ੍ਹੀਂ ਕਹਿੰਦੇ ਬਈ ਸਾਡੀ ਅਗਵਾਈ ਕਰੋ। ਕਾਮਰੇਡਾਂ ਨੂੰ ਫੋਬੀਆ ਬਈ ਅਸੀਂ ਦਰੁਸਤ ਆਂ!...ਲੋਕਾਂ ਨੂੰ ਬਾਈ ਜੀ, ਝੰਡਾ ਚਾਹੀਦਾ ਐ! ਜੇ ਥੋਡੇ ਝੰਡੇ 'ਚ ਈ ਦਮ ਨਹੀਂ, ਉਨ੍ਹਾਂ ਦਾ ਕੀ ਕਸੂਰ ਐ, ਲੋਕ ਭਿੰਡਰਾਂਵਾਲੇ ਦੇ ਝੰਡੇ ਥੱਲੇ 'ਕੱਠੇ ਹੋ-ਗੇ।"

ਏਥੇ ਆ ਕੇ ਨਿਰਵੈਰ ਨੇ ਚੁੱਪ ਵੱਟ ਲਈ, ਜਿਵੇਂ ਉਸ ਨੂੰ ਆਖਣ ਲਈ ਕੋਈ ਗੱਲ ਨਾ ਲੱਭਦੀ ਹੋਵੇ, ਪਰ ਉਸ ਫੇਰ ਵੀ ਆਖਿਆ, "ਇਹਦਾ ਮਤਲਬ ਹੁਣ ਤੂੰ ਖਾਲਸਤਾਨੀ ਐਂ?"

"ਮੈਂ ਕੀ ਆਂ, ਇਹ ਤਾਂ ਸਮਾਂ ਈ ਦੱਸੂਗਾ, ਪਰ ਤੁਸੀਂ ਤਾਂ ਉਨ੍ਹਾਂ ਨਾਲੋਂ ਵੀ ਕੱਟੜ ਓ, ਜਿਹੜੇ ਕਿਸੇ ਦੂਜੇ ਦੀ ਗੱਲ ਈ ਨ੍ਹੀਂ ਸੁਣਨੀ ਚਾਹੁੰਦੇ।" ਨਿਰਵੈਰ ਉਸ ਵਲ ਝਾਕ ਕੇ ਪਰਾਂਹ ਨੂੰ ਮੂੰਹ ਕਰਦਿਆਂ 'ਹੂੰਹ' ਕਹਿ ਕੇ ਚੁੱਪ ਹੋ ਗਿਆ। ਉਸ ਦਾ ਆਪਣਾ ਸਾਰਾ ਸਰੀਰ ਅੱਗ-ਬਗੋਲਾ ਬਣਿਆ ਪਿਆ ਸੀ। ਫੇਰ ਉਹ ਅੱਕਿਆ-ਅਕਾਇਆ ਹੀ ਉੱਠ ਕੇ ਬੇਮਤਲਬ ਹੀ ਪਸ਼ੂਆਂ ਦੀਆਂ ਖੁਰਲੀਆਂ ਵਿਚ ਹੱਥ ਮਾਰਨ ਲੱਗ ਪਿਆ, ਉਸ ਦੇ ਅੰਦਰ ਕਾਹਲੀ ਮੱਚੀ ਹੋਈ ਸੀ। ਬਹਾਦਰ ਵੀ ਮੰਜੇ ਤੋਂ ਉੱਠ ਕੇ ਐਵੇਂ ਹੀ ਇਧਰ ਉਧਰ ਗੇੜੇ ਦੇਣ ਲੱਗ ਪਿਆ। ਨਿਰਵੈਰ ਦਾ ਮੁੰਡਾ ਵਿਹੜੇ ਵਿਚ ਰੇਤੇ ਦੀਆਂ ਢੇਰੀਆਂ ਬਣਾ ਕੇ ਖੇਡ ਰਿਹਾ ਸੀ। ਉਹ ਉਸ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗ ਪਿਆ।

"ਭਾਈ ਬਹਾਦਰ ਸਿਆਂ, ਤੇਰੇ ਬੇਬੇ ਬਾਪੂ ਜੀ ਹੋਰੀਂ ਰਾਜੀ ਬਾਜੀ ਨੇ?" ਉਸ ਦਾ ਉੱਤਰ ਆਉਣ ਤੋਂ ਪਹਿਲਾਂ ਫੇਰ ਬੋਲੀ, "ਤੁਸੀਂ ਆਉਂਦਿਆਂ ਈ ਉਲਟਾ ਗੇੜ ਵਿੱਢ ਲਿਆ, ਸੁੱਖ ਸਾਂਦ ਪੁੱਛਣੀ ਤਾਂ ਮੈਂ ਭੁੱਲ ਈ ਗਈ।"

ਬਹਾਦਰ ਜਵਾਬ ਵਿਚ ਨਿੰਕਾ ਜੇਹਾ ਹੱਸਿਆ।

"ਬਲਜੀਤ ਤਾਂ ਭਾਈ ਬਾਹਲਾ ਫਿਕਰ ਕਰਦੀ ਐ। ਨਿਰਵੈਰ ਵੀ ਕਈ ਗੇੜੇ ਮਾਰ ਕੇ ਆਇਐ, ਇਹ ਵੀ ਮਿਲ ਕੇ ਆਈ ਐ।"

"ਫਿਕਰ ਨਾਲ ਕੀ ਬਨਣਾ ਐਂ, ਗੱਡੀ ਤਾਂ ਖਿੱਚਣ ਨਾਲ ਈ ਰਿੜਨੀ ਐਂ।" ਬਹਾਦਰ ਅਜੇ ਵੀ ਮੁੰਡੇ ਦੇ ਸਿਰ ਵਿਚ ਕੁਤ-ਕੁਤਾਰੀਆਂ ਜਿਹੀਆਂ ਕਰ ਰਿਹਾ ਸੀ। ਮੁੰਡਾ ਅੱਗੋਂ ਖੀਂ ਖੀਂ ਕਰਕੇ ਖਿੱਲਾਂ ਡੋਲਣ ਲੱਗ ਜਾਂਦਾ।

"ਲੈ ਭਾਈ ਬਨਣਾ ਭਲਾ ਕੀ ਹੁੰਦਾ ਐ! ਫੇਰ ਵੀ ਧੀਆਂ ਮਾਂ ਪਿਉ ਦਾ ਹੇਰਵਾ ਕਰ ਈ ਜਾਂਦੀਆਂ।"

"ਹੁਣ ਤੂੰ ਵਿਆਹ-ਵਿਊਹ ਬਾਰੇ ਵੀ ਕੁਸ਼ ਸੋਚ।"

"ਮਾਸੀ ਵਿਆਹ ਤਾਂ ਹੁਣ ਦਿੱਲੀ ਈ ਹੋਊਗਾ।"

"ਨਾ ਭਾਈ ਐਡੀ ਦੂਰ! - ਤੂੰ ਨੇੜੇ-ਤੇੜੇ ਈ ਕਰਾ ਲੈ!"

ਬਹਾਦਰ ਮਾਸੀ ਦੀ ਗੱਲ 'ਤੇ ਹੱਸ ਪਿਆ। ਫਿਰ ਉਸ ਮੁੰਡੇ ਨੂੰ ਦੋਹਾਂ ਹੱਥਾਂ ਵਿਚ ਚੁੱਕ ਕੇ ਉਤਾਂਹ ਬੁੜ੍ਹਕਾਇਆ, ਮੁੰਡੇ ਨੇ ਡਰ ਕੇ ਲੇਰ ਮਾਰੀ, ਪਰ ਉਸ ਬੋਚ ਲਿਆ, ਬੱਚੇ ਦਾ ਚਿਹਰਾ ਸਹਿਮ ਵਿਚ ਲਾਟੂ ਵਰਗਾ ਹੋ ਗਿਆ। ਨਿਰਵੈਰ ਮੁੜ ਕਣਕ ਵੱਢਦਿਆਂ ਕੋਲ ਚਲਾ ਗਿਆ, ਵਿਚ ਦੀ ਫਿਰ ਘਰ ਕੋਈ ਕੰਮ ਆਇਆ, ਨਿਰਵੈਰ ਨੇ ਬਹੁਤੀ ਖਿੜ ਕੇ ਗੱਲ ਨਾ ਕੀਤੀ, ਉਹ ਉਸ ਦੇ ਪੱਟੇ ਕਦਮ ਤੋਂ ਖੁਸ਼ ਨਹੀਂ ਸੀ। ਗੱਲਾਂ ਕਰਦਿਆਂ ਨਿਰਵੈਰ ਨੇ ਇਕ ਬਾਰ ਇਸ ਕਦਮ ਨੂੰ 'ਗੱਦਾਰੀ' ਗਰਦਾਨਿਆ ਸੀ। ਇਸ ਲਫ਼ਜ਼ ਨਾਲ ਉਸ ਦੇ ਅੰਦਰ ਝੁਣਝਣੀ ਫੈਲ ਗਈ।

"ਕਿਤੇ ਇਹ ਰਾਹ ਹੱਡਾਂ ਰੋੜੀ ਨੂੰ ਤਾਂ ਨਹੀਂ ਜਾਂਦਾ!" ਸੋਚ ਕੇ ਉਹ ਆਪਣੇ ਆਪ ਹੀ ਬਾਹਾਂ ਇਕੱਠੀਆਂ ਕਰਕੇ ਇਧਰ ਉਧਰ ਚੋਰ-ਝਾਤੀ ਮਾਰ ਕੇ ਕੱਚਾ ਜਿਹਾ ਹੱਸ ਪਿਆ।

***

ਬੱਸ ਵਿਚ ਬੈਠੀਆਂ ਵਿਰਲੀਆਂ ਵਿਰਲੀਆਂ ਸਵਾਰੀਆਂ ਆਪਣੀਆਂ ਗੱਲਾਂ ਵਿਚ ਰੁਝੀਆਂ ਹੋਈਆਂ ਸਨ। ਉਸ ਸਰਸਰੀ ਬਾਹਰ ਵੇਖਿਆ, ਬਾਹਰ ਖੇਤਾਂ ਵਿਚ ਵਢਾਈ ਦਾ ਕੰਮ ਜ਼ੋਰ-ਸ਼ੋਰ ਨਾਲ ਚਲ ਰਿਹਾ ਸੀ, ਹਰ ਚੌਥੇ-ਪੰਜਵੇਂ ਖੇਤ ਵਿਚ ਕੰਬਾਈਨ ਵਰੋਲੇ ਛੱਡਦੀ ਨਜ਼ਰ ਆ ਰਹੀ ਸੀ। ਬਾਰੀ ਵਿਚ ਦੀ ਆ ਰਹੀ, ਮਈ ਦੀ ਨਿੰਮੀ ਜਿਹੀ ਤਪਸ਼ ਭਰੀ ਹਵਾ ਉਸ ਦੇ ਸਰੀਰ ਨੂੰ ਸਰਸਰਾਹਟ ਚਾੜ੍ਹ ਰਹੀ ਸੀ।

ਉਸੇ ਸਮੇਂ ਉਸ ਦੇ ਸਿਰ ਉੱਤੇ ਘਰੜ ਘਰੜ ਹੋਈ ਤੇ ਇਹ ਇਕਦਮ ਤ੍ਰਬਕਿਆ, ਪਲ ਕੁ ਮਗਰੋਂ ਗਰਜਵੇਂ ਬੋਲ ਬੱਸ ਵਿਚ ਤਰਥੱਲੀ ਪਾਉਣ ਲੱਗ ਪਏ। ਸਵਾਰੀਆਂ ਮਗਰ ਮੁੜ ਕੇ ਝਾਕੀਆਂ;

"ਜਬਰ ਨਾਲ ਆਹਢਾ ਲਾਉਣਾ, ਸਾਡਾ ਧਰਮ ਦਿੱਲੀਏ ਨੀ।
ਅਸੀਂ ਮੌਤ ਤੋਂ ਵੀ ਰਹਿੰਦੇ ਆਂ ਬੇਖਬਰ ਪਾਪਣੇ ਨੀ।"

ਬਹਾਦਰ ਦੇ ਕੰਨਾਂ ਵਿਚ ਗੂੰਜ ਜਿਹੀ ਪੈਣ ਲੱਗ ਪਈ। ਉਸ ਨੂੰ ਪਤਾ ਤੱਕ ਨਾ ਲੱਗਾ, ਕਦੋਂ ਉਸ ਦੇ ਅੰਦਰੋਂ ਧਰਵਾਸ ਭਰਿਆ ਹਉਕਾ ਉੱਠਿਆ, ਆਪਣੇ ਆਪ ਉਸ ਦਾ ਸਿਰ ਟਿਕਵੇਂ ਸੁਰ ਵਿਚ ਗਾਣੇ ਨਾਲ ਤਾਲ ਦੇਣ ਲੱਗ ਪਿਆ। ਸਾਜ਼ਾਂ ਦਾ ਖੜਕਾਟ ਵੀ ਉਸ ਦੇ ਮਾਂਦੇ ਪਏ ਜੋਸ਼ ਨੂੰ ਬੱਦਲ ਦੀ ਚੜ੍ਹਾਈ ਵਾਂਗ ਉਗਾਸ ਰਿਹਾ ਸੀ। ਸੁਰਤ ਘੁੰਮਦੀ-ਘੁਮਾਉਂਦੀ ਪਿਛਲਖੁਰੀ ਤੁਰ ਪਈ। ਕੁਲਤਾਰ ਵਾਲੀ ਵਾਰਦਾਤ ਬਾਅਦ ਉਸ ਨੂੰ ਚਿੱਤ-ਚੇਤੇ ਵੀ ਨਹੀਂ ਸੀ, ਪੁਲਸ ਉਸਦਾ ਖੁਰਾ ਲੱਭ ਲਵੇਗੀ, ਕਿਉਂਕਿ ਪਾਰਟੀ ਦਾ ਸਰਗਰਮ ਅੰਡਰਗਰਾਊਂਡ ਵਰਕਰ ਸੀ। ਪਾਰਟੀ ਦੇ ਵਰਕਰਾਂ ਨੂੰ ਜਿਥੇ ਵੀ ਕਿਤੇ ਅਜਿਹੇ ਸਮਾਜ ਦੁਸ਼ਮਣ ਅੜਿੱਕੇ ਬਣਦੇ, ਉਹ ਅਤੇ ਉਸ ਵਰਗੇ ਹੋਲਟਾਈਮਰ ਉਥੇ ਜਾ ਆਪਣਾ ਮੋਢਾ ਲਾਉਂਦੇ। ਤਕਰੀਬਨ ਹਰ ਵਾਰ ਉਹ ਮੱਛੀ ਵਾਂਗ ਤਿਲਕ ਕੇ ਲੋਕ ਸਮੁੰਦਰ ਦੀ ਗਹਿਰਾਈ ਵਿਚ ਉਤਰ ਜਾਂਦਾ। ਜਿਸ ਦਿਨ ਪੁਲਿਸ ਨੇ ਛਾਪਾ ਮਾਰਿਆ, ਉਹ ਤਾਂ ਘਰ ਨਹੀਂ ਸੀ। ਪਿੱਛੇ ਉਸ ਦੇ ਬਿਰਧ ਮਾਂ ਪਿਉ ਆਪਣੀ ਥੋੜੀ ਬਹੁਤੀ ਭੋਂਇੰ 'ਤੇ ਬਸਰ ਗੁਜਰ ਕਰ ਰਹੇ ਸਨ। ਪੁਲਿਸ ਬਾਰੇ ਉਸ ਦੇ ਪਿੰਡ ਦੇ ਇਕ ਮੁੰਡੇ ਨੇ ਖਬਰ ਦਿੱਤੀ। ਸੁਣਦਿਆਂ ਸਾਰ ਉਸ ਦੇ ਕੰਨ ਖੜੇ ਹੋ ਗਏ। ਪਲ ਕੁ ਸੋਚ ਕੇ ਆਪਣੇ ਅੰਦਰ ਹੀ ਕੋਈ ਫੈਸਲਾ ਕਰਦਿਆਂ ਸਿਰ ਮਾਰਿਆ, "ਪੁਲਸ ਤਾਂ ਸਾਡੇ ਘਰੀਂ ਹਲਕੇ ਕੁੱਤਿਆਂ ਵਾਂਗੂੰ ਫਿਰਦੀ ਰਹਿੰਦੀ ਐ! ਆਪੇ ਭਕਾਈ ਕਰਕੇ ਹਟ ਜਾਣਗੇ।" ਪੁਲਿਸ ਦਾ ਗੇੜੇ 'ਤੇ ਗੇੜਾ ਵੇਖ ਕੇ, ਬਹਾਦਰ ਇਕ ਰਾਤ ਘਰ ਆਇਆ ਬੁੜਾ ਬੁੜੀ ਡਰ ਨਾਲ ਸਹਿਕੇ ਬੈਠੇ ਸਨ।

ਉਹਨੂੰ ਵੇਖ ਕੇ ਉਨ੍ਹਾਂ ਦੇ ਚਿਹਰਿਆਂ ਦੀਆਂ ਝੁਰੜਾਈਆਂ ਸਿਲਵਟਾਂ ਰਤਾ ਕੁ ਚਮਕੀਆਂ। ਮਾਂ ਨੇ ਬਹਾਦਰ ਦੇ ਮੋਢਿਆਂ 'ਤੇ ਹੱਥ ਫੇਰਦਿਆਂ ਆਖਿਆ, "ਪੁੱਤ ਹੁਣ ਕੀ ਹੋਊਗਾ? - ਠਾਣੇਦਾਰ ਤਾਂ ਨਿਪੁੱਤਾਂ ਆਂਹਦਾ ਸੀ, ਅੱਖੇ ਮੈਂ ਤਾਂ ਐਹੋ ਜਿਹਾ ਕੁਪੱਤਾ ਆਂ, ਥੋਡਾ ਗਾਂਹ ਨੂੰ ਤਿੰਨ ਪੀੜ੍ਹੀਆਂ 'ਚ ਪੁੱਤ-ਪੋਤਾ ਵੀ ਇਸ ਰਾਹ ਨਾ ਪੈ ਗਿਆ।"

ਬਹਾਦਰ ਦੇ ਅੰਦਰ ਰੋਹ ਨੇ ਪਲਸੇਟਾ ਮਾਰਿਆ, ਪਰ ਉਹ ਸੰਭਲ ਗਿਆ ਤੇ ਨਿੰਕਾ ਜਿਹਾ ਹੱਸਦਿਆਂ ਉਹਨੇ ਬੇਬੇ ਦੇ ਝੁਰੜਾਏ ਮੂੰਹ ਵਲ ਵੇਖਿਆ, "ਬੇਬੇ, ਉਹ ਕਿਤੇ ਰੱਬ ਐ!"

"ਤੂੰ ਤਾਂ ਰੱਬ ਨੂੰ ਮੰਨਦਾ ਨੀ ਫੇਰ?"

"ਤੁਸੀਂ ਤਾਂ ਮੰਨਦੇ ਐਂ ਨਾ! ਜਦੋਂ ਥੋਡਾ ਉਹਦੇ 'ਤੇ ਨਿਹਚਾ ਐ। ਉਹਦੀ ਭਕਾਈ ਦਾ ਕੀ ਮਤਲਬ ਰਹਿ ਜਾਂਦੈ!"

ਬਾਪੂ ਹੌਲੀ ਜਿਹੀ ਬੋਲਿਆ, "ਮੈਂ ਸੁਣਿਆ, ਇਹ ਕੰਜਰ ਦਾ ਪੁੱਤ ਚੂਹੜਾ ਐ! ਤੇ ਚੂਹੜੇ ਤਾਂ ਹੁੰਦੇ ਈ ਕਸਾਈ ਐ!"

ਬਹਾਦਰ ਫਿਰ ਨਿੰਕਾ ਜਿਹਾ ਹੱਸਿਆ, ਫਿਰ ਹੌਲੀ ਜਿਹੀ ਪਰ ਵਿਸ਼ਵਾਸ ਭਰੇ ਸੁਰ 'ਚ ਕਹਿਣ ਲੱਗਾ, "ਦੇਖੋ, ਤੁਸੀਂ ਮੇਰੇ ਮਾਂ ਪਿਉ ਐਂ! - ਤੁਸੀਂ ਸਾਰੀ ਉਮਰ ਹੱਥਾਂ 'ਚ ਈਮਾਨਦਾਰੀ ਨਾਲ ਕੰਮ ਕਰਦਿਆਂ ਕੱਢੀ ਐ! -ਕੱਢੀ ਐ ਨਾ?" ਉਸ ਦੋਵਾਂ ਦੇ ਹਰਾਸੇ ਜਿਹੇ ਚਿਹਰਿਆਂ ਵਲ ਝਾਤ ਪਾਈ, "ਜੇ ਤੁਸੀਂ ਸਾਰੀ ਉਮਰ ਦਸਾਂ ਨਹੁੰਆਂ ਦੀ ਕਮਾਈ ਕਰਕੇ ਸੌਖੇ ਨਹੀਂ ਰਹੇ!...ਜੀਹਦੇ 'ਤੇ ਹਰ ਚੰਗੇ ਬੰਦੇ ਦਾ ਭਰੋਸੈ!...ਠਾਣੇਦਾਰ ਦੀ ਕਿਹੜੀ ਹਸਤੀ ਐ, ਜਿਹੜਾ ਆਪਾਂ ਨੂੰ ਏਦੂੰ ਵੀ ਵਧ ਔਖਾ ਕਰ -ਦੂ।" ਉਹਨੇ ਦੋਵੇਂ ਹੱਥ ਮਾਮੂਲੀ ਜਿਹੇ ਥਲੇ ਕਰਦਿਆਂ ਆਖਿਆ, "ਪਿੰਡ ਛੱਡਣ ਨਾਲ ਆਪਾਂ ਖੁਦ ਈ ਸਿੱਧੇ ਦੋਸ਼ੀ ਬਣਦੇ ਆਂ!, ਹੁਣ ਤਾਂ ਆਪਣੇ ਕੋਲ ਦਲੀਲ ਹੈ ਆ ਬਈ ਪੁਲਸ ਸਾਨੂੰ ਨਾਜਾਇਜ਼ ਤੰਗ ਕਰਦੀ ਐ।"

ਜਦੋਂ ਉਹ ਦੋਵੇਂ ਬਜ਼ੁਰਗਾਂ ਨੂੰ ਕਾਇਮ ਕਰਕੇ ਵੱਡੇ ਤੜਕਿਉਂ ਸਾਝਰੇ ਘਰੋਂ ਤੁਰਿਆ, ਉਸ ਨੂੰ ਆਪਣੀਆਂ ਲੱਤਾਂ ਵਿਚ ਉਮਾਹ ਜਿਹਾ ਚੜ੍ਹਦਾ ਪ੍ਰਤੀਤ ਹੋਇਆ। ਮੂੰਹ-ਝਾਖਰੇ ਖੇਤ ਪਸਰੇ ਘਸਮੈਲੇ ਚਾਨਣ ਕਾਰਨ ਕਾਸ਼ਨੀ ਜਿਹੀ ਮਹਿਕ ਨਾਲ ਭਰੇ ਜਾਪ ਰਹੇ ਸਨ, ਉਹਨੇ ਐਵੇਂ ਹੀ ਇਕ ਦੋ ਵਾਰ ਮਗਰ ਮੁੜ ਕੇ ਵੇਖਿਆ, ਗੁਰਦੁਆਰੇ ਦੁਆਲੇ ਖਲੋਤੀਆਂ ਟਾਹਲੀਆਂ ਦੀ ਚਿਤਕਬਰੀ ਛਾਂ ਵਿਚ ਉਪਰੋਂ ਚੰਨ ਚਾਨਣੀ ਮਚਲ ਰਹੀ ਸੀ, ਉਸ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਸ ਦੇ ਚੁਫੇਰੇ ਖੁਸ਼ਬੋ ਫੈਲੀ ਹੋਵੇ, ਪਤਲੇ ਜਿਹੇ ਹਨੇਰੇ

(ਅਗਲੇ ਸਫ਼ੇ 'ਤੇ ਜਾਰੀ)

# ਅਨੰਦਪੁਰ ਸਾਹਿਬ ਦਾ ਮਤਾ

ਕੇਂਦਰ ਆਪਣੇ ਪਾਸ ਰੱਖ ਸਕਦਾ ਹੈ ਪਰ ਇਸ ਦੀ ਉਗਰਾਹੀ ਉਪਰੰਤ ਕੇਂਦਰ ਆਪਣਾ ਹਿੱਸਾ ਰਾਜਾਂ ਪਾਸੋਂ ਲੈ ਸਕਦਾ ਹੈ।

ਕੇਂਦਰ ਦੇ ਅਧਿਕਾਰ ਖੇਤਰ ਵਿਚ ਆਉਂਦੇ ਟੈਕਸਾਂ ਆਦਿ ਸਬੰਧੀ, ਅਰਥਾਤ ਕੇਂਦਰੀ ਆਮਦਨ ਵਿਚ ਸੂਬਿਆਂ ਦਾ ਹਿੱਸਾ ਵਿਤ ਕਮਿਸ਼ਨ ਰਾਹੀਂ ਕਾਨੂੰਨੀ ਤੌਰ 'ਤੇ ਨਿਸ਼ਚਿਤ ਹੋਵੇ ਤਾਂ ਕਿ ਰਿਆਸਤਾਂ ਆਪਣੀਆਂ ਨਿਸ਼ਚਿਤ ਹੱਕੀ ਗਰਾਂਟਾਂ ਕੇਂਦਰ ਪਾਸੋਂ ਵਸੂਲ ਕਰਨ, ਨਾ ਕਿ ਹੁਣ ਵਾਂਗ ਕੇਂਦਰ ਦੀ ਮਰਜ਼ੀ ਉਪਰ ਆਧਾਰਿਤ (ਡਿਸਕਰੀਸ਼ਨਰੀ) ਗਰਾਂਟਾਂ ਲੈਣ ਲਈ ਯੋਜਨਾ ਕਮਿਸ਼ਨ ਵਲ ਹੱਥ ਫੈਲਾਉਣ।

11. ਮੌਜੂਦਾ ਕੇਂਦਰ ਗੋਚਰੇ ਯੋਜਨਾਬੰਦੀ ਦਾ ਵਿਕੇਂਦਰੀਕਰਨ ਹੋਣਾ ਚਾਹੀਦਾ ਹੈ ਤਾਂ ਕਿ ਰਾਜ ਆਪਣੀਆਂ ਲੋੜਾਂ, ਤਰਜੀਹਾਂ ਤੇ ਵਸੀਲਿਆਂ ਅਨੁਸਾਰ ਯੋਜਨਾਵਾਂ ਬਣਾਉਣ। ਯੋਜਨਾਬੰਦੀ ਦੇ ਵਿਕੇਂਦਰੀਕਰਨ ਨਾਲ ਹੀ ਜਨ-ਸਮੂਹ ਯੋਜਨਾਕਾਰੀ ਵਿਚ ਭਾਈਵਾਲ ਬਣ ਸਕੇਗਾ। ਉਪਰੋਂ ਥੋਪੀ ਯੋਜਨਾਬੰਦੀ ਜਨਤਾ ਦੀ ਸ਼ਮੂਲੀਅਤ ਦੀ ਕੋਈ ਗੁੰਜਾਇਸ਼ ਨਹੀਂ ਛੱਡਦੀ।

12. ਰਿਆਸਤਾਂ ਦੀ ਖੁਦਮੁਖਤਾਰੀ ਬਰਕਰਾਰ ਰੱਖਣ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਪਾਸ ਰਾਜਾਂ ਨੂੰ ਹੁਕਮਨਾਮੇ ਜਾਰੀ ਕਰਨ ਦੇ ਇਖ਼ਤਿਆਰ ਨਾ ਹੋਣ ਜਿਵੇਂ ਕਿ ਹੁਣ ਹਨ। ਕੇਂਦਰ ਪਾਸ ਹਦਾਇਤਨਾਮੇ ਜਾਰੀ ਕਰਨ ਦੀ ਸਮਰੱਥਾ ਰਾਜਾਂ ਨੂੰ ਮਿਊਂਸਪਲ ਕਮੇਟੀਆਂ ਦੀ ਪੱਧਰ 'ਤੇ ਨੀਚੇ ਗਿਰਾ ਦਿੰਦੀ ਹੈ। ਹੁਕਮਨਾਮਿਆਂ ਦੀ ਥਾਂ 'ਤੇ ਕੇਂਦਰ ਤੇ ਰਾਜਾਂ ਵਿਚਕਾਰ ਤਾਲਮੇਲ ਦੀ ਸੰਵਿਧਾਨਕ ਵਿਵਸਥਾ ਹੋਣੀ ਚਾਹੀਦੀ ਹੈ।

13. ਪ੍ਰਸ਼ਾਸਕੀ ਖੁਦਮੁਖਤਾਰੀ ਲਈ ਇਹ ਜ਼ਰੂਰੀ ਹੈ ਕਿ ਸੂਬਿਆਂ ਦੇ ਆਪਣੇ ਪ੍ਰਸ਼ਾਸਕੀ ਖੇਤਰ ਵਿਚ ਰਾਜਾਂ ਦੀਆਂ ਆਪਣੀਆਂ ਪ੍ਰਬੰਧਕੀ, ਕਾਰਜਕਾਰੀ ਸੇਵਾਵਾਂ ਹੋਣ ਜੋ ਰਾਜ ਸਰਕਾਰ ਦੇ ਆਪਣੇ ਕੰਟਰੋਲ ਵਿਚ ਵਿਚਰਨ। ਸਰਬ-ਭਾਰਤੀ ਸੇਵਾਵਾਂ ਦਾ ਦਾਇਰਾ ਫੈਡਰਲ ਕੰਮ-ਕਾਜ ਤਕ ਹੀ ਮਹਿਦੂਦ ਹੋਵੇ।

14. ਸੂਬੇ ਕੇਂਦਰੀ ਏਜੰਸੀਆਂ (ਜਿਵੇਂ ਕਿ ਸੈਂਟਰਲ ਰੀਜ਼ਰਵ ਪੁਲਿਸ ਆਦਿ) ਦੀ ਜਕੜ ਤੋਂ ਮੁਕਤ ਹੋਣੇ ਚਾਹੀਦੇ ਹਨ।

ਇਸ ਮਤੇ ਦੀ ਡਰਾਫਟਿੰਗ ਬਾਰੇ ਵੀ ਕਿਆਸ ਅਰਾਈਆਂ ਸ਼ੁਰੂ ਹੋ ਗਈਆਂ। ਇਹ ਕਿਹਾ ਗਿਆ ਕਿ ਇਕ ਮਾਰਕਸੀ ਆਗੂ ਨੇ ਇਸਨੂੰ ਲਿਖਿਆ ਹੈ। ਇਹ ਬੇਬੁਨਿਆਦ ਅਫ਼ਵਾਹ ਵੀ ਫੈਲਾਈ ਗਈ ਕਿ ਕੇਂਦਰ ਦੇ ਇਸ਼ਾਰੇ 'ਤੇ ਸ੍ਰੀ ਟੌਹੜਾ ਨੇ 1973 ਦੇ ਡਰਾਫਟ ਨੂੰ ਲੱਸੀ ਵਾਂਗ ਪਤਲਾ ਕਰ ਦਿੱਤਾ ਹੈ। 'ਟ੍ਰਿਬਿਊਨ' ਦੇ ਉਸ ਵੇਲੇ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਭਾਟੀਆ ਨੇ ਮਿਤੀ 17-1-1979 ਦੇ ਅਖ਼ਬਾਰ ਵਿਚ A Drafsman's Identity ਹੈਡਿੰਗ ਹੇਠ ਐਡੀਟੋਰੀਅਲ ਲੇਖ ਲਿਖ ਕੇ ਉਸ ''ਲੇਖਕ-ਅਫ਼ਸਰ'' ਵਲ ਇਸ਼ਾਰਾ ਕਰ ਦਿੱਤਾ। ਸਰਕਾਰ ਦਾ ਪ੍ਰਤੀਕਰਮ ਇਹ ਸੀ ਕਿ ਇਸ ਮਤੇ ਦਾ ਡਰਾਫਟਰ ਭਾਵੇਂ ਕੋਈ ਵੀ ਹੋਵੇ ਪਰ ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਜਿਥੇ 1973 ਦੇ ਮਤੇ ਵਿਚ ਪੰਜਾਬ ਨੂੰ ਆਪਣਾ ਆਈਨ ਆਪ ਘੜਨ (Severeign) ਦਾ ਅਧਿਕਾਰ ਮੰਗਿਆ ਗਿਆ ਹੈ, ਉਥੇ 1978 ਦੇ ਮਤੇ ਵਿਚ ਫੈਡਰਲ ਢਾਂਚੇ ਵਿਚ ਹੋਰਨਾਂ ਪ੍ਰਾਂਤਾਂ ਵਾਂਗ ਪੰਜਾਬ ਲਈ ਆਰਥਿਕ ਖੁਦਮੁਖਤਾਰੀ ਦੀ ਗੱਲ ਹੀ ਕੀਤੀ ਗਈ ਹੈ, ਵੱਖਵਾਦੀ ਗੱਲ ਨਹੀਂ ਕੀਤੀ ਗਈ। ਜਦੋਂ ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਯਤਨ ਹੋ ਰਹੇ ਹਨ ਤਾਂ ਉਦੋਂ ਸੰਤ ਲੌਂਗੋਵਾਲ ਵਲੋਂ ਕੇਂਦਰ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦਾ ਜੋ ਰੂਪ ਦਿੱਤਾ ਗਿਆ ਉਹ 1978 ਵਾਲਾ ਡਰਾਫਟ ਹੀ ਸੀ। ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਇਸ ਬਾਰੇ ਕੇਂਦਰ ਵਲੋਂ ਜੋ ਵਾਈਟ ਪੇਪਰ ਛਾਪਿਆ ਗਿਆ ਉਸ ਵਿਚ ਵੀ 1978 ਦੇ ਡਰਾਫਟ ਦਾ ਹੀ ਹਵਾਲਾ ਦਿੱਤਾ ਗਿਆ ਤੇ ਇਸ ਨੂੰ ਵਾਈਟ ਪੇਪਰ ਵਿਚ ਛਾਪਿਆ ਗਿਆ।



ਸਿਰਦਾਰ ਕਪੂਰ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ

ਜਦੋਂ ਸਾਰੇ ਦੇਸ਼ ਵਿਚ ਸਿੱਖਾਂ ਉਪਰ ਵੱਖਵਾਦੀ ਹੋਣ ਦਾ ਸੰਗਠਿਤ ਰੂਪ ਵਿਚ ਇਲਜ਼ਾਮ ਲੱਗਣ ਲੱਗਾ ਤਾਂ ਦਿਮਾਗੀ ਤੌਰ 'ਤੇ ਰੌਸ਼ਨ ਨੇਤਾ ਮਹਾਰਾਜਾ ਅਮਰਿੰਦਰ ਸਿੰਘ ਦਲੇਰੀ ਨਾਲ ਮੈਦਾਨ ਵਿਚ ਆਏ ਤੇ ਉਨ੍ਹਾਂ 'ਇੰਡੀਅਨ ਐਕਸਪ੍ਰੈਸ' ਵਿਚ ਮਿਤੀ 22 ਫਰਵਰੀ 1987 ਨੂੰ ਪੂਰੇ ਸਫ਼ੇ ਦੇ ਇਸ਼ਤਿਹਾਰ ਰਾਹੀਂ ਸਪਸ਼ਟੀਕਰਨ ਦੇਸ਼ ਅੱਗੇ ਰੱਖਿਆ ਕਿ ਸਿੱਖ ਵੱਖਵਾਦੀ ਨਹੀਂ ਹਨ। ਉਨ੍ਹਾਂ ਦੇ ਲੇਖ ਦਾ ਹੈਡਿੰਗ ਸੀ; "ਆਵਰ ਕੇਸ ਬਿਫੋਰ ਦਾ ਨੇਸ਼ਨ"। ਇਸ ਪੂਰੇ ਸਫ਼ੇ ਦੇ ਸਪਸ਼ਟੀਕਰਨ ਵਿਚ ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਹੇਠ ਇਸ ਮਤੇ ਦੀ ਟੈਕਸਟ ਵੀ ਛਾਪੀ ਜੋ 1978 ਵਾਲਾ ਡਰਾਫਟ ਹੀ ਸੀ। ਆਪਣੇ ਲੇਖ ਵਿਚ ਮਹਾਰਾਜਾ ਅਮਰਿੰਦਰ ਸਿੰਘ ਨੇ ਲਿਖਿਆ ਕਿ ਗ੍ਰਿਹ ਮੰਤਰੀ ਸ੍ਰੀ ਬੂਟਾ ਸਿੰਘ ਦੀ ਸ਼ਹਿ 'ਤੇ ਸਰਕਾਰੀ ਕੰਟਰੋਲ ਹੇਠ ਸਾਰੇ ਦਾ ਸਾਰਾ ਮੀਡੀਆ ਬਰਨਾਲਾ ਸਾਹਿਬ ਦਾ ਬਿੰਬ ਸੰਵਾਰਨ ਤੇ ਉਜਾਗਰ ਕਰਨ ਲਈ ਸੰਯੁਕਤ ਅਕਾਲੀ ਦਲ ਨੂੰ ਅਤਿਵਾਦੀ ਕਰਾਰ ਦੇ ਕੇ ਭੰਡ ਰਿਹਾ ਹੈ।

ਸਿਆਸੀ ਹਾਲਾਤ ਦੀ ਸਿਤਮਜ਼ਰੀਫੀ ਵੇਖੋ, ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਸ੍ਰੀ ਬਰਨਾਲਾ ਦੀ ਪ੍ਰਧਾਨਗੀ ਹੇਠ ਥਾਪੀ ਗਈ ਸਬ-ਕਮੇਟੀ ਸ੍ਰੀ ਅਨੰਦਪੁਰ ਸਾਹਿਬ ਮਤੇ ਦਾ ਉਹ ਡਰਾਫਟ ਤਿਆਰ ਕਰਦੀ ਹੈ ਜਿਸ ਵਿਚ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਅਧਿਕਾਰ ਮੰਗਿਆ ਗਿਆ, ਜਿਸ ਵਿਚ ਅਜਿਹਾ ਦੇਸ਼-ਕਾਲ ਘੜਿਆ ਜਾ ਸਕੇ, ਜਿਸ ਅੰਦਰ ਪੰਥਕ ਆਜ਼ਾਦ ਹਸਤੀ ਸੰਭਵ ਹੋ ਸਕੇ। ਪਰ ਸ੍ਰੀ ਸੁਰਜੀਤ ਸਿੰਘ ਬਰਨਾਲਾ ਅਤਿਵਾਦੀ ਕਰਾਰ ਨਹੀਂ ਦਿੱਤੇ ਜਾਂਦੇ। ਦੂਜੇ ਪਾਸੇ 1978 ਵਿਚ ਜਿਸ ਸ਼੍ਰੋਮਣੀ ਅਕਾਲੀ ਦਲ ਵਲੋਂ 1973 ਦੇ ਮਤੇ ਵਿਚ ਬੁਨਿਆਦੀ ਤਬਦੀਲੀ ਕਰ ਕੇ ਫੈਡਰਲ ਢਾਂਚੇ ਵਿਚ ਸੂਬਾਈ ਖੁਦਮੁਖਤਾਰੀ ਦੀ ਮੰਗ ਕੀਤੀ ਗਈ ਹੈ ਤੇ ਨਾਲ ਹੀ ਦੇਸ਼ ਦੀ ਅਖੰਡਤਾ 'ਤੇ ਜ਼ੋਰ ਦਿੱਤਾ ਗਿਆ ਹੈ ਉਹ ਅਕਾਲੀ ਦਲ ਤੇ ਉਸ ਦੇ ਨੇਤਾ ਖ਼ਾਸ ਤੌਰ 'ਤੇ ਸ੍ਰੀ ਗੁਰਚਰਨ ਸਿੰਘ ਟੌਹੜਾ, ਅਤਿਵਾਦੀ ਰੂਪ ਵਿਚ ਪੇਸ਼ ਕੀਤੇ ਜਾਣ ਲੱਗੇ। ਉਸ ਸਮੇਂ ਸ੍ਰੀ ਬਰਨਾਲਾ ਦੇ ਕੀ ਵਿਚਾਰ ਸਨ, ਇਸ ਬਾਰੇ ਵੀ ਦੁਚਿੱਤੀ ਵਿਖਾਈ ਦਿੰਦੀ ਹੈ।

ਕੇਂਦਰ ਤੇ ਰਾਜਾਂ ਦੇ ਸਬੰਧਾਂ 'ਤੇ ਪੁਨਰ-ਵਿਚਾਰ ਕਰਨ ਲਈ ਕੇਂਦਰੀ ਸਰਕਾਰ ਵਲੋਂ ਸਰਕਾਰੀਆ ਕਮਿਸ਼ਨ ਬਣਾਇਆ ਗਿਆ ਸੀ। ਅਕਤੂਬਰ-ਨਵੰਬਰ 1988 ਵਿਚ ਬਰਨਾਲਾ ਸਰਕਾਰ ਵਲੋਂ 196 ਸਫ਼ਿਆਂ ਦਾ ਜੋ ਮੈਮੋਰੰਡਮ ਭੇਜਿਆ ਗਿਆ, ਉਸ ਦੀ ਭੂਮਿਕਾ ਵਿਚ ਇਹ ਲਿਖਿਆ ਹੋਇਆ ਹੈ ਕਿ ਇਹ ਮੈਮੋਰੰਡਮ ਤਿਆਰ ਕਰਨ ਲੱਗਿਆਂ, 1973 ਦੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ''ਸਪਿਰਟ'' ਨੂੰ ਧਿਆਨ ਵਿਚ ਰੱਖਿਆ ਗਿਆ ਹੈ। (ਸਫ਼ਾ 2)। ਪਰ ਦੂਜੇ ਪਾਸੇ ਅਕਾਲੀ ਦਲ (ਲੌਂਗੋਵਾਲ) ਵਲੋਂ ਸ੍ਰੀ ਸੁਰਜੀਤ ਸਿੰਘ ਬਰਨਾਲਾ ਤੇ ਸ੍ਰੀ ਮਨਜੀਤ ਸਿੰਘ ਖ਼ਹਿਰਾ ਵਲੋਂ ਜੋ ਪਾਰਟੀ ਮੈਮੋਰੰਡਮ ਸਰਕਾਰੀਆ ਕਮਿਸ਼ਨ ਨੂੰ ਭੇਜਿਆ ਗਿਆ, ਉਸ ਲਈ 1978 ਦੇ ਮਤੇ ਨੂੰ ਅਧਾਰ ਬਣਾਇਆ ਗਿਆ। ਇਸ ਵਿਚ (ਇਕ ਨੂੰ ਛੱਡ ਕੇ) ਉਹ ਸਾਰੇ ਦੇ ਸਾਰੇ ਨੁਕਤੇ ਜੋ ਸ੍ਰੀ ਗੁਰਚਰਨ ਸਿੰਘ ਟੌਹੜਾ ਦੇ 1978 ਦੇ ਜਨਰਲ ਇਜਲਾਸ ਸਮੇਂ ਛਪੇ ਭਾਸ਼ਨ ਵਿਚ ਅੰਕਿਤ ਸਨ, ਉਨ੍ਹਾਂ ਨੂੰ ਹੂ-ਬ-ਹੂ ਨਕਲ ਕਰ ਕੇ ਸ਼ਾਮਲ ਕਰ ਲਿਆ ਗਿਆ। (ਇਹ ਮੈਮੋਰੰਡਮ ਵੀ ਅਕਾਲੀ ਦਲ (ਲੌਂਗੋਵਾਲ) ਵਲੋਂ ਛਾਪਿਆ ਗਿਆ ਹੈ।) ਸ੍ਰੀ ਟੌਹੜਾ ਦੇ ਛਪੇ ਭਾਸ਼ਨ ਵਿਚ 15 ਨੁਕਤੇ ਸਨ। ਅਕਾਲੀ ਦਲ (ਲੌਂਗੋਵਾਲ) ਵਲੋਂ ਸਰਕਾਰੀਆ ਕਮਿਸ਼ਨ ਨੂੰ ਭੇਜੇ ਗਏ ਮੈਮੋਰੰਡਮ ਵਿਚ 14 ਨੁਕਤੇ ਉਸੇ ਇਬਾਰਤ ਨਾਲ ਕਾਇਮ ਰੱਖੇ ਗਏ ਹਨ। ਕੇਵਲ ਨੁਕਤਾ 15 ਸ਼ਾਮਲ ਨਹੀਂ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਸੂਬੇ ਕੇਂਦਰੀ ਏਜੰਸੀਆਂ (ਜਿਵੇਂ ਕਿ ਸੈਂਟਰਲ ਰੀਜ਼ਰਵ ਪੁਲਿਸ ਆਦਿ) ਦੀ ਜਕੜ ਤੋਂ ਮੁਕਤ ਹੋਣੇ ਚਾਹੀਦੇ ਹਨ। ਦਿਲਚਸਪ ਗੱਲ ਇਹ ਹੈ ਕਿ ਬਰਨਾਲਾ ਅਕਾਲੀ ਦਲ ਵਾਲੇ ਮੈਮੋਰੰਡਮ ਵਿਚ 1973 ਦੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੇ ਕੁਝ ਅੰਸ਼ ਵੀ ਅਨੈਕਸਚਰ ਦੇ ਤੌਰ 'ਤੇ ਸ਼ਾਮਿਲ ਕੀਤੇ ਗਏ ਹਨ ਪਰ ਇਸ ਵਿਚੋਂ ਪੰਜਾਬ ਲਈ ਆਪਣਾ ਵੱਖਰਾ ਆਈਨ ਬਣਾਉਣ ਦੀ ਗੱਲ ਗਾਇਬ ਹੈ। ਅਕਾਲੀ ਦਲ (ਲੌਂਗੋਵਾਲ) ਦੇ ਮੈਮੋਰੰਡਮ ਵਿਚ ਜਥੇਦਾਰ ਟੌਹੜਾ ਦੇ ਭਾਸ਼ਨ ਵਾਲੇ 14 ਨੁਕਤੇ ਹੂਬਹੂ ਕਿਵੇਂ ਆ ਗਏ? ਇਹ ਇਕ ਰਾਜ਼ ਦੀ ਗੱਲ ਹੈ ਜਿਸ ਦੀ ''ਸਾਚੀ ਸਾਖੀ'' ਕਦੇ ਫੇਰ ਦਰਸਾਈ ਜਾਵੇਗੀ।

# ਅਮਰਜੀਤ ਗਰੇਵਾਲ

ਨਗਰਾਂ ਦੀ ਬਜਾਏ ਪਿੰਡ ਫਿਰ ਕੇਂਦਰ ਵਿਚ ਆ ਗਏ ਅਤੇ ਸਿੱਖ ਲਹਿਰ ਦੀ ਹੋਣੀ ਮਹਾਰਾਜਾ ਰਣਜੀਤ ਸਿੰਘ ਦੇ ਸਾਮੰਤੀ ਰਾਜ ਦੀ ਕਾਇਮੀ ਤੱਕ ਸੀਮਤ ਰਹਿ ਗਈ। ਸਪਸ਼ਟ ਹੈ ਕਿ ਇਤਿਹਾਸ ਵਿਰੋਧੀ ਪਹੁੰਚ ਲੈ ਕੇ ਇਤਿਹਾਸ ਨੂੰ ਸਿਰਜਣ ਦਾ ਯਤਨ ਇਹੋ ਜਿਹਾ ਹੀ ਹੋ ਸਕਦਾ ਹੈ।

ਗਰੇਵਾਲ ਇਤਿਹਾਸ ਪ੍ਰਤੀ ਆਪਣੀ ਸਤਹੀ ਸਮਝ ਨੂੰ ਲੁਕਾਉਣ ਲਈ ਬੌਧਿਕ ਚਤੁਰਾਈ ਦਾ ਆਸਰਾ ਲੈਂਦਾ ਹੈ। ਉਹ ਤੇ ਉਸ ਦੇ ਪਾਤਰ ਪੰਜਾਬੀ ਛੱਡ ਕੇ ਅੰਗਰੇਜ਼ੀ ਦੀ ਭਾਰੀ ਭਰਕਮ ਟਰਮੀਨੌਲੋਜੀ (ਪਰਿਭਾਸ਼ਕ ਸ਼ਬਦ) ਵਰਤਣਾ ਸ਼ੁਰੂ ਕਰ ਦਿੰਦੇ ਹਨ। ਜਿਵੇਂ-ਪੈਟਰੀਮੋਨੀਅਲ ਬਿਊਰੋਕਰੈਟਿਕ-ਇੰਪੀਰੀਅਲ ਸਟੇਟ (ਪਿਤਾ ਪੁਰਖੀ ਅਫਸਰਸ਼ਾਹੀ-ਸਾਮਰਾਜੀ ਰਾਜ), ਡਾਇਆਕਰਾਨਿਕ ਅਤੇ ਸਿਨਕਰਿਆਨਕ, ਸੀਕੁਇੰਸ਼ਲ ਆਰਡਰ (ਪ੍ਰਤੀਕਿਰਿਆਤਮਕ ਅਤੇ ਸੰਕਿਰਿਆਤਮਕ), ਸਿਮਲਟੇਨੀਅਟੀ (ਸਮਵਰਤੀ), ਡੀਕੋਡ ਅਤੇ ਡੀਟੈਰੀਟੋਰੀਅਲਾਈਜ਼ਡ, ਐਂਟਾਗੋਨਿਸਟਿਕ, ਐਗੋਨਿਸਟਿਕ, ਡਿਲਿਬਰੇਟਿਵ ਡੇਮੋਕਰੇਸੀ, ਟੀਲੀਆਲੋਜੀਕਲ ਵਗੈਰਾ, ਵਗੈਰਾ, ਵਗੈਰਾ। ਏਥੋਂ ਤੱਕ ਕਿ ਉਹ ਮੈਟੋਨਮੀ ਸ਼ਬਦ ਵਰਤ ਕੇ ਜ਼ਫਰ ਨੂੰ ਆਖਦਾ ਹੈ, "ਘਰ ਜਾ ਕੇ ਇੰਟਰਨੈਟ ਤੇ ਮੈਟੋਨਮੀ ਬਾਰੇ ਡੀਟੇਲ ਵਿਚ ਪੜ੍ਹ ਲਈਂ।" ਦਰਅਸਲ ਉਸਦਾ ਸਮੁੱਚਾ ਪ੍ਰਵਚਨ ਹੀ ਇਨ੍ਹਾਂ ਅਕਾਦਮਿਕ ਟਰਮਾਂ ਦੀਆਂ ਬੇੜੀਆਂ ਵਿਚ ਫਸਿਆ ਫੜਫੜਾਉਂਦਾ ਦਿਸਦਾ ਹੈ। ਇਹ ਟਰਮਾਂ ਸੱਚ ਦੀ ਸਿਆਸਤ ਨੂੰ ਦਿਖਾਉਣ ਦੀ ਥਾਂ ਬੌਧਿਕਤਾ ਦੇ ਭਰਮ ਹੀ ਸਿਰਜਦੀਆਂ ਹਨ। ਇਹ ਟਰਮਾਂ ਦਾਰਸ਼ਨਿਕ ਪਰੰਪਰਾਵਾਂ ਪ੍ਰਤੀ ਗੈਰ-ਸਿਰਜਣਾਤਮਕ ਪਹੁੰਚ ਦੀ ਨਿਸ਼ਾਨੀ ਹਨ।

ਆਪਣੀ ਗੈਰ-ਸਿਰਜਣਾਤਮਕ ਪਹੁੰਚ ਵਿਚੋਂ ਹੀ ਉਹ ਮਾਰਕਸਵਾਦ ਨੂੰ "ਕਲਾਸਿਸਿਜ਼ਮ, ਸਟੇਟਿਜ਼ਮ, ਪਰੋਡਕਸ਼ਨਿਜ਼ਮ" ਦੇ ਦੋਸ਼ਾਂ ਨਾਲ ਜੋੜਦਾ ਹੈ। ਸਟੇਟਿਜ਼ਮ ਅਤੇ ਪਰੋਡਕਸ਼ਨਿਜ਼ਮ ਦੇ ਦੋਸ਼ਾਂ ਨੂੰ ਮਾਰਕਸਵਾਦ ਨਹੀਂ, ਸਤਾਲਨਵਾਦ ਨਾਲ ਜੋੜਿਆ ਜਾ ਸਕਦਾ ਹੈ ਤੇ ਜਾਂ ਉਸ ਪੂੰਜੀ ਦੇ ਤੰਤਰ ਨਾਲ ਜੋ ਗਰੇਵਾਲ ਦੇ ਮਨ-ਪਸੰਦ ਉਦਾਰਵਾਦੀ ਜਮਹੂਰੀਅਤ ਨੂੰ ਸਭਨਾਂ ਮਰਜ਼ਾਂ ਦੀ ਦੁਆ ਵਜੋਂ ਪੇਸ਼ ਕਰ ਰਿਹਾ ਹੈ। ਸਤਾਲਨਵਾਦ ਮਾਰਕਸਵਾਦ ਨਹੀਂ, ਮਾਰਕਸਵਾਦ ਦਾ ਨਕਾਰ ਹੈ। ਗਰੇਵਾਲ ਭੁੱਲ ਜਾਂਦਾ ਹੈ ਕਿ ਜਿਸ ਜ਼ਮੀਨ ਉੱਤੇ ਉਹ ਆਪਣਾ ਵਿਚਾਰਧਾਰਕ ਪ੍ਰਵਚਨ ਟਿਕਾ ਰਿਹਾ ਹੈ, ਉਹ ਬੇਹੱਦ ਤਿਲਕਣੀ ਹੈ। ਉਹ ਸੱਚ ਦੀ ਸਿਆਸਤ ਸਮਝਣਾ ਚਾਹੁੰਦਾ ਹੈ ਪ੍ਰੰਤੂ ਆਪਣੇ ਸੱਚ ਨੂੰ ਲੁਕਾਉਣਾ ਚਾਹੁੰਦਾ ਹੈ। ਜੇਕਰ ਹਰੇਕ ਸੱਚ ਕਿਸੇ ਸਿਆਸਤ ਵਿਚੋਂ ਆ ਰਿਹਾ ਹੁੰਦਾ ਹੈ ਤਾਂ ਉਸ ਦੇ ਸੱਚ ਦੀ ਵੀ ਇੱਕ ਸਿਆਸਤ ਹੈ। ਉਸ ਦੀ ਸਿਆਸਤ ਹੈ ਐਥਨੀਸਿਟੀ। ਉਹ ਆਪਣੀ ਐਥਨਿਕ ਪਛਾਣ ਨੂੰ ਸਰਵ-ਉੱਚ ਸਿੱਧ ਕਰਨਾ ਚਾਹੁੰਦਾ ਹੈ। ਉਸ ਲਈ ਜਮਾਤ ਕੋਈ ਮਾਇਨਾ ਨਹੀਂ ਰੱਖਦੀ, ਕਿਉਂਕਿ ਜਮਾਤ ਵੰਚਿਤ ਲੋਕਾਂ ਲਈ ਫਿਕਰ ਦਾ ਵਿਸ਼ਾ ਹੁੰਦੀ ਹੈ।

ਗਰੇਵਾਲ ਪੰਜਾਬੀ ਦੇ ਸਾਧਨ-ਸੰਪੰਨ ਬੁੱਧੀਜੀਵੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਇਨ੍ਹਾਂ ਬੁੱਧੀਜੀਵੀਆਂ ਨੇ ਸੱਤਾ ਨਾਲ ਜੁੜੇ ਰਹਿ ਕੇ ਬਣਾਉਟੀ ਕਿਸਮ ਦੇ ਸਮਾਜਕ-ਫਿਕਰਾਂ ਨੂੰ ਪ੍ਰਗਟਾਉਣਾ ਸਿੱਖ ਲਿਆ ਹੋਇਆ ਹੈ। ਇਨ੍ਹਾਂ ਲਈ ਐਥਨਿਕ ਪਛਾਣ ਹੀ ਮਹੱਤਵਪੂਰਨ ਹੈ ਕਿਉਂਕਿ ਇਸ ਪਛਾਣ ਵਿਚ ਸਭ ਤਰ੍ਹਾਂ ਦੀਆਂ ਜਮਾਤਾਂ ਤੇ ਜਮਾਤੀ ਵਿਰੋਧਤਾਈਆਂ ਲੁਕ ਜਾਂਦੀਆਂ ਹਨ। ਐਥਨੀਸਿਟੀ ਦੀ ਸਿਆਸਤ ਦੇਖਣੀ ਹੋਵੇ ਤਾਂ ਸਾਬਕਾ ਯੂਗੋਸਲਾਵੀਆ ਦਾ ਹਸ਼ਰ ਦੇਖਿਆ ਜਾ ਸਕਦਾ ਹੈ। ਜਾਂ ਸਮਕਾਲੀ ਉਦਾਹਰਣ ਇਰਾਕ ਦੀ ਹੈ। ਅੱਜ ਇਰਾਕ ਘਰੇਲੂ ਖਾਨਾਜੰਗੀ ਦੀ ਦਲਦਲ ਵਿਚ ਫਸਿਆ ਹੋਇਆ ਹੈ। ਅਮਰੀਕਾ ਦੇ ਹਮਲੇ ਤੋਂ ਬਾਅਦ ਇਰਾਕ ਵਿਚ ਜਬਰਦਸਤ ਪ੍ਰਤੀਰੋਧ ਦੀ ਲਹਿਰ ਉੱਠ ਖੜੀ ਹੋਈ ਸੀ। ਇਸ ਲਹਿਰ ਨੂੰ ਖੇਰੂੰ ਖੇਰੂੰ ਕਰਨ ਲਈ ਅਮਰੀਕਾ ਨੇ ਐਥਨੀਸਿਟੀ ਦਾ ਬ੍ਰਹਮ-ਅਸਤਰ ਹੀ ਵਰਤਿਆ ਹੈ। ਅੱਜ ਐਥਨਿਕ-ਪਛਾਣਾਂ ਦੇ ਆਧਾਰ ਉਤੇ ਇਰਾਕੀ ਆਪਸ ਵਿਚ ਲੜ ਰਹੇ ਹਨ ਅਤੇ ਅਮਰੀਕਾ ਇਕ ਪਾਸੇ ਖੜ੍ਹਾ ਮੁਸਕਰਾ ਰਿਹਾ ਹੈ। ਉਹ ਐਥਨਿਕ ਸੰਘਰਸ਼ਾਂ ਲਈ ਨਵੀਆਂ ਧਰਤੀਆਂ ਚੁਣ ਰਿਹਾ ਹੈ ਤੇ ਸਾਡੇ ਉਤਰ-ਆਧੁਨਿਕਤਾਵਾਦੀ ਬੁੱਧੀਜੀਵੀ ਉਸ ਨੂੰ ਵਿਚਾਰਧਾਰਕ ਆਧਾਰ ਮੁਹੱਈਆ ਕਰਵਾਉਣ ਵਿਚ ਮਸਰੂਫ ਹਨ। ਉਤਰ-ਆਧੁਨਿਕਤਾਵਾਦ ਦੀ ਇਸ ਵਿਚਾਰਧਾਰਕ ਪੁਜ਼ੀਸ਼ਨ ਨਾਲ ਸਹਿਮਤ ਹੋਣ ਨਾਲੋਂ "ਜ਼ਿਦੀ ਖੋਤੇ, ਸੱਜੇ" ਬਣਨਾ ਵਧੇਰੇ ਠੀਕ ਹੈ।

ਅਮਰਜੀਤ ਸਿੰਘ ਗਰੇਵਾਲ ਨੇ 'ਸੱਚ ਦੀ ਸਿਆਸਤ' ਰਾਹੀਂ ਇਹ ਐਲਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬੀ ਸਾਹਿਤਕਾਰਾਂ ਤੇ ਚਿੰਤਕਾਂ ਦਾ ਵੱਡਾ ਵਰਗ ਇਸੇ ਸਿਆਸਤ ਨਾਲ ਸਹਿਮਤ ਹੈ। ਅਸਹਿਮਤ ਲੋਕਾਂ ਨੂੰ ਇਸ ਸਿਆਸਤ ਦਾ ਸੱਚ ਸਮਝਣਾ ਚਾਹੀਦਾ ਹੈ।

# ਜ਼ਖ਼ਮੀ ਦਰਿਆ

ਵਿਚ ਸਵੇਰ ਦੀ ਸਜਰੀ ਧੁੱਪ ਚੌਗਿਰਦੇ ਨੂੰ ਅਲਸਾ ਰਹੀ ਸੀ, ਉਦੋਂ ਹੀ ਉਸ ਦੇ ਚਿੱਤ ਵਿਚ ਆਇਆ, "ਜ਼ਿੰਦਗੀ ਸੱਚ ਮੁੱਚ ਜਿਉਣ-ਹੰਢਾਉਣ ਯੋਗ ਐ!"

ਕੁਝ ਯਾਦ ਆ ਜਾਣ 'ਤੇ ਉਹਦੀਆਂ ਲੱਤਾਂ ਦੀਆਂ ਨਾੜਾਂ ਅਕੜਾ ਫੜਨ ਲਗ ਪਈਆਂ। ਅੱਜ ਉਹਨੇ ਹਨੇਰਾ ਪੈਂਦੇ ਤੱਕ ਪੰਜਾਬ ਦੀ ਚੜ੍ਹਦੀ ਗੁੱਠ ਵਿਚ ਵਸੇ ਇਕ ਪਿੰਡ ਪਹੁੰਚਣਾ ਸੀ, ਸਭਿਆਚਾਰਕ ਟੋਲੀ ਨੇ ਪ੍ਰੋਗਰਾਮ ਕਰਨਾ ਸੀ। ਉਥੇ ਪਹੁੰਚਦਿਆਂ ਆਥਣ ਹੋ ਚੁੱਕਾ ਸੀ, ਵਰਕਰ ਹੁਮਹੁਮਾ ਕੇ ਸਟੇਜ ਲਾਉਣ ਵਿਚ ਰੁਝੇ ਹੋਏ ਸਨ। ਉਹ ਵੀ ਚਾਹ-ਪਾਣੀ ਪੀ ਕੇ ਉਨ੍ਹਾਂ ਦਾ ਹੱਥ ਵਟਾਉਣ ਲੱਗ ਪਿਆ, ਮੰਚ-ਸੰਚਾਲਕ ਸਟੇਜ ਦੀ ਦਿਸ਼ਾ ਸਹੀ ਰੱਖਣ ਲਈ ਆਪਣੀਆਂ ਦੋਵੇਂ ਬਾਹਾਂ ਨੂੰ ਹਿੱਕ ਦੇ ਸਾਹਮਣੇ ਫੈਲਾਅ ਕੇ ਭੱਜਿਆ ਨੱਠਾ, ਫਿਰਦਾ ਸੀ, ਉਹ ਤੇਜੀ ਨਾਲ ਕਦੇ ਸਟੇਜ ਦੀ ਇਕ ਤਰਫ਼ ਜਾ ਖਲੋਂਦਾ, ਪਲ ਕੁ ਮਗਰੋਂ ਦੂਜੀ ਤਰਫ਼ ਇਹ ਕਹਿੰਦਿਆਂ ਆ ਖੜਾ ਹੁੰਦਾ, "ਸਟੇਜ ਦਾ ਮੂੰਹ ਠੀਕ ਦਿਸ਼ਾ ਵਲ ਹੋਣਾ ਚਾਹੀਦਾ ਐ, ਤਾਂ ਕਿ ਪ੍ਰੋਗਰਾਮ ਪ੍ਰਭਾਵਸ਼ਾਲੀ ਜਾਪੇ।"

ਉਸ ਨੂੰ ਇਉਂ ਵਿਆਹ 'ਚ ਨੈਣ ਵਾਂਗ ਭੱਜਿਆ ਫਿਰਦਾ ਵੇਖ ਕੇ ਪਿੰਡ ਦੇ ਲੋਕ ਬੇਹੱਦ ਹੈਰਾਨ ਹੋਏ ਖੜੇ ਸਨ, ਇਕ ਦੋ ਵਰਕਰ ਜਿਹੜੇ ਉਸ ਦੀ ਮਦਦ ਕਰ ਰਹੇ ਸਨ, ਨੂੰ ਛੱਡ ਕੇ ਬਾਕੀ ਆਪਣੇ ਕੰਮ ਵਿਚ ਰੁਝੇ ਹੋਏ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਹੇ ਸਨ। ਪਿੰਡ ਦਾ ਇਕ ਬਜ਼ੁਰਗ ਕਿੰਨੇ ਚਿਰ ਤੋਂ ਆਪਣੇ ਖੂੰਡੇ ਆਸਰੇ ਖਲੋਤਾ ਐਨਕਾਂ ਵਿਚ ਦੀ ਉਸ ਨੂੰ ਨੱਚਦਾ ਟੱਪਦਾ ਵੇਖ ਕੇ ਗੰਭੀਰ ਮੁਦਰਾ ਵਿਚ ਚੁਪਚਾਪ ਖਲੋਤਾ ਹੋਇਆ ਸੀ। ਮੰਚ-ਆਗੂ ਫਿਰ ਆਪਣੇ ਭਾਰੇ-ਭਰਕਮ ਸਰੀਰ ਨੂੰ ਰੇੜ੍ਹੇ ਜਿਹੇ ਪਾਉਂਦਾ, ਸਟੇਜ ਤੋਂ ਥੱਲੇ ਉਤਰ ਕੇ ਸਿੱਧਾ ਬਜ਼ੁਰਗ ਕੋਲ ਆ ਕੇ, ਸਟੇਜ ਵਲ ਬਾਂਹ ਚੁੱਕ ਕੇ ਉਸ ਜਾਚਿਆ, "ਜੇ ਦਿਸ਼ਾ ਏਧਰ ਵਲ ਰੱਖੀਏ?"

ਉਸ ਨੇ ਆਪਣੇ ਆਪ ਨਾਲ ਗੱਲਾਂ ਕਰਦਿਆਂ, ਇਕ ਟੱਕ ਸਟੇਜ ਵਲ ਵੇਖਦਿਆਂ, ਪਲਸਟ ਚੁਪ ਕਰਕੇ ਹਾੜਿਆ, ਫਿਰ ਸਿਰ ਮਾਰ ਕੇ ਆਪਣੇ ਅੰਦਰ ਹੀ ਕੋਈ ਗੱਲ ਦਾ ਫੈਸਲਾ ਕੀਤਾ, ਤਦੇ ਉਸ ਨੂੰ ਆਪਣੇ ਲਾਗਿਉਂ ਆਵਾਜ਼ ਸੁਣਾਈ ਦਿੱਤੀ, "ਕਿਧਰੇ ਰੱਖ-ਲੋ! ਕਰਨਾ ਤਾਂ ਕੰਜਰ ਖਾਨਾ ਈ ਐ!"

ਆਵਾਜ਼ ਏਨੀ ਸਖ਼ਤ ਤੇ ਰੁੱਖੀ ਸੀ, ਡਰਾਮੇ ਵਾਲੇ ਦੀ ਸਾਰੀ ਦੇਹ ਠਰ ਗਈ ਤੇ ਉਸ ਆਪਣੇ ਭਾਰੇ ਗੋਲ ਚਿਹਰੇ ਨੂੰ ਉਗਾਸ ਕੇ ਉਸ ਵਲ ਵੇਖਿਆ, ਛੇ ਫੁੱਟ ਤੋਂ ਉੱਚੇ ਅਤੇ ਅੱਸੀਆਂ ਦੇ ਨੇੜੇ ਪਹੁੰਚੇ ਬਜ਼ੁਰਗ ਵਲ ਨੀਝ ਲਾ ਕੇ ਤੱਕਿਆ, ਬਾਬੇ ਦੇ ਚਿਹਰੇ ਉੱਤੇ ਲੰਬੀ ਉਮਰ ਦੀ ਪੀਡੀ ਝਲਕ ਠਰ੍ਹੰਮੇ ਨਾਲ ਉਕਰੀ ਹੋਈ ਸੀ। ਗੱਲ ਸੁਣ ਕੇ ਦੋ ਚਾਰ ਵਰਕਰ ਵੀ ਉਨ੍ਹਾਂ ਦੇ ਨੇੜੇ ਆ ਇਕੱਠੇ ਹੋਏ, ਕੋਲ ਖਲੋਤਿਆਂ ਵੀ ਭੁਰਮਟ ਪਾ ਲਿਆ, ਨਿਰਦੇਸ਼ਕ ਨੇ ਇਕ ਵਾਰ ਫਿਰ ਬਜ਼ੁਰਗ ਉਪਰ ਪੈਰਾਂ ਤੋਂ ਲੈ ਕੇ ਸਿਰ ਤੱਕ ਪੂਰੀ ਨਿਗਾਹ ਮਾਰੀ ਤੇ ਬੋਲਿਆ, "ਬਾਬਾ ਜੀ ਤੁਸੀਂ ਇਹ ਗੱਲ ਆਖ ਤਾਂ ਦਿੱਤੀ ਐ...।"

"ਜੇ ਭਾਈ ਮੈਂ ਕੋਈ ਝੂਠ ਆਖਿਐ ਤਾਂ ਦੱਸ?"

ਨਿਰਦੇਸ਼ਕ ਨੂੰ ਬਜ਼ੁਰਗ ਦੇ ਸ਼ਬਦਾਂ ਵਿਚ ਹੀ ਨਹੀਂ, ਸਗੋਂ ਉਸ ਦੇ ਚਿਹਰੇ ਉੱਤੇ ਵੀ ਚਿਕਨਾਹਟ ਪਸਰੀ ਦਿੱਸੀ, ਉਹਨੇ ਆਪਣੀ ਸਫੈਦ ਦਾਹੜੀ ਵਲ ਹੱਥ ਕਰਿਆ, "ਮੈਂ ਆਹ ਧੁੱਪੇ ਬੈਠ ਕੇ ਨੀਂ ਚਿੱਟੇ ਕੀਤੇ।"

ਬਾਬੇ ਦੀ ਗੱਲ ਤੇ ਆਲੇ-ਦੁਆਲੇ ਕੋਲ-ਖਲੋਤੇ ਨਿੱਕੇ-ਨਿਆਣੇ ਤਿੜ ਤਿੜ ਕਰਕੇ ਹੱਸ ਪਏ। ਡਰਾਮੇ ਵਾਲਾ ਥੋੜਾ ਜੇਹਾ ਪ੍ਰੇਸ਼ਾਨ ਹੋ ਗਿਆ, ਪਰ ਉਸ ਸਾਰਾ ਤਾਣ ਲਾ ਕੇ ਆਪਣੀ ਤਾਕਤ ਇਕੱਠੀ ਕਰਕੇ ਬਜ਼ੁਰਗ ਵਲ ਪਰਖਿਆਈ ਨਾਲ ਆਖਿਆ, "ਬਾਬਾ ਜੀ, ਤੁਸੀਂ ਮੇਰੇ ਅਤੇ ਮੇਰੇ ਸਾਥੀ ਕਲਾਕਾਰਾਂ 'ਤੇ ਤੋਹਮਤ ਲਾਈ ਐ ਨਾ, ਮੈਂ ਥੋਨੂੰ ਇਹਦੀ ਸਜ਼ਾ ਦੇਣੀ ਚਾਹੁੰਨਾਂ।"

"ਸਜ਼ਾ ਤਾਂ ਮੈਂ ਜੰਮਣ ਆਲਿਆ ਤੋਂ ਨ੍ਹੀਂ ਲਈ, ਤੂੰ ਕੌਣ ਐਂ ਮੈਨੂੰ ਸਜ਼ਾ ਦੇਣ ਆਲਾ?"

ਪਾਸ ਖਲੋਤੇ ਫਿਰ ਹੱਸ ਪਏ, ਇਸ ਬਾਰ ਬਹਾਦਰ ਨੇ ਮੁੰਡਿਆਂ ਨੂੰ ਘੁਰਕਿਆ, "ਚੁੱਪ ਕਰਕੇ ਗੱਲ ਸੁਣੋ ਬਈ! ਕਿਉਂ ਛੋਹਰਾਂ ਆਲੀ ਮੱਤ ਕਰਦੇ ਓ।"

ਨਿਰਦੇਸ਼ਕ ਨੇ ਵੀ ਉਸੇ ਚਾਲ ਉਤਰ ਮੋੜਿਆ, "ਸਜ਼ਾ ਸਿਰਫ਼ ਥੋਨੂੰ ਏਨੀ ਐ ਕਿ ਤੁਸੀਂ ਇਥੇ ਬੈਠ ਕੇ ਸਾਡਾ ਪ੍ਰੋਗਰਾਮ ਵੇਖੋਗੇ। ਜੇ ਤਾਂ ਬਾਬਾ ਜੀ, ਸਾਡਾ ਕੰਮ ਥੋਨੂੰ ਕੰਜਰਖਾਨਾ ਜਾਪੇ, ਤਦ ਥੋਡਾ ਹਥਲਾ ਖੂੰਡਾ ਤੇ ਸਾਡਾ ਸਿਰ...ਠੀਕ ਐ ਨਾ?"

ਬਜ਼ੁਰਗ ਇਸ ਵਾਰ ਥੋੜਾ ਖਸਿਆਨਾ ਜਿਹਾ ਹੱਸਿਆ।

"ਚੰਗਾ ਫੇਰ ਪ੍ਰਸ਼ਾਦੇ ਛਕ ਆਓ।"

"ਇਕ ਵਰਕਰ ਨੇ ਵਿਚਦੀ ਆਖਿਆ, "ਬਾਬੇ ਨਾਲ ਇਹ ਵੀ ਮਿਥ ਲੈਣਾ ਸੀ ਜੀ! ਕਿ ਜੇ ਸਾਡਾ ਕੰਮ ਚੰਗਾ ਹੋਇਆ, ਫੇਰ ਇਨ੍ਹਾਂ ਨੂੰ ਸਜ਼ਾ...।"

"ਇਹ ਅਸੀਂ ਬਾਬੇ 'ਤੇ ਈ ਛੱਡ ਦਿੱਤੀ ਐ।"

ਉਹ ਕਿੰਨਾ ਚਿਰ ਕੰਮ ਕਰਦੇ ਵੀ ਲੋਕ-ਮਨ ਦੀ ਗੱਲ ਕਰਦੇ ਰਹੇ। ਪਿੰਡ ਦੇ ਨਵੇਂ ਜਿਹੇ ਰਲੇ ਮੁੰਡੇ ਬਜ਼ੁਰਗ ਦੇ ਖਾਨਦਾਨ ਦੀ ਬਦਖੋਈ ਕਰਨ ਲੱਗ ਪਏ, "ਇਹ ਕਿਧਰੋਂ ਆ ਗਿਆ, ਵੱਡਾ ਸ਼ਰੀਫਜ਼ਾਦਾ! -ਬਲੈਕ ਕਰ ਕਰ ਘਰ ਭਰ ਲਿਆ, ਸਾਨੂੰ ਕੰਜਰ ਦੱਸਦਾ ਚੋਰਾ!"

(ਬਾਕੀ ਅਗਲੇ ਅੰਕ 'ਚ)

## ਸਾਡਾ ਮਾਰਕੋਨੀ

(ਸਫਾ 31 ਦੀ ਬਾਕੀ)

ਦਾ ਕੰਮ ਲਿਆ ਜਾਣ ਲੱਗ ਪਿਆ ਸੀ। ਛੇਤੀ ਹੀ ਦੂਜਾ ਰੇਡੀਓ ਵੀ ਚਲਦਾ ਬਣਿਆ ਕਿਉਂਕਿ ਘਰ ਵਿਚ ਟੈਲੀਵਿਜ਼ਨ ਆ ਚੁਕਾ ਸੀ। ਮੈਂ ਤਾਂ ਜਿਵੇਂ ਹੁਣ ਸਿਰਫ਼ ਮਾਰਕੋਨੀ ਦੀ ਹੋਣੀ ਦਾ ਮੂਕ ਦਰਸ਼ਕ ਹੀ ਬਣ ਗਿਆ ਸਾਂ। ਆਖਰੀ ਦਰਸ਼ਨਾਂ ਸਮੇਂ ਇਸ ਨੂੰ ਖੁਰਲੀ ਵਜੋਂ ਵਰਤਿਆ ਜਾ ਰਿਹਾ ਸੀ। ਇਸ ਵਿਚ ਪੱਠੇ ਦੱਥੇ ਪਾ ਕੇ ਕੱਟੀ ਦੇ ਅੱਗੇ ਧਰਿਆ ਪਿਆ ਸੀ। ਪਾਣੀ ਪੁਲਾਂ ਦੇ ਉਪਰੋਂ ਲੰਘ ਚੁਕਾ ਸੀ, ਮੈਂ ਜੀਅ ਥੋੜਾ ਕਰਕੇ ਘੁਟਿਆ ਵੱਟਿਆ ਰਿਹਾ।

ਪਿੰਡ ਦੀ ਇਕ ਹੋਰ ਫੇਰੀ ਸਮੇਂ ਮੈਂ ਮਾਰਕੋਨੀ ਪ੍ਰਤੀ ਸ਼ਰਧਾ ਵੱਸ ਸਿਧਾ ਪਿਛਲੇ ਘਰ ਮੱਝਾਂ ਵਾਲੇ ਅੰਦਰ ਚਲੇ ਗਿਆ। ਉਥੇ ਮਾਰਕੋਨੀ ਮਾਰਕਾ ਖੁਰਲੀ ਤਾਂ ਕੀ ਕੱਟੀ ਵੀ ਨਹੀਂ ਸੀ ਬੱਧੀ ਹੋਈ। ਪਤਾ ਲੱਗਾ ਕਿ ਮੱਝਾਂ ਵੇਚ ਕੇ ਇਨ੍ਹਾਂ ਦਾ ਕਜ਼ੀਆ ਮੁਕਾ ਲਿਆ ਗਿਆ ਹੈ। 'ਤੇ ਮਾਰਕੋਨੀ?' ਉਹ ਤਾਂ ਕੱਟੀ ਨੇ ਸਿੰਗ ਮਾਰ ਮਾਰ ਕੇ ਭੰਨ ਦਿਤਾ ਸੀ। ਮੱਝ ਵੇਚਣ ਪਿਛੋਂ ਮਾਰਕੋਨੀ ਵਿਚਲੀ ਅਲਮੀਨੀਅਮ ਇਕ ਕਬਾੜੀਏ ਨੂੰ ਵੇਚ ਦਿੱਤੀ ਤੇ ਇਸਦੀ ਲੱਕੜ ਨੂੰ ਬਾਲਣ ਵਜੋਂ ਵਰਤ ਲਿਆ। "ਹੋਰ ਤਾਂ ਗੱਲਾਂ ਦੀਆਂ ਗੱਲਾਂ ਇਸ ਦੀ ਅੱਗ ਦਾ ਤਾਅ ਬਹੁਤ ਸੀ। ਸਾਰਾ ਸਾਗ ਇਸੇ ਨਾਲ ਰਿੰਨ੍ਹਿਆ" ਭਾਬੀ ਨੇ ਦੱਸਿਆ।

# ਬਿਹਤਰੀਨ ਸ਼ਾਇਰ ਨਿਦਾ ਫ਼ਾਜ਼ਲੀ



–ਯੂਨਸ ਖ਼ਾਨ

'ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ, ਕਹੀਂ ਜ਼ਮੀਂ ਤੋਂ ਕਹੀਂ ਆਸਮਾਂ ਨਹੀਂ ਮਿਲਤਾ'। ਇਹ ਸ਼ਿਅਰ ਇਕ ਤਰ੍ਹਾਂ ਨਾਲ ਸਾਦੀ ਜ਼ਿੰਦਗੀ ਦਾ ਆਈਨਾ ਬਣ ਗਏ ਹਨ ਅਤੇ ਬੇਹਦ ਨਿਰਾਸ਼ਾ ਦੇ ਪਲਾਂ ਵਿਚ ਅਕਸਰ ਸਾਡੇ ਮੂੰਹ 'ਤੇ ਸੱਜ ਜਾਂਦੇ ਹਨ। ਜਾਣੇ ਪਹਿਚਾਣੇ ਸ਼ਾਇਰ ਅਤੇ ਗੀਤਕਾਰ ਨਿਦਾ ਫ਼ਾਜ਼ਲੀ ਨੇ ਜਦ ਆਪਣੀ ਇਸ ਗ਼ਜ਼ਲ ਨੂੰ 1981 ਵਿਚ ਆਈ ਫ਼ਿਲਮ 'ਆਹਿਸਤਾ-ਆਹਿਸਤਾ' ਦੇ ਲਈ ਲਿਖਿਆ ਹੋਵੇਗਾ, ਤਾਂ ਉਨ੍ਹਾਂ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਅੱਗੇ ਚੱਲ ਕੇ ਸਰਹੱਦਾਂ ਅਤੇ ਮੁਲਕਾਂ ਦੀਆਂ ਹੱਦਾਂ ਤੋੜ ਕੇ ਇਹ ਸਾਰੀ ਦੁਨੀਆਂ ਦੀ ਆਵਾਜ਼ ਬਣ ਜਾਵੇਗਾ। ਇਹ ਸਾਡੀ ਜ਼ਿੰਦਗੀ ਦਾ ਫ਼ਲਸਫ਼ਾ ਬਣ ਜਾਵੇਗਾ। ਤੁਹਾਨੂੰ ਯਾਦ ਦੁਆਈਏ ਕਿ ਸੰਗੀਤਕਾਰ ਖ਼ੈਆਮ ਦੀ ਧੁਨ ਤੇ ਇਸਨੂੰ ਆਸ਼ਾ ਭੌਂਸਲੇ ਅਤੇ ਭੁਪਿੰਦਰ ਸਿੰਘ ਨੇ ਅਲਗ-ਅਲਗ ਗਾਇਆ ਹੈ।

ਨਿਦਾ ਫ਼ਾਜ਼ਲੀ ਸ਼ਾਇਰ ਪਹਿਲਾ ਹਨ ਅਤੇ ਗੀਤਕਾਰ ਬਾਅਦ ਵਿਚ। ਇਹੀ ਵਜ੍ਹਾ ਹੈ ਕਿ ਉਨ੍ਹਾਂ ਦੇ ਗੀਤਾਂ ਵਿਚ ਵੀ ਸ਼ਾਇਰੀ ਦੀ ਗਹਿਰਾਈ ਨਜ਼ਰ ਆਉਂਦੀ ਹੈ। ਕੰਮ ਉਨ੍ਹਾਂ ਨੇ ਮਜ਼ਬੂਰੀ ਵਿਚ ਨਹੀਂ ਕੀਤਾ, ਆਪਣੀ ਮਰਜ਼ੀ ਅਤੇ ਉੱਤਮਤਾ ਦਾ ਖ਼ਿਆਲ ਰਖ ਕੇ ਕੀਤਾ ਹੈ।

ਵੈਸੇ ਫਿਲਮਾਂ ਵਿਚ ਉਨ੍ਹਾਂ ਦਾ ਪਹਿਲਾ ਕਦਮ ਹੀ ਬਹੁਤ ਮਾਅਨੀਖੇਜ਼ ਸਾਬਤ ਹੋਇਆ ਸੀ। ਨਿਦਾ ਫਾਜ਼ਲੀ 1964 ਵਿਚ ਗਵਾਲੀਅਰ ਤੋਂ ਬੰਬਈ ਆਏ ਸਨ ਅਤੇ ਪੱਤਰਕਾਰਿਤਾ ਵਿਚ ਸਕ੍ਰਿਆ ਹੋ ਗਏ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਉਰਦੂ ਬਲਿਟੱਜ਼ ਵਿਚ ਕੰਮ ਕੀਤਾ ਸੀ।

ਸ਼ਾਇਰੀ ਦੀ ਦੁਨੀਆਂ ਵਿਚ ਉਹ ਲਗਾਤਾਰ ਸਕ੍ਰਿਆ ਰਹੇ ਅਤੇ ਇਕ ਤਰੱਕੀਪਸੰਦ ਸ਼ਾਇਰ ਦੇ ਤੌਰ 'ਤੇ ਮੁਸ਼ਾਇਰੇ ਅਤੇ ਅਦਬੀ ਹਲਕਿਆਂ ਵਿਚ ਆਪਣੀ ਪਹਿਚਾਣ ਬਣਾਈ, ਪਰ ਬੰਬਈ ਆਉਣ 'ਤੇ 16 ਸਾਲ ਬਾਅਦ ਉਨ੍ਹਾਂ ਨੇ ਫਿਲਮਾਂ ਵਿਚ ਕਾਮਯਾਬੀ ਹਾਸਿਲ ਕੀਤੀ ਸੀ। ਸਾਲ ਸੀ 1980, ਫਿਲਮ ਸੀ- 'ਆਪ ਤੋ ਏਸੇ ਨਾ ਥੇ'। ਇਸ ਫਿਲਮ ਦੇ ਰਿਕਾਰਡ ਤੋਂ ਇਲਾਵਾ ਪ੍ਰਿੰਟ ਵਿਚ ਵੀ ਤਿੰਨ ਸੰਸਕਰਣ ਸਨ।

ਇਨ੍ਹਾਂ ਨੂੰ ਮੁਹੰਮਦ ਰਫ਼ੀ, ਹੇਮਲਤਾ ਅਤੇ ਮਨਹਰ ਨੇ ਗਾਇਆ ਸੀ। ਇਹ ਤਿੰਨੋਂ ਹੀ ਸੰਸਕਰਣ ਬੇਹਦ ਮਕਬੂਲ ਹੋਏ ਜੋ ਫ਼ਿਲਮ ਸੰਗੀਤ ਦੀ ਦੁਨੀਆਂ ਦੀ ਇਹ ਇਕਲੌਤੀ ਮਿਸਾਲ ਹੈ, ਜਿੱਥੇ ਇਕ ਹੀ ਗਾਣੇ ਦੇ ਤਿੰਨ-ਤਿੰਨ ਸੰਸਕਰਣ ਆਏ ਹੋਣ।

ਨਿਦਾ ਫਾਜ਼ਲੀ ਨੇ ਅੱਸੀ ਦੇ ਦਹਾਕੇ ਵਿਚ ਆਏ ਸ਼ਾਨਦਾਰ ਗੀਤਾਂ ਨਾਲ ਬਤੌਰ ਗੀਤਕਾਰ ਆਪਣੀ ਸਮਰੱਥ ਪਹਿਚਾਣ ਬਣਾਈ ਹੈ। ਮੈਨੂੰ ਯਾਦ ਹੈ ਵਿਵਿਧ-ਭਾਰਤੀ 'ਤੇ ਇਕ ਇੰਟਰਵਿਊ ਦੌਰਾਨ ਉਨ੍ਹਾਂ ਨੇ ਇਕ ਦਿਲਚਸਪ ਘਟਨਾ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਦੱਸਿਆ ਸੀ ਕਿ ਰਾਜਕਪੂਰ ਨੇ ਉਨ੍ਹਾਂ ਨੂੰ ਫ਼ਿਲਮ 'ਬੀਵੀ ਓ ਬੀਵੀ' ਦੇ ਗੀਤ ਲਿਖਣ ਲਈ ਬੁਲਵਾਇਆ ਸੀ ਅਤੇ ਸਿਚੂਏਸ਼ਨ ਇਹ ਦਸੀ ਗਈ ਸੀ ਕਿ 'Long time ago there was a girl and a boy, there is a girl and a boy and there will be a girl and boy.' ਇਹ ਨਿਰਦੇਸ਼ਕ ਰਾਹੁਲ ਰਵੈਲ ਦੀ ਪਹਿਲੀ ਫਿਲਮ ਸੀ। ਇਸ ਸਿਚੂਏਸ਼ਨ ਤੇ ਨਿਦਾ ਨੇ ਲਿਖਿਆ- 'ਸਦਿਆਂ ਤੋਂ ਦੁਨੀਆਂ ਵਿਚ ਇਹ ਹੀ ਤਾਂ ਕਿੱਸਾ ਹੈ, ਇਕ ਹੀ ਤਾਂ ਲੜਕੀ ਹੈ, ਇਕ ਹੀ ਤਾਂ ਲੜਕਾ ਹੈ, ਜਦ ਵੀ ਇਹ ਮਿਲ ਗਏ ਪਿਆਰ ਹੋ ਗਿਆ।' ਕਿਸੇ ਦਿੱਤੀ ਗਈ 'ਸਿਚੁਏਸ਼ਨ' ਨੂੰ ਉਦਾਂ ਦੇ ਉਦਾਂ ਸ਼ਬਦਾਂ ਵਿਚ ਢਾਲ ਦੇਣਾ, ਨਿਦਾ ਫ਼ਾਜ਼ਲੀ ਦੀ ਪਹਿਚਾਣ ਰਹੀ ਹੈ।

1983 ਵਿਚ ਆਈ ਕਮਾਲ ਅਮਰੋਹੀ ਦੀ ਮਹੱਤਵਾਕਾਂਸ਼ੀ ਫਿਲਮ 'ਰਜ਼ੀਆ-ਸੁਲਤਾਨ' ਵਿਚ ਨਿਦਾ ਫ਼ਾਜ਼ਲੀ ਦੇ ਕੁਝ ਗੀਤ ਸਨ। ਵੈਸੇ ਇਸ ਫ਼ਿਲਮ ਵਿਚ ਕਮਾਲ ਅਮਰੋਹੀ, ਕੈਫ਼ ਭੋਪਾਲੀ, ਕੈਫ਼ੀ ਆਜ਼ਮੀ ਅਤੇ ਜਾਂ ਨਿਸਾਰ ਅਖ਼ਤਰ ਨੇ ਵੀ ਗੀਤ ਲਿਖੇ ਸਨ। ਨਿਦਾ ਫ਼ਾਜ਼ਲੀ ਦਾ ਲਿਖਿਆ ਇਸ ਫ਼ਿਲਮ ਦਾ ਸਭ ਤੋਂ ਮਸ਼ਹੂਰ ਗੀਤ ਸੀ- 'ਤੇਰਾ ਹਿਜ਼ਰ ਮੇਰਾ ਨਸੀਬ ਹੈ'। ਜਿਸ ਨੂੰ ਕਬੱਨ ਮਿਰਜ਼ਾ ਨੇ ਗਾਇਆ ਸੀ। ਕਾਲੇ ਮੂਲ ਦੇ ਪਾਤਰ ਦਾ ਕਿਰਦਾਰ ਅਦਾ ਕਰ ਰਹੇ ਧਰਮਿੰਦਰ ਦੇ ਲਈ ਇਕ ਨਵੀਂ ਅਤੇ ਅਲਗ ਤਰ੍ਹਾਂ ਦੀ ਆਵਾਜ਼ ਦੀ ਜ਼ਰੂਰਤ ਸੀ। ਸੈਂਕੜਿਆਂ ਲੋਕਾਂ ਦੇ ਆਡੀਸ਼ਨ ਕੀਤੇ ਗਏ ਅਤੇ ਆਖ਼ਿਰਕਾਰ ਵਿਵਿਧ-ਭਾਰਤੀ ਵਿਚ ਕੰਮ ਕਰ ਰਹੇ ਕਬੱਨ ਮਿਰਜ਼ਾ ਨੂੰ ਚੁਣਿਆ ਗਿਆ। ਕਬੱਨ ਸਾਹਿਬ ਉਨ੍ਹਾਂ ਦਿਨਾਂ ਵਿਚ ਮੁਰਹਰਮ ਦੇ ਮਹੀਨੇ ਵਿਚ ਮਰਸੀਏ ਵਗੈਰਾ ਗਾਉਂਦੇ ਸਨ।

'ਰਜ਼ੀਆ-ਸੁਲਤਾਨ' ਵਿਚ ਮਿਰਜ਼ਾਂ ਦੇ ਗਾਏ ਦੋ ਗੀਤ ਪਾਰਕਾਲੀ ਬਣ ਗਏ ਹਨ। ਦੂਜਾ ਗੀਤ ਸੀ 'ਆਈ ਜ਼ੰਜੀਰ ਕੀ ਝੰਕਾਰ', ਜਿਸਨੂੰ ਜਾਂਨਿਸਾਰ ਅਖ਼ਤਰ ਨੇ ਲਿਖਿਆ ਸੀ।

ਖ਼ੈਆਮ ਦੇ ਨਾਲ ਨਿਦਾ ਫ਼ਾਜ਼ਲੀ ਦਾ ਕਾਫ਼ੀ ਕੰਮ ਰਿਹਾ ਹੈ। ਤੁਹਾਨੂੰ ਫਿਲਮ 'ਨਾਖ਼ੁਦਾ' ਦਾ ਗੀਤ ਤਾਂ ਯਾਦ ਹੀ ਹੋਵੇਗਾ। ਜਿਸ ਵਿਚ ਆਪਣੇ ਅਣਜੰਮੇ ਬੱਚੇ ਦੇ ਲਈ ਪਤੀ-ਪਤਨੀ ਇਕ ਗੀਤ ਗਾ ਰਹੇ ਹਨ। ਬੋਲ ਸੀ- 'ਤੁਮਾਹਰੀ ਪਲਕੋਂ ਕੀ ਚਿਲਮਨੋਂ ਮੇਂ ਯੇ ਕਿਆ ਛਿਪਾ ਹੈ ਸ਼ਰਾਰੇ ਜੈਸਾ।' ਆਪਣੀ ਤਰ੍ਹਾਂ ਦੇ ਅਨੂਠੇ ਅਤੇ ਅਨਮੋਲ ਗੀਤਾਂ ਵਿਚ ਇਸਦਾ ਸ਼ੁਮਾਰ ਹੁੰਦਾ ਹੈ। ਅੱਜ ਦੇ ਜ਼ਮਾਨੇ ਵਿਚ ਨਾਮਧਰੀਕ ਗਾਇਕ ਸ਼ਾਨ ਯਾਨਿ ਸ਼ਾਂਤਨੂ ਮੁਖਰਜੀ ਦੇ ਪਿਤਾ ਮਾਨਸ ਮੁਖਰਜੀ ਫ਼ਿਲਮ-ਜਗਤ ਦੇ ਚੰਗੇ ਸੰਗੀਤਕਾਰ ਅਤੇ ਗਾਇਕ ਸਨ। ਸਾਲਾਂ ਪਹਿਲਾਂ ਇਕ ਫ਼ਿਲਮ ਆਈ ਸੀ 'ਸ਼ਾਇਦ', ਜਿਸਦੀ ਬਹੁਤ ਸਾਰੀ ਸ਼ੂਟਿੰਗ ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਹੋਈ ਸੀ। ਇਸ ਫ਼ਿਲਮ ਵਿਚ ਮੰਨਾ ਬਹੁਤ ਹੀ ਸੋਹਣਾ ਗਾਣਾ ਸੀ। ਬੋਲ ਸਨ- 'ਦਿਨ ਭਰ ਧੂਪ ਕਾ ਬਰਬਤ ਕਾਟਾ ਰਾਤ ਕੋ ਸੋਨੇ ਨਿਕਲੇ ਹਮ, ਜਿਨ ਰਾਹੋਂ ਪਰ ਮੌਤ ਵਿਛੀ ਥੀ ਉਨਮੇਂ ਜੀਨੇ ਨਿਕਲੇ ਹਮ।' ਇਸ ਨੂੰ ਵੀ ਨਿਦਾ ਫ਼ਾਜ਼ਲੀ ਨੇ ਹੀ ਲਿਖਿਆ ਸੀ।

ਨਿਦਾ ਨੇ ਫ਼ਿਲਮੀ ਗੀਤਾਂ ਦਾ ਕਾਰਵਾਂ ਵੱਡਾ ਹੈ। ਜਾਨ ਮੈਥਯੂ ਮਾਤਨ ਦੀ ਫ਼ਿਲਮ 'ਸਰਫ਼ਰੋਸ਼' ਵਿਚ ਜਗਜੀਤ ਸਿੰਘ ਦਾ ਗਾਇਆ ਗੀਤ ਸੀ- 'ਹੋਸ਼ ਵਾਲੋਂ ਕੋ ਖ਼ਬਰ ਕਿਆ'। ਇਹ ਗੀਤ ਵੀ ਨਿਦਾ ਸਾਹਿਬ ਦੀ ਕਲਮ ਤੋਂ ਹੀ ਨਿਕਲਿਆ ਸੀ। ਐਮ. ਐਸ. ਕਰੀਮ ਦੇ ਸੰਗੀਤ ਨਿਰਦੇਸ਼ਨ ਵਾਲੀ ਫ਼ਿਲਮ 'ਸੁਰ' ਦੇ ਗਾਣੇ ਆਪਣੀ ਅਲੱਗ ਤਰ੍ਹਾਂ ਦੀ ਬਨਾਵਟ ਅਤੇ ਧੁਨ ਲਈ ਮਸ਼ਹੂਰ ਹੋਏ। ਇਸ ਫ਼ਿਲਮ ਵਿਚ ਨਿਦਾ ਨੇ 'ਕਭੀ ਸ਼ਾਮ ਢਲੇ ਤੋ', 'ਆ ਭੀ ਜਾ', 'ਆਓ ਤੁਮਹੇ ਇਕ ਬਾਤ ਬਤਾਊਂ' ਅਤੇ 'ਜਾਨੇ ਕਿਆ ਢੂੰਢਤਾ ਹੈ ਦਿਲ ਮੇਰਾ' ਜਿਹੇ ਪਿਆਰੇ ਗਾਣੇ ਲਿਖੇ ਸਨ।

ਨਿਦਾ ਫ਼ਿਲਮਾਂ ਵਿਚ ਜਿੰਨੇ ਲੋਕਪ੍ਰਿਅ ਹੋਏ ਅਤੇ ਉਨੇ ਹੀ ਮੁਸ਼ਾਇਰਿਆਂ ਵਿਚ ਅਤੇ ਉਸਤੋਂ ਵੀ ਜ਼ਿਆਦਾ ਮਕਬੂਲ ਹੋਏ ਗ਼ਜ਼ਲਾਂ ਦੀ ਦੁਨੀਆਂ ਵਿਚ।

ਅੱਜ ਵੀ ਮੁਸ਼ਾਇਰਿਆਂ ਵਿਚ ਜਦ ਉਹ 'ਬੇਸਨ ਦੀ ਸੋਂਧੀ ਰੋਟੀ ਅਤੇ ਖੱਟੀ ਚਟਨੀ ਜਿਹੀ ਮਾਂ' ਜਾਂ ਉਨ੍ਹਾਂ ਦੇ ਦੋਹੇ 'ਸਾਤੋਂ ਦਿਨ ਭਗਵਾਨ ਕੇ ਕਿਆ ਮੰਗਲ ਕਿਆ ਪੀਰ' ਜਾਂ ਫਿਰ 'ਅਪਨਾ ਗ਼ਮ ਲੇ ਕੇ ਕਹੀਂ ਔਰ ਨਾ ਜਾਇਆ ਜਾਏ' ਜਿਹੀਆਂ ਰਚਨਾਵਾਂ ਪੜ੍ਹਦੇ ਹਾਂ ਤਾਂ ਮੁਸ਼ਾਇਰਿਆਂ ਦੇ ਸਰੋਤੇ 'ਅਸ਼-ਅਸ਼' ਕਰ ਉਠਦੇ ਹਨ। ਉਨ੍ਹਾਂ ਦੀਆਂ ਕਈ ਗ਼ਜ਼ਲਾਂ ਨਾਮਵਰ ਗਾਇਕਾਂ ਨੇ ਗਾਈਆਂ ਹਨ।

ਜਗਜੀਤ ਸਿੰਘ ਅਤੇ ਲਤਾ ਮੰਗੇਸ਼ਕਰ ਦਾ ਐਲਬਮ 'ਸਜਦਾ' ਵਿਚ ਨਿਦਾ ਦੀਆਂ ਕੁਝ ਬੇਮਿਸਾਲ ਗ਼ਜ਼ਲਾਂ ਹਨ। ਜਿਵੇਂ- 'ਹਰ ਤਰਫ਼ ਹਰ ਜਗ੍ਹਾ ਬੇਸ਼ੁਮਾਰ ਆਦਮੀ' ਅਤੇ 'ਧੂਪ ਮੇਂ ਨਿਕਲੋ ਘਟਾਓਂ ਮੇਂ ਨਹਾਕਰ ਦੇਖੋ, ਜ਼ਿੰਦਗੀ ਕਿਆ ਹੈ ਕਿਤਾਬੋਂ ਕੋ ਹਟਾਕਰ ਦੇਖੋ।'

ਜਗਜੀਤ ਸਿੰਘ ਨੇ ਨਿਦਾ ਦੀਆਂ ਕਈ ਨਾਮੀ ਗ਼ਜ਼ਲਾਂ ਗਾਈਆਂ ਹਨ, ਜਿਵੇਂ 'ਗਰਜ ਬਰਸ ਪਿਆਸੀ ਧਰਤੀ', 'ਜੀਵਨ ਕਿਆ ਹੈ ਚਲਤਾ ਫਿਰਤਾ ਇਕ ਖਿਲੌਨਾ', 'ਕਭੀ-ਕਭੀ ਹਮਨੇ ਖ਼ੁਦ ਕੋ ਏਸੇ ਮੇਂ ਸਮਝਾਇਆ ਹੈ', 'ਮੈਂ ਰੋਇਆ ਪਰਦੇਸ ਮੇਂ', 'ਸਫ਼ਰ ਮੇਂ ਧੂਪ ਤੋ ਹੋਗੀ', 'ਦੁਨੀਆਂ ਜਿਸੇ ਕਹਤੇ ਹੈਂ ਜਾਦੂ ਕਾ ਖਿਲੌਨਾ ਹੈ', 'ਮੂੰਹ ਕੀ ਬਾਤ ਸੁਨੇ ਹਰ ਕੋਈ ਦਿਲ ਕੇ ਦਰਦ ਕੋ ਜਾਨੇ ਕੌਨ', ...ਵਗੈਰਾ ਵਗੈਰਾ।

ਆਪਣੀ ਕਿਤਾਬ 'ਖੋਇਆ ਹੂਆ ਸਾ ਕੁਛ' ਲਈ ਨਿਦਾ ਫ਼ਾਜ਼ਲੀ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲ ਚੁੱਕਿਆ ਹੈ। ਨਿਦਾ ਸਾਡੇ ਵਕਤ ਦੇ ਬਿਹਤਰੀਨ ਸ਼ਾਇਰ ਹਨ ਅਤੇ ਉਨ੍ਹਾਂ ਨੂੰ ਸੁਣਨ ਨਾਲ ਇਕ ਅਲਗ ਜਿਹਾ ਅਨੁਭਵ ਹੁੰਦਾ ਹੈ।

# ਕਰੀਨਾ ਹੁਣ ਛੱਮਕ ਛੱਲੋ ਨਹੀਂ ਰਹੀ

ਕਰੀਨਾ ਕਪੂਰ ਹੁਣ ਆਪਣੇ ਛੱਮਕ ਛੱਲੋ ਅਕਸ ਦੀ ਬਜਾਏ ਇਕ ਭਰਵੇਂ ਤੇ ਗੁਰਗੁਦੇ ਸਰੀਰ ਵਿਚ ਨਜ਼ਰ ਆਵੇਗੀ ਪਰ ਉਹ ਹਾਲੀਵੁੱਡ ਵਿਚ ਬਰਾਂਡ ਬ੍ਰਿਟਨੀ ਸਪੀਅਰਜ਼ ਲਈ ਪਹਿਲੀ ਭਾਰਤੀ ਬ੍ਰਾਂਡ ਅੰਬੈਸਡਰ ਬਣੀ ਰਹੇਗੀ, ਜਿਸ ਨੂੰ ਇਕ ਕੌਮਾਂਤਰੀ ਜਾਪਾਨੀ ਇਲੈਕਟ੍ਰਾਨਿਕ ਕੰਪਨੀ ਨੇ ਆਪਣੇ ਨਵੀਨਤਮ ਸਾਈਜ਼ ਜ਼ੀਰੋ ਬ੍ਰਾਂਡ ਲੈਪਟਾਪ ਲਈ ਸਾਈਨ ਕੀਤਾ ਹੈ। ਕੰਪਨੀ ਨੇ ਇਕ ਖੋਜ ਅਤੇ ਜਨਮਤ ਸੰਗ੍ਰਹਿ ਕਰਵਾਇਆ, ਜਿਥੇ ਕਰੀਨਾ ਦਾ ਨਾਂ ਇਕੋ-ਇਕ ਏਸ਼ੀਅਨ ਐਕਟ੍ਰੈੱਸ ਵਜੋਂ ਆਇਆ ਹੈ, ਜਿਸਨੇ ਥੋੜੇ ਜਿਹੇ ਸਮੇਂ ਵਿਚ ਹੀ ਸਾਈਜ਼ ਜ਼ੀਰੋ ਫਿਗਰਾਂ ਨੂੰ ਪਛਾੜ ਦਿੱਤਾ ਹੈ। ਭਾਵੇਂ ਉਹ ਖ਼ੁਦ ਇਕ ਜ਼ੀਰੋ ਫਿਗਰ ਨਹੀਂ ਰਹੀ, ਫਿਰ ਵੀ ਉਹ ਮਜ਼ਬੂਤ ਹੋ ਰਹੀ ਹੈ, ਇਸ ਕਰਕੇ ਉਸਨੇ ਕੰਪਨੀ ਨਾਲ ਸਹਿਮਤੀ-ਪੱਤਰਾਂ ਉਪਰ ਦਸਤਖ਼ਤ ਕਰ ਦਿੱਤੇ ਹਨ। ਨਵਾਂ ਪ੍ਰੋਡਕਟ-ਇੰਡੀਅਨ ਲੈਪਟਾਪਜ਼ ਕਾਲੇ ਜਾਂ ਸੁਨਹਿਰੀ ਰੰਗ ਵਿਚ ਹੋਵੇਗਾ, ਜਿਹੜਾ ਇਨਾ ਮੁਲਾਇਮ, ਛੋਟਾ ਅਤੇ ਪਤਲਾ ਜਿਹਾ ਹੋਵੇਗਾ ਕਿ ਇਸਨੂੰ ਆਸਾਨੀ ਨਾਲ ਲਿਜਾਇਆ ਜਾ ਸਕਦਾ ਹੈ। ਇਸਨੂੰ ਪਿਛਲੇ ਦਿਨੀਂ ਦਿੱਲੀ ਵਿਚ ਰਿਲੀਜ਼ ਕੀਤਾ ਗਿਆ ਹੈ।



ਬੇਬੋ ਭਾਵੇਂ ਬਰਲਿਨ ਜਾਂ ਪੈਰਿਸ ਵਿਚ ਸ਼ੂਟਿੰਗ ਲਈ ਸਮਾਂ ਨਹੀਂ ਕੱਢ ਸਕੀ, ਫਿਰ ਵੀ ਉਸ ਨੇ 'ਸਟੈਪ ਮੌਮ' (ਮਤਰੇਈ ਮਾਂ) ਦੀ ਸ਼ੂਟਿੰਗ 'ਕੁਰਬਾਨ' ਦੇ ਪ੍ਰੋਮੋਸ਼ਨ ਅਤੇ ਕੁਝ ਹੋਰ ਵਪਾਰਕ ਸ਼ੂਟਿੰਗਾਂ ਲਈ ਸਮਾਂ ਕੱਢ ਹੀ ਲਿਆ ਹੈ। ਇਸ ਕਰਕੇ ਇਲੈਕਟ੍ਰਿਕ ਕੰਪਨੀ ਨੇ ਮੁੰਬਈ ਵਿਚ ਇਕ ਵਿਸ਼ਾਲ ਸਟੂਡੀਓ ਵਿਚ ਸ਼ਾਨਦਾਰ ਸੈਟ ਤਿਆਰ ਕਰਕੇ ਯੂਰਪੀਅਨ ਟਿਊਬ ਟ੍ਰੇਨ ਦਾ ਇਕ ਮਾਡਲ ਬਣਵਾਇਆ, ਜਿਸ ਵਿਚ ਕਰੀਨਾ ਨੇ ਤੜਕਸਾਰ ਸ਼ੂਟਿੰਗ ਕਰਕੇ ਮੰਜ਼ਰ ਵਿਚ ਕੁਝ ਰੰਗੀਨੀ ਅਤੇ ਗਰਮਾਹਟ ਪੈਦਾ ਕਰ ਦਿੱਤੀ। ਦਿਨ ਵੇਲੇ ਉਸ ਲਈ ਸਮਾਂ ਕੱਢਣਾ ਮੁਸ਼ਕਿਲ ਸੀ। ਇਸ ਐਡ ਦੀ ਸ਼ੂਟਿੰਗ 'ਰੌਕ ਆਨ!!!' ਦੇ ਜੇਸਨ ਵੈਸਟ ਨੇ ਕਈ ਘੰਟੇ ਕੰਮ ਕਰਕੇ ਪੂਰੀ ਕਰ ਲਈ, ਜਦਕਿ ਅਨਾਹਿਤਾ ਸ਼ਰਾਫ ਇਸ ਦਾ ਸਟਾਈਲ ਤਿਆਰ ਕਰਦਾ ਰਿਹਾ।

# ਮਿਲਿੰਦ ਸੋਮਨ ਤੇ ਗੋਸਵਾਮੀ ਦੀ ਵਿਚਾਲੇ ਟੁੱਟੀ

ਮਿਲਿੰਦ ਸੋਮਨ ਅਤੇ ਸ਼ਾਹਾਨਾ ਗੋਸਵਾਮੀ ਨੇ ਹੁਣ ਇਕ-ਦੂਜੇ ਤੋਂ ਤੌਬਾ ਕਰ ਲਈ ਹੈ। ਉਹ ਹੁਣ ਇਕੱਠੇ ਨਹੀਂ ਰਹਿਣਗੇ। ਉਹ ਇਸ ਸਾਲ ਮਾਰਚ ਮਹੀਨੇ ਆਪਣੇ ਦੋਸਤ ਪੂਰਬ ਕੋਹਲੀ ਦੇ ਘਰ ਮਿਲੇ ਸਨ। ਪਹਿਲਾਂ ਹੀ ਆਪਣੇ ਸਾਥੀਆਂ ਵਲੋਂ ਤੋੜ ਵਿਛੋੜੇ ਤੋਂ ਪੀੜਤ ਇਸ ਜੋੜੀ ਨੇ ਆਪਣੇ ਰਾਹ ਵੱਖ ਕਰਨ ਦਾ ਫੈਸਲਾ ਕਰ ਲਿਆ ਹੈ। ਸ਼ਾਹਾਨਾ ਦੇ ਸੰਬੰਧ ਮੀਰਾ ਨਾਇਰ ਦੇ ਭਤੀਜੇ ਇਸ਼ਾ ਨਾਲ ਟੁੱਟ ਗਏ ਸਨ, ਜਦੋਂਕਿ ਮਿਲਿੰਦ ਆਪਣੀ ਫਰੈਂਚ ਪਤਨੀ ਮਾਈਲੀਨ ਜੈਮਪਾਨੋਈ ਤੋਂ ਵੱਖ ਹੋ ਚੁੱਕਾ ਸੀ।

ਸੂਤਰਾਂ ਅਨੁਸਾਰ ਦੋਵਾਂ ਵਿਚਾਲੇ ਉਮਰ ਦਾ ਫਰਕ ਮਿਲਿੰਦ (44) ਅਤੇ ਸ਼ਾਹਾਨਾ (24) ਕੋਈ ਮਸਲਾ ਨਹੀਂ ਸੀ ਪਰ ਦੋਵੇਂ ਜੀਵਨ ਤੋਂ ਵੱਖ-ਵੱਖ ਚੀਜ਼ਾਂ ਦਾ ਅਹਿਸਾਸ ਚਾਹੁੰਦੇ ਹਨ। ਉਨ੍ਹਾਂ ਦੇ ਵਿਚਾਰ ਵੀ ਮੇਲ ਨਹੀਂ ਖਾਂਦੇ ਸਨ, ਜਿਸ ਕਾਰਨ ਉਨ੍ਹਾਂ ਵੱਖ ਹੋਣ ਦਾ ਫੈਸਲਾ ਕੀਤਾ। ਸੂਤਰਾਂ ਅਨੁਸਾਰ ਭਾਵੇਂ ਉਨ੍ਹਾਂ ਦੀ ਅੱਧ ਵਿਚਾਲੇ ਟੁੱਟ ਗਈ ਹੈ ਪਰ ਉਹ ਚੰਗੇ ਦੋਸਤ ਬਣੇ ਰਹਿਣਗੇ। ਜਦੋਂ ਇਸ ਬਾਰੇ ਮਿਲਿੰਦ ਤੋਂ ਪੁੱਛਿਆ ਗਿਆ ਤਾਂ ਉਸਨੇ ਕਿਹਾ ਕਿ ਇਹ ਸੁਣੀ ਸੁਣਾਈ ਗੱਲ ਹੈ।

# 'ਮਾਈ ਨੇਮ ਇਜ਼ ਖਾਨ''ਚ ਜੌਹਰ ਵਿਖਾਏਗਾ ਸ਼ਾਹਰੁਖ



ਬਾਲੀਵੁੱਡ ਦਾ ਸੁਪਰਸਟਾਰ ਸ਼ਾਹਰੁਖ ਖਾਨ, ਜੋ ਹੁਣ 44 ਵਰ੍ਹਿਆਂ ਦਾ ਹੋ ਗਿਆ ਹੈ, ਦੀ ਅਗਲੀ ਫਿਲਮ 'ਮਾਈ ਨੇਮ ਇਜ਼ ਖਾਨ' ਅਗਲੇ ਵਰ੍ਹੇ 12 ਫਰਵਰੀ ਨੂੰ ਵਿਸ਼ਵ ਭਰ ਵਿਚ ਰਿਲੀਜ਼ ਹੋਵੇਗੀ। ਨਿਰਦੇਸ਼ਕ ਕਰਨ ਜੌਹਰ ਦੀ ਅਗਵਾਈ ਵਿਚ ਤਿਆਰ ਹੋ ਰਹੀ ਇਸ ਫ਼ਿਲਮ ਵਿਚ ਸ਼ਾਹਰੁਖ ਖਾਨ ਤੇ ਕਾਜੋਲ ਦੀ ਹਿੱਟ ਜੋੜੀ 9 ਵਰ੍ਹਿਆਂ ਮਗਰੋਂ ਫਿਰ ਸਕਰੀਨ ਉਤੇ ਇਕੱਠੀ ਨਜ਼ਰ ਆਵੇਗੀ। ਇਸ ਜੋੜੀ ਨੇ ਕਈ ਅਤਿ ਕਾਮਯਾਬ ਫਿਲਮਾਂ 'ਬਾਜ਼ੀਗਰ', 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਤੇ 'ਕੁਛ-ਕੁਛ ਹੋਤਾ ਹੈ' ਆਦਿ ਵਿਚ ਕੰਮ ਕੀਤਾ ਹੈ। ਇਨ੍ਹਾਂ ਦੀ ਪਿਛਲੀ ਫਿਲਮ 'ਕਭੀ ਖਸ਼ੀ ਕਭ ਗਮ' ਜੋ 2001 ਵਿਚ ਆਈ ਸੀ, ਵੀ ਕਰਨ ਜੌਹਰ ਦੀ ਨਿਰਦੇਸ਼ਤ ਸੀ।

ਸ਼ਾਹਰੁਖ ਨਾਲ 'ਕਭੀ ਅਲਵਿਦਾ ਨਾ ਕਹਿਨਾ' ਵਿਚ ਕੰਮ ਕਰਨ ਵਾਲੇ ਡਾਇਰੈਕਟਰ ਕਰਨ ਜੌਹਰ ਨੇ ਕਿਹਾ, ''ਮੈਂ ਆਪਣੀਆਂ ਫਿਲਮਾਂ ਵਿਚ ਲਗਾਤਾਰ ਵਖਰੇਵਾਂ ਪੇਸ਼ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹਾਂ ਤੇ ਹਮੇਸ਼ਾ ਇਕ ਸੋਚ ਜਾਰੀ ਰਹਿੰਦੀ ਹੈ ਕਿ ਇਹ ਨਵਾਂ ਕੁਝ ਇੰਜ ਪੇਸ਼ ਕੀਤਾ ਜਾ ਸਕੇ ਕਿ ਲੋਕਾਂ ਵਿਚ ਆਪਸੀ ਪਿਆਰ ਬਣੇ ਤੇ ਬਣਿਆ ਰਹੇ। ਇਸ ਫਿਲਮ ਰਾਹੀਂ ਅਸੀਂ ਦਰਸ਼ਕਾਂ ਦੀਆਂ ਆਸਾਂ ਉਤੇ ਪੂਰਾ ਉਤਰ ਕੇ ਉਨ੍ਹਾਂ ਦਾ ਭਾਰਤ ਤੇ ਵਿਸ਼ਵ ਭਰ ਵਿਚ ਹਰ ਪੱਖੋਂ ਮਨਪ੍ਰਚਾਵਾ ਕਰਨ ਲਈ ਇੰਨਾ ਕੁ ਜ਼ੋਰ ਲਾ ਰਹੇ ਹਾਂ ਜਿੰਨਾ ਪਹਿਲਾਂ ਕਦੇ ਨਹੀਂ ਲਾਇਆ।''

ਫਿਲਮ ਅਸਲ ਵਿਚ ਉਨ੍ਹਾਂ ਦੋ ਵਿਅਕਤੀਆਂ ਵਿਚਾਲੇ ਪ੍ਰੇਮ ਕਹਾਣੀ 'ਤੇ ਆਧਾਰਤ ਹੈ, ਜੋ ਦੁਨੀਆਂ ਨੂੰ ਵੱਖੋ-ਵੱਖ ਢੰਗਾਂ ਨਾਲ ਵੇਖਣ ਲਈ ਉਤਾਵਲੇ ਹਨ। ਸ਼ਾਹਰੁਖ ਖਾਨ ਫਿਲਮ ਵਿਚ ਰਿਜ਼ਵਾਨ ਖਾਨ ਦਾ ਰੋਲ ਕਰ ਰਿਹਾ ਹੈ, ਜੋ ਆਪਣੀ ਪ੍ਰੇਮਿਕਾ ਦਾ ਦਿਲ ਜਿੱਤਣ ਲਈ ਸਾਰਾ ਅਮਰੀਕਾ ਗਾਹ ਮਾਰਦਾ ਹੈ, ਪਰ ਇਸ ਸਾਰੇ ਸਫ਼ਰ ਦੌਰਾਨ ਉਹ ਆਪਣੇ ਮਾਨਵਵਾਦੀ ਤੇ ਮਿੱਠੇ ਰਵੱਈਏ ਨਾਲ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਦਾ ਦਿਲ ਜਿੱਤਦਾ ਹੈ। ਸ਼ਾਹਰੁਖ ਖਾਨ ਤੇ ਕਰਨ ਜੌਹਰ ਦੀ ਜੋੜੀ ਨੇ 'ਕੁਛ-ਕੁਛ ਹੋਤਾ ਹੈ', 'ਕਭੀ ਖ਼ੁਸ਼ੀ ਕਭੀ ਗ਼ਮ' ਤੇ 'ਕਲ ਹੋ ਨਾ ਹੋ' ਵਰਗੀਆਂ ਕਈ ਫ਼ਿਲਮਾਂ ਵਿਚ ਲਗਾਤਾਰ ਕਾਮਯਾਬੀ ਹਾਸਲ ਕੀਤੀ ਹੈ।

'ਮਾਈ ਨੇਮ ਇਜ਼ ਖਾਨ' ਦਾ ਨਿਰਮਾਣ ਜੌਹਰ ਤੇ ਐਸ.ਆਰ.ਕੇ. ਕੰਪਨੀ ਨੇ ਫੌਕਸ ਸਟਾਰ ਸਟੂਡੀਓਜ਼, ਵੈਂਟੀਅਥ ਸੈਂਟੇਨਰੀ ਫੌਕਸ ਇੰਟਰਨੈਸ਼ਨਲ ਤੇ ਫੌਕਸ ਸਰਚਲਾਈਟ ਪਿਕਚਰਜ਼ ਦੇ ਸਹਿਯੋਗ ਨਾਲ ਕੀਤਾ ਹੈ। ਅਗਲੇ ਵਰ੍ਹੇ ਵੈਲਨਟਾਈਨ ਡੇ ਮੌਕੇ ਇਹ ਫਿਲਮ ਭਾਰਤ ਤੋਂ ਇਲਾਵਾ ਅਮਰੀਕਾ, ਕੈਨੇਡਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਤੇ ਮੱਧ ਪੂਰਬੀ ਦੇਸ਼ਾਂ ਸਮੇਤ ਕੁੱਲ 40 ਮੁਲਕਾਂ ਵਿਚ ਇਕੋ ਵੇਲੇ ਰਿਲੀਜ਼ ਕੀਤੀ ਜਾਵੇਗੀ।

ਸ਼ਾਹਰੁਖ਼ ਦੀ ਇਸ ਵਰ੍ਹੇ ਰਿਲੀਜ਼ ਹੋਈ ਇਕੋ-ਇਕ ਫਿਲਮ 'ਬਿੱਲੂ' ਹੈ, ਜੋ ਕਿ ਇਰਫ਼ਾਨ ਖਾਨ ਤੇ ਲਾਰਾ ਦੱਤਾ ਦੀ ਕੰਪਨੀ ਵਲੋਂ ਨਿਰਮਤ ਸੀ। ਇਸ ਫਿਲਮ ਵਿਚ ਸ਼ਾਹਰੁਖ ਮਹਿਮਾਨ ਕਲਾਕਾਰ ਵਜੋਂ ਫਿਲਮ ਸਟਾਰ ਦਾ ਅਭਿਨੈ ਹੀ ਕਰ ਰਿਹਾ ਸੀ। ਇਹ ਫਿਲਮ ਦਰਮਿਆਨੀ ਜਿਹੀ ਕਮਾਈ ਹੀ ਕਰ ਸਕੀ ਸੀ। 'ਮਾਈ ਨੇਮ ਇਜ਼ ਖ਼ਾਨ' ਦੀਆਂ ਸਿਫਤਾਂ ਕਰਦਿਆਂ ਫੌਕਸ ਸਟਾਰ ਸਟੂਡੀਓਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ ਵਿਜੈ ਸਿੰਘ ਨੇ ਕਿਹਾ ਕਿ ਫਿਲਮ ਵਿਚ ਭਾਰਤ ਦੀ ਸਰਵੋਤਮ ਕਲਾ ਤੇ ਬੜੀ ਦਿਲਚਸਪ ਕਹਾਣੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਉਹ ਭਾਰਤ ਵਿਚ ਇਹ ਫ਼ਿਲਮ ਰਿਲੀਜ਼ ਕਰਨਗੇ, ਜਦੋਂ ਕਿ ਡੈਨੀ ਬੋਇਲ ਦੀ ਆਸਕਰ ਸਨਮਾਨ ਜੇਤੂ 'ਸਲੱਮਡਾਗ ਮਿਲੀਨੀਅਰ' ਨੂੰ ਅਮਰੀਕਾ ਵਿਚ ਰਿਲੀਜ਼ ਕਰਨ ਵਾਲੀ ਫੌਕਸ ਸਰਚਲਾਈਟ ਪਿਕਚਰਜ਼ ਇਸ ਫਿਲਮ ਨੂੰ ਅਮਰੀਕਾ ਵਿਚ ਰਿਲੀਜ਼ ਕਰੇਗੀ। ਸੰਸਾਰ ਵਿਚ ਬਾਕੀ ਸਾਰੀਆਂ ਥਾਵਾਂ 'ਤੇ ਇਸ ਫਿਲਮ ਦਾ ਰਿਲੀਜ਼ ਟਵੈਂਟੀਅਥ ਸੈਂਟੇਨਰੀ ਫੌਕਸ ਇੰਟਰਨੈਸ਼ਨਲ ਦੇ ਹਵਾਲੇ ਹੋਵੇਗਾ।

# ਮਾਂ ਬਣਨ ਲਈ ਕਾਹਲੀ ਐਸ਼ਵਰਿਆ ਰਾਏ

ਬੱਚਨ ਪਰਿਵਾਰ ਦੀ ਨੂੰਹ ਅਤੇ ਬਾਲੀਵੁੱਡ ਅਦਾਕਾਰਾ ਐਸ਼ਵਰਿਆ ਰਾਏ ਬੱਚਨ ਮਾਂ ਬਣਨ ਲਈ ਕਾਹਲੀ ਹੋਈ ਪਈ ਹੈ। ਇਸ ਗੱਲ ਦਾ ਖੁਲਾਸਾ ਉਸਨੇ ਇਕ ਨਿੱਜੀ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਕੀਤਾ।



ਐਸ਼ਵਰਿਆ ਨੇ ਸਿਰਫ ਇੰਨਾ ਕਿਹਾ ਕਿ ਉਹ ਉਸ ਘੜੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ ਜਦੋਂ ਉਹ ਮਾਂ ਬਣੇਗੀ।


"Healthy Body Healthy Mind"
SIKH SPORTS ASSOCIATION OF USA
ਵਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਵਧਾਈਆਂ
Sikh Sports Association of USA
ਸੱਦਾ ਪੱਤਰ
"ਸਰਬਤ ਦਾ ਭਲਾ" ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦੀ ਯਾਦ ਵਿਚ
3RD GURU NANAK MARATHON
ਤੀਸਰਾ
ਗੁਰੂ ਨਾਨਕ ਮੈਰਾਥਾਨ
"Come and Run With Us"
At Lake Elizabeth Fremont
November 15(Sunday) 40000 PASEO PADRE PKWY FREMONT CA-94538
Register at www.sikhsports.com
12 Miles Race....................9:00 Am
5K Race....................11:30 Am
2 Miles Children Race....................12:15 Pm
2 Miles Walk....................12:45 Pm
" EACH EVENT HAS AGE GROUPS"
Sponsors
"The Sikh Community"
Harvinder S. Dhaliwal....................510.501.2263
Gurcharan S. Mann....................510.557.0061
Rana S. Kahlon....................510.378.8560
Kuldip S.Sidhu....................925.890.4750
Rajinderpal S. Dhillon....................925.383.5605
Davinder Singh....................209.564.8899
Kuljit S. Khunkhun....................510.364.1321
Harpaul S. Rana....................510.386.8901
Dr. Gurnam Singh....................510.566.8159
Parminder S. Aujla....................916.410.0711
Jaswinder S. Gill....................510.304.9292
CONTACT US
Tarlochan S. Nahal....................408.972.2400
Lashman S.Mangat....................510.589.6637
Bhupinder S.Parmar....................510.305.8351
Jasdev Singh....................650.391.4408
Inderjit S.Grewal....................510.862.0842
RobinSingh....................510.781.0111
Manny S. Kohli....................510.449.8657
Hardeep S.Aulakh....................510.750.6055
Puran Singh....................510.731.8531
Inderjit Chahal....................510.501.2263
Gurdawar S. Mann....................510.468.9381
Design Concept | 408.931.5200 |
ਚਾਹ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ
4430-Deerfield Way Danville, CA-94506 Ph: 510.501.2263 Fax:510.736.7751